ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 20 | 25 May 2022 to 31 May 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ਦੇ ਕਿਸਾਨ ਚਾਹੁਣ ਤਾਂ ਤਖ਼ਤ ਪਲਟ ਸਕਦੇ ਨੇ

### ✪ ਤਿਲੰਗਾਨਾ ਦੇ ਮੁੱਖ ਮੰਤਰੀ ਨੇ ਪੰਜਾਬ ਦੇ ਕਿਸਾਨਾਂ ਦੀ ਕੀਤੀ ਤਾਰੀਫ ✪ ਸ਼ਹੀਦ ਜਵਾਨਾਂ ਤੇ ਕਿਸਾਨਾਂ ਦੇ ਵਾਰਸਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਕੀਤੇ ਭੇਟ

**ਚੰਡੀਗੜ੍ਹ/ਏ.ਟੀ.ਨਿਊਜ਼** :- ਚੰਦਰਸ਼ੇਖਰ ਰਾਓ ਦੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੂੰ ਮਿਲਣ ਅਤੇ ਬੀਤੇ ਐਤਵਾਰ ਨੂੰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੰਚ ਸਾਂਝਾ ਕਰਨ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿਚ ਕੌਮੀ ਪੱਧਰ 'ਤੇ ਇਕ ਨਵੇਂ ਗੱਠਜੋੜ ਨੂੰ ਉਭਾਰਨ ਦਾ ਸੰਕੇਤ ਸਮਝਿਆ ਜਾ ਰਿਹਾ ਹੈ। ਸਿਆਸੀ ਮਾਹਿਰਾਂ ਅਨੁਸਾਰ ਇਹ ਗੱਠਜੋੜ ਗ਼ੈਰ-ਕਾਂਗਰਸੀ ਹੋਣ ਦੀ ਸੰਭਾਵਨਾ ਹੈ ਜਿਸ ਵਿਚ ਖੇਤਰੀ ਪਾਰਟੀਆਂ ਵਿਚੋਂ ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ ਅਤੇ ਕੁਝ ਹੋਰ ਪਾਰਟੀਆਂ ਸ਼ਾਮਿਲ ਹੋ ਸਕਦੀਆਂ ਹਨ।ਤਿਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰ ਸ਼ੇਖਰ ਰਾਓ (ਕੇਸੀਆਰ) ਨੇ ਇੱਥੇ ਗਲਵਾਨ ਘਾਟੀ ਅਤੇ ਕਿਸਾਨ ਸੰਘਰਸ਼ ਵਿਚ ਸ਼ਹੀਦ ਹੋਏ ਜਵਾਨਾਂ ਤੇ ਕਿਸਾਨਾਂ ਦੇ ਵਾਰਸਾਂ ਦੇ ਇਕੱਠ ਵਿਚ ਕਿਸਾਨਾਂ ਨੂੰ ਫ਼ਸਲਾਂ ਦੇ ਲਾਹੇਵੰਦ ਭਾਅ ਲਈ ਸੰਵਿਧਾਨਕ ਗਾਰੰਟੀ ਮਿਲਣ ਤੱਕ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ। ਉਨਾਂ ਕਿਹਾ ਕਿ ਹੁਣ ਅੰਦੋਲਨ ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ ਹੈ। ਪੰਜਾਬ ਦੇ ਕਿਸਾਨ ਚਾਹੁਣ ਤਾਂ ਕਿਸਾਨੀ ਤੇ ਲੋਕਾਂ ਦੀ ਅਗਵਾਈ ਕਰਕੇ ਹਾਕਮਾਂ ਦੇ ਤਖ਼ਤ ਪਲਟ ਸਕਦੇ ਹਨ।





ਉਨਾਂ ਕਿਹਾ ਕਿ ਅਗਲੀਆਂ ਚੋਣਾਂ ਵਿਚ ਕਿਸਾਨ ਉਨਾਂ ਨੂੰ ਵੋਟ ਪਾਉਣ ਜੋ ਉਨਾਂ ਦੀਆਂ ਫ਼ਸਲਾਂ ਦਾ ਸਹੀ ਮੁੱਲ ਦੇਣ ਦੀ ਗੱਲ ਕਰੇ। ਉਨਾਂ ਕਿਹਾ ਕਿ ਕਿਸਾਨ ਜੇਕਰ ਇਕਜੁੱਟ ਹੋ ਕੇ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਮੈਦਾਨ ਵਿਚ ਨਿੱਤਰਦੇ ਹਨ ਤਾਂ ਉਹ ਕੇਂਦਰ ਦਾ ਤਖ਼ਤ ਵੀ ਪਲਟ ਸਕਦੇ ਹਨ। ਕੇਸੀਆਰ ਨੇ ਇਸ ਅੰਦੋਲਨ ਵਿਚ ਕਿਸਾਨਾਂ ਦਾ ਸਾਥ ਦੇਣ ਦੀ ਗੱਲ ਆਖੀ। ਉਨਾਂ ਦੱਸਿਆ ਕਿ ਜਦੋਂ ਕੇਂਦਰ ਨੇ ਤਿਲੰਗਾਨਾ ਵਿੱਚ ਕਿਸਾਨਾਂ 'ਤੇ ਬਿਜਲੀ ਬਿੱਲ ਲਾਉਣ ਅਤੇ ਮੀਟਰ ਲਾਉਣ ਦੀ ਗੱਲ ਕਹੀ ਤਾਂ ਉਨਾਂ ਸਾਫ਼ ਜੁਆਬ ਦੇ ਦਿੱਤਾ ਸੀ। ਕੇਸੀਆਰ ਨੇ ਕਿਹਾ ਕਿ ਖੇਤੀ ਖੇਤਰ ਦੇ ਸੰਕਟ ਦੀ ਅਸਲ ਜੜ ਕਿੱਥੇ ਹੈ, ਇਸ 'ਤੇ ਕੌਮੀ ਬਹਿਸ ਹੋਣੀ ਚਾਹੀਦੀ ਹੈ। ਉਨਾਂ ਅਜ਼ਾਦੀ ਦੇ ਅੰਦੋਲਨ ਅਤੇ ਖੇਤੀ ਵਿਚ ਹਰੀ ਕ੍ਰਾਂਤੀ ਲਿਆਉਣ ਵਾਲੇ ਪੰਜਾਬ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਮੁੱਖ ਮੰਤਰੀ ਰਾਓ ਨੇ ਆਪਣੇ ਕੀਤੇ ਵਾਅਦੇ ਮੁਤਾਬਕ ਕਿਸਾਨ ਅੰਦੋਲਨ ਵਿੱਚ ਸ਼ਹੀਦ ਹੋਣ ਵਾਲੇ ਕਿਸਾਨਾਂ ਦੇ ਵਾਰਸਾਂ ਨੂੰ ਤਿੰਨ-ਤਿੰਨ ਲੱਖ ਰੁਪਏ ਅਤੇ ਗਲਵਾਨ ਘਾਟੀ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦੇ ਚੈੱਕ ਵੰਡੇ। ਇਨਾਂ ਵਿਚ ਪੰਜਾਬ ਦੇ 543 ਅਤੇ ਹਰਿਆਣਾ ਦੇ 150 ਕਿਸਾਨ ਪਰਿਵਾਰ ਸਮਾਗਮ ਵਿਚ ਸ਼ਾਮਿਲ ਸਨ। ਗਲਵਾਨ ਘਾਟੀ ਵਿਚ ਸ਼ਹੀਦ ਹੋਏ ਚਾਰ ਜਵਾਨਾਂ ਦੇ ਪਰਿਵਾਰ ਵੀ ਸਮਾਗਮ ਵਿਚ ਹਾਜ਼ਰ ਸਨ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਸਾਨਾਂ ਤੇ ਜਵਾਨਾਂ ਨੂੰ ਦੇਸ਼ ਦੀ ਸ਼ਾਨ ਦਸਦਿਆਂ ਕਿਹਾ ਕਿ ਖੇਤੀ ਨੂੰ ਬਚਾਉਣ ਲਈ ਕਿਸਾਨ ਅਤੇ ਦੇਸ਼ ਦੀ ਰਾਖੀ ਲਈ ਜਵਾਨ ਕੁਰਬਾਨ ਹੋ ਰਹੇ ਹਨ। ਉਨਾਂ ਕਿਹਾ ਕਿ ਜਦੋਂ ਦਿੱਲੀ ਸਰਕਾਰ ਨੇ ਸਰਹੱਦਾਂ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਦੀ ਮਦਦ ਕੀਤੀ ਤਾਂ ਕੇਂਦਰ ਨੇ ਉਨਾਂ 'ਤੇ ਕਈ ਤਰਾਂ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਕਿਸਾਨਾਂ ਨੂੰ ਕਰਜ਼ਾ ਮੁਕਤ ਬਣਾਉਣ ਲਈ ਕਦਮ ਚੁੱਕਣ ਦਾ ਐਲਾਨ ਕੀਤਾ ਜੋ ਕਿ ਕਰਜ਼ਾ ਮੁਆਫ਼ੀ ਨਾਲੋਂ ਜ਼ਿਆਦਾ ਮਹੱਤਵ ਰੱਖਦੇ ਹਨ। ਇੱਥੇ ਟੈਗੋਰ ਥੀਏਟਰ ਵਿੱਚ ਸਮਾਗਮਾਂ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸਮਾਗਮਾਂ ਵਿਚ ਤਿਲੰਗਾਨਾ ਦੇ ਕੈਬਨਿਟ ਮੰਤਰੀ ਪ੍ਰਸ਼ਾਂਤ ਰੈਡੀ, ਸੰਸਦ ਮੈਂਬਰ ਨਾਮਾ ਨਾਗੇਸ਼ਵਰ ਰਾਓ, ਕੌਮੀ ਕਿਸਾਨ ਨੇਤਾ ਰਾਕੇਸ਼ ਟਿਕੈਤ,

**ਬਾਕੀ ਸਫ਼ਾ 31 'ਤੇ**

## ਗੁੱਡੂ ਅਤੇ ਦੀਪਕ ਨੇ ਚੜਤ ਸਿੰਘ ਦੀ ਮਦਦ ਨਾਲ ਕੀਤਾ ਸੀ ਰਾਕੇਟ ਲਾਂਚਰ ਹਮਲਾ

### ✪ ਮੁਲਜ਼ਮਾਂ ਨੇ ਨਿਸ਼ਾਨ ਸਿੰਘ ਦੇ ਕਹਿਣ ਤੇ ਹਮਲਾਵਰਾਂ ਨੂੰ ਦਿੱਤੀ ਸੀ ਪਨਾਹ ✪ ਧਮਾਕਾਖੇਜ਼ ਸਮੱਗਰੀ ਨੂੰ ਬਰਾਮਦ ਕਰਨ ਲਈ ਐਸਟੀਐਫ ਨੇ ਫੜੇ ਸੁਰਮੁਖ ਸਿੰਘ ਦੇ ਰਿਸ਼ਤੇਦਾਰ ਹਿਰਾਸਤ ਵਿਚ ਲਏ

**ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼** :- ਮੁਹਾਲੀ ਵਿਚਲੇ ਸਟੇਟ ਪੁਲਿਸ ਇੰਟੈਲੀਜੈਂਸ ਦੇ ਦਫ਼ਤਰ ਵਿਖੇ ਧਮਾਕਾ ਕਰਨ ਦੇ ਮਾਮਲੇ ਵਿਚ ਰਾਕੇਟ ਲਾਂਚਰ ਚਲਾਉਣ ਵਾਲੇ ਦੋਵਾਂ ਮੁਲਜ਼ਮਾਂ ਦੀ ਪਛਾਣ ਹੋ ਗਈ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਗੱਡੂ ਵਾਸੀ ਫੈਜਾਬਾਦ ਯੂ.ਪੀ. ਅਤੇ ਦੀਪਕ ਵਾਸੀ ਝੱਜਰ ਹਰਿਆਣਾ ਨੇ ਚੜਤ ਸਿੰਘ ਦੀ ਮਦਦ ਨਾਲ ਰਾਕੇਟ ਲਾਂਚਰ ਨਾਲ ਇੰਟੈਲੀਜੈਂਸ ਦੇ ਦਫ਼ਤਰ 'ਤੇ ਹਮਲਾ ਕੀਤਾ ਸੀ। ਉਕਤ ਰਾਕੇਟ ਲਾਂਚਰ ਤਰਨਤਾਰਨ-ਪੱਟੀ ਰੋਡ 'ਤੇ ਇਕ ਝਾੜੀਆਂ ਵਿਚੋਂ ਨਿਸ਼ਾਨ ਸਿੰਘ ਨੇ ਹਾਸਲ ਕੀਤਾ ਸੀ ਅਤੇ ਇਸ ਨੂੰ ਅੱਗੇ ਧਮਾਕਾ ਕਰਨ ਵਾਲਿਆਂ ਤੱਕ ਪਹੁੰਚਾਇਆ ਸੀ। ਸੂਤਰਾਂ ਮੁਤਾਬਿਕ ਪੁਲਿਸ ਦੀ ਹੁਣ ਤੱਕ ਦੀ ਪੜਤਾਲ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਮਾਮਲੇ ਵਿਚ ਗ੍ਰਿਫ਼ਤਾਰ ਜਗਦੀਪ ਸਿੰਘ ਕੰਗ, ਬਲਜਿੰਦਰ ਸਿੰਘ ਰੈਂਬੋ, ਅਨੰਤਦੀਪ ਸਿੰਘ ਸੋਨੂੰ, ਕੰਵਰਜੀਤ ਸਿੰਘ ਅਤੇ ਬਲਜੀਤ ਕੌਰ ਸੁੱਖੀ ਨੂੰ ਇਸ ਗੱਲ ਦਾ ਬਿਲਕੁਲ ਇਲਮ ਨਹੀਂ ਸੀ ਕਿ ਚੜਤ ਸਿੰਘ ਅਤੇ ਉਸ ਦੇ 2 ਸਾਥੀ ਇੰਟੈਲੀਜੈਂਸ ਦੇ ਦਫ਼ਤਰ 'ਤੇ ਹਮਲਾ ਕਰਨ ਵਾਲੇ ਹਨ। ਨਿਸ਼ਾਨ ਸਿੰਘ ਅਤੇ ਬਾਕੀ ਗ੍ਰਿਫ਼ਤਾਰ ਮੁਲਜ਼ਮ ਸਰਹੱਦੀ ਇਲਾਕੇ ਵਿਚ ਨਸ਼ਾ ਤਸਕਰੀ ਕਰਦੇ ਹਨ ਅਤੇ ਇਸੇ ਕਾਰਨ ਇਕ-ਦੂਜੇ ਨਾਲ ਇਨਾਂ ਦੀ ਸਾਂਝ ਹੈ। ਇਸੇ ਸਾਂਝ ਦੇ ਕਾਰਨ ਹੀ ਉਕਤ ਮੁਲਜ਼ਮਾਂ ਨੇ ਨਿਸ਼ਾਨ ਸਿੰਘ ਦੇ ਕਹਿਣ 'ਤੇ ਹਮਲਾਵਰਾਂ ਨੂੰ ਪਨਾਹ ਦਿੱਤੀ ਸੀ। ਸੂਤਰਾਂ ਤੋਂ ਇਸ ਗੱਲ ਦੀ ਵੀ ਜਾਣਕਾਰੀ ਮਿਲੀ ਹੈ ਕਿ ਉਕਤ ਰਾਕੇਟ ਲਾਂਚਰ ਸ਼ਾਇਦ ਸ੍ਰੀਨਗਰ ਦੇ ਰਸਤੇ ਰਾਹੀਂ ਪੰਜਾਬ ਵਿਚ ਆਇਆ ਹੋਵੇ ਕਿਉਂਕਿ ਕਿਹਾ ਜਾ ਰਿਹਾ ਹੈ ਕਿ ਰਾਕੇਟ ਲਾਂਚਰ ਰਸ਼ੀਆ ਦਾ ਬਣਿਆ ਹੋਇਆ ਹੈ ਅਤੇ ਇਹ ਕਈ ਸਾਲ ਪੁਰਾਣਾ ਹੈ। ਪੁਲਿਸ ਇਸ ਗੱਲ ਦੀ ਪੜਤਾਲ ਕਰ ਰਹੀ ਹੈ ਕਿ ਉਕਤ ਰਾਕੇਟ ਲਾਂਚਰ ਕਿੱਥੋਂ ਅਤੇ ਕਿਹੜੇ ਰਸਤੇ ਪੰਜਾਬ ਆਇਆ ਸੀ। ਉਧਰ ਨਿਸ਼ਾਨ ਸਿੰਘ ਨੂੰ ਬਾਕੀ ਮੁਲਜ਼ਮਾਂ ਦੇ ਸਾਹਮਣੇ ਬਿਠਾ ਕੇ ਪੁੱਛਗਿੱਛ ਕੀਤੀ ਗਈ ਅਤੇ ਇਸ ਗੱਲ ਦੀ ਜਾਣਕਾਰੀ ਹਾਸਲ ਕੀਤੀ ਗਈ ਕਿ ਨਿਸ਼ਾਨ ਸਿੰਘ ਨੇ ਕਿਵੇਂ ਬਾਕੀ ਮੁਲਜ਼ਮਾਂ ਨੂੰ ਆਪਣੇ ਨਾਲ ਮਿਲਾ ਕੇ ਇਸ ਵਾਰਦਾਤ ਵਿਚ ਮਦਦ ਕਰਨ ਲਈ ਰਾਜੀ ਕੀਤਾ ਸੀ। ਪੁਲਿਸ ਨੂੰ ਹਾਲੇ ਹੋਰ ਕਈ ਵਿਅਕਤੀਆਂ, ਜੋ ਕਿ ਸਰਹੱਦੀ ਇਲਾਕੇ ਵਿਚ ਰਹਿੰਦੇ ਹਨ, 'ਤੇ ਸ਼ੱਕ ਹੈ ਅਤੇ ਪੁਲਿਸ ਉਨਾਂ ਕੋਲੋਂ ਵੀ ਪੁੱਛਗਿੱਛ ਕਰ ਰਹੀ ਹੈ।

#### ਆਈਈਡੀ ਬਰਾਮਦਗੀ ਲਈ ਐੱਸਟੀਐੱਫ ਨੇ ਸੁਰਮੁਖ ਸਿੰਘ ਦੇ ਰਿਸ਼ਤੇਦਾਰ ਹਿਰਾਸਤ ਵਿਚ ਲਏ

ਪੰਜਾਬ ਨੂੰ ਦਹਿਲਾਉਣ ਦੇ ਮਨਸੂਬਿਆਂ ਦਾ ਪਤਾ ਲੱਗਣ ਤੋਂ ਬਾਅਦ ਵੀ ਪਾਕਿਸਤਾਨ ਤੋਂ ਭਾਰਤੀ ਪੁੱਜੀਆਂ ਦੋ ਆਈਈਡੀ (ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ) ਨੂੰ ਐੱਸਟੀਐੱਫ ਬਰਾਮਦ ਨਹੀਂ ਕਰ ਸਕੀ ਹੈ। ਧਮਾਕਾਖੇਜ਼ ਪਦਾਰਥਾਂ ਨੂੰ ਬਰਾਮਦ ਕਰਨ ਲਈ ਐੱਸਟੀਐੱਫ ਨੇ ਜੇਲ ਤੋਂ ਲਿਆਂਦੇ ਗਏ ਸੁਰਮੁਖ ਸਿੰਘ ਸਾਮੂ ਦੇ ਦਰਜਨ ਭਰ ਕਰੀਬੀ ਤੇ ਰਿਸ਼ਤੇਦਾਰ ਹਿਰਾਸਤ ਵਿਚ ਲਏ ਹਨ। ਪਤਾ ਲੱਗਾ ਹੈ ਕਿ ਘੰਟਿਆਂ ਦੀ ਪੁੱਛਗਿੱਛ ਦੇ ਬਾਵਜੂਦ ਵੀ ਸੁਰੱਖਿਆ ਏਜੰਸੀਆਂ ਸ਼ੱਕੀਆਂ, ਮੁਲਜ਼ਮ ਸੁਰਮੁਖ ਤੇ ਦਿਲਬਾਗ ਸਿੰਘ ਬਾਗੋ ਤੋਂ ਆਈਈਡੀ ਦਾ ਪਤਾ ਨਹੀਂ ਲਗਾ ਸਕੀਆਂ। ਅੰਮ੍ਰਿਤਸਰ ਤੋਂ ਐੱਸਟੀਐੱਫ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸੁਰਮੁਖ ਦੇ ਪਿੰਡ ਪੰਚੂ ਕਲਾਲ ਤੇ ਦਿਲਬਾਗ ਦੇ ਪਿੰਡ ਚੱਕ ਅੱਲਾ ਬਖ਼ਸ਼ ਵਿਚ ਪੁਲਿਸ ਦੀ ਤਿੱਖੀ ਨਜ਼ਰ ਹੈ। ਪੁਲਿਸ ਨੇ ਇਨਾਂ ਪਿੰਡਾਂ ਦੇ ਕੁਝ ਲੋਕਾਂ ਦੇ ਘਰਾਂ ਵਿਚ ਤਲਾਸ਼ੀ ਵੀ ਲਈ ਹੈ ਪਰ ਕੋਈ ਸੁਰਾਗ ਨਹੀਂ ਮਿਲਿਆ।

ਅਸਲ ਵਿਚ ਸੁਰਮੁਖ ਸਿੰਘ ਐੱਸਟੀਐੱਫ ਦੀ ਪੁੱਛਗਿੱਛ ਵਿਚ ਸਵੀਕਾਰ ਕਰ ਚੁਕਾ ਹੈ ਕਿ ਪਾਕਿਸਤਾਨ ਵਿਚ ਬੈਠਾ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (ਆਈਐੱਸਵਾਈਐੱਫ) ਦਾ ਆਗੂ ਲਖਬੀਰ ਰੋਡੇ ਉਸਦੇ ਨਾਲ ਟ੍ਰੇਨ ਉਡਾਉਣ ਦੀ ਸਾਜ਼ਿਸ਼ ਰਚ ਚੁੱਕਾ ਹੈ। ਰੋਡੇ ਦੇ ਇਸ਼ਾਰੇ 'ਤੇ ਪਾਕਿ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਨੇ ਛੇ ਆਈਈਡੀ ਡਰੋਨ ਰਾਹੀਂ ਭਾਰਤ ਭੇਜੀਆਂ ਸਨ। ਇਸੇ ਵਿਚੋਂ ਇਕ ਆਈਈਡੀ ਦਿਲਬਾਗ ਨੇ ਲੁਧਿਆਣਾ ਬੰਬ ਕਾਂਡ ਵਿਚ ਮਾਰੇ ਗਏ ਗਗਨਦੀਪ ਨੂੰ ਦਿੱਤੀ ਸੀ। ਤਿੰਨ ਆਈਈਡੀ ਐੱਸਟੀਐੱਫ ਬਰਾਮਦ ਕਰ ਚੁੱਕੀ ਹੈ ਤੇ ਦੋ ਦਾ ਹਾਲੇ ਤੱਕ ਕੁਝ ਪਤਾ ਨਹੀਂ ਲੱਗਾ।

#### ਸੁਰਮੁਖ ਦੇ ਕਸ਼ਮੀਰ 'ਚ ਸਰਗਰਮ ਜਿਹਾਦੀ ਸੰਗਠਨਾਂ ਨਾਲ ਵੀ ਸੰਪਰਕ

ਪੁਲਿਸ ਨੇ ਸ਼ੰਕਾ ਪ੍ਰਗਟਾਈ ਹੈ ਕਿ ਸੁਰਮੁਖ ਸਿੰਘ ਜੰਮੂ-ਕਸ਼ਮੀਰ ਵਿਚ ਸਰਗਰਮ ਜਿਹਾਦੀ ਸੰਗਠਨ ਹਿਜ਼ਬੁਲ ਮੁਜਾਹਿਦੀਨ ਤੇ ਲਸ਼ਕਰ-ਏ-ਤੋਇਬਾ ਨਾਲ ਸੰਪਰਕ 'ਚ ਹਨ, ਕਿਉਂਕਿ ਆਈਈਡੀ ਟਿਕਾਣੇ ਲਗਾਉਣ ਬਦਲੇ 'ਚ ਮਿਲਣ ਵਾਲੀ ਪੇਮੈਂਟ ਦੇ ਤਾਰ ਜੰਮੂ-ਕਸ਼ਮੀਰ ਨਾਲ ਜੁੜ ਰਹੇ ਹਨ। ਇਸ 'ਤੇ ਸੁਰੱਖਿਆ ਏਜੰਸੀਆਂ ਵੱਲੋਂ ਜਾਂਚ ਕੀਤੀ ਜਾ ਰਹੀ।

#### ਮੌੜ ਮੰਡੀ ਬੰਬ ਧਮਾਕਾ ਮਾਮਲੇ ਵਿਚ ਜਾਂਚ ਕਰਨ ਵਾਲੇ ਅਧਿਕਾਰੀ ਦੇ ਹੀ ਗ੍ਰਿਫ਼ਤਾਰੀ ਵਾਰੰਟ ਜਾਰੀ

2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੌੜ ਮੰਡੀ ਵਿਚ ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਦੀ ਜਨਤਕ ਮੀਟਿੰਗ ਦੌਰਾਨ ਕਾਰ ਵਿਚ ਹੋਏ ਧਮਾਕਾ ਕੇਸ ਸਬੰਧੀ ਥਾਣਾ ਤਲਵੰਡੀ ਸਾਬੋ ਦੀ **ਬਾਕੀ ਸਫ਼ਾ 30 'ਤੇ**

## ਪੰਜਾਬ 'ਵਰਸਿਟੀ ਨੂੰ ਕੇਂਦਰੀ 'ਵਰਸਿਟੀ 'ਚ ਤਬਦੀਲ ਕਰਨ ਦੀਆਂ ਤਿਆਰੀਆਂ

### ✪ ਹਾਈ ਕੋਰਟ ਨੇ ਕਿਹਾ ਕਿ ਗ੍ਰਹਿ ਤੇ ਸਿੱਖਿਆ ਮੰਤਰਾਲੇ ਨਾਲ ਵਿਚਾਰ ਕਰੇ ਕੇਂਦਰ ✪ ਪੰਜਾਬ ਯੂਨੀਵਰਸਿਟੀ ਦੇ ਮਾਮਲੇ ਵਿਚ ਸੂਬਾ ਸਰਕਾਰ ਨਾਕਾਮ-ਸੁਖਬੀਰ ਸਿੰਘ ਬਾਦਲ



**ਚੰਡੀਗੜ੍ਹ**- ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਉੱਪਰ ਕਾਬਜ ਹੋਣ ਦੀਆਂ ਤਿਆਰੀਆਂ ਕਰ ਰਹੀ ਹੈ।ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿਚ ਤਬਦੀਲ ਕਰਨ ਦੇ ਮੁੱਦੇ 'ਤੇ ਗ੍ਰਹਿ ਮੰਤਰਾਲੇ ਅਤੇ ਸਿੱਖਿਆ ਮੰਤਰਾਲੇ ਨਾਲ ਵਿਚਾਰ ਕਰੇ। ਹਾਈ ਕੋਰਟ ਦੇ ਜਸਟਿਸ ਰਾਜਬੀਰ ਸਹਿਰਾਵਤ ਨੇ ਮਾਮਲੇ ਦੀ ਅਗਲੀ ਸੁਣਵਾਈ 30 ਅਗਸਤ ਨੂੰ ਤੈਅ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਏ ਗਏ ਫ਼ੈਸਲੇ ਨੂੰ ਸਿਧਾਂਤਕ ਤੌਰ 'ਤੇ ਅਗਲੀ ਸੁਣਵਾਈ ਦੌਰਾਨ ਅਦਾਲਤ ਦੇ ਸਾਹਮਣੇ ਰੱਖਿਆ ਜਾਵੇ। ਵਕੀਲ ਸਮੀਰ ਸਚਦੇਵਾ ਰਾਹੀਂ ਡਾ: ਸੰਗੀਤਾ ਭੱਲਾ ਵੱਲੋਂ ਪੰਜਾਬ ਰਾਜ ਅਤੇ ਹੋਰਾਂ ਵਿਰੁੱਧ ਪਾਈ ਪਟੀਸ਼ਨ 'ਤੇ ਕੇਂਦਰ ਦੀ ਨੁਮਾਇੰਦਗੀ ਅਰੁਣ ਗੋਸਾਈ ਨੇ ਕੀਤੀ। ਜਸਟਿਸ ਸਹਿਰਾਵਤ ਨੇ ਜ਼ੋਰ ਦੇ ਕੇ ਕਿਹਾ ਕਿ ਕੇਸ ਨੇ ਬਹੁਤ ਅਜੀਬ ਸਥਿਤੀ ਪੇਸ਼ ਕੀਤੀ ਹੈ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ 29 ਮਾਰਚ ਨੂੰ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਵਿਚ ਕੇਂਦਰ ਸ਼ਾਸਤ ਪ੍ਰਸ਼ਾਸਨ ਦੇ ਕਰਮਚਾਰੀਆਂ, ਸਰਕਾਰੀ ਕਾਲਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਅੰਦਰ ਕੰਮ ਕਰ ਰਹੇ ਉੱਚ ਸਿੱਖਿਆ ਸੰਸਥਾਵਾਂ ਦੇ ਅਧਿਆਪਕਾਂ ਸਮੇਤ ਸਭ 'ਤੇ ਕੇਂਦਰੀ ਸਿਵਲ ਸੇਵਾ ਨਿਯਮਾਂ ਨੂੰ ਲਾਗੂ ਕੀਤਾ ਗਿਆ ਸੀ। ਹਾਲਾਂਕਿ, ਨੋਟੀਫਿਕੇਸ਼ਨ ਦੀ ਲਾਗੂ ਕਰਨ ਦੀ ਧਾਰਾ ਦਰਸਾਉਂਦੀ ਹੈ ਕਿ ਇਹ ਕਿਸੇ ਵੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਵਿਚ ਕੰਮ ਕਰ ਰਹੇ ਜਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ ਕਵਰ ਨਹੀਂ ਕਰਦੀ ਹੈ। ਨਤੀਜੇ ਵਜੋਂ, ਚੰਡੀਗੜ੍ਹ ਦੇ ਸਰਕਾਰੀ ਕਾਲਜਾਂ ਤੇ ਉੱਚ ਸਿੱਖਿਆ ਦੇ ਸਰਕਾਰੀ ਅਦਾਰਿਆਂ ਵਿਚ ਕੰਮ ਕਰਦੇ ਲੈਕਚਰਾਰ 65 ਸਾਲ ਦੀ ਉਮਰ ਵਿਚ ਸੇਵਾਮੁਕਤ ਹੋ ਜਾਣਗੇ। ਹਾਲਾਂਕਿ, ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਤੇ ਮਾਨਤਾ ਪ੍ਰਾਪਤ ਕਾਲਜਾਂ ਵਿਚ ਕੰਮ ਕਰ ਰਹੇ ਪ੍ਰੋਫੈਸਰ/ਲੈਕਚਰਾਰ ਆਪਣੀ ਮੌਜੂਦਾ ਸਥਿਤੀ ਅਨੁਸਾਰ 60 ਸਾਲ ਦੀ ਉਮਰ ਵਿਚ ਸੇਵਾ ਮੁਕਤ ਹੋਣਗੇ। ਜਸਟਿਸ ਰਾਜਬੀਰ ਸਹਿਰਾਵਤ ਨੇ ਕਿਹਾ ਕਿ ਇਸ ਮਤਭੇਦ ਦਾ ਸਪਸ਼ਟ ਕਾਰਨ ਇਹ ਸੀ ਕਿ ਪੰਜਾਬ ਯੂਨੀਵਰਸਿਟੀ ਨੂੰ ਅੰਤਰਰਾਜੀ ਸੰਸਥਾ ਕਾਰਪੋਰੇਟ ਦੱਸਿਆ ਗਿਆ ਸੀ। ਇਸ ਤਰਾਂ, ਯੂਨੀਵਰਸਿਟੀ ਅਤੇ ਇਸ ਦੇ ਪ੍ਰਾਈਵੇਟ ਮਾਨਤਾ ਪ੍ਰਾਪਤ ਕਾਲਜਾਂ ਨਾਲ ਯੂਨੀਵਰਸਿਟੀ ਨੂੰ ਨਿਯੰਤਰਿਤ ਕਰਨ ਵਾਲੇ ਕਾਨੂੰਨ ਦੇ ਤਹਿਤ ਵੱਖਰੇ ਤੌਰ 'ਤੇ ਨਜਿੱਠਿਆ ਜਾ ਰਿਹਾ ਸੀ। ਜਸਟਿਸ ਸਹਿਰਾਵਤ ਨੇ ਅੱਗੇ ਕਿਹਾ ਕਿ ਯੂਨੀਵਰਸਿਟੀ ਅੱਜ ਤੱਕ ਵਿਸ਼ੇਸ਼ ਤੌਰ 'ਤੇ ਕੇਂਦਰ ਸਰਕਾਰ ਵੱਲੋਂ ਨਿਯੰਤਰਿਤ ਹੈ। ਅੰਤਰ-ਰਾਜੀ ਸੰਸਥਾ ਵਜੋਂ ਇਸ ਦਾ ਕਿਰਦਾਰ ਪਹਿਲਾਂ ਹੀ ਖ਼ਤਮ ਹੋ ਚੁੱਕਾ ਹੈ। ਚੰਡੀਗੜ੍ਹ ਦੀ ਸਿਰਫ਼ ਭਾਗੀਦਾਰੀ ਇਸ ਨੂੰ ਅੰਤਰ-ਰਾਜੀ ਸੰਸਥਾ ਨਹੀਂ ਬਣਾ ਦੇਵੇਗੀ, ਕਿਉਂਕਿ ਕੇਂਦਰ ਪ੍ਰਸ਼ਾਸਨ ਸਿਰਫ਼ ਕੇਂਦਰ ਸਰਕਾਰ ਦਾ ਸਾਧਨ ਹੈ।

**ਬਾਕੀ ਸਫ਼ਾ 31 'ਤੇ**

# ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕੋਸੋਵੋ ਦੀ ਪ੍ਰਭੂਸੱਤਾ ਨੂੰ ਮਾਨਤਾ

## ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ ਵੱਲੋਂ ਪ੍ਰਧਾਨ ਮੰਤਰੀ ਐਲਬਿਨ ਕੁਰਤੀ ਨਾਲ ਮੁਲਾਕਾਤ











**ਗ੍ਰੀਨਵਿਚ, ਕਨੈਕਟੀਕਟ/ ਮਨਪ੍ਰੀਤ ਸਿੰਘ, ਜਰਨਲ ਸਕੱਤਰ ਵਰਲਡ ਸਿੱਖ ਪਾਰਲੀਮੈਂਟ** : ਕੋਸੋਵੋ ਇੱਕ ਸੁਤੰਤਰ ਤੇ ਪ੍ਰਭੂਸੱਤਾ ਸੰਪੰਨ ਦੇਸ਼ ਹੈ, ਭੂਮੀਗਤ ਖੇਤਰ (ਸਮੁੰਦਰੀ ਤੱਟ ਤੋਂ ਬਗੈਰ) ਵਾਲੇ ਇਸ ਦੇਸ਼ ਨੇ 2008 ਵਿੱਚ ਆਪਣੀ ਆਜ਼ਾਦੀ ਦਾ ਐਲਾਨ ਕੀਤਾ ਅਤੇ ਹੁਣ ਕੋਸੋਵੋ ਨੂੰ ਅਮਰੀਕਾ ਸਮੇਤ ਵੱਖ-ਵੱਖ ਦੇਸ਼ਾਂ ਤੋਂ ਬਹੁਤ ਸਮਰਥਨ ਮਿਲ ਰਿਹਾ ਹੈ।

ਹਾਲ ਹੀ ਵਿੱਚ ਕੋਸੋਵੋ ਗਣਰਾਜ ਦੇ ਪ੍ਰਧਾਨ ਮੰਤਰੀ ਐਲਬਿਨ ਕੁਰਤੀ ਨੇ ਕਨੈਕਟੀਕਟ ਵਿੱਚ ਆਪਣਾ ਦੋ ਹਫ਼ਤਿਆਂ ਦਾ ਕੂਟਨੀਤਕ ਅਤੇ ਤਕਨਾਲੋਜੀ ਸਬੰਧੀ ਦੌਰਾ ਕੀਤਾ, ਇਸ ਦੌਰਾਨ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ ਨੇ ਕੋਸੋਵਾ ਦੇ ਪ੍ਰਧਾਨ ਮੰਤਰੀ ਨੂੰ ਮਿਲ ਕੇ ਸਿੱਖ ਕੌਮ ਦੇ ਆਪਣੇ ਰਾਸ਼ਟਰ ਸਬੰਧੀ ਚੱਲ ਰਹੇ ਸੰਘਰਸ਼ਾਂ ਬਾਰੇ ਜਾਣੂ ਕਰਵਾਇਆ।

ਕਨੈਕਟੀਕਟ ਸਟੇਟ ਵਿੱਚ ਚੁਣੇ ਹੋਏ ਨੁਮਾਇੰਦੇ ਸਵਰਨਜੀਤ ਸਿੰਘ ਖਾਲਸਾ ਦੇ ਨਾਲ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੂੰ ਵੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਦੀ ਪ੍ਰਵਾਨਗੀ ਮਿਲੀ, ਅਤੇ ਉਨਾਂ ਪ੍ਰਧਾਨ ਮੰਤਰੀ ਨੂੰ ਸਿੱਖ ਕੌਮ ਦੀ ਕੋਸੋਵੋ ਨਾਲ ਇਕਮੁੱਠਤਾ ਨੂੰ ਦਰਸਾਉਂਦੀ ਕਲਾ ਕ੍ਰਿਤ ਪੇਸ਼ ਕੀਤੀ।

ਇਸ ਸਮੇਂ, ਨਾਰਵਿਚ ਕਨੈਕਟੀਕਟ ਵਿੱਚ ਸਥਿਤ ਸਿੱਖ ਆਰਟ ਗੈਲਰੀ ਵੱਲੋਂ ਅਲਬੇਨੀਆ ਦੇ ਨਕਸ਼ੇ ਵਾਲੀ ਆਰਟਵਰਕ ਵੀ ਭੇਟ ਕੀਤੀ ਗਈ।

ਸਵਰਨਜੀਤ ਸਿੰਘ ਖਾਲਸਾ ਨੇ ਕਿਹਾ, ‘ਸਭ ਤੋਂ ਪਹਿਲਾਂ ਚੁਣੇ ਹੋਏ ਨੁਮਾਇੰਦੇ ਵਜੋਂ ਮੈਂ ਕਨੇਟੀਕਟ ਸਟੇਟ ਵਿੱਚ ਤੁਹਾਡਾ ਸੁਆਗਤ ਕਰਦਾ ਹਾਂ। ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦੇ ਹੋਣ ਦੇ ਨਾਤੇ, ਅਸੀਂ ਸਮਝਦੇ ਹਾਂ ਕਿ ਭਾਰਤ ਤੁਹਾਡੀ ਅਜ਼ਾਦੀ ਨੂੰ ਮਾਨਤਾ ਨਹੀਂ ਦੇਵੇਗਾ ਅਤੇ ਅਜਾਦੀ ਪ੍ਰਤੀ ਵੱਖਰਾ ਦ੍ਰਿਸ਼ਟੀਕੋਣ ਰੱਖ ਸਕਦਾ ਹੈ, ਪਰ ਸਿੱਖ ਕੌਮ ਵੀ ਪ੍ਰਭੂਸੱਤਾ ਸੰਪੰਨ ਨੇਸ਼ਨ ਹੈ ਅਤੇ ਤੁਹਾਡੀ ਅਜ਼ਾਦੀ ਲਈ ਸੰਘਰਸ਼ਾਂ ਨੂੰ ਸਮਝਦੀ ਅਤੇ ਪ੍ਰਭੂਸੱਤਾ ਨੂੰ ਪਛਾਣਦੀ ਹੈ।

ਖਾਲਸਾ ਨੇ ਅੱਗੇ ਕਿਹਾ, ‘ਅਸੀਂ ਕੋਸੋਵੋ ਅਤੇ ਇਸ ਦੇ ਭਾਈਵਾਲਾਂ ਨਾਲ ਆਪਣੀ ਇਕਜੁੱਟਤਾ ਦਿਖਾਉਣ ਲਈ ਇੱਥੇ ਹਾਂ’।

ਕਨੈਕਟੀਕਟ ਵਿੱਚ ਗ੍ਰੀਨਵਿਚ ਅਕੈਡਮੀ ਵਿੱਚ ਸਥਿਤ ਵਾਲੇਸ ਪਰਫਾਰਮਿੰਗ ਆਰਟਸ ਸੈਂਟਰ ਵਿੱਚ ਮੈਸੀ ਥੀਏਟਰ ਵਿੱਚ ਵਰਲਡ ਅਫੇਅਰਜ਼ ਫੋਰਮ ਦੁਆਰਾ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ।

ਪ੍ਰਧਾਨ ਮੰਤਰੀ ਐਲਬਿਨ ਕੁਰਤੀ ਨੇ ਇੱਕ ਵਿਸ਼ੇਸ਼ ਪ੍ਰੋਗਰਾਮ ‘ਕੋਸੋਵੋ ਇਨ ਪ੍ਰਸਪੈਕਟਿਵ’ ਵਿੱਚ ਅਪਣੇ ਬਾਲਕਨ ਰਾਸ਼ਟਰ ਦੀ ਤਾਕਤ ਅਤੇ 2008 ਵਿੱਚ ਇਸਦੀ ਆਜ਼ਾਦੀ ਤੋਂ ਬਾਅਦ ਹੋਏ ਆਰਥਿਕ ਵਿਕਾਸ ਬਾਰੇ ਗੱਲ ਕੀਤੀ।

ਪ੍ਰਧਾਨ ਮੰਤਰੀ ਨੇ ਊਰਜਾ, ਸੁਰੱਖਿਆ, ਕਾਰੋਬਾਰੀ ਵਿਕਾਸ ਅਤੇ ਮੌਕਿਆਂ ਅਤੇ ਅੰਤਰਰਾਸ਼ਟਰੀ ਭਾਈਵਾਲੀ - ਖਾਸ ਤੌਰ ’ਤੇ ਸੂਚਨਾ ਅਤੇ ਸੰਚਾਰ ਤਕਨਾਲੋਜੀ (93“) ਸੈਕਟਰ ਵਿੱਚ, ਗਰੀਨ ਊਰਜਾ, ਅਤੇ ਤਕਨੀਕੀ ਵਿਕਾਸ ਦੇ ਹੋਰ ਖੇਤਰਾਂ ਬਾਰੇ ਵੀ ਚਰਚਾ ਕੀਤੀ।

ਪ੍ਰਧਾਨ ਮੰਤਰੀ ਕੁਰਤੀ ਨੇ ਯੂਰਪੀਅਨ ਖ਼ਿੱਤੇ ਵਿੱਚ ਸੁਰੱਖਿਆ ਸਬੰਧੀ ਚੁਣੌਤੀਆਂ ’ਤੇ ਜ਼ੋਰ ਦਿੱਤਾ, ਇਸ ਬਾਰੇ ਉਨਾਂ ਕਿਹਾ ਕਿ ਕੋਸੋਵੋ ਅਤੇ ਬਾਲਕਨ ਇਸ ਸਮੀਕਰਨ ਵਿੱਚ ਕਿਸ ਤਰਾਂ ਫਿੱਟ ਹੋ ਸਕਦੇ ਹਨ। ਉਨਾਂ ਕਿਹਾ ਕਿ ਸਾਨੂੰ ਆਪਣੇ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਕੀ ਦੇਖਣਾ, ਸੋਚਣਾ ਅਤੇ ਕੀ ਕਰਨਾ ਚਾਹੀਦਾ ਹੈ, ਅਤੇ ਸਭਿਆਚਾਰਾਂ ਨੂੰ ਸੁਰੱਖਿਅਤ ਰੱਖਣ, ਸਥਿਰਤਾ ਨੂੰ ਕਾਇਮ ਕਰਨ ਅਤੇ ਭਵਿੱਖ ਦੇ ਵਿਕਾਸ ਲਈ ਮੌਕਿਆਂ ਨੂੰ ਯਕੀਨੀ ਬਣਾਉਣ ਲਈ ਵਿਚਾਰਾਂ ਕਰਨ ਦੀ ਲੋੜ ਹੈ।

ਪ੍ਰਧਾਨ ਮੰਤਰੀ ਐਲਬਿਨ ਕੁਰਤੀ 1997 ਦੇ ਸਮੇਂ ਤੋਂ ਜਦੋਂ ਉਹ ਸਰਬੀਆਈ ਅਧਿਕਾਰੀਆਂ ਦਾ ਵਿਰੋਧ ਕਰਨ ਵਾਲੇ ਇੱਕ ਵਿਦਿਆਰਥੀ ਸਮੂਹ ਦਾ ਹਿੱਸਾ ਸਨ, ਜਿਸ ਨੇ ਕੋਸੋਵਾ ਵਿੱਚ ਉਨਾਂ ਦੇ ਸਕੂਲ ਦੇ ਕੈਂਪਸ ਵਿੱਚ ਇਮਾਰਤਾਂ ਉੱਤੇ ਕਬਜ਼ਾ ਕਰ ਲਿਆ ਸੀ। ਫਿਰ ਜਦੋਂ ਇੱਕ ਸਾਲ ਬਾਅਦ 1998 ਵਿੱਚ ਕੋਸੋਵਾ ਯੁੱਧ ਸ਼ੁਰੂ ਹੋਇਆ ਤਾਂ ਐਲਬਿਨ ਕੁਰਤੀ ਸਰਬੀਆਈ ਵਿਰੋਧ ਪ੍ਰਤੀ ਲਗਾਤਾਰ ਯਤਨਸ਼ੀਲ ਰਹੇ, ਉਸ ਤੋਂ ਬਾਅਦ ਉਨਾਂ ਨੇ ਕੋਸੋਵੋ ਲਿਬਰੇਸ਼ਨ ਆਰਮੀ ਦੇ ਜਨਰਲ ਰਾਜਨੀਤਿਕ ਪ੍ਰਤੀਨਿਧੀ ਦਫਤਰ ਵਿੱਚ ਸਕੱਤਰ ਦੀ ਭੂਮਿਕਾ ਨਿਭਾਈ। ਉਨਾਂ ਨੂੰ ਫੜ ਕੇ ਕੈਦ ਕਰ ਲਿਆ ਗਿਆ ਅਤੇ ਅੰਤ ਵਿੱਚ ਸਰਬੀਆ ਭੇਜ ਦਿੱਤਾ ਗਿਆ ਜਿੱਥੇ ਕਿ 2001 ਦੇ ਅੰਤ ਤੱਕ ਬੰਦੀ ਬਣਾ ਕੇ ਰੱਖਿਆ ਗਿਆ।

ਪ੍ਰਧਾਨ ਮੰਤਰੀ ਕੁਰਤੀ ਦੀ ਸਰਗਰਮੀ ਅਤੇ ਆਦਰਸ਼ਵਾਦ ਨੇ ਉਨਾਂ ਨੂੰ ਕੋਸੋਵੋ ਵਿੱਚ ਇੱਕ ਨਵੀਂ ਬਣੀ ਰਾਜਨੀਤਿਕ ਪਾਰਟੀ ਦੀ ਅਗਵਾਈ ਕਰਨ ਲਈ ਪ੍ਰੇਰਿਆ, ਜਿਸ ਨੇ ਪਿਛਲੇ ਸਾਲਾਂ ਵਿੱਚ ਦੇਸ਼ ਵਿੱਚ ਲੋਕਤੰਤਰੀ ਚੋਣਾਂ ਸ਼ੁਰੂ ਹੋਣ ਤੋਂ ਬਾਅਦ ਸਭ ਤੋਂ ਵੱਡੇ ਫਰਕ ਨਾਲ ਵੋਟ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਕੁਰਤੀ ਨੇ ਪਹਿਲਾਂ ਚੌਥੇ ਅਤੇ ਮੌਜੂਦਾ ਸਮੇਂ ਵਿੱਚ ਉਹ ਛੇਵੇਂ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਸੇਵਾ ਕਰ ਰਹੇ ਹਨ। ਕੋਸੋਵੋ ਨੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਲਗਾਤਾਰ ਸਾਲ-ਦਰ-ਸਾਲ ਆਰਥਿਕ ਵਿਕਾਸ ਕੀਤਾ ਹੈ ਅਤੇ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਇੱਕ ਸਰਗਰਮ ਭਾਗੀਦਾਰ ਦੇਸ਼ ਹੈ ਜੋ ਕਿ ਬਾਲਕਨ ਖੇਤਰ ਦੀ ਸਥਿਰਤਾ ਲਈ ਇੱਕ ਮਾਡਲ ਵਜੋਂ ਵੇਖਿਆ ਜਾਂਦਾ ਹੈ।




### ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਜੂਨ 1984ਦੇ ਸ਼ਹੀਦਾਂ ਨੂੰ ਸਮਰਪਿਤ ਆਜਾਦੀ ਮਾਰਚ

**4 ਜੂਨ 2022**

**ਕੈਲੀਫੋਰਨੀਆਂ :** ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ ਸਿੱਖ ਭਾਈਚਾਰੇ ਵੱਲੋਂ ਆਜਾਦੀ ਮਾਰਚ ਕੱਢਣ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜੂਨ ਮਹੀਨੇ ਤੇ ਇਤਿਹਾਸ ਨਾਲ ਵਾਕਿਫ ਕਰਾਇਆ ਜਾਵੇ ।ਇਹ ਆਜਾਦੀ ਮਾਰਚ 4 ਜੂਨ 2022 ਸਵੇਰੇ 10 ਵਜੇ 88, 2 ਸੈਨ ਫਰਾਂਸਿਸਕੋ ਵਿਚ ਕੱਢਿਆ ਜਾਵੇਗਾ ।

# ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਹਥਿਆਰਾਂ ਸਬੰਧੀ ਜਥੇਦਾਰ ਦੇ ਬਿਆਨ ਦਾ ਜ਼ੋਰਦਾਰ ਸਮਰਥਨ

## ‘ਲਾਇਸੰਸੀ ਹੋਣ ਜਾਂ ਗੈਰ-ਲਾਇਸੰਸੀ ਪਰ ਸੰਤ ਭਿੰਡਰਾਂਵਾਲਿਆਂ ਦੇ ਬਚਨਾਂ ਤੇ ਪਹਿਰਾ ਦੇਣਾ ਜਰੂਰੀ’



**ਲੰਡਨ/ਲਸ਼ਵਿੰਦਰ ਸਿੰਘ ਡੱਲੇਵਾਲ :** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸਿੱਖਾਂ ਨੂੰ ਹਥਿਆਰਬੰਦ ਹੋਣ ਦੇ ਅਦੇਸ਼ ਦਾ ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਡੱਟ ਕੇ ਸਮਰਥਨ ਕੀਤਾ ਗਿਆ ਹੈ। ਸਿੱਖ ਨੂੰ ਹਮੇਸ਼ਾ ਸ਼ਸ਼ਤਰਧਾਰੀ ਰਹਿਣ ਦਾ ਹੁਕਮ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਹਿਬ ਜੀ ਮਹਾਰਾਜ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀਤਾ ਹੈ ਅਤੇ ਗੁਰੂ ਸਾਹਿਬ ਦੇ ਇਸ ਹੁਕਮ ਨੂੰ ਵੀਹਵੀਂ ਸਦੀ ਦੌਰਾਨ ਮਹਾਂਪੁਰਖ ਅਤਿ ਸਤਿਕਾਰਯੋਗ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵਲੋਂ ਦੁਬਾਰਾ ਪ੍ਰਚੰਡ ਕੀਤਾ ਗਿਆ। ਗਿਆਨੀ ਹਰਪ੍ਰੀਤ ਸਿੰਘ ਵਲੋਂ ਸਿੱਖਾਂ ਨੂੰ ਲਾਇਸੰਸੀ ਹਥਿਆਰ ਰੱਖਣ ਦੇ ਅਦੇਸ਼ ਨੂੰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਵਿਚਾਰਾਂ ਦੀ ਰੌਸ਼ਨੀ ਵਿੱਚ ਦੇਖਦਿਆਂ ਸਿੱਖਾਂ ਨੂੰ ਕੇਵਲ ਰੱਖਣ ਦੀ ਲੋੜ ਹੈ। ਲਾਈਸੰਸੀ ਹੋਣ ਜਾਂ ਗੈਰ ਲਾਇਸੰਸੀ ਇਹ ਗੱਲ ਕੋਈ ਅਹਿਮੀਅਤ ਨਹੀ ਰੱਖਦੀ। ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਹਥਿਆਰ ਬਾਰੇ ਅਦੇਸ਼ ਨਾਲ ਤੜਫਣ ਵਾਲਿਆਂ ਨੂੰ ਸਿੱਖਾਂ ਦੇ ਸਿਧਾਂਤਕ ਦੁਸ਼ਮਣ ਕਰਾਰ ਦਿੱਤਾ ਗਿਆ। ਇਹ ਲੋਕ ਹਿੰਦੂਤਵੀਆਂ ਖਿਲਾਫ ਕਦੇ ਜੁਬਾਨ ਨਹੀਂ ਖੋਲਦੇ। ਜਿਹੜੇ ਆਏ ਦਿਨ ਹਥਿਆਰਾਂ ਦੀ ਨੁਮਾਇਸ਼ ਕਰ ਰਹੇ ਹਨ ਅਤੇ ਭਾਰਤ ਦੀਆਂ ਵਸਨੀਕ ਘੱਟਗਿਣਤੀ ਕੌਮਾਂ ਦਾ ਨਾਮੋ ਨਿਸ਼ਾਨ ਮਿਟਾ ਕੇ ਹਿੰਦੂ ਰਾਸ਼ਟਰ ਲਈ ਯਤਨਸ਼ੀਲ ਹਨ। ਖਾਲਿਸਤਾਨ ਸਿੱਖਾਂ ਦਾ ਕੌਮੀ ਅਤੇ ਪਾਕਿ ਪਵਿੱਤਰ ਸਾਕਾਰ ਕਰਨ ਯੋਗ ਨਿਸ਼ਾਨਾ ਹੈ। ਜਿਸਦੀ ਨੀਂਹ ਵਿੱਚ ਸਦੀਆਂ ਬਾਅਦ ਸਿੱਖ ਕੌਮ ਨੂੰ ਪ੍ਰਾਪਤ ਹੋਏ ਮਹਾਂਪੁਰਖ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ, ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਮਹਾਨ ਜਰਨੈਲ ਜਨਰਲ ਸ਼ਾਬੇਗ ਸਿੰਘ ਅਤੇ ਉਨਾਂ ਦੇ ਸਾਥੀਆਂ ਦੇ ਸੀਸ ਲੱਗੇ ਹੋਏ ਹਨ। ਜਿਸ ਕੌਮੀ ਨਿਸ਼ਾਨੇ ਦੀ ਪੂਰਤੀ ਲਈ ਹਜਾਰਾਂ ਸਿੱਖ ਨੌਜਵਾਨ ਸ਼ਹੀਦ ਹੋ ਗਏ। ਸਿੱਖ ਮਾਤਾਵਾਂ ਦੇ ਦੋ-ਦੋ, ਤਿੰਨ-ਤਿੰਨ ਪੁੱਤਰ ਸ਼ਹੀਦ ਹੋ ਗਏ ਹਨ ਉਸ ਨਿਸ਼ਾਨੇ ਤੋਂ ਕੋਈ ਵੀ ਤਾਕਤ ਸਿੱਖਾਂ ਨੂੰ ਥਿੜਕਾ ਜਾਂ ਭਟਕਾ ਨਹੀਂ ਸਕਦੀ। ਸਿੱਖ ਕੌਮ ਵਲੋਂ ਖਾਲਿਸਤਾਨ ਦਾ ਸੰਘਰਸ਼ ਨਿਰੰਤਰ ਜਾਰੀ ਹੈ ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਪੰਜਾਬ ਭਰ ਦੀਆਂ ਸਿੱਖ ਜਥੇਬੰਦੀਆਂ, ਸਿੱਖ ਸੰਪਰਦਾਵਾਂ ਨੂੰ ਸਾਂਝੇ ਪਲੇਟਫਾਰਮ ਤੇ ਇਕੱਤਰ ਹੋ ਕੇ ਸਿਖ ਕੌਮ ਦੀ ਅਜਾਦੀ ਲਈ ਚੱਲ ਰਹੇ ਖਾਲਿਸਤਾਨ ਦੇ ਸੰਘਰਸ਼ ਵਿੱਚ ਯੋਗਦਾਨ ਪਾਉਣ ਅਤੇ ਸਿੱਖ ਨੌਜਵਾਨਾਂ ਤੇ ਦਰਜ ਕੀਤੇ ਜਾ ਰਹੇ ਨਜਾਇਜ ਪਰਚਿਆਂ ਅਤੇ ਗ੍ਰਿਫਤਾਰੀਆਂ ਖਿਲਾਫ ਆਵਾਜ਼ ਬੁਲੰਦ ਕਰਨ ਅਤੇ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਸਾਰਥਿਕ ਪਹੁੰਚ ਅਪਣਾਉਣ ਦੀ ਸਨਿਮਰ ਅਪੀਲ ਕੀਤੀ ਗਈ ਹੈ।

# ਡਾ. ਸਤਿੰਦਰ ਸਰਤਾਜ ਵੱਲੋਂ ਘੱਲੂਘਾਰੇ ਦੇ ਦਿਨਾਂ ਦੌਰਾਨ ਸ਼ੋਅ ਨਾ ਕਰਨ ਦਾ ਫ਼ੈਸਲਾ



**ਸੈਕਰਾਮੈਂਟੋ/ਏ.ਟੀ.ਨਿਊਜ਼ :-** ਡਾ. ਸਤਿੰਦਰ ਸਰਤਾਜ ਵੱਲੋਂ ਘੱਲੂਘਾਰੇ ਦੇ ਦਿਨਾਂ ਦੌਰਾਨ ਸ਼ੋਅ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਜਾਣਕਾਰੀ ਉਨਾਂ ਨੇ ਸੋਸ਼ਲ ਮੀਡੀਆ ਰਾਹੀਂ ਦਿੱਤੀ। ਡਾ. ਸਤਿੰਦਰ ਸਰਤਾਜ **Stockholm, Sweden** ਗੁਰਦਵਾਰਾ ਸਾਹਿਬ ਪਹੁੰਚੇ ਅਤੇ ਨਿਮਰਤਾ ਸਹਿਤ ਦੱਸਿਆ ਕਿ ਅਣਜਾਣੇ ਵਿੱਚ ਜੂਨ **3 Paris, France** ਅਤੇ ਜੂਨ 5 **Dublin, Ireland** ਵਿੱਚ ਰੱਖੇ ਗਏ **Shows** ਦਰਬਾਰ ਸਾਹਿਬ ’ਤੇ ਹੋਏ ਹਮਲੇ ਦੇ ਦਿਨਾਂ ਕਾਰਨ ਕਰਕੇ ਨਾ ਕਰਨ ਦਾ ਫ਼ੈਸਲਾ ਕੀਤਾ ਹੈ। ਉਨਾਂ ਕਿਹਾ ਕਿ ਜਲਦੀ ਹੀ ਜੂਨ ਦੇ ਪਹਿਲੇ ਹਫ਼ਤੇ ਤੋਂ ਇਲਾਵਾ ਮਿਲ਼ੀ ਕਿਸੇ ਹੋਰ ਤਾਰੀਖ਼ ਬਾਰੇ ਦੱਸਿਆ ਜਾਵੇਗਾ। ਅਸੀਂ ਸਭ ਜਾਣਦੇ ਹਾਂ ਕਿ ਡਾ. ਸਤਿੰਦਰ ਸਰਤਾਜ ਨੇ ਸੂਫੀ ਸੰਗੀਤ ਦੇ ਜ਼ਰੀਏ ਪੰਜਾਬੀ ਸੱਭਿਆਚਾਰ ਨੂੰ ਇੱਕ ਨਵਾਂ ਰੰਗ ਦਿੱਤਾ ਹੈ।

## ਟੈਕਸਾਸ ਸਟੇਟ ਵਿੱਚ ਸਕੂਲ ਸ਼ੂਟਿੰਗ ਦੌਰਾਨ 15 ਲੋਕਾਂ ਦੀ ਮੌਤ



**ਫਰਿਜਨੋ, ਕੈਲੀਫੋਰਨੀਆਂ/ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਅਮਰੀਕਾ ਵਿੱਚ ਗੋਲੀ-ਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਇੱਥੇ ਹਰ-ਰੋਜ ਕਿਸੇ ਨਾ ਕਿਸੇ ਸ਼ਹਿਰ ਵਿੱਚ ਗੋਲੀਬਾਰੀ ਹੋਣੀ ਇੱਕ ਆਮ ਗੱਲ ਬਣਦੀ ਜਾ ਰਹੀ ਹੈ। ਹੁਣ ਟੈਕਸਾਸ ਸਟੇਟ ਦੇ ਅਨਵੇਡ ਸ਼ਹਿਰ ਤੋਂ ਬੜੀ ਮੰਦਭਾਗੀ ਖ਼ਬਰ ਸੁਣਨ ਨੂੰ ਮਿਲੀ। ਜਾਣਕਾਰੀ ਮੁਤਾਬਕ ਅਨਵੇਡ ਸ਼ਹਿਰ ਜਿਹੜਾ ਕਿ ਸੈਨਐਨਟੋਨੀਓ ਸ਼ਹਿਰ ਤੋਂ 80 ਮੀਲ ਪੱਛਮ ਵਿੱਚ ਸਥਿਤ ਹੈ, ਇੱਥੇ ਦੇ ਐਲੀਮੈਂਟਰੀ ਸਕੂਲ ਵਿੱਚ ਇੱਕ ਬੰਦੂਕਧਾਰੀ ਨੇ ਲੰਘੇ ਮੰਗਲ਼ਵਾਰ ਬਾਅਦ ਦੁਪਹਿਰ ਗੋਲੀ-ਬਾਰੀ ਕਰਕੇ 14 ਸਕੂਲੀ ਬੱਚਿਆਂ ਸਮੇਤ ਇੱਕ ਟੀਚਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬਾਅਦ ਵਿੱਚ ਪੁਲਿਸ ਨਾਲ ਮੁੱਠਭੇੜ ਦੌਰਾਨ ਬੰਦੂਕਧਾਰੀ ਮਾਰਿਆ ਗਿਆ। ਪੁਲਿਸ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ। ਟੈਕਸਾਸ ਸਟੇਟ ਦੇ ਗਵਰਨਰ ਗਰਿਗ ਐਬਟ ਨੇ ਪੀੜਤ ਪਰਿਵਾਰਾਂ ਨਾਲ ਦੁੱਖ ਪ੍ਰਗਟ ਕਰਦਿਆਂ, ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।

# ਸਾਂਝੀ ਪੰਥਕ ਕਮੇਟੀ ਵਿਚੋਂ ਸੁਖਬੀਰ ਤੇ ਹਿੱਤ ਨੂੰ ਬਾਹਰ ਕਰੋ

## ਹਰਮੀਤ ਸਿੰਘ ਕਾਲਕਾ ਨੇ ਕੀਤੀ ਮੰਗ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਬਣਾਈ ਗਈ ਕਮੇਟੀ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਇਸੇ ਧੜੇ ਦੇ ਦਿੱਲੀ ਤੋਂ ਆਗੂ ਅਵਤਾਰ ਸਿੰਘ ਹਿੱਤ ਨੂੰ ਬਾਹਰ ਕੀਤਾ ਜਾਵੇ। ਉਨਾਂ ਕਿਹਾ ਕਿ ਇਹ ਜਾਪਦਾ ਹੈ ਕਿ ਉਕਤ ਮੁਹਿੰਮ ਰਾਹੀਂ ਦੋਵੇਂ ਆਗੂਆਂ ਵੱਲੋਂ ਆਪਣੀ ਪਾਰਟੀ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਟਵਾਂ ਵਿਰੋਧ ਕੀਤਾ ਜਾਵੇਗਾ। ਉਨਾਂ ਬਲਜੀਤ ਸਿੰਘ ਦਾਦੂਵਾਲ ਵੱਲੋਂ ਸੁਖਬੀਰ ਸਿੰਘ ਬਾਦਲ ਬਾਰੇ ਉਠਾਏ ਇਤਰਾਜ਼ ਦਾ ਵੀ ਸਮਰਥਨ ਕੀਤਾ। ਇਸ ਸਬੰਧੀ ਦਿੱਲੀ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖਿਆ ਗਿਆ ਹੈ। ਇੱਥੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਲਕਾ ਨੇ ਕਿਹਾ ਕਿ ਜਿਸ ਅਕਾਲੀ ਦਲ ਦੇ ਚੋਣ ਨਿਸ਼ਾਨ ਖ਼ਿਲਾਫ਼ ਤੇ ਉਸ ਦਲ ਨੂੰ ਸਿਆਸੀ ਧਿਰ ਸਾਬਤ ਕਰਨ ਲਈ ਅਦਾਲਤਾਂ ਵਿਚ ਸਰਨਾ ਭਰਾ ਗਏ, ਹੁਣ ਉਹ ਉਸੇ ਧਿਰ ਨੂੰ ਧਾਰਮਿਕ ਧਿਰ ਦੱਸ ਰਹੇ ਹਨ। ਉਨਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਨੂੰ ਪੂਰਨ ਸਹਿਯੋਗ ਦਿੱਤਾ ਜਾਵੇਗਾ, ਪਰ ਸਿਆਸੀ ਆਗੂ ਸ਼ਾਮਲ ਕਰਨ ਦਾ ਵਿਰੋਧ ਕੀਤਾ ਜਾਵੇਗਾ। ਸ੍ਰੀ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਨੇ ਸਰਨਾ ਭਰਾਵਾਂ ਤੇ ਮਨਜੀਤ ਸਿੰਘ ਜੀਕੇ ਨੂੰ ਸਵਾਲ ਕੀਤਾ ਕਿ ਕੀ ਹੁਣ ਬਰਗਾੜੀ ਤੇ ਬਹਿਬਲ ਕਲਾਂ ਮੁੱਦੇ ’ਤੇ ਬਾਦਲ ਬਰੀ ਹੋ ਗਏ ਹਨ। ਉਨਾਂ ਕਿਹਾ ਕਿ ਅੰਮ੍ਰਿਤਸਰ ’ਚੋਂ 328 ਸਰੂਪ ਗਾਇਬ ਹੋਣ ਬਾਰੇ ਬਾਦਲਾਂ ਨੇ ਹਾਲੇ ਤੱਕ ਕੋਈ ਪ੍ਰਤੱਖ ਬਿਆਨ ਨਹੀਂ ਦਿੱਤਾ ਹੈ। ਉਧਰ ਪਰਜਮੀਤ ਸਿੰਘ ਸਰਨਾ ਨੇ ਕਿਹਾ ਕਿ ਉਹ ਅਜਿਹੇ ਲੋਕਾਂ ਦੀਆਂ ਗੱਲਾਂ ਦੇ ਜਵਾਬ ਦੇਣਾ ਠੀਕ ਨਹੀਂ ਸਮਝਦੇ। ਅਵਤਾਰ ਸਿੰਘ ਹਿਤ ਨੇ ਕਿਹਾ ਕਿ ਹਰਮੀਤ ਸਿੰਘ ਕਾਲਕਾ ਵੱਲੋਂ ਕਮੇਟੀ ਮੀਟਿੰਗ ਬਾਰੇ ਗ਼ਲਤ ਬਿਆਨਬਾਜ਼ੀ ਕੀਤੀ ਗਈ ਹੈ।

# ਸਿੱਖ ਯੂਥ ਐਡਮਿੰਟਨ ਵੱਲੋਂ ਨਗਰ ਕੀਰਤਨ ’ਤੇ ਦਸਤਾਰਾਂ ਸਜਾਉਣ ਲਈ ਵੱਡਮੁਲਾ ਉਪਰਾਲਾ



**ਐਡਮਿੰਟਨ/ਏ.ਟੀ.ਨਿਊਜ਼ :-** ਬੀਤੇ ਦਿਨੀਂ ਐਡਮਿੰਟਨ ਵਿੱਚ ਨਗਰ ਕੀਰਤਨ ਮੌਕੇ ਸਿੱਖ ਯੂਥ ਐਡਮਿੰਟਨ ਵੱਲੋਂ ਸੰਗਤਾਂ ਨੂੰ ਦਸਤਾਰਾਂ ਸਜਾਉਣ ਦਾ ਵਡਮੁੱਲਾ ਉਪਰਾਲਾ ਕੀਤਾ ਗਿਆ। ਸਿੱਖ ਯੂਥ ਦੇ ਸੇਵਾਦਾਰਾਂ ਨੇ ਦੱਸਿਆ ਕਿ ਇਸ ਨਗਰ ਕੀਰਤਨ ਵਿਚ ਸਿੱਖ ਭਾਈਚਾਰੇ ਵੱਲੋਂ ਵੱਡੀ ਸ਼ਮੂਲੀਅਤ ਕੀਤੀ। ਬਜ਼ੁਰਗ ਬੀਬੀਆਂ ਨਾਲ ਗੱਲਬਾਤ ਦੌਰਾਨ ਉਨਾਂ ਦੀਆਂ ਅੱਖਾਂ ਭਰ ਆਈਆਂ ਅਤੇ ਉਨਾਂ ਦੀ ਜ਼ੁਬਾਨ ’ਤੇ ਇਹੋ ਗੱਲ ਸੀ ਕਿ ਸਾਡੀ ਕੌਮ ਦੀ ਆਉਣ ਵਾਲੀ ਪੀੜੀ ਦਾੜੀ ਮੁੱਛਾਂ ਰੱਖ ਕੇ ਸੋਹਣੀਆਂ ਪੱਗਾਂ ਬੰਨ ਕੇ ਸਰਦਾਰ ਬਨਣ, ਸਾਡੀ ਇਹੀ ਅਰਦਾਸ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨਾਂ, ਬਜ਼ੁਰਗਾਂ ਅਤੇ ਬੱਚਿਆਂ ਨੇ ਦਸਤਾਰਾਂ ਸਜਾ ਕੇ ਇਸ ਨਗਰ ਕੀਰਤਨ ਵਿਚ ਹਿੱਸਾ ਲਿਆ । ਸਿੱਖ ਯੂਥ ਵੱਲੋਂ ਕੀਤਾ ਗਿਆ ਇਹ ਉਪਰਾਲਾ ਪ੍ਰਸ਼ੰਸਾਯੋਗ ਸੀ।

# ਵਿਸ਼ਵ ਸਿਹਤ ਸੰਗਠਨ ਨੇ ਕਿਹਾ - ਕੋਰੋਨਾ ਤੇ ਮੌਂਕੀਪਾਕਸ ਵੱਡੀ ਚੁਣੌਤੀ, ਭਾਰਤ ਨੂੰ ਵੀ ਖਤਰਾ

**ਨਵੀਂ ਦਿੱਲੀ/ਏ.ਟੀ.ਨਿਊਜ਼:-** ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਕੋਰੋਨਾ ਅਤੇ ਮੌਂਕੀਪਾਕਸ ਦੁਨੀਆ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਹੁਣ ਤੱਕ, 15 ਦੇਸ਼ਾਂ ਵਿੱਚ ਮੌਂਕੀਪਾਕਸ ਸੰਕ੍ਰਮਣ ਦੇ 100 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਜਨੇਵਾ ਵਿੱਚ ਵਿਸ਼ਵ ਸਿਹਤ ਅਸੈਂਬਲੀ ਨੂੰ ਸੰਬੋਧਿਤ ਕਰਦੇ ਹੋਏ, ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ-ਜਨਰਲ ਟੇਡਰੋਸ ਅਧਾਨਮ ਘੇਬਰੇਅਸਸ ਨੇ ਕਿਹਾ ਕਿ ਕੋਰੋਨਾ ਮਹਾਂਮਾਰੀ ਵੀ ਯਕੀਨੀ ਤੌਰ ’ਤੇ ਅਜੇ ਖਤਮ ਨਹੀਂ ਹੋਈ ਹੈ। ਇਸ ਤੋਂ ਇਲਾਵਾ, 21 ਦੇਸ਼ਾਂ ਵਿੱਚ ਬੱਚਿਆਂ ਵਿੱਚ ਇੱਕ ਰਹੱਸਮਈ ਹੈਪੇਟਾਈਟਸ ਦੇ ਘੱਟੋ-ਘੱਟ 450 ਮਾਮਲੇ ਸਾਹਮਣੇ ਆਏ ਹਨ। ਇਸ ਕਾਰਨ 12 ਬੱਚਿਆਂ ਦੀ ਜਾਨ ਜਾ ਚੁੱਕੀ ਹੈ। ਦੂਜੇ ਪਾਸੇ ਭਾਰਤ ਵੀ ਮੌਂਕੀਪਾਕਸ ਦੇ ਤੇਜ਼ੀ ਨਾਲ ਫੈਲਣ ਨੂੰ ਦੇਖਦਿਆਂ ਚੌਕਸ ਹੋ ਗਿਆ ਹੈ। ਮੁੰਬਈ ਦੇ ਬ੍ਰਿਹਨ ਮੁੰਬਈ ਨਗਰ ਨਿਗਮ ਨੇ ਮੌਂਕੀਪਾਕਸ ਦੇ ਸ਼ੱਕੀ ਮਰੀਜ਼ਾਂ ਲਈ ਕਸਤੂਰਬਾ ਹਸਪਤਾਲ ਵਿੱਚ 28 ਬਿਸਤਰਿਆਂ ਦਾ ਆਈਸੋਲੇਸ਼ਨ ਵਾਰਡ ਤਿਆਰ ਕੀਤਾ ਹੈ। ਹਾਲਾਂਕਿ ਦੇਸ਼ ਵਿੱਚ ਹੁਣ ਤੱਕ ਇਸ ਬਿਮਾਰੀ ਦਾ ਇੱਕ ਵੀ ਕੇਸ ਸਾਹਮਣੇ ਨਹੀਂ ਆਇਆ ਹੈ।

### ਭਾਰਤ ਸਰਕਾਰ ਵੀ ਐਕਸ਼ਨ ਮੋਡ ਵਿੱਚ

ਮੌਂਕੀਪਾਕਸ ਨੂੰ ਲੈ ਕੇ ਕੇਂਦਰ ਸਰਕਾਰ ਦੀ ਚਿੰਤਾ ਵੀ ਵਧ ਗਈ ਹੈ। ਤੇਜ਼ੀ ਨਾਲ ਫੈਲ ਰਹੇ ਇਨਫੈਕਸ਼ਨ ਦੇ ਮੱਦੇਨਜ਼ਰ ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਅਤੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨੂੰ ਅਲਰਟ ਜਾਰੀ ਕੀਤਾ ਗਿਆ ਹੈ। ਸਿਹਤ ਮੰਤਰਾਲੇ ਨੇ ਹਵਾਈ ਅੱਡਿਆਂ ਅਤੇ ਬੰਦਰਗਾਹਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕਿਸੇ ਵੀ ਬਿਮਾਰ ਯਾਤਰੀ ਨੂੰ ਤੁਰੰਤ ਅਲੱਗ ਕਰ ਦੇਣ ਜੋ ਪ੍ਰਭਾਵਿਤ ਦੇਸ਼ਾਂ ਦੀ ਯਾਤਰਾ ਕਰਕੇ ਵਾਪਸ ਪਰਤਿਆ ਹੈ ਅਤੇ ਨਮੂਨੇ ਨੈਸ਼ਨਲ ਇੰਸਟੀਚਿਊਟ ਆਫ ਵਾਇਰੋਲੋਜੀ, ਪੁਣੇ ਨੂੰ ਜਾਂਚ ਲਈ ਭੇਜੇ। ਮਹਾਰਾਸ਼ਟਰ ਦੀ ਮੁੰਬਈ ਨਗਰ ਨਿਗਮ ਨੇ ਕੁਝ ਦੇਸ਼ਾਂ ਤੋਂ ਮੌਂਕੀਪਾਕਸ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸ਼ੱਕੀ ਮਰੀਜ਼ਾਂ ਨੂੰ ਅਲੱਗ-ਥਲੱਗ ਕਰਨ ਲਈ ਇੱਥੇ ਕਸਤੂਰਬਾ ਹਸਪਤਾਲ ਵਿੱਚ 28 ਬਿਸਤਰਿਆਂ ਵਾਲਾ ਵਾਰਡ ਤਿਆਰ ਕੀਤਾ ਹੈ। ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਬ੍ਰਿਹਨਮੁੰਬਈ ਮਿਉਂਸਪਲ ਕਾਰਪੋਰੇਸ਼ਨ (ਬੀਐਮਸੀ) ਦੇ ਜਨ ਸਿਹਤ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਸ਼ਹਿਰ ਵਿੱਚ ਹੁਣ ਤੱਕ ਬਾਂਦਰਪੌਕਸ ਦੇ ਕਿਸੇ ਵੀ ਸ਼ੱਕੀ ਜਾਂ ਪੁਸ਼ਟੀ ਕੀਤੇ ਕੇਸ ਦੀ ਕੋਈ ਰਿਪੋਰਟ ਨਹੀਂ ਮਿਲੀ ਹੈ। ਵਾਇਰਲ ਜ਼ੂਨੋਟਿਕ ਬਿਮਾਰੀ ਦੇ ਸਬੰਧ ਵਿੱਚ ਜਾਰੀ ਕੀਤੀ ਗਈ ਇੱਕ ਸਲਾਹ ਵਿੱਚ, ਬੀਐਮਸੀ ਨੇ ਕਿਹਾ ਕਿ ਹਵਾਈ ਅੱਡੇ ਦੇ ਅਧਿਕਾਰੀ ਸਥਾਨਕ ਅਤੇ ਗੈਰ-ਸਥਾਨਕ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਦੀ ਜਾਂਚ ਕਰ ਰਹੇ ਹਨ ਜੋ ਪ੍ਰਕੋਪ ਦਿਖਾ ਰਹੇ ਹਨ।

### ਮੌਂਕੀਪਾਕਸ ਕੀ ਹੈ, ਕਿਵੇਂ ਫੈਲਦਾ ਹੈ

ਮੌਂਕੀਪਾਕਸ ਇੱਕ ਵਾਇਰਲ ਇਨਫੈਕਸ਼ਨ ਹੈ ਜੋ ਪਹਿਲੀ ਵਾਰ 1958 ਵਿੱਚ ਇੱਕ ਬੰਦੀ ਬਾਂਦਰ ਵਿੱਚ ਪਾਇਆ ਗਿਆ ਸੀ। 1970 ਵਿੱਚ ਪਹਿਲੀ ਵਾਰ ਮਨੁੱਖਾਂ ਵਿੱਚ ਇਸ ਦੀ ਲਾਗ ਦੀ ਪੁਸ਼ਟੀ ਹੋਈ ਸੀ। ਇਸ ਦਾ ਵਾਇਰਸ ਚੇਚਕ ਦੇ ਵਾਇਰਸਾਂ ਦੇ ਪਰਿਵਾਰ ਦਾ ਇੱਕ ਮੈਂਬਰ ਹੈ। ਮੰਕੀਪੌਕਸ ਦੀ ਲਾਗ ਅੱਖਾਂ, ਨੱਕ ਅਤੇ ਮੂੰਹ ਰਾਹੀਂ ਫੈਲ ਸਕਦੀ ਹੈ। ਇਹ ਮਰੀਜ਼ ਦੇ ਕੱਪੜਿਆਂ, ਬਰਤਨਾਂ ਅਤੇ ਬਿਸਤਰੇ ਨੂੰ ਛੂਹਣ ਨਾਲ ਵੀ ਫੈਲਦਾ ਹੈ। ਇਸ ਤੋਂ ਇਲਾਵਾ ਬਾਂਦਰਾਂ, ਚੂਹਿਆਂ, ਗਿਲਹਰੀਆਂ ਵਰਗੇ ਜਾਨਵਰਾਂ ਦੇ ਕੱਟਣ ਨਾਲ ਜਾਂ ਉਨਾਂ ਦੇ ਖ਼ੂਨ ਅਤੇ ਸਰੀਰ ਦੇ ਤਰਲ ਪਦਾਰਥਾਂ ਨੂੰ ਛੂਹਣ ਨਾਲ ਵੀ ਮੌਂਕੀਪਾਕਸ ਫੈਲ ਸਕਦਾ ਹੈ।

### ਮੌਂਕੀਪਾਕਸ ਦੇ ਲੱਛਣ

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਮੌਂਕੀਪਾਕਸ ਦੇ ਲੱਛਣ ਲਾਗ ਦੇ 5ਵੇਂ ਦਿਨ ਤੋਂ 21ਵੇਂ ਦਿਨ ਤੱਕ ਦਿਖਾਈ ਦੇ ਸਕਦੇ ਹਨ। ਸ਼ੁਰੂਆਤੀ ਲੱਛਣ ਫਲੂ ਵਰਗੇ ਹੁੰਦੇ ਹਨ। ਇਨਾਂ ਵਿੱਚ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਪਿੱਠ ਦਰਦ, ਕੰਬਣੀ, ਥਕਾਵਟ, ਅਤੇ ਸੁੱਜੀਆਂ ਲਿੰਫ ਨੋਡਸ ਸ਼ਾਮਲ ਹਨ। ਇਸ ਤੋਂ ਬਾਅਦ ਚਿਹਰੇ ’ਤੇ ਪਸ ਨਾਲ ਭਰੇ ਮੁਹਾਸੇ ਆਉਣ ਲੱਗਦੇ ਹਨ, ਜੋ ਸਰੀਰ ਦੇ ਹੋਰ ਹਿੱਸਿਆਂ ਵਿਚ ਵੀ ਫੈਲ ਜਾਂਦੇ ਹਨ ਅਤੇ ਕੁਝ ਦਿਨਾਂ ਬਾਅਦ ਸੁੱਕ ਕੇ ਡਿੱਗ ਜਾਂਦੇ ਹਨ।

# ਜਸਟਿਸ ਅਜੀਤ ਸਿੰਘ ਬੈਂਸ ਦੀ ਜਨਮ ਸ਼ਤਾਬਦੀ 'ਤੇ ਸੈਮੀਨਾਰ ਆਯੋਜਿਤ

## ✪ ਸਰਕਾਰੀ ਤਾਨਾਸ਼ਾਹੀ ਖ਼ਿਲਾਫ਼ ਜਸਟਿਸ ਬੈਂਸ ਵੱਲੋਂ ਅਰੰਭਿਆ ਘੋਲ ਜਾਰੀ ਰੱਖਣ ਦਾ ਅਹਿਦ ✪ ਕੇਂਦਰੀ ਸਿੱਖ ਅਜਾਇਬਘਰ ਵਿਖੇ ਜਸਟਿਸ ਅਜੀਤ ਸਿੰਘ ਬੈਂਸ ਦੀ ਤਸਵੀਰ ਸੁਸ਼ੋਭਿਤ ਕੀਤੇ ਜਾਣ ਦੀ ਮੰਗ ✪ ਰੈਡੀਕਲ ਦੇਸੀ, ਕੈਨੇਡਾ ਨੇ ਜਸਟਿਸ ਬੈਂਸ ਨੂੰ 'ਪਰਸਨ ਆਫ ਦਿ ਯੀਅਰ' ਐਲਾਨਿਆ

**ਸਰੀ/ਏ.ਟੀ.ਨਿਊਜ਼** :- ਮਨੁੱਖੀ ਹੱਕਾਂ ਦੇ ਮਹਾਨ ਯੋਧੇ ਜਸਟਿਸ ਅਜੀਤ ਸਿੰਘ ਬੈਂਸ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ, ਸਰੀ ਦੀ ਸਟਰਾਅਬੈਰੀ ਹਿੱਲ ਲਾਇਬ੍ਰੇਰੀ ਵਿਖੇ 22 ਮਈ ਦਿਨ ਐਤਵਾਰ ਨੂੰ ਬੇਹੱਦ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ 'ਤੇ ਜਸਟਿਸ ਸਾਹਿਬ ਦੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਪਾਏ ਵੱਡੇ ਯੋਗਦਾਨ ਤੋਂ ਇਲਾਵਾ, ਉਨਾਂ ਦੇ ਜੀਵਨ ਸੰਘਰਸ਼ ਅਤੇ ਜੇਲ ਯਾਤਰਾ ਬਾਰੇ ਵੀ ਵਿਚਾਰਾਂ ਹੋਈਆਂ। ਇਸ ਸੈਮੀਨਾਰ ਵਿੱਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਆਪਣੇ ਵਿਚਾਰਾਂ ਰਾਹੀਂ ਬੀਬੀ ਖਾਲੜਾ ਨੇ ਜਸਟਿਸ ਅਜੀਤ ਸਿੰਘ ਬੈਂਸ ਦੀ ਖਾਲੜਾ ਪਰਿਵਾਰ ਨੂੰ ਦੇਣ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ। ਉਨਾਂ ਜਿੱਥੇ ਕਬੀਰ ਪਾਰਕ ਅੰਮ੍ਰਿਤਸਰ ਸਥਿਤ ਖਾਲੜਾ ਪਰਿਵਾਰ ਦੇ ਜੱਦੀ ਘਰ ਨੂੰ ਸਿੱਖ ਵਿਰਾਸਤ ਵਜੋਂ ਸਮਰਪਿਤ ਕਰਨ ਬਾਰੇ ਵਿਚਾਰ ਦਿੱਤੇ, ਉਥੇ ਜਸਟਿਸ ਅਜੀਤ ਸਿੰਘ ਬੈਂਸ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ, ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਸੁਸ਼ੋਭਿਤ ਕਰਨ ਲਈ ਵੀ ਆਵਾਜ਼ ਉਠਾਈ।














ਜਸਟਿਸ ਅਜੀਤ ਸਿੰਘ ਬੈਂਸ ਜੀ ਦੇ ਸਭ ਤੋਂ ਛੋਟੇ ਭਰਾ ਹਰਦਿਆਲ ਬੈਂਸ ਦੇ ਨਾਂ 'ਤੇ ਸਥਾਪਤ ਸੰਸਥਾ ਹਰਦਿਆਲ ਬੈਂਸ ਰਿਸੋਰਸ ਸੈਂਟਰ ਵੱਲੋਂ ਭੇਜਿਆ ਸੰਦੇਸ਼ ਸੈਮੀਨਾਰ ਵਿਚ ਸਾਊਥ ਏਸ਼ੀਅਨ ਰੀਵਿਊ ਦੀ ਸਹਿ-ਸੰਪਾਦਕ ਡੋਨਾ ਐਂਡਰਸਨ ਨੇ ਪੜਿਆ ਅਤੇ ਜਸਟਿਸ ਬੈਂਸ ਦੀ ਮਨੁੱਖੀ ਹੱਕਾਂ ਲਈ, ਭਾਰਤ ਦੀ ਫਾਸ਼ੀਵਾਦੀ ਸਰਕਾਰ ਖ਼ਿਲਾਫ਼ ਲੜਾਈ ਬਾਰੇ ਵੇਰਵੇ ਸਾਂਝੇ ਕੀਤੇ। ਸ਼ਤਾਬਦੀ ਸੈਮੀਨਾਰ ਮੌਕੇ ਜਸਟਿਸ ਬੈਂਸ ਦੇ ਜੀਵਨ ਸੰਘਰਸ਼ ਅਤੇ ਦੇਣ ਬਾਰੇ ਬੋਲਦਿਆਂ ਡਾ ਗੁਰਵਿੰਦਰ ਸਿੰਘ ਨੇ ਸ. ਅਜੀਤ ਸਿੰਘ ਬੈਂਸ ਦੀ ਗ੍ਰਿਫ਼ਤਾਰੀ, ਉਨਾਂ ਵੱਲੋਂ ਮਨੁੱਖੀ ਅਧਿਕਾਰ ਸੰਗਠਨ ਰਾਹੀਂ ਨਿਭਾਈ ਭੂਮਿਕਾ, ਸਰਕਾਰ ਖ਼ਿਲਾਫ਼ ਜੱਦੋ-ਜਹਿਦ ਅਤੇ ਵਡਮੁੱਲੀਆਂ ਲਿਖਤਾਂ ਰਾਹੀਂ ਇਤਿਹਾਸਕ ਦੇਣ ਬਾਰੇ ਰੌਸ਼ਨੀ ਪਾਈ। ਉਨਾਂ ਮੰਗ ਕੀਤੀ ਕਿ ਵਰਤਮਾਨ ਸਮੇਂ ਇੰਡੀਅਨ ਸਟੇਟ ਵੱਲੋਂ ਗ੍ਰਿਫਤਾਰ ਕੀਤੇ ਗਏ ਐਕਟੀਵਿਸਟਾਂ, ਵਕੀਲਾਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਰਿਹਾਅ ਕਰਾਉਣ ਲਈ ਆਵਾਜ਼ ਉਠਾਉਣੀ ਹੀ, ਜਸਟਿਸ ਅਜੀਤ ਸਿੰਘ ਬੈਂਸ ਦੀ ਜਨਮ ਸ਼ਤਾਬਦੀ ਨੂੰ ਸਹੀ ਅਰਥਾਂ 'ਚ ਮਨਾਉਣਾ ਕਿਹਾ ਜਾ ਸਕਦਾ ਹੈ।

ਰੈਡੀਕਲ ਦੇਸੀ ਵਲੋਂ ਜਸਟਿਸ ਅਜੀਤ ਸਿੰਘ ਬੈਂਸ ਨੂੰ ਜੀਵਨ ਭਰ ਦੀ ਇਤਿਹਾਸਕ ਦੇਣ ਲਈ 'ਪਰਸਨ ਆਫ ਦਿ ਯੀਅਰ' ਨਾਲ ਸਨਮਾਨਤ ਕਰਦਿਆਂ ਪੱਤਰਕਾਰ ਅਤੇ ਸੰਸਥਾ ਆਗੂ ਗੁਰਪ੍ਰੀਤ ਸਿੰਘ ਨੇ ਇਹ ਪੁਰਸਕਾਰ ਬੀਬੀ ਪਰਮਜੀਤ ਕੌਰ ਖਾਲੜਾ ਭੇਟ ਕੀਤਾ। ਉਨਾਂ ਜਸਟਿਸ ਸਾਹਿਬ ਦੀਆਂ ਪ੍ਰੈੱਸ ਕਾਨਫ਼ਰੰਸਾਂ ਦੌਰਾਨ ਦਿੱਤੇ ਵਿਚਾਰਾਂ ਅਤੇ ਇਤਿਹਾਸਕ ਭੂਮਿਕਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸੈਮੀਨਾਰ ਦੇ ਬੁਲਾਰੇ ਸੁਨੀਲ ਕੁਮਾਰ ਨੇ ਜਸਟਿਸ ਅਜੀਤ ਸਿੰਘ ਬੈਂਸ ਤੋਂ ਲੈ ਕੇ ਉਨਾਂ ਦੇ ਸਪੁੱਤਰ ਰਾਜਵਿੰਦਰ ਬੈਂਸ ਅਤੇ ਪੋਤਰੇ ਉਤਸਵ ਬੈਂਸ ਤੱਕ ਦੇ ਵਿਰਾਸਤੀ ਸਫ਼ਰ ਬਾਰੇ ਰੌਚਿਕ ਤੱਥ ਪੇਸ਼ ਕਰਦਿਆਂ ਦੱਸਿਆ ਕਿ ਬੈਂਸ ਪਰਿਵਾਰ ਨੇ ਵੱਡੀਆਂ ਪੇਸ਼ਕਸ਼ਾਂ ਨੂੰ ਜੁੱਤੀ ਦੀ ਨੋਕ 'ਤੇ ਰੱਖਦਿਆਂ, ਹੱਕ ਸੱਚ ਤੇ ਇਨਸਾਫ਼ ਦਾ ਰਾਹ ਅਪਣਾਇਆ।

1986 ਵਿਚ ਸਾਕਾ ਨਕੋਦਰ ਦੇ ਸ਼ਹੀਦ ਸਿੰਘ ਦੇ ਭਰਾਤਾ ਡਾ. ਹਰਿੰਦਰ ਸਿੰਘ ਨੇ ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਦੱਸਿਆ ਕਿ ਔਖੀ ਘੜੀ ਵਿਚ ਜਸਟਿਸ ਅਜੀਤ ਸਿੰਘ ਬੈਂਸ ਪੀੜਤਾਂ ਨਾਲ ਖੜੇ ਅਤੇ ਜਾਬਰ ਪੁਲਿਸ ਪ੍ਰਸ਼ਾਸਨ ਅਤੇ ਸਰਕਾਰੀ ਦਹਿਸ਼ਤਗਰਦੀ ਖ਼ਿਲਾਫ਼ ਲੋਕਾਂ ਨੂੰ ਲਾਮਬੰਦ ਕੀਤਾ। ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਸਾਊਥ ਏਸ਼ੀਅਨ ਰੀਵਿਊ ਦੇ ਸੰਪਾਦਕ ਭੁਪਿੰਦਰ ਸਿੰਘ ਮੱਲੀ ਨੇ ਭਾਵਪੂਰਤ ਵਿਚਾਰ ਦਿੱਤੇ। ਉਨਾਂ ਦੱਸਿਆ ਕਿ ਜਸਟਿਸ ਬੈਂਸ ਨੇ ਸਰਕਾਰੀ ਦਹਿਸ਼ਤਗਰਦੀ ਖ਼ਿਲਾਫ਼, ਮਨੁੱਖੀ ਅਧਿਕਾਰ ਸੰਗਠਨਾਂ ਰਾਹੀਂ ਨੌਜਵਾਨਾਂ ਦੇ ਝੂਠੇ ਮੁਕੱਦਮਿਆਂ ਨੂੰ ਨਿਪਟਾਇਆ, ਪਰ ਅਖੌਤੀ ਪੱਤਰਕਾਰਾਂ ਅਤੇ ਅਖੌਤੀ ਅਗਾਂਹਵਧੂ ਧਿਰਾਂ ਨੇ ਉਨਾਂ ਦੇ ਰਾਹ ਵਿਚ ਰੁਕਾਵਟਾਂ ਖੜੀਆਂ ਕੀਤੀਆਂ ਅਤੇ ਸਰਕਾਰ ਦੇ ਹੱਕ ਵਿੱਚ ਤੇ ਲੋਕਾਂ ਖ਼ਿਲਾਫ਼ ਭੁਗਤਦਿਆਂ ਮਰੀ ਜ਼ਮੀਰ ਵਾਲਿਆਂ ਵਜੋਂ ਇਤਿਹਾਸ ਵਿੱਚ ਕਲੰਕ ਖੱਟਿਆ।

ਸ਼ਤਾਬਦੀ ਸੈਮੀਨਾਰ ਵਿਚ ਕੈਨੇਡਾ ਦੀਆਂ ਵੱਖ-ਵੱਖ ਜਥੇਬੰਦੀਆਂ ਅਤੇ ਉੱਘੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਲਵਾਈ ਅਤੇ ਲਾਇਬ੍ਰੇਰੀ ਹਾਲ ਵਿਚ ਸਾਰੀਆਂ ਕੁਰਸੀਆਂ ਭਰ ਜਾਣ ਦੇ ਬਾਵਜੂਦ, ਬਹੁਤ ਸਾਰੇ ਲੋਕਾਂ ਨੇ ਖੜੇ ਹੋ ਕੇ ਸੈਮੀਨਾਰ ਦਾ ਆਨੰਦ ਮਾਣਿਆ।

ਬਾਕੀ ਸਫ਼ਾ 31 'ਤੇ

# ਕੈਨੇਡਾ ਦੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਅਲ.ਫ਼ਾ ਕਾਲਜ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਦੁਰਦਸ਼ਾ ਤੋਂ ਚਿੰਤਤ

**ਟੋਰਾਂਟੋ/ਏ.ਟੀ.ਨਿਊਜ਼** :- ਕੈਨੇਡਾ ਦੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਸਕਾਰਬੋਰੋ, ਓਨਟਾਰੀਓ ਦੇ ਅਲਫਾ ਕਾਲਜ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਦੁਰਦਸਾ ਤੋਂ ਡੂੰਘੀ ਚਿੰਤਾ ਵਿੱਚ ਹੈ। 15,000 ਡਾਲਰ ਤੋਂ ਵੱਧ ਦਾ ਟਿਊਸ਼ਨ ਅਦਾ ਕਰਨ ਦੇ ਬਾਵਜੂਦ, ਸੈਂਕੜੇ ਅੰਤਰਰਾਸ਼ਟਰੀ ਵਿਦਿਆਰਥੀਆਂ, ਜਿਨਾਂ ਵਿੱਚ ਪੰਜਾਬ ਦੇ ਸਿੱਖ ਵਿਦਿਆਰਥੀਆਂ ਦੀ ਵੱਡੀ ਗਿਣਤੀ ਸ਼ਾਮਲ ਹੈ, ਦੇ ਦਾਖਲੇ ਕਾਲਜ ਦੁਆਰਾ ਮੁਅੱਤਲ ਕਰ ਦਿੱਤੇ ਗਏ ਹਨ। ਕਾਲਜ ਦਾ ਦਾਅਵਾ ਹੈ ਕਿ ਇਸ ਸਮੈਸਟਰ ਵਿੱਚ ਵਿਦਿਆਰਥੀਆਂ ਨੂੰ ਦਾਖਲ ਕਰਨ ਲਈ ਉਸ ਕੋਲ ਲੋੜੀਂਦੇ ਸਰੋਤ ਨਹੀਂ ਹਨ।

ਕਾਲਜ ਦੀਆਂ ਗੈਰ-ਵਾਜਬ ਕਾਰਵਾਈਆਂ ਨੇ ਆਰਥਿਕ ਤੰਗੀ ਅਤੇ ਮਾਨਸਿਕ ਅਤੇ ਭਾਵਨਾਤਮਕ ਤਣਾਅ ਸਮੇਤ, ਭਾਰਤ ਅਤੇ ਕੈਨੇਡਾ ਦੋਵਾਂ ਵਿੱਚ ਇਨਾਂ ਵਿਦਿਆਰਥੀਆਂ ਦੇ ਜੀਵਨ ਉੱਤੇ ਗੰਭੀਰ ਪ੍ਰਭਾਵ ਪਾਇਆ ਹੈ। ਬਹੁਤ ਸਾਰੇ ਪ੍ਰਭਾਵਿਤ ਵਿਦਿਆਰਥੀ 18 ਮਈ ਤੋਂ ਸਕਾਰਬੋਰੋ ਵਿੱਚ ਅਲਫ਼ਾ ਕਾਲਜ ਦੇ ਦਫ਼ਤਰਾਂ ਦੇ ਬਾਹਰ ਰੋਜ਼ਾਨਾ ਪ੍ਰਦਰਸ਼ਨ ਕਰ ਰਹੇ ਹਨ, ਆਪਣੀ ਦੁਰਦਸ਼ਾ ਵੱਲ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕਾਲਜ ਤੋਂ ਇਨਸਾਫ਼ ਦੀ ਮੰਗ ਕਰ ਰਹੇ ਹਨ।

ਅਲਫ਼ਾ ਕਾਲਜ ਵਿੱਚ ਦਾਖਲਾ ਲੈਣ ਵਾਲੇ ਸੈਂਕੜੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਾਲਜ ਦੁਆਰਾ ਕਿਹਾ ਗਿਆ ਸੀ ਕਿ ਉਨਾਂ ਨੂੰ ਡਰਾਪ ਸਮੈਸਟਰ ਲੈਣਾ ਪਏਗਾ, ਹਾਲਾਂਕਿ ਬਹੁਤ ਸਾਰੇ ਪਿਛਲੇ ਦੋ ਹਫ਼ਤਿਆਂ ਤੋਂ ਆਨਲਾਈਨ ਕਲਾਸਾਂ ਵਿੱਚ ਹਿੱਸਾ ਲੈ ਰਹੇ ਹਨ ਅਤੇ ਪਹਿਲਾਂ ਹੀ ਆਪਣੀ ਦਾਖਲਾ ਫੀਸ ਦਾ ਭੁਗਤਾਨ ਕਰ ਚੁੱਕੇ ਹਨ। ਕੁਝ ਵਿਦਿਆਰਥੀਆਂ ਨੂੰ ਕਿਹਾ ਗਿਆ ਸੀ ਕਿ ਉਹ ਸਤੰਬਰ 2023 ਦੇ ਸਮੈਸਟਰ ਵਿੱਚ ਦੁਬਾਰਾ ਦਾਖਲਾ ਲੈ ਸਕਦੇ ਹਨ। ਪ੍ਰਭਾਵਿਤ ਵਿਦਿਆਰਥੀਆਂ ਨੂੰ ਰਿਫੰਡ ਪ੍ਰਦਾਨ ਨਹੀਂ ਕੀਤਾ ਗਿਆ ਹੈ ਕਿਉਂਕਿ ਕਾਲਜ ਬਿਨਾਂ ਕਿਸੇ ਸਿੱਖਿਆ ਜਾਂ ਸਹਾਇਤਾ ਪ੍ਰਦਾਨ ਕੀਤੇ ਵਿਦਿਆਰਥੀਆਂ ਦੀਆਂ ਹਜ਼ਾਰਾਂ ਡਾਲਰਾਂ ਦੀ ਟਿਊਸ਼ਨ ਫੀਸਾਂ ਨੂੰ ਜਾਰੀ ਰੱਖਦਾ ਹੈ।





ਅਲਫ਼ਾ ਕਾਲਜ ਨੇ ਵਿਦਿਆਰਥੀਆਂ ਨੂੰ ਕਿਹਾ ਹੈ ਕਿ ਕੈਨੇਡਾ ਵਿੱਚ ਮੌਜੂਦਾ ਸਾਰੇ ਰਜਿਸਟਰਡ ਵਿਦਿਆਰਥੀ ਜਿਨਾਂ ਨੇ ਟਿਊਸ਼ਨ ਦਾ ਭੁਗਤਾਨ ਕੀਤਾ ਹੈ, ਨੂੰ ਨਾਮਾਂਕਣ ਪੱਤਰ ਜਾਰੀ ਕੀਤੇ ਜਾਣਗੇ, ਹਾਲਾਂਕਿ, ਵਿਦਿਆਰਥੀਆਂ ਨੇ ਕਾਲਜ ਪ੍ਰਸ਼ਾਸਨ ਵਿੱਚ ਵਿਸ਼ਵਾਸ ਦੀ ਘਾਟ ਜ਼ਾਹਰ ਕੀਤੀ ਹੈ, ਜਿਸ ਨੇ ਪਹਿਲਾਂ ਵਿਦਿਆਰਥੀਆਂ ਨੂੰ ਦਾਖਲ ਕੀਤਾ ਸੀ, ਸਿਰਫ ਬਾਅਦ ਵਿੱਚ ਉਨਾਂ ਨੂੰ ਇਹ ਦੱਸਣ ਲਈ ਕਿ ਉੱਥੇ ਜਗਾ ਦੀ ਘਾਟ ਹੈ।

ਇਹ ਅਸਪੱਸ਼ਟ ਹੈ ਕਿ ਜੇਕਰ ਕੋਈ ਹੱਲ ਹੈ, ਤਾਂ ਅਲਫ਼ਾ ਕਾਲਜ ਮੌਜੂਦਾ ਭਾਰਤ ਵਿੱਚ ਉਨਾਂ ਵਿਦਿਆਰਥੀਆਂ ਨੂੰ ਕੀ ਪੇਸ਼ਕਸ਼ ਕਰ ਰਿਹਾ ਹੈ ਜੋ ਪਹਿਲਾਂ ਹੀ ਆਪਣੀ ਟਿਊਸ਼ਨ ਫੀਸ ਦਾ ਭੁਗਤਾਨ ਕਰ ਚੁੱਕੇ ਹਨ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਦੇ ਪ੍ਰਧਾਨ ਤੇਜਿੰਦਰ ਸਿੰਘ ਸਿੱਧੂ ਨੇ ਅੱਜ ਕਿਹਾ ਕਿ, 'ਅਲਫ਼ਾ ਕਾਲਜ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਥਿਤੀ ਹੈਰਾਨ ਕਰਨ ਵਾਲੀ ਹੈ। ਕਾਲਜ ਦੀ ਮਾੜੀ ਯੋਜਨਾਬੰਦੀ ਅਤੇ ਸਿਰਫ਼ ਮੁਨਾਫ਼ੇ 'ਤੇ ਧਿਆਨ ਦੇਣ ਕਾਰਨ ਸੈਂਕੜੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਬਹੁਤ ਜ਼ਿਆਦਾ ਟਿਊਸ਼ਨ ਫੀਸਾਂ ਵਸੂਲੀਆਂ ਜਾ ਰਹੀਆਂ ਹਨ, ਸਿਰਫ਼ ਇਹ ਕਿਹਾ ਜਾ ਸਕਦਾ ਹੈ ਕਿ ਕਾਲਜ ਵਿੱਚ ਉਨਾਂ ਲਈ ਕੋਈ ਥਾਂ ਨਹੀਂ ਹੈ।

ਕਾਲਜ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਸਦੀਆਂ ਕਾਰਵਾਈਆਂ ਇਨਾਂ ਵਿਦਿਆਰਥੀਆਂ 'ਤੇ ਪੈ ਰਹੇ ਗੰਭੀਰ ਪ੍ਰਭਾਵ ਨੂੰ ਪਛਾਣਨਗੀਆਂ। ਇਹ ਵਿਦਿਆਰਥੀ ਕੈਨੇਡਾ ਪੜਨ ਲਈ ਘਰ-ਬਾਰ ਛੱਡ ਕੇ ਆਏ ਹਨ ਅਤੇ ਟਿਊਸ਼ਨ ਫੀਸ ਅਦਾ ਕਰ ਰਹੇ ਹਨ ਜੋ ਘਰੇਲੂ ਵਿਦਿਆਰਥੀਆਂ ਨਾਲੋਂ ਕਿਤੇ ਵੱਧ ਹਨ। ਉਨਾਂ ਦੇ ਕਈ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਪੜਾਈ ਲਈ ਇੱਥੇ ਭੇਜਣ ਲਈ ਆਪਣੀਆਂ ਜ਼ਮੀਨਾਂ ਵੇਚ ਦਿੱਤੀਆਂ ਹਨ। ਵਿਦਿਆਰਥੀਆਂ ਨੂੰ ਇੱਕ ਜਾਂ ਇੱਕ ਤੋਂ ਵੱਧ ਡ੍ਰੌਪ ਸਮੈਸਟਰ ਲੈਣ ਲਈ ਮਜਬੂਰ ਕਰਨਾ ਕਿਉਂਕਿ ਕਾਲਜ ਨੇ ਉਨਾਂ ਨੂੰ ਅਨੁਕੂਲਿਤ ਕਰਨ ਬਾਰੇ ਸਹੀ ਢੰਗ ਨਾਲ ਯੋਜਨਾ ਨਹੀਂ ਬਣਾਈ ਸੀ, ਨੁਕਸਾਨਦੇਹ ਅਤੇ ਗੈਰ-ਵਾਜਬ ਹੈ।ਅਸੀਂ ਅਲਫ਼ਾ ਕਾਲਜ ਨੂੰ ਇਹ ਯਕੀਨੀ ਬਣਾਉਣ ਲਈ ਕਹਿੰਦੇ ਹਾਂ ਕਿ ਉਹ ਸਾਰੇ ਵਿਦਿਆਰਥੀ ਜਿਨਾਂ ਨੇ ਟਿਊਸ਼ਨ ਦਾ ਭੁਗਤਾਨ ਕੀਤਾ ਹੈ, ਭਾਵੇਂ ਇੱਥੇ ਜਾਂ ਵਿਦੇਸ਼, ਦਾਖਲਾ ਲਿਆ ਗਿਆ ਹੈ ਅਤੇ ਉਹ ਸਿੱਖਿਆ ਪ੍ਰਾਪਤ ਕਰਦੇ ਹਨ ਜਿਸ ਲਈ ਉਨਾਂ ਨੇ ਭੁਗਤਾਨ ਕੀਤਾ ਹੈ। ਕਾਲਜ ਨੂੰ ਇਹ ਦਿਖਾਉਣ ਦੀ ਲੋੜ ਹੈ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਲਈ ਵਚਨਬੱਧ ਹੈ ਨਾ ਕਿ ਸਿਰਫ਼ ਉਨਾਂ ਦੁਆਰਾ ਲਿਆਉਂਦੀਆਂ ਟਿਊਸ਼ਨ ਫੀਸਾਂ ਦੁਆਰਾ ਚਲਾਇਆ ਜਾਂਦਾ ਹੈ।

ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਸਰਕਾਰ ਦੇ ਸਾਰੇ ਪੱਧਰਾਂ ਨੂੰ ਵੀ ਹੁਣ ਕਾਰਵਾਈ ਕਰਨ ਦੀ ਲੋੜ ਹੈ। ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਇੱਕ ਕਮਜ਼ੋਰ ਸਮੂਹ ਹਨ ਜੋ ਬਹੁਤ ਸਾਰੇ ਵੱਖ-ਵੱਖ ਪੱਧਰਾਂ 'ਤੇ ਸ਼ੋਸ਼ਣ ਦਾ ਸਾਹਮਣਾ ਕਰਦੇ ਹਨ ਅਤੇ ਉਨਾਂ ਨੂੰ ਲੋੜੀਂਦੇ ਅਤੇ ਹੱਕਦਾਰ ਸਮਰਥਨ ਦੀ ਘਾਟ ਹੁੰਦੀ ਹੈ। ਕਾਲਜਾਂ ਅਤੇ ਕਰੀਅਰ ਕਾਲਜਾਂ 'ਤੇ ਕੋਈ ਸਪੱਸ਼ਟ ਨਿਗਰਾਨੀ ਅਤੇ ਜਵਾਬਦੇਹੀ ਨਹੀਂ ਹੈ, ਜਿਨਾਂ ਵਿੱਚੋਂ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਪਿੱਠ 'ਤੇ ਰਿਕਾਰਡ ਮੁਨਾਫਾ ਕਮਾ ਰਹੇ ਹਨ। ਇਸ ਮੌਜੂਦਾ ਸਥਿਤੀ ਦੁਆਰਾ ਪ੍ਰਦਰਸ਼ਿਤ ਮਹੱਤਵਪੂਰਨ ਚੱਲ ਰਹੀਆਂ ਅਤੇ ਵਧਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਜਨਤਕ-ਨਿੱਜੀ ਭਾਈਵਾਲੀ ਦੀ ਵੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਦੱਸਣਯੋਗ ਹੈ ਕਿ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂਐਸਓ) ਇੱਕ ਗੈਰ-ਮੁਨਾਫ਼ਾ ਸੰਸਥਾ ਹੈ ਜਿਸਦਾ ਆਦੇਸ਼ ਕੈਨੇਡੀਅਨ ਸਿੱਖਾਂ ਦੇ ਹਿੱਤਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਰੱਖਿਆ ਕਰਨ ਦੇ ਨਾਲ-ਨਾਲ ਸਾਰੇ ਵਿਅਕਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਪ੍ਰਚਾਰ ਅਤੇ ਵਕਾਲਤ ਕਰਨ ਲਈ ਹੈ।

### ਮਾਮਲਾ ਵਿਭਾਗ ਦੇ ਕੰਮਾਂ ਤੇ ਟੈਂਡਰਾਂ ਨੂੰ ਲੈ ਕੇ ਕਮਿਸ਼ਨ ਮੰਗਣ ਦਾ

# ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸਿਹਤ ਮੰਤਰੀ ਡਾ. ਵਿਜੇ ਸਿੰਗਲਾ ਗ੍ਰਿਫ਼ਤਾਰ

### ਮੁੱਖ ਮੰਤਰੀ ਨੇ ਸਟਿੰਗ ਆਪ੍ਰੇਸ਼ਨ ਤੋਂ ਬਾਅਦ ਕੀਤਾ ਬਰਖ਼ਾਸਤ

**ਚੰਡੀਗੜ੍ਹ**-ਸਿਹਤ ਮੰਤਰੀ ਡਾ. ਵਿਜੇ ਸਿੰਗਲਾ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਮੰਤਰੀ ਮੰਡਲ 'ਚੋਂ ਬਰਖ਼ਾਸਤ ਕਰ ਦਿੱਤਾ ਹੈ। ਮੁੱਖ ਮੰਤਰੀ ਦੇ ਹੁਕਮਾਂ 'ਤੇ ਪੰਜਾਬ ਪੁਲਿਸ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਮੰਤਰੀ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਹੈ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਸ ਦਿਨ ਪਹਿਲਾਂ ਇਕ ਅਧਿਕਾਰੀ ਨੇ ਡਾ. ਵਿਜੇ ਸਿੰਗਲਾ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਸੰਬੰਧੀ ਸੂਚਨਾ ਦਿੱਤੀ ਸੀ। ਮਾਮਲੇ ਦੀ ਜੜ ਤੱਕ ਜਾਣ ਲਈ ਮੁੱਖ ਮੰਤਰੀ ਦੀ ਅਗਵਾਈ ਵਿਚ ਅਧਿਕਾਰੀ ਦੀ ਸਹਾਇਤਾ ਦੇ ਨਾਲ ਸਟਿੰਗ ਆਪ੍ਰੇਸ਼ਨ ਨੂੰ ਅੰਜਾਮ ਦਿੱਤਾ ਗਿਆ।ਮੁੱਖ ਮੰਤਰੀ ਵੱਲੋਂ ਕਰਵਾਏ ਇਸ ਸਟਿੰਗ ਅਪਰੇਸ਼ਨ ਵਿਚ ਇਹ ਸਾਫ਼ ਨਿਕਲ ਕੇ ਸਾਹਮਣੇ ਆਇਆ ਕਿ ਸਿਹਤ ਮੰਤਰੀ ਵਿਜੇ ਸਿੰਗਲਾ ਅਤੇ ਉਨਾਂ ਦੇ ਕੁਝ ਪਹਿਚਾਣ ਵਾਲੇ ਆਪਣੇ ਵਿਭਾਗ ਦੇ ਕੰਮਾਂ ਅਤੇ ਟੈਂਡਰਾਂ ਨੂੰ ਲੈ ਕੇ ਇਕ ਫ਼ੀਸਦੀ ਕਮਿਸ਼ਨ ਦੀ ਮੰਗ ਕਰ ਰਹੇ ਹਨ। ਇਨਾਂ ਸਬੂਤਾਂ ਦੀ ਰਿਕਾਰਡਿੰਗ ਕਰਨ ਦੇ ਬਾਅਦ ਮੁੱਖ ਮੰਤਰੀ ਵੱਲੋਂ ਕਾਰਵਾਈ ਕੀਤੀ ਗਈ ਅਤੇ ਸਿਹਤ ਮੰਤਰੀ ਨੂੰ ਮੰਤਰੀ ਮੰਡਲ ਵਿਚੋਂ ਬਰਖ਼ਾਸਤ ਕਰਕੇ ਪੁਲਿਸ ਨੂੰ ਬਣਦੀ ਕਾਨੂੰਨੀ ਕਾਰਵਾਈ ਕਰਨ ਦੇ ਹੁਕਮ ਦੇ ਦਿੱਤੇ ਗਏ। ਦਸ ਦਿਨਾਂ ਦੇ ਅੰਦਰ ਹੋਈ ਕਾਰਵਾਈ ਦੇ ਬਾਅਦ ਮੁੱਖ ਮੰਤਰੀ ਨੇ ਇਕ ਵੀਡੀਓ ਸੰਦੇਸ਼ ਵੀ ਜਾਰੀ ਕੀਤਾ ਅਤੇ ਉਨਾਂ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਕੋਈ ਆਪਣਾ ਮੰਤਰੀ ਹੋਵੇ ਜਾਂ ਸਰਕਾਰੀ ਅਧਿਕਾਰੀ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੇ ਉਨਾਂ ਨੂੰ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਮੁਕਤ ਨਿਜ਼ਾਮ ਲਈ ਚੁਣਿਆ ਸੀ ਅਤੇ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਹਰੇਕ ਪੰਜਾਬੀ ਦੀਆਂ ਇੱਛਾਵਾਂ 'ਤੇ ਖਰਾ ਉੱਤਰੀਏ। ਉਨਾਂ ਕਿਹਾ ਕਿ ਭਾਵੇਂ ਦੇਸ਼ ਨੂੰ ਆਜ਼ਾਦ ਹੋਏ ਨੂੰ 75 ਸਾਲ ਹੋ ਚੁੱਕੇ ਹਨ, ਪਰ ਸੂਬੇ ਵਿਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ, ਜਦਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 2015 ਵਿਚ ਉਦੋਂ ਮਿਸਾਲ ਕਾਇਮ ਕੀਤੀ, ਜਦੋਂ ਉਨਾਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਆਪਣੇ ਖ਼ੁਰਾਕ ਤੇ ਸਪਲਾਈ ਮੰਤਰੀ ਨੂੰ ਬਰਖ਼ਾਸਤ ਕੀਤਾ ਸੀ। ਭਗਵੰਤ ਮਾਨ ਨੇ ਕਿਹਾ ਕਿ ਸਾਡਾ ਸੰਦੇਸ਼ ਬਿਲਕੁਲ ਸਪਸ਼ਟ ਹੈ ਕਿ ਸੂਬੇ ਵਿਚ ਭ੍ਰਿਸ਼ਟ ਕਾਰਵਾਈਆਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਡਾ. ਸਿੰਗਲਾ ਨੇ ਆਪਣਾ





## ਭਗਵੰਤ ਮਾਨ ਨੇ ਮੰਤਰੀਆਂ ਨਾਲ ਕੀਤੀ ਮੀਟਿੰਗ

ਇਸੇ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੈਬਨਿਟ ਮੰਤਰੀਆਂ ਨਾਲ ਆਪਣੀ ਰਿਹਾਇਸ਼ 'ਤੇ ਮੀਟਿੰਗ ਕੀਤੀ ਗਈ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਨੇ ਆਪਣੀ ਕੈਬਨਿਟ ਦੇ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਤੋਂ ਦੂਰ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਆਪਣੇ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਫੈਲਾਉਣ ਵਾਲੇ ਲੋਕਾਂ ਤੋਂ ਦੂਰੀ ਬਣਾ ਕੇ ਰੱਖਣ ਅਤੇ ਭ੍ਰਿਸ਼ਟਾਚਾਰ ਦਾ ਕੋਈ ਵੀ ਮਾਮਲਾ ਸਾਹਮਣੇ ਆਉਣ 'ਤੇ ਤੁਰੰਤ ਕਾਰਵਾਈ ਕਰਨ ਦੇ ਵੀ ਹੁਕਮ ਦਿੱਤੇ ਹਨ।

ਗੁਨਾਹ ਕਬੂਲ ਕਰ ਲਿਆ ਹੈ ਅਤੇ ਹੁਣ ਕਾਨੂੰਨ ਆਪਣਾ ਕੰਮ ਕਰੇਗਾ।

**ਓ.ਐਸ.ਡੀ. ਵੀ ਗ੍ਰਿਫ਼ਤਾਰ**

ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਫਸੇ ਸਾਬਕਾ ਸਿਹਤ ਮੰਤਰੀ ਦੇ ਓ.ਐਸ.ਡੀ ਪ੍ਰਦੀਪ ਕੁਮਾਰ ਨੂੰ ਵੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਵੱਲੋਂ ਦਰਜ ਕੀਤੀ ਗਈ ਐਫ.ਆਈ.ਆਰ. ਵਿਚ ਪ੍ਰਦੀਪ ਕੁਮਾਰ ਦੇ ਨਾਂਅ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਪੁਲਿਸ ਮੁਤਾਬਿਕ ਇਸ ਮਾਮਲੇ ਦੀ ਤਫ਼ਤੀਸ਼ ਡੀ. ਐਸ. ਪੀ. ਖਰੜ ਬਿਕਰਮ ਸਿੰਘ ਬਰਾੜ ਕਰ ਰਹੇ ਹਨ ਅਤੇ ਇਸ ਗੱਲ ਦੀ ਵੀ ਚਰਚਾ ਹੈ ਕਿ ਵਿਜੇ ਸਿੰਗਲਾ ਅਤੇ ਓ. ਐਸ. ਡੀ. ਪ੍ਰਦੀਪ ਕੁਮਾਰ ਕੋਲੋਂ ਸੀ. ਆਈ. ਏ. ਸਟਾਫ਼ ਵਿਚ ਪੁੱਛਗਿੱਛ ਕੀਤੀ ਜਾਵੇਗੀ।

ਇਸ ਸੰਬੰਧੀ ਰਾਜਿੰਦਰ ਸਿੰਘ ਐਸ. ਸੀ. ਨੇ ਪੁਲਿਸ ਨੂੰ ਕੀਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਉਹ ਬਤੌਰ ਇੰਜੀਨੀਅਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਫੇਜ਼-8 ਵਿਖੇ ਡੈਪੂਟੇਸ਼ਨ 'ਤੇ ਕੰਮ ਕਰ ਰਿਹਾ ਹੈ। ਕਰੀਬ ਇਕ ਮਹੀਨਾ ਪਹਿਲਾਂ ਉਸ ਨੂੰ ਸਿਹਤ ਮੰਤਰੀ ਵਿਜੇ ਸਿੰਗਲਾ ਦੇ ਓ. ਐਸ. ਡੀ. ਪ੍ਰਦੀਪ ਕੁਮਾਰ ਵੱਲੋਂ ਪੰਜਾਬ ਭਵਨ ਵਿਖੇ ਬੁਲਾਇਆ ਗਿਆ।ਵਿਜੇ ਸਿੰਗਲਾ ਵੱਲੋਂ ਆਪਣੇ ਓ. ਐਸ. ਡੀ. ਦੇ ਸਾਹਮਣੇ ਉਸ ਨੂੰ ਕਿਹਾ ਗਿਆ ਕਿ ਪ੍ਰਦੀਪ ਕੁਮਾਰ ਤੁਹਾਡੇ ਨਾਲ ਗੱਲ ਕਰੇਗਾ ਕਿਉਂਕਿ ਉਹ ਜਲਦੀ ਵਿਚ ਹਨ। ਪ੍ਰਦੀਪ ਕੁਮਾਰ ਨੇ ਉਸ ਨੂੰ ਕਿਹਾ ਕਿ 41 ਕਰੋੜ ਰੁ. ਦੇ ਲਗਭਗ ਦੀਆਂ ਤੁਹਾਡੇ ਵੱਲੋਂ ਉਸਾਰੀ ਦੇ ਕੰਮਾਂ ਦੀਆਂ ਅਲਾਟਮੈਂਟਾਂ ਜਾਰੀ ਕੀਤੀਆਂ ਗਈਆਂ ਹਨ ਅਤੇ 17 ਕਰੋੜ ਰੁ. ਦੇ ਲਗਭਗ ਹੀ ਠੇਕੇਦਾਰਾਂ ਨੂੰ ਮਾਰਚ ਮਹੀਨੇ ਵਿਚ ਅਦਾਇਗੀ ਕੀਤੀ ਗਈ ਹੈ। ਇਸ ਤਰਾਂ ਕੁੱਲ ਰਕਮ 58 ਕਰੋੜ ਰੁ. ਦਾ 2 ਪ੍ਰਤੀਸ਼ਤ ਕਮਿਸ਼ਨ 1 ਕਰੋੜ 16 ਲੱਖ ਰੁ. ਬਤੌਰ ਰਿਸ਼ਵਤ ਦਿੱਤਾ ਜਾਵੇ। ਸ਼ਿਕਾਇਤਕਰਤਾ ਮੁਤਾਬਿਕ ਉਸ ਨੇ ਕਿਹਾ ਕਿ ਸ੍ਰੀ ਮਾਨ ਜੀ ਮੈਂ ਇਹ ਕੰਮ ਨਹੀਂ ਕਰ ਸਕਦਾ, ਮੈਨੂੰ ਬੇਸ਼ੱਕ ਮੇਰੇ ਮਹਿਕਮੇ ਵਿਚ ਦੁਬਾਰਾ ਭੇਜ ਦਿੱਤਾ ਜਾਵੇ। ਉਸ ਤੋਂ ਬਾਅਦ ਉਨਾਂ ਦੇ ਲਗਾਤਾਰ ਵਟਸਐੱਪ ਕਾਲਾਂ ਵੀ ਕੀਤੀਆਂ, ਜਿਸ ਰਾਹੀਂ ਉਨਾਂ ਵੱਲੋਂ ਮੈਨੂੰ ਵਾਰ-ਵਾਰ ਬੁਲਾ ਕੇ ਰਿਸ਼ਵਤ ਦੀ ਮੰਗ ਕੀਤੀ ਗਈ।ਉਨਾਂ ਉਸ ਨੂੰ ਧਮਕੀ ਵੀ ਦਿੱਤੀ ਕਿ ਜੇਕਰ ਉਨਾਂ ਨੂੰ ਰਿਸ਼ਵਤ ਨਾ ਦਿੱਤੀ ਗਈ ਤਾਂ ਉਹ ਉਸ ਦਾ ਕੈਰੀਅਰ ਖ਼ਰਾਬ ਕਰ ਦੇਣਗੇ। ਉਸ ਵੱਲੋਂ ਬੇਨਤੀ ਕੀਤੀ ਗਈ ਕਿ ਉਸ ਦੀ 30 ਨਵੰਬਰ, 2022 ਨੂੰ ਸੇਵਾਮੁਕਤੀ ਹੈ, ਇਸ ਲਈ ਉਸ ਦਾ ਕੈਰੀਅਰ ਖ਼ਰਾਬ ਨਾ ਕੀਤਾ ਜਾਵੇ। ਅਖੀਰ ਵਿਚ ਉਨਾਂ ਵੱਲੋਂ 20 ਮਈ ਨੂੰ ਕਿਹਾ ਕਿ ਉਹ 10 ਲੱਖ ਰੁ. ਦੇਵੇ ਅਤੇ ਅੱਗੇ ਤੋਂ ਜਿਹੜਾ ਵੀ ਕੋਈ ਕੰਮ ਅਲਾਟ ਹੋਵੇਗਾ ਜਾਂ ਠੇਕੇਦਾਰ ਨੂੰ ਅਦਾਇਗੀ ਕੀਤੀ ਜਾਵੇਗੀ, ਉਸ ਦਾ 1 ਪ੍ਰਤੀਸ਼ਤ ਦੇਣਾ ਪਵੇਗਾ। ਸ਼ਿਕਾਇਤਕਰਤਾ ਮੁਤਾਬਿਕ ਉਸ ਨੇ ਸਪਸ਼ਟ ਕਿਹਾ ਕਿ ਉਸ ਦੇ ਖਾਤੇ ਵਿਚ ਢਾਈ ਲੱਖ ਰੁ. ਹਨ ਅਤੇ ਉਹ ਮਾਨਸਿਕ ਪ੍ਰੇਸ਼ਾਨੀ ਤੋਂ ਬਚਣ ਲਈ ਸਿਰਫ਼ 5 ਲੱਖ ਰੁ. ਹੀ ਦੇ ਸਕਦਾ ਹੈ। 23 ਮਈ ਨੂੰ ਪ੍ਰਦੀਪ ਕੁਮਾਰ ਨੇ ਫ਼ੋਨ ਕਰਕੇ ਕਿਹਾ ਕਿ ਉਹ ਸਿਵਲ ਸਕੱਤਰੇਤ ਆਵੇ।ਉਹ ਸਿਵਲ ਸਕੱਤਰੇਤ ਜਾ ਕੇ ਸਿਹਤ ਮੰਤਰੀ ਅਤੇ ਉਸ ਦੇ ਓ. ਐਸ. ਡੀ. ਨੂੰ ਮਿਲਿਆ ਅਤੇ ਸਿਹਤ ਮੰਤਰੀ ਵੱਲੋਂ 5 ਲੱਖ ਰੁ. ਪ੍ਰਦੀਪ ਕੁਮਾਰ ਨੂੰ ਰਿਸ਼ਵਤ ਦੇਣ ਬਾਰੇ ਉਸ ਨੇ ਰਿਕਾਰਡਿੰਗ ਕਰ ਲਈ ਅਤੇ ਮੁੱਖ ਮੰਤਰੀ ਦੇ ਧਿਆਨ ਵਿਚ ਮਾਮਲਾ ਲਿਆਂਦਾ ਗਿਆ।

# ਮਾਮਲਾ ਵਿਧਾਇਕ ਦੇ ਪਰਿਵਾਰਕ ਜ਼ਮੀਨੀ ਝਗੜੇ ਦਾ

### ✪ 'ਆਪ' ਵਿਧਾਇਕ ਨੂੰ ਪਤਨੀ ਤੇ ਬੇਟੇ ਸਣੇ ਤਿੰਨ ਸਾਲ ਦੀ ਸਜ਼ਾ

### ✪ 16-16 ਹਜ਼ਾਰ ਰੁਪਏ ਦਾ ਜੁਰਮਾਨਾ ਲੱਗਾ

**ਰੂਪਨਗਰ/ਏ.ਟੀ.ਨਿਊਜ਼** :- ਸ੍ਰੀ ਚਮਕੌਰ ਸਾਹਿਬ ਦੇ ਪਿੰਡ ਟੱਪਰੀਆਂ ਦਿਆਲ ਸਿੰਘ ਵਿਚ ਹੋਏ ਇਕ ਝਗੜੇ ਦੇ ਕੇਸ ਵਿਚ ਰੂਪਨਗਰ ਦੇ ਅਡੀਸ਼ਨਲ ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਰਵੀਇੰਦਰ ਸਿੰਘ ਦੀ ਅਦਾਲਤ ਨੇ ਪਟਿਆਲਾ ਦਿਹਾਤੀ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਬਲਬੀਰ ਸਿੰਘ ਸਣੇ ਚਾਰ ਦੋਸ਼ੀਆਂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਨੂੰ 16-16 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ। ਇਸ ਝਗੜੇ ਵਿਚ ਕਰਾਸ ਕੇਸ ਦਰਜ ਹੋਇਆ ਸੀ ਅਤੇ ਅਦਾਲਤ ਨੇ ਸ਼ਿਕਾਇਤਕਰਤਾ ਧਿਰ ਵਿਚ ਸ਼ਾਮਲ ਪਰਮਜੀਤ ਕੌਰ ਅਤੇ ਉਸ ਦੇ ਪਤੀ ਰਿਟਾਇਰਡ ਵਿੰਗ ਕਮਾਂਡਰ ਮੇਵਾ ਸਿੰਘ ਨੂੰ ਬਰੀ ਕਰ ਦਿੱਤਾ ਹੈ। ਸ਼ਿਕਾਇਤਕਰਤਾ ਪਰਮਜੀਤ ਕੌਰ ਰਿਸ਼ਤੇ ਵਿਚ ਵਿਧਾਇਕ ਡਾ. ਬਲਬੀਰ ਸਿੰਘ ਦੀ ਸਾਲੀ ਹੈ।

ਜ਼ਿਕਰਯੋਗ ਹੈ ਕਿ ਥਾਣਾ ਸ੍ਰੀ ਚਮਕੌਰ ਸਾਹਿਬ ਵਿਚ ਡਾ. ਬਲਬੀਰ ਸਿੰਘ, ਉਨਾਂ ਦੀ ਪਤਨੀ ਰੁਪਿੰਦਰ ਕੌਰ, ਬੇਟੇ ਰਾਹੁਲ ਅਤੇ ਇਕ ਹੋਰ ਵਿਅਕਤੀ ਪਰਮਿੰਦਰ ਸਿੰਘ ਖ਼ਿਲਾਫ਼ ਲੜਾਈ ਝਗੜੇ ਦੇ ਦੋਸ਼ ਵਿਚ 13 ਜੂਨ 2011 ਨੂੰ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ



ਗਿਆ ਸੀ। ਪਰਮਜੀਤ ਕੌਰ ਨੇ ਸ਼ਿਕਾਇਤ ਵਿਚ ਕਿਹਾ ਸੀ ਕਿ ਉਨਾਂ ਦੇ ਪਿਤਾ ਅਨੂਪ ਸਿੰਘ ਨੇ ਪਿੰਡ ਟੱਪਰੀਆਂ ਦਿਆਲ ਸਿੰਘ ਵਿਚ ਆਪਣੀ ਖੇਤੀ ਯੋਗ 109 ਬਿੱਘੇ ਜ਼ਮੀਨ ਖ਼ੁਦ ਤੇ ਆਪਣੀ ਪਤਨੀ ਸਣੇ ਪਰਿਵਾਰ ਦੇ ਪੰਜ ਮੈਂਬਰਾਂ ਵਿਚ ਵੰਡ ਦਿੱਤੀ ਸੀ। ਇਸ ਤੋਂ ਬਾਅਦ ਉਨਾਂ ਦੀ ਭੈਣ ਅਤੇ ਡਾ. ਬਲਬੀਰ ਸਿੰਘ ਦੀ ਪਤਨੀ ਰੁਪਿੰਦਰਜੀਤ ਕੌਰ ਦੇ ਹਿੱਸੇ ਆਈ ਜ਼ਮੀਨ ਵਿਚ ਪਾਣੀ ਲਾਉਣ ਨੂੰ ਲੈ ਕੇ ਝਗੜਾ ਹੋਇਆ ਸੀ।

ਸ਼ਿਕਾਇਤਕਰਤਾ ਧਿਰ ਦੇ ਮੁਤਾਬਕ ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਨੂੰ ਸਿੰਚਾਈ ਕਰਨ ਦੀ ਵਾਰੀ ਉਨਾਂ ਦੀ ਸੀ ਪਰ ਮੁਲਜ਼ਮ ਧਿਰ ਨੇ ਜ਼ਬਰਦਸਤੀ ਆਪਣੀ ਜ਼ਮੀਨ ਨੂੰ ਪਾਣੀ ਲਗਾਇਆ ਅਤੇ ਉਨਾਂ 'ਤੇ ਹਮਲਾ ਕਰ ਦਿੱਤਾ। ਇਸ ਮਾਮਲੇ ਵਿਚ ਪੁਲਿਸ ਨੇ ਸ਼ਿਕਾਇਤਕਰਤਾ ਧਿਰ 'ਤੇ ਵੀ ਕਰਾਸ ਕੇਸ ਦਰਜ ਕੀਤਾ ਸੀ।

**ਸਾਡੇ 'ਤੇ ਝੂਠਾ ਕੇਸ ਦਰਜ ਕੀਤਾ ਗਿਆ : ਡਾ. ਬਲਬੀਰ ਸਿੰਘ**

ਅਦਾਲਤ ਦੇ ਫ਼ੈਸਲੇ ਤੋਂ ਬਾਅਦ ਵਿਧਾਇਕ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸ਼ਿਕਾਇਤਕਰਤਾ ਧਿਰ ਦੇ ਰਿਸ਼ਤੇਦਾਰ ਪੁਲਿਸ ਵਿਭਾਗ ਵਿਚ ਹਨ ਅਤੇ ਉਨਾਂ ਖ਼ਿਲਾਫ਼ ਝੂਠਾ ਕੇਸ ਦਰਜ ਕੀਤਾ ਗਿਆ ਸੀ। ਜਿਸ ਜ਼ਮੀਨ ਦਾ ਹਿੱਸਾ ਸਾਡੇ ਕੋਲ ਹੈ, ਸ਼ਿਕਾਇਤਕਰਤਾ ਧਿਰ ਉੱਥੇ ਪੁੱਜੀ ਸੀ ਨਾ ਕਿ ਅਸੀਂ ਉਨਾਂ ਦੇ ਕਬਜ਼ੇ ਵਾਲੀ ਜ਼ਮੀਨ ਵਿਚ ਗਏ ਸੀ। ਹੁਣ ਅਦਾਲਤ ਨੇ ਜਿਹੜੀ ਸਜ਼ਾ ਸੁਣਾਈ ਹੈ, ਉਸ ਵਿਚ ਜ਼ਮਾਨਤ ਮਿਲ ਗਈ ਹੈ

**ਬਾਕੀ ਸਫ਼ਾ 30 'ਤੇ**

## ਸਿਮਰਨਜੀਤ ਸਿੰਘ ਮਾਨ ਲੜਨਗੇ ਸੰਗਰੂਰ ਪਾਰਲੀਮੈਂਟ ਦੀ ਜਿਮਨੀ ਚੋਣ



**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ** :- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਸੰਗਰੂਰ ਦੀ ਪਾਰਲੀਮੈਂਟ ਜਿਮਨੀ ਚੋਣ ਵਿੱਚ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਉਤਰਨਗੇ। ਇਸ ਗੱਲ ਦਾ ਫੈਸਲਾ ਪਿਛਲੇ ਦਿਨੀਂ ਹੋਈ ਪਾਰਟੀ ਦੀ ਰਾਜਸੀ ਮਾਮਲਿਆਂ ਦੀ ਕਮੇਟੀ (ਪੀ ਏ ਸੀ) ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਹੈ। ਇਸ ਕਮੇਟੀ ਵਿੱਚ ਸਾਮਲ ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਪ੍ਰੋ ਮਹਿੰਦਰਪਾਲ ਸਿੰਘ, ਮਾਸਟਰ ਕਰਨੈਲ ਸਿੰਘ ਨਾਰੀਕੇ, ਸ. ਗੁਰਸੇਵਕ ਸਿੰਘ ਜਵਾਹਕੇ, ਸ. ਕੁਲਦੀਪ ਸਿੰਘ ਭਾਗੋਵਾਲ, ਸ. ਈਮਾਨ ਸਿੰਘ ਮਾਨ, ਸ. ਗੁਰਜੰਟ ਸਿੰਘ ਕੱਟੂ, ਸ. ਬਹਾਦਰ ਸਿੰਘ ਭਸੌੜ, ਸ. ਹਰਭਜਨ ਸਿੰਘ ਕਸ਼ਮੀਰੀ, ਸ. ਪਰਮਿੰਦਰ ਸਿੰਘ ਬਾਲਿਆਂਵਾਲੀ, ਸ. ਗੁਰਨੈਬ ਸਿੰਘ ਰਾਮਪੁਰਾ, ਸ. ਅੰਮ੍ਰਿਤਪਾਲ ਸਿੰਘ ਛੰਦੜਾਂ, ਹਰਜੀਤ ਸਿੰਘ ਸਜੂਮਾਂ, ਗਗਨਦੀਪ ਸਿੰਘ ਅਤੇ ਜਤਿੰਦਰ ਸਿੰਘ ਥਿੰਦ ਆਦਿ ਆਗੂਆਂ ਨੇ ਹਿੱਸਾ ਲਿਆ।

ਇਸ ਮੀਟਿੰਗ ਦੇ ਵੇਰਵੇ ਪ੍ਰੈੱਸ ਨਾਲ ਸਾਂਝੇ ਕਰਦਿਆ ਪਾਰਟੀ ਦੇ ਸਪੈਸ਼ਲ ਸਕੱਤਰ ਗੁਰਜੰਟ ਸਿੰਘ ਕੱਟੂ ਨੇ ਕਿਹਾ ਇਸ ਮੀਟਿੰਗ ਵਿੱਚ ਤੈਅ ਹੋਇਆ ਹੈ ਕਿ ਸਰਦਾਰ ਸਿਮਰਨਜੀਤ ਸਿੰਘ ਮਾਨ ਆਉਣ ਵਾਲੀ ਪਾਰਲੀਮੈਂਟ ਦੀ ਜਿਮਨੀ ਚੌਣ ਲੜਨਗੇ। ਉਨਾਂ ਕਿਹਾ ਪਿਛਲੇ ਫ਼ਰਵਰੀ ਮਹੀਨੇ ਪੰਜਾਬ ਅਸੈਂਬਲੀ ਦੀਆਂ ਹੋਈਆਂ ਚੋਣਾਂ ਵਿੱਚ ਪੰਜਾਬ ਦੀ ਵਾਂਗਡੋਰ ਉਨਾਂ ਹੱਥਾਂ ਵਿੱਚ ਚਲੀ ਗਈ ਹੈ, ਜਿਨਾਂ ਨੂੰ ਕੁੱਝ ਕਰਨ ਤੋਂ ਪਹਿਲਾਂ ਦਿੱਲੀ ਦੇ ਆਗੂਆਂ ਦੀ ਸਲਾਹ ਲੈਣੀ ਪੈਂਦੀ ਹੈ। ਪੰਜਾਬ ਦੀ ਅਸੈਂਬਲੀ ਵਿੱਚ ਪਹਿਲੇ ਵਾਰੀ ਹੋਇਆ ਹੈ ਜਦੋਂ ਪੰਥ ਅਤੇ ਕੌਮ ਦੀ ਗੱਲ ਕਰਨ ਵਾਲਾ ਕੋਈ ਆਗੂ ਨਾ ਹੋਵੇ। ਇਸੇ ਤਰਾਂ ਪਾਰਲੀਮੈਂਟ ਵਿੱਚ ਵੀ ਪੰਥਕ ਮੁੱਦਿਆਂ ਅਤੇ ਪੰਜਾਬ ਦੀ ਅਵਾਜ਼ ਚੁੱਕਣ ਵਾਲਾ ਕੋਈ ਮੈਂਬਰ ਨਹੀਂ ਹੈ। ਪੰਜਾਬ ਦੇ ਲੋਕ ਆਪਣੇ ਆਪ ਨੂੰ ਲੁੱਟਿਆ ਮਹਿਸੂਸ ਕਰਦੇ ਹਨ। ਇਸ ਲਈ ਪੰਥਕ ਰਵਾਇਤਾਂ ਅਤੇ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲੇ ਸ. ਮਾਨ ਦਾ ਪਾਰਲੀਮੈਂਟ ਵਿੱਚ ਜਾਣਾ ਜਰੂਰੀ ਬਣ ਗਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਵੱਡੇ ਸੰਕਟ ਵੱਲ ਵੱਧ ਰਿਹਾ ਹੈ ਪੰਜਾਬ

## ✪ ਪੀਣ ਦਾ ਪਾਣੀ ਮਾਲਵਾ ਦੇ ਸੈਂਕੜੇ ਪਿੰਡਾਂ ਵਿਚ ਵਿਕਣ ਲੱਗਾ ਮੁੱਲ ✪ ਮਾਲਵੇ ਅੰਦਰ ਹਜ਼ਾਰਾਂ ਏਕੜ ਭੂਮੀ ਬੰਜਰ ਹੋਣ ਲੱਗੀ ✪ ਪੰਜਾਬ ਵਿਚ 138 ਬਲਾਕਾਂ ਵਿਚੋਂ 109 ਬਲਾਕ ਪਹਿਲਾਂ ਹੀ 'ਡਾਰਕ ਜ਼ੋਨ' ਵਿਚ

**ਫ਼ਾਜ਼ਿਲਕਾ/ਏ.ਟੀ.ਨਿਊਜ਼ :-** ਪੰਜ ਦਰਿਆਵਾਂ ਦੀ ਧਰਤੀ 'ਤੇ ਕਦੇ ਪੀਣ ਦਾ ਪਾਣੀ ਖਤਮ ਹੋਣ ਦੀ ਕਗਾਰ 'ਤੇ ਆ ਜਾਵੇਗਾ, ਇਸ ਦੀ ਕਿਸੇ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੋਣੀ, ਪਰ ਬਹੁਤ ਜਲਦੀ ਇਹ ਸੱਚ ਹੋਣ ਜਾ ਰਿਹਾ ਹੈ ।ਹਰ ਰੋਜ਼ ਨਵੀਆਂ-ਨਵੀਆਂ ਜਾਣਕਾਰੀਆਂ, ਸਰਕਾਰੀ ਸਲਾਹਾਂ ਪੰਜਾਬੀਆਂ ਨੂੰ ਸੁਚੇਤ ਕਰ ਰਹੀਆਂ ਹਨ ਕਿ ਹੁਣ ਵੀ ਸੁਧਰ ਜਾਓ, ਨਹੀਂ ਤਾਂ ਮਰੋਗੇ ਅਤੇ ਉਹ ਵੀ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਨਾਲ, ਪਰ ਅਜੇ ਵੀ ਅਸੀਂ ਸਿੱਖੇ ਨਹੀਂ । ਵੱਡੇ-ਵੱਡੇ ਕਾਰਖ਼ਾਨਿਆਂ ਦਾ ਜ਼ਹਿਰੀਲਾ ਪਾਣੀ ਫ਼ੈਕਟਰੀਆਂ ਅੰਦਰੋਂ ਬੋਰ ਕਰ ਕੇ ਜਾਂ ਤਾਂ ਧਰਤੀ ਅੰਦਰ ਸੁੱਟ ਰਹੇ ਹਾਂ ਜਾਂ ਫਿਰ ਨਦੀਆਂ, ਦਰਿਆਵਾਂ 'ਚ ਸੁੱਟ ਰਹੇ ਹਾਂ, ਜਿਸ ਕਾਰਨ ਪਿੰਡਾਂ, ਸ਼ਹਿਰਾਂ ਦਾ ਧਰਤੀ ਹੇਠਲਾ ਪਾਣੀ ਵੀ ਅਤੇ ਦਰਿਆਈ ਪਾਣੀ ਵੀ ਜ਼ਹਿਰੀਲਾ ਹੋ ਗਿਆ ਹੈ । ਹਰੀਕੇ ਹੈੱਡ ਵਰਕਸ ਤੋਂ ਨਿਕਲਦੀਆਂ ਨਹਿਰਾਂ ਜੋ ਮਾਲਵੇ ਅਤੇ ਰਾਜਸਥਾਨ ਦੀ ਲਾਈਫ਼ ਲਾਈਨ ਹਨ, ਉਨਾਂ 'ਚ ਲਗਾਤਾਰ ਕਾਲਾ ਅਤੇ ਜ਼ਹਿਰੀਲਾ ਪਾਣੀ ਵਹਿ ਰਿਹਾ ਹੈ। ਨਹਿਰੀ ਵਿਭਾਗ ਨੇ ਐਡਵਾਈਜ਼ਰੀ ਜਾਰੀ ਕਰ ਕੇ ਇਸ ਜ਼ਹਿਰੀਲੇ ਪਾਣੀ ਨੂੰ ਪੀਣ ਤੋਂ ਮਨਾ ਕੀਤਾ ਹੈ, ਪਰ ਮਾਲਵੇ ਦੇ ਅੱਧੀ ਦਰਜਨ ਜ਼ਿਲੇ ਇਨਾਂ ਨਹਿਰਾਂ ਲਾਗੇ ਕੀਤੇ ਬੋਰਾਂ ਦਾ ਪਾਣੀ ਪੀਂਦੇ ਹਨ। ਰਾਜਸਥਾਨ ਦੀ ਸਥਿਤੀ ਹੋਰ ਵੀ ਮਾੜੀ ਹੈ, ਕਿਉਂਕਿ ਉੱਥੇ ਦੇ ਪਿੰਡਾਂ, ਸ਼ਹਿਰਾਂ ਅੰਦਰ ਇਹੀ ਪਾਣੀ ਰੀਟ੍ਰੀਟ ਕਰ ਕੇ ਪੀਤਾ ਜਾਂਦਾ ਹੈ ।ਮਨੁੱਖੀ ਸਿਹਤ ਲਈ ਪਾਣੀ ਨੂੰ ਜ਼ਹਿਰ ਮੁਕਤ ਕਰਨ ਲਈ ਉਪਰਾਲੇ ਹੋ ਰਹੇ ਹਨ ਅਤੇ ਪਸ਼ੂ ਸਿੱਧੇ ਰੂਪ ਵਿਚ ਇਹੀ ਪਾਣੀ ਪੀ ਰਹੇ ਹਨ। ਇਹੀ ਪਾਣੀ ਫ਼ਸਲਾਂ ਨੂੰ ਲੱਗੇ ਤਾਂ ਪਸ਼ੂਆਂ ਤੋਂ ਦੁੱਧ ਰਾਹੀਂ ਅਤੇ ਫ਼ਸਲਾਂ ਤੇ ਅਨਾਜ ਰਾਹੀਂ ਜ਼ਹਿਰੀਲੇ ਤੱਤ ਸਰੀਰ ਵਿਚ ਅਸਿੱਧੇ ਰੂਪ ਵਿਚ ਦਾਖਲ ਹੋਣਗੇ, ਜੋ ਲੀਵਰ, ਗੁਰਦੇ ਅਤੇ ਕੈਂਸਰ ਵਰਗੇ ਰੋਗੀ ਬਣਾਉਣਗੇ।

ਫ਼ਾਜ਼ਿਲਕਾ, ਫ਼ਿਰੋਜ਼ਪੁਰ, ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ ਜ਼ਿਲਿਆਂ ਦੇ ਸੈਂਕੜੇ ਪਿੰਡ ਹਨ, ਜਿੱਥੇ ਪੀਣ ਦਾ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ। ਇੱਥੇ ਵੀਹ ਲੀਟਰ ਪਾਣੀ ਦੀ ਕੀਮਤ 10 ਤੋਂ 30 ਰੁਪਏ ਹੋ ਚੁੱਕੀ ਹੈ। ਜੇਕਰ ਘਰ ਦੀ ਹਜ਼ਾਰ ਲੀਟਰ ਟੈਂਕ ਭਰਵਾਉਣੀ ਹੈ ਤਾਂ 600 ਰੁਪਏ ਲਗਦੇ ਹਨ। ਲੋਕ ਹੋਰ ਵੀ ਫ਼ਿਕਰਮੰਦ ਹਨ ਕਿਉਂਕਿ ਜੇ ਨਹਿਰ ਅੰਦਰ ਹੀ ਅਜਿਹਾ ਪਾਣੀ ਆਉਂਦਾ ਰਿਹਾ ਤਾਂ ਇਸ ਦੇ ਭਿਅੰਕਰ ਨਤੀਜੇ ਆਉਣ ਵਾਲੇ ਹਨ। ਸੌੜੀ ਰਾਜਨੀਤਕ ਸੋਚ ਖ਼ਾਤਰ ਸਰਕਾਰਾਂ ਸਿਰਫ਼ ਹੋਣ ਪਾਣੀ ਮੰਗਣ ਦੀ ਖ਼ਾਤਰ ਕੁੱਕੜ ਲੜਾਈ ਲੜ ਰਹੀਆਂ ਹਨ ।ਪੰਜਾਬ ਦੇ ਕੈਲੇਫੋਰਨੀਆ ਕਹਾਉਣ ਵਾਲੇ ਅਬੋਹਰ ਇਲਾਕੇ ਅੰਦਰ ਬਾਗ਼ ਪੁੱਟੇ ਜਾ ਰਹੇ ਹਨ । ਘੱਟ ਪਾਣੀ ਮਿਲਣ ਕਾਰਨ ਅਤੇ 20-25 ਦਿਨਾਂ ਦੀ ਨਹਿਰ ਬੰਦੀ ਨੇ ਹਜ਼ਾਰਾਂ ਏਕੜ ਖੜੇ ਬਾਗ਼ ਸੁੱਕਾ ਦਿੱਤੇ ਹਨ, ਕਿੰਨੂ ਅਤੇ ਹੋਰ ਸੰਤਰਾ ਪਰਜਾਪਤੀ ਦੇ ਬਾਗ਼ ਕਿਸਾਨਾਂ ਨੇ ਪੁੱਟਣੇ ਸ਼ੁਰੂ ਕਰ ਦਿੱਤੇ ਹਨ। ਜਿਸ ਕਾਰਨ ਲੱਖਾਂ ਲੋਕਾਂ ਦੀ ਰੋਟੀ ਦਾ ਜੁਗਾੜ ਬੰਦ ਹੋਣ ਵਾਲਾ ਹੈ। ਮਾਲਵੇ ਅੰਦਰ ਹਜ਼ਾਰਾਂ ਏਕੜ ਭੂਮੀ ਜੋ ਨਰਮੇ ਦੀ ਬਿਜਾਈ ਲਈ ਟਿਊਬਵੈੱਲਾਂ ਨਾਲ ਸਿੰਚਾਈ ਕੀਤੀ ਗਈ, ਉੱਥੇ ਜ਼ਹਿਰੀਲੇ ਪਾਣੀ ਕਾਰਨ ਨਰਮਾ ਉੱਗਿਆ ਹੀ ਨਹੀਂ, ਆਉਣ ਵਾਲੇ ਸਮੇਂ ਅੰਦਰ ਇਹ ਰਕਬਾ ਬੰਜਰ ਹੋਣ ਜਾ ਰਿਹਾ ਹੈ। ਪੰਜਾਬ ਦੇਸ਼ ਲਈ ਕਣਕ ਅਤੇ ਚਾਵਲ ਪੈਦਾਵਾਰ ਲਈ ਵੱਡੀ ਭੂਮਿਕਾ ਨਿਭਾਉਂਦਾ ਹੈ। ਜੇ ਪਾਣੀ ਦਾ ਸੰਕਟ ਇਸੇ ਤਰਾਂ



ਬਰਕਰਾਰ ਰਿਹਾ ਤਾਂ ਰਾਜ ਅਤੇ ਦੇਸ਼ ਦੋਹਾਂ ਲਈ ਵੱਡਾ ਸੰਕਟ ਆਉਣ ਵਾਲਾ ਹੈ। ਇਥੇ ਜਿਕਰਯੋਗ ਹੈ ਕਿ ਪੰਜਾਬ ਨੂੰ 138 ਬਲਾਕਾਂ ਵਿਚ ਵੰਡਿਆ ਗਿਆ ਹੈ। ਇਨਾਂ ਵਿਚੋਂ 109 ਬਲਾਕ ਪਹਿਲਾਂ ਹੀ 'ਡਾਰਕ ਜ਼ੋਨ' ਵਿਚ ਚਲੇ ਗਏ ਹਨ। ਇਸ ਮਕਸਦ ਲਈ ਬਣਾਈ ਗਈ ਪੰਜਾਬ ਵਿਧਾਨ ਸਭਾ ਕਮੇਟੀ ਨੇ ਕਿਹਾ ਹੈ ਕਿ ਪੰਜਾਬ ਆਉਣ ਵਾਲੇ 25 ਸਾਲਾਂ ਵਿਚ ਬੰਜਰ ਬਣ ਜਾਵੇਗਾ। ਜੇ ਪਾਣੀ ਦੀ ਦੁਰਵਰਤੋਂ ਦਾ ਇਹੀ ਰੁਝਾਨ ਰਿਹਾ। 109 ਵਿਚੋਂ 2 ਬਲਾਕ ਬੇਹੱਦ ਨਾਜ਼ੁਕ ਸਥਿਤੀ ਵਿਚ ਹਨ ਅਤੇ 5 ਨਾਜ਼ੁਕ ਹਾਲਤ ਵਿਚ ਹਨ। ਇਨਾਂ ਵਿਚ 70 ਤੋਂ 100 ਫ਼ੀਸਦੀ ਪਾਣੀ ਵਰਤਿਆ ਜਾ ਚੁੱਕਾ ਹੈ। ਦੱਖਣ ਪੱਛਮੀ ਪੰਜਾਬ ਅਤੇ ਕੰਢੀ ਇਲਾਕੇ ਦੇ 22 ਬਲਾਕ ਹਨ ਜਿਥੇ ਪਾਣੀ ਦੀ ਸਥਿਤੀ ਕੁਝ ਕੁ ਤਸੱਲੀਬਖ਼ਸ਼ ਹੈ। ਪ੍ਰੰਤੂ ਪ੍ਰੇਸ਼ਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਇਹ ਪਾਣੀ ਨਾ ਪੀਣਯੋਗ ਹੈ ਨਾ ਵਾਹੀਯੋਗ। ਪੰਜਾਬ ਦੇ 84 ਫ਼ੀਸਦੀ ਹਿੱਸੇ ਵਿਚ ਧਰਤੀ ਹੇਠਲਾ ਪਾਣੀ ਬਹੁਤ ਹੇਠਾਂ ਜਾ ਚੁੱਕਾ ਹੈ। ਕਿਸਾਨ ਧਰਤੀ ਹੇਠੋਂ ਪਾਣੀ ਖਿੱਚਣ ਲਈ ਟਿਊਬਵੈੱਲ ਅਤੇ ਸਬਮਰਸੀਬਲ ਪੰਪਾਂ ਦੀ ਡੂੰਘਾਈ ਲਗਾਤਾਰ ਵਧਾਉਂਦੇ ਜਾ ਰਹੇ ਹਨ। ਇਸ ਸੰਬੰਧ ਵਿਚ ਨਾ ਕਿਸਾਨਾਂ ਵਿਚ ਸਵੈ-ਜ਼ਾਬਤਾ ਹੈ ਅਤੇ ਨਾ ਸਰਕਾਰਾਂ ਵਲੋਂ ਕੋਈ ਸਪੱਸ਼ਟ ਨਿਯਮ ਕਾਨੂੰਨ ਘੜੇ ਗਏ ਹਨ। ਦੁਨੀਆ ਵਿਚ ਵਧੇਰੇ ਮੁਲਕ ਅਜਿਹੇ ਹਨ ਜਿਥੇ ਸਰਕਾਰ ਦੀ ਆਗਿਆ ਬਿਨਾਂ ਧਰਤੀ ਹੇਠੋਂ ਤੁਪਕਾ ਪਾਣੀ ਨਹੀਂ ਕੱਢਿਆ ਜਾ ਸਕਦਾ ਹੈ। ਇਹ ਸਭ ਗ਼ਲਤ ਫ਼ਸਲੀ ਚੱਕਰ ਕਾਰਨ ਹੋ ਰਿਹਾ ਹੈ। 1967 ਵਿਚ ਮੁੱਖ ਫ਼ਸਲਾਂ ਲਈ 3 ਲੱਖ ਹੈਕਟੇਅਰ ਰਕਬਾ ਵਰਤਿਆ ਜਾਂਦਾ ਸੀ। ਪਰ 2020 ਤੱਕ ਪਹੁੰਚਦਿਆਂ ਚੌਲਾਂ ਹੇਠਲਾ ਇਹ ਰਕਬਾ ਵਧ ਕੇ 31.50 ਲੱਖ ਹੈਕਟੇਅਰ ਤੱਕ ਪਹੁੰਚ ਗਿਆ। ਪੰਜਾਬ ਅਤੇ ਪੰਜਾਬੀ ਹਰੇਕ ਕੰਮ ਵਿਚ ਬੱਲੇ-ਬੱਲੇ ਚਾਹੁੰਦੇ ਹਨ। ਨਾ ਕੋਈ ਨਿਯਮ ਕਾਨੂੰਨ ਮੰਨਦੇ ਹਨ ਨਾ ਕਿਸੇ ਕੰਮ ਵਿਚ ਸੰਜੀਦਗੀ ਵਿਖਾਉਂਦੇ ਹਨ। ਬਾਰਿਸ਼ ਦੇ ਪਾਣੀ ਨੂੰ ਸਾਂਭਣ, ਵਰਤਣ ਅਤੇ ਧਰਤੀ ਹੇਠ ਭੇਜਣ ਦੀ ਦਿਸ਼ਾ ਵਿਚ ਨਾ ਕੋਈ ਕਦਮ ਪੁੱਟਿਆ ਗਿਆ ਹੈ ਨਾ ਲੋਕਾਂ ਨੂੰ ਜਾਗ੍ਰਿਤ ਕੀਤਾ ਗਿਆ ਹੈ। ਪੰਜਾਬ ਵਿਚ ਮਣਾਂ-ਮੂੰਹੀਂ ਪਾਣੀ ਹਰ ਰੋਜ਼ ਸਵੇਰੇ ਕਾਰਾਂ ਧੋਣ ਲਈ ਰੋੜ ਦਿੱਤਾ ਜਾਂਦਾ ਹੈ। ਪ੍ਰਸ਼ਾਸਨ ਸਾਲ ਛਮਾਹੀ ਦਬਕਾ ਮਾਰ ਦਿੰਦਾ ਹੈ ਪਰ ਹੁੰਦਾ ਕੁਝ ਨਹੀਂ। ਮਾਹਿਰ ਮੰਨਦੇ ਹਨ ਕਿ ਬਹੁਤ ਡੂੰਘਾਈ ਤੋਂ ਖਿੱਚਿਆ ਪਾਣੀ ਮਨੁੱਖ ਦੇ ਪੀਣਯੋਗ ਨਹੀਂ ਹੈ। ਪੰਜਾਬ ਦੇ ਦੂਸਰਾ ਰਾਜਸਥਾਨ ਬਣਨ ਵਿਚ ਹੁਣ ਬਹੁਤਾ ਸਮਾਂ ਨਹੀਂ ਹੈ। ਤੁਪਕਾ ਤੁਪਕਾ ਪਾਣੀ ਦਾ ਮਹੱਤਵ ਸਮਝਣ, ਪਾਣੀ ਦੀ ਦੁਰਵਰਤੋਂ ਰੋਕਣ ਅਤੇ ਸਖ਼ਤ ਨਿਯਮ ਕਾਨੂੰਨ ਲਾਗੂ ਕਰਨ ਬਿਨਾਂ ਹੁਣ ਹੋਰ ਕੋਈ ਰਾਹ ਰਸਤਾ ਨਹੀਂ ਬਚਿਆ। ਕਿਸਾਨਾਂ ਨੂੰ ਫ਼ਸਲੀ ਚੱਕਰ ਬਦਲਣਾ ਹੋਵੇਗਾ। ਉਨਾਂ ਫ਼ਸਲਾਂ 'ਤੇ ਆਉਣਾ ਪਵੇਗਾ ਜਿਨਾਂ ਲਈ ਬਹੁਤ ਘੱਟ ਪਾਣੀ ਲੋੜੀਂਦਾ ਹੈ। ਦੁਨੀਆ ਦੇ ਬਹੁਤ ਸਾਰੇ ਮੁਲਕਾਂ ਵਿਚ ਵਰਤੀ ਜਾ ਰਹੀ 'ਡਰਿੱਪ ਖੇਤੀ' ਤਕਨੀਕ ਅਪਣਾਉਣੀ ਹੋਵੇਗੀ। ਅਜਿਹਾ ਕਰਕੇ ਹੀ ਪੰਜਾਬ ਧਰਤੀ ਹੇਠ ਬਚੇ ਪਾਣੀ ਨੂੰ ਬਚਾਅ ਸਕਦਾ ਹੈ। ਇਕ ਵਾਰ ਸਰਦਾਰਾ ਸਿੰਘ ਜੌਹਲ ਕਿਸਾਨਾਂ ਨੂੰ ਸੰਬੋਧਨ ਕਰ ਰਹੇ ਸਨ। ਉਨਾਂ ਕਿਹਾ ਕਿ ਜੇ ਪੰਜਾਬ ਦਾ ਪਾਣੀ ਬਚਾਉਣਾ ਹੈ ਤਾਂ ਝੋਨੇ ਦੀ ਖੇਤੀ ਬੰਦ ਕਰ ਦਿਓ। ਕਿਸਾਨਾਂ ਨੇ ਪੁੱਛਿਆ ਦੱਸੋ ਫੇਰ ਕਿਹੜੀ ਖੇਤੀ ਕਰੀਏ ? ਉਨਾਂ ਜਵਾਬ ਦਿੱਤਾ ਜਿਹੜੀ ਪਾਣੀ ਮੁੱਕਣ ਤੋਂ ਬਾਅਦ ਕਰੋਗੇ।

ਮੁੱਖ ਮੰਤਰੀ ਭਗਵੰਤ ਮਾਨ ਨੂੰ ਸਾਰਿਆਂ ਦੇ ਸਹਿਯੋਗ ਨਾਲ ਇਸ ਦਿਸ਼ਾ ਵਿਚ ਕਾਰਗਰ ਕਦਮ ਚੁੱਕਣੇ ਚਾਹੀਦੇ ਹਨ। ਪੰਜਾਬ ਵਿਚ 1980 ਤੋਂ ਬਾਅਦ ਖੂਹ ਸੁੱਕ ਗਏ, 1990-95 ਵਿਚ ਨਲਕੇ, 2000 ਵਿਚ ਪੰਪ। ਪੰਜਾਬ ਦੇ ਲੋਕ ਹੁਣ ਸਮਰਸੀਬਲ ਦਾ ਪਾਣੀ ਪੀ ਰਹੇ ਹਨ ਪਰ ਇਸ ਤੋਂ ਅੱਗੇ ਅਜੇ ਕੋਈ ਤਕਨੀਕ ਨਹੀਂ ਆਈ।

**ਦਰਿਆਵਾਂ ਵਿਚ ਵਹਿੰਦਾ ਜ਼ਹਿਰੀਲਾ ਪਾਣੀ**

ਹਰੀਕੇ ਪੱਤਣ-ਪਾਣੀ ਬਿਨਾਂ ਜੀਵਨ ਸੰਭਵ ਨਹੀਂ, ਪ੍ਰੰਤੂ ਦਰਿਆਵਾਂ ਵਿਚ ਵਹਿੰਦਾ ਜ਼ਹਿਰੀਲਾ ਪਾਣੀ ਪੀਣਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ, ਪਰ ਮਜਬੂਰੀ ਵੱਸ ਲੋਕਾਂ ਨੂੰ ਇਹ ਜ਼ਹਿਰੀਲਾ ਪਾਣੀ ਪੀਣਾ ਪੈ ਰਿਹਾ ਹੈ । ਇਸ ਸਮੇਂ ਇਹ ਸਥਿਤੀ ਮਾਲਵੇ ਅਤੇ ਰਾਜਸਥਾਨ ਦੇ ਲੋਕਾਂ ਦੀ ਬਣੀ ਹੋਈ ਹੈ ਕਿਉਂਕਿ ਹਰੀਕੇ ਹੈੱਡ ਵਰਕਸ ਤੋਂ ਨਿਕਲਦੀ ਫ਼ਿਰੋਜ਼ਪੁਰ ਫ਼ੀਡਰ ਨਹਿਰ ਵਿਚਲੇ ਪਾਣੀ ਨੂੰ ਜਲ ਸਰੋਤ ਵਿਭਾਗ ਪੰਜਾਬ ਨੇ ਪੀਣ ਯੋਗ ਨਾ ਦੱਸਦਿਆਂ ਸਲਾਹ ਜਾਰੀ ਕੀਤੀ ਹੈ । ਜ਼ਿਕਰਯੋਗ ਹੈ ਕਿ ਬਿਆਸ ਅਤੇ ਸਤਲੁਜ ਦਰਿਆਵਾਂ ਦੇ ਸੰਗਮ ਹਰੀਕੇ ਹੈੱਡ ਵਰਕਸ ਤੋਂ ਨਿਕਲਦੀ ਰਾਜਸਥਾਨ ਫ਼ੀਡਰ ਨਹਿਰ ਦੀ ਮੁਰੰਮਤ ਨੂੰ ਲੈ ਕੇ 20 ਮਈ ਤੱਕ ਬੰਦੀ ਹੋਣ ਕਾਰਨ ਪਾਣੀ ਦੀ ਸਪਲਾਈ ਬੰਦ ਹੈ, ਪ੍ਰੰਤੂ ਤਿੰਨ ਦਿਨ ਪਹਿਲਾਂ ਦੂਸਰੀ ਨਹਿਰ ਫ਼ਿਰੋਜ਼ਪੁਰ ਫ਼ੀਡਰ ਵਿਚ ਵੀ ਦੂਸ਼ਿਤ ਪਾਣੀ ਦੇ ਕਾਰਨ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ। ਇਸ ਤੋਂ ਬਾਅਦ ਰਾਜਸਥਾਨ ਦੇ ਕਿਸਾਨਾਂ ਵਿਚ ਹਾਹਾਕਾਰ ਮਚ ਗਈ ਤੇ ਇਕੱਠੇ ਹੋਏ ਰਾਜਸਥਾਨ ਦੇ ਕਿਸਾਨਾਂ ਨੇ ਹਰੀਕੇ ਹੈੱਡ ਵਰਕਸ ਵੱਲ ਕੂਚ ਕਰ ਲਿਆ ਤੇ ਪਾਣੀ ਛੱਡਣ ਦੀ ਮੰਗ ਨੂੰ ਲੈ ਕੇ ਧਰਨਾ ਲਗਾ ਦਿੱਤਾ। ਦੂਸਰੇ ਪਾਸੇ ਨੈਸ਼ਨਲ ਗਰੀਨ ਟ੍ਰਿਬਿਊਨਲ, ਬੀ.ਬੀ.ਐੱਮ.ਬੀ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਦੂਸ਼ਿਤ ਪਾਣੀ ਦੇ ਕਾਰਨ ਹਰੀਕੇ ਹੈੱਡ ਵਰਕਸ ਵਿਭਾਗ ਨੇ ਨਹਿਰਾਂ ਵਿਚ ਪਾਣੀ ਬਿਲਕੁਲ ਬੰਦ ਕਰਕੇ ਡਾਊਨ ਸਟਰੀਮ ਨੂੰ ਪਾਣੀ ਛੱਡ ਦਿੱਤਾ ਸੀ। ਰਾਜਸਥਾਨ ਦੇ ਕਿਸਾਨਾਂ ਦੇ ਰੋਸ ਨੂੰ ਵੇਖਦਿਆਂ ਫ਼ਿਰੋਜ਼ਪੁਰ ਫ਼ੀਡਰ ਨਹਿਰ ਵਿਚ ਪਾਣੀ ਛੱਡਣ ਦਾ ਫ਼ੈਸਲਾ ਕੀਤਾ ਗਿਆ ਤੇ ਨਾਲ ਹੀ ਜਲ ਸਰੋਤ ਵਿਭਾਗ ਪੰਜਾਬ ਨੇ ਪਾਣੀ ਨੂੰ ਪੀਣ ਯੋਗ ਨਾ ਦੱਸਦਿਆਂ ਸਲਾਹ ਜਾਰੀ ਕੀਤੀ ਕਿ ਇਹ ਪਾਣੀ ਸਿਰਫ਼ ਸਿੰਚਾਈ ਲਈ ਵਰਤਿਆ ਜਾਵੇ ।

ਦਹਾਕਿਆਂ ਤੋਂ ਜ਼ਹਿਰੀਲੇ ਪਾਣੀ ਨਾਲ ਮਨੁੱਖਤਾ ਦਾ ਘਾਣ ਹੋ ਰਿਹਾ ਹੈ ਤੇ ਲਗਾਤਾਰ ਮਾਲਵੇ ਅਤੇ ਰਾਜਸਥਾਨ ਦੇ ਲੋਕਾਂ ਨੂੰ ਮੌਤ ਵੰਡ ਰਿਹਾ ਹੈ । ਸਰਕਾਰਾਂ ਅਤੇ ਸੰਬੰਧਿਤ ਵਿਭਾਗਾਂ ਦੀ ਅਣਗਹਿਲੀਆਂ ਕਾਰਨ ਅਨੇਕਾਂ ਵਾਰ ਲੱਖਾਂ ਕਰੋੜਾਂ ਜੀਵ ਜੰਤੂ ਇਸ ਦੂਸ਼ਿਤ ਪਾਣੀ ਦੀ ਭੇਟ ਚੜੇ ਹਨ । ਤ੍ਰਾਸਦੀ ਇਹ ਹੈ ਕਿ ਰਾਜਸਥਾਨ ਅਤੇ ਫ਼ਿਰੋਜ਼ਪੁਰ ਫ਼ੀਡਰ ਨਹਿਰਾਂ ਦਾ ਪਾਣੀ ਮਾਲਵੇ ਅਤੇ ਰਾਜਸਥਾਨ ਦੇ ਲੋਕ ਸਿੰਚਾਈ ਦੇ ਨਾਲ-ਨਾਲ ਪੀਣ ਲਈ ਵੀ ਵਰਤਦੇ ਹਨ। ਕੀ ਸਰਕਾਰਾਂ ਹੁਣ ਜਾਗਣਗੀਆਂ ਤੇ ਇਨਾਂ ਦਰਿਆਵਾਂ ਵਿਚ ਜ਼ਹਿਰ ਘੋਲਣ ਵਾਲਿਆਂ ਖ਼ਿਲਾਫ਼ ਸ਼ਿਕੰਜਾ ਕੱਸਣਗੀਆਂ ਕਿ ਪਹਿਲਾਂ ਦੀ ਤਰਾਂ ਸਿਰਫ਼ ਖਾਨਾਪੂਰਤੀ ਹੀ ਕੀਤੀ ਜਾਵੇਗੀ।

**ਕੀ ਲਿਖਿਆ ਹੈ ਸਲਾਹ 'ਚ**

ਜਲ ਸਰੋਤ ਵਿਭਾਗ ਪੰਜਾਬ ਵਲੋਂ ਜਾਰੀ ਸਲਾਹ ਵਿਚ ਦੱਸਿਆ ਗਿਆ ਹੈ ਕਿ ਪ੍ਰਦੂਸ਼ਿਤ ਪਾਣੀ ਨੂੰ ਨਹਿਰਾਂ ਵਿਚ ਜਾਣ ਤੋਂ ਰੋਕਣ ਲਈ ਬੀ.ਬੀ.ਐੱਮ.ਬੀ ਵਲੋਂ ਬਣਾਈ ਗਈ ਐੱਸ.ਓ.ਪੀ. ਫਾਰ ਆਪ੍ਰੇਸ਼ਨ ਆਫ਼ ਹਰੀਕੇ ਹੈੱਡ ਵਰਕਸ ਕਾਰਵਾਈ ਅਧੀਨ ਹੈ। ਇਸ ਸੰਬੰਧ ਵਿਚ 16 ਮਈ ਨੂੰ ਰੀਵਿਊ ਲੈਣ ਲਈ ਕੀਤੀ ਮੀਟਿੰਗ ਦੌਰਾਨ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਰਾਜਸਥਾਨ ਰਾਜ ਵਲੋਂ ਕਰਵਾਈ ਸੈਂਪਲਿੰਗ ਦੇ ਨਤੀਜਿਆਂ ਤੋਂ ਪਤਾ ਲੱਗਾ ਹੈ ਕਿ ਮੌਜੂਦਾ ਸਥਿਤੀ ਵਿਚ ਹਰੀਕੇ ਹੈੱਡ ਵਰਕਸ 'ਤੇ ਪਹੁੰਚ ਰਿਹਾ ਪਾਣੀ ਪੀਣਯੋਗ ਨਹੀਂ। ਇਸ ਨੂੰ ਸਿਰਫ਼ ਸਿੰਚਾਈ ਲਈ ਹੀ ਵਰਤਿਆ ਜਾ ਸਕਦਾ ਹੈ। ਮੀਟਿੰਗ ਦੌਰਾਨ ਰਾਜਸਥਾਨ ਰਾਜ ਵਲੋਂ ਬੀਕਾਨੇਰ ਕੈਨਾਲ 'ਤੇ ਨਿਰਭਰ ਖੇਤਰਾਂ ਵਿਚ ਪਾਣੀ ਦੀ ਜ਼ਿਆਦਾ ਮੰਗ ਹੋਣ ਕਾਰਨ ਸਿੰਚਾਈ ਦੇ ਲਈ ਪਾਣੀ ਨੂੰ ਛੱਡਣ ਲਈ ਵਾਰ-ਵਾਰ ਕੀਤੀ ਮੰਗ 'ਤੇ ਕਮੇਟੀ ਵਲੋਂ 17 ਮਈ ਤੋਂ ਸਵੇਰੇ 6 ਵਜੇ ਫ਼ਿਰੋਜ਼ਪੁਰ ਫ਼ੀਡਰ ਨਹਿਰ ਰਾਹੀਂ ਸਿੰਚਾਈ ਲਈ ਪਾਣੀ ਛੱਡਣ ਦਾ ਫ਼ੈਸਲਾ ਲਿਆ ਗਿਆ ਅਤੇ ਰਾਜਸਥਾਨ ਅਤੇ ਪੰਜਾਬ ਦੇ ਮਾਲਵੇ ਦੇ ਇਲਾਕੇ ਨੂੰ ਸਲਾਹ ਜਾਰੀ ਕੀਤੀ ਗਈ ਕਿ ਪਾਣੀ ਸਿਰਫ਼ ਸਿੰਚਾਈ ਲਈ ਵਰਤਿਆ ਜਾਵੇ ਅਤੇ ਪੀਣ ਲਈ ਇਸ ਪਾਣੀ ਦੀ ਵਰਤੋਂ ਨਾ ਕੀਤੀ ਜਾਵੇ।

# ਪੰਜਾਬ ਦੇ ਮੁੱਕ ਰਹੇ ਪਾਣੀ ਦੇ ਸੰਕਟ ਦੇ ਹੱਲ ਲਈ ਸਮਾਜਿਕ ਪੱਧਰ ਉੱਤੇ ਯਤਨ ਕੀਤੇ ਜਾਣਗੇ

## ਜਲ ਸੰਭਾਲ ਗੋਸ਼ਟੀ ਵਿਚ ਅਹਿਮ ਵਿਚਾਰ-ਵਟਾਂਦਰਾ ਹੋਇਆ

**ਸ੍ਰੀ ਫਤਿਹਗੜ ਸਾਹਿਬ/ਏ.ਟੀ.ਨਿਊਜ਼ :-** ਪੰਜਾਬ ਦੇ ਪਾਣੀ ਦੇ ਅਜੋਕੇ ਹਾਲਾਤ, ਭਵਿੱਖ ਦੀਆਂ ਲੋੜਾਂ, ਸੰਬੰਧਿਤ ਚੁਣੌਤੀਆਂ ਅਤੇ ਹੱਲ ਜਿਹੇ ਮਹੱਤਵਪੂਰਨ ਵਿਸ਼ਿਆਂ ਨੂੰ ਵਿਚਾਰਨ ਲਈ 'ਖੇਤੀਬਾੜੀ ਅਤੇ ਵਾਤਾਵਰਨ ਜਾਗਰੂਕਤਾ ਕੇਂਦਰ' ਵੱਲੋਂ ਗੁਰਦੁਆਰਾ ਸ੍ਰੀ ਫਤਹਿਗੜ ਸਾਹਿਬ ਵਿਖੇ ਵਿਚਾਰ ਗੋਸ਼ਟੀ ਕਰਵਾਈ ਗਈ। ਵਿਚਾਰ ਗੋਸ਼ਟੀ ਦੌਰਾਨ ਜ਼ਮੀਨੀ ਪਾਣੀ ਦੇ ਪੱਧਰ ਦੀ ਮੌਜੂਦਾ ਸਥਿਤੀ, ਪਾਣੀ ਦਾ ਪੱਧਰ ਡਿੱਗਣ ਦੇ ਕਾਰਨ ਅਤੇ ਸੰਭਾਵੀ ਹੱਲਾਂ ਨੂੰ ਵਿਚਾਰਿਆ ਗਿਆ।

ਗੱਲਬਾਤ ਕਰਦਿਆਂ ਪ੍ਰੋ. ਹਰਬੀਰ ਕੌਰ ਨੇ ਦੱਸਿਆ ਕਿ ਪੰਜਾਬ ਚ ਜ਼ਮੀਨਦੋਜ਼ ਪਾਣੀ ਤੇਜੀ ਨਾਲ ਖਤਮ ਹੋ ਰਿਹਾ ਹੈ। ਸੂਬੇ ਦੇ 80% ਬਲਾਕਾਂ ਵਿਚੋਂ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਅਤਿ-ਤੇਜੀ ਨਾਲ ਹੇਠਾਂ ਡਿੱਗ ਰਿਹਾ ਹੈ ।

ਇਸੇ ਰਫਤਾਰ ਨਾਲ ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਅਗਲੇ ਕਰੀਬ ਡੇਢ ਦਹਾਕੇ ਵਿਚ ਮੁੱਕ ਜਾਣ ਦਾ ਅਨੁਮਾਨ ਹੈ। ਮੌਜੂਦਾ ਹਲਾਤ ਦੇ ਕਾਰਨਾਂ ਤੇ ਗੱਲ







ਕਰਦਿਆਂ ਪੰਜਾਬ ਦੇ ਹੱਕੀ ਪਾਣੀਆਂ ਦੀ ਗੱਲ, ਰਾਜਸੀ ਤੌਰ 'ਤੇ ਲਾਗੂ ਕੀਤੇ ਅਤੇ ਪੰਜਾਬ ਦੇ ਰਵਾਇਤੀ ਫ਼ਸਲੀ ਚੱਕਰ, ਰੁੱਖਾਂ ਹੇਠ ਰਕਬਾ, ਮੁਨਾਫ਼ਾਖੋਰੀ ਵਾਲਾ ਪੂੰਜੀਵਾਦੀ ਮਾਡਲ ਆਦਿ ਬਾਰੇ ਵਿਸਥਾਰ ਵਿਚ ਚਰਚਾ ਹੋਈ।

ਗੱਲਬਾਤ ਦੌਰਾਨ ਦਰਪੇਸ਼ ਸਮੱਸਿਆ ਦੇ ਫੌਰੀ, ਦੀਰਘਕਾਲੀ ਅਤੇ ਲੰਬੇ ਸਮੇਂ ਦੇ ਹੱਲ ਵੀ ਵਿਚਾਰੇ ਗਏ। ਇਹ ਵੀ ਜ਼ਿਕਰਯੋਗ ਹੈ ਕਿ ਕੇਂਦਰ ਦੇ ਝੋਨੇ ਹੇਠ ਰਕਬਾ ਘਟਾਉਣ, ਝਿੜੀਆਂ ਲਗਾਉਣ ਅਤੇ ਬਰਸਾਤੀ ਪਾਣੀ ਦੀ ਸਾਂਭ-ਸੰਭਾਲ ਵਰਗੇ ਉੱਦਮਾਂ ਨੂੰ ਪੰਜਾਬ ਵਾਸੀਆਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ। ਵਿਚਾਰ ਚਰਚਾ ਦੌਰਾਨ ਭਾਈ ਮਨਧੀਰ ਸਿੰਘ (ਪੰਥ ਸੇਵਕ ਜਥਾ, ਦੋਆਬਾ), ਸ. ਕਰਨੈਲ ਸਿੰਘ ਪੰਜੌਲੀ (ਜਰਨਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸੀਨੀਅਰ ਪੱਤਰਕਾਰ ਸ. ਹਮੀਰ ਸਿੰਘ, ਸ. ਅਜੈਪਾਲ ਸਿੰਘ ਬਰਾੜ, ਡਾ. ਸਿਕੰਦਰ ਸਿੰਘ (ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ), ਸਰਦਾਰ ਹਰਦਿਆਲ ਸਿੰਘ ਘਰਿਆਲਾ (ਸਾਬਕਾ ਡਿਪਟੀ ਡਾਇਰੈਕਟਰ, ਬਾਗਬਾਨੀ), ਮਲਕੀਤ ਸਿੰਘ ਬਸੰਤਕੋਟ, ਮਲਕੀਤ ਸਿੰਘ ਸੈਣੀ ਅਤੇ ਪਲਵਿੰਦਰ ਸਿੰਘ ਤਲਵਾੜਾ ਵੱਲੋਂ ਅਹਿਮ ਨੁਕਤੇ ਸਾਂਝੇ ਕੀਤੇ ਗਏ। ਜਾਗਰੂਕਤਾ ਕੇਂਦਰ ਵੱਲੋਂ ਇਸੇ ਲੜੀ ਤਹਿਤ ਆਉਣ ਵਾਲੇ ਦਿਨਾਂ ਵਿਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਅਜਿਹੀਆਂ ਵਿਚਾਰ ਗੋਸ਼ਟੀਆਂ ਕਰਵਾਈਆਂ ਜਾ ਰਹੀਆਂ ਹਨ।

# ਕਾਂਗਰਸ ਦੀ ਪੰਜਾਬ ਵਿਚ ਸਿਆਸੀ ਗੱਡੀ ਡਾਵਾਂਡੋਲ

## ✪ ਕਾਂਗਰਸੀ ਲੀਡਰਾਂ ਦੀ ਸਿੱਧੂ ਵਿਰੋਧੀ ਬਿਆਨਬਾਜ਼ੀ ਤੇ ਜਾਖੜ ਦਾ ਭਾਜਪਾ ਵਿਚ ਜਾਣਾ ਕਾਂਗਰਸ ਨੂੰ ਪਵੇਗਾ ਮਹਿੰਗਾ

## ✪ ਭਾਰਤੀ ਰਾਜਨੀਤੀ ਵਿਚ ਭਾਜਪਾ ਨੂੰ ਚੈਲਿੰਜ ਨਹੀਂ ਦੇ ਸਕੀ ਕਾਂਗਰਸ

**ਦਰਪਣ ਝੂਠ ਨਹੀਂ ਬੋਲਦਾ**

ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ, ਪੰਜਾਬ ਵਿਚਲੀ ਕਾਂਗਰਸ ਅੰਦਰ ਪਏ ਘਮਸਾਣ, ਸ਼੍ਰੋਮਣੀ ਅਕਾਲੀ ਅਤੇ ਭਾਜਪਾ ਦੇ ਟੁੱਟੇ ਸਿਆਸੀ ਰਿਸ਼ਤਿਆਂ ਤੋਂ ਬਾਅਦ ਪੰਜਾਬ ਅੰਦਰ ਭਵਿੱਖ ਦੀ ਸਿਆਸਤ ਕੀ ਰੰਗ ਬਦਲਦੀ ਹੈ, ਬਾਰੇ ਹਾਲੇ ਕੁਝ ਵੀ ਸਪੱਸ਼ਟ ਨਹੀਂ। ਸਾਬਕਾ ਲੋਕ-ਸਭਾ ਮੈਂਬਰ ਅਤੇ ਸੂਬਾ ਕਾਂਗਰਸ ਦੇ ਸਾਬਕਾ ਪ੍ਰਧਾਨ ਸ੍ਰੀ ਸੁਨੀਲ ਜਾਖੜ ਵਲੋਂ ਕਾਂਗਰਸ ਹਾਈਕਮਾਨ ਨਾਲ ਮਤਭੇਦਾਂ ਦੇ ਕਾਰਣ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਵਿਚ ਸ਼ਾਮਿਲ ਹੋਣਾ ਸੂਬੇ ਦੀ ਸਿਆਸਤ ਵਿਚ ਇਕ ਛੋਟੀ ਗੱਲ ਨਹੀਂ ਮੰਨੀ ਜਾ ਰਹੀ । ਜਾਖੜ ਪਰਿਵਾਰ ਕਾਂਗਰਸ ਨਾਲ ਸਬੰਧਿਤ ਰਿਹਾ ਹੈ ਅਤੇ ਉਸ ਦੇ ਪਿਤਾ ਬਲਰਾਮ ਜਾਖੜ ਕੇਂਦਰ ਵਿਚ ਮੰਤਰੀ, ਲੋਕ ਸਭਾ ਦੇ ਸਪੀਕਰ, ਰਾਜਪਾਲ ਅਤੇ ਹੋਰ ਉੱਚ ਅਹੁਦਿਆਂ ’ਤੇ ਰਹੇ ਹਨ। ਸੁਨੀਲ ਜਾਖੜ ਖ਼ੁਦ ਵਿਧਾਨ ਸਭਾ ਵਿਚ ਕਾਂਗਰਸ ਵਿਰੋਧੀ ਧਿਰ ਦਾ ਆਗੂ, ਸੂਬਾ ਕਾਂਗਰਸ ਦਾ ਮੁਖੀ, ਲੋਕ ਸਭਾ ਦਾ ਮੈਂਬਰ ਅਤੇ ਹੋਰ ਅਹੁਦਿਆਂ ’ਤੇ ਰਿਹਾ ਹੈ। ਪਰਿਵਾਰ ਦੇ ਹੋਰ ਮੈਂਬਰ ਵੀ ਕਾਂਗਰਸ ਵਿਚ ਰਹੇ ਹਨ। ਪਿਛਲੇ ਵਰੇ ਕੈਪਟਨ ਨੂੰ ਮੁੱਖ ਮੰਤਰੀ ਹਟਾਏ ਜਾਣ ਦੀ ਪ੍ਰਕਿਰਿਆ ਦੌਰਾਨ ਸੁਨੀਲ ਜਾਖੜ ਦਾ ਨਾਮ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਉੱਭਰਿਆ ਅਤੇ 40 ਤੋਂ ਜ਼ਿਆਦਾ ਵਿਧਾਇਕਾਂ ਨੇ ਉਸ ਦੀ ਹਮਾਇਤ ਕੀਤੀ। ਉਸ ਸਮੇਂ ਕਾਂਗਰਸ ਦੀ ਅੰਦਰੂਨੀ ਸਿਆਸਤ ਅਤੇ ਇਕ ਕੇਂਦਰੀ ਆਗੂ ਦੇ ਗ਼ੈਰ-ਜ਼ਿੰਮੇਵਾਰਾਨਾ ਬਿਆਨ ਕਾਰਨ ਉਹ ਮੁੱਖ ਮੰਤਰੀ ਨਾ ਬਣ ਸਕਿਆ। ਪਿਛਲੇ ਦਿਨੀਂ ਉਸ ਨੂੰ ਇਕ ਬਿਆਨ ਕਾਰਨ ਕਾਂਗਰਸ ਤੋਂ ਮੁਅੱਤਲ ਕਰ ਦਿੱਤਾ ਗਿਆ।

ਸਿਆਸੀ ਮਾਹਿਰਾਂ ਅਨੁਸਾਰ ਸੁਨੀਲ ਜਾਖੜ ਜਿਹੇ ਆਗੂ ਨੂੰ ਕਾਂਗਰਸ ਤੋਂ ਮੁਅੱਤਲ ਕਰਨਾ ਗ਼ਲਤ ਸੀ ਅਤੇ ਸਬੰਧਿਤ ਮਾਮਲਾ ਗੱਲਬਾਤ ਰਾਹੀਂ ਸੁਲਝਾਇਆ ਜਾ ਸਕਦਾ ਸੀ। ਇਸ ਸਭ ਕੁਝ ਦੇ ਬਾਵਜੂਦ ਉਸ ਦਾ ਭਾਜਪਾ ਵਿਚ ਸ਼ਾਮਿਲ ਹੋਣਾ ਜਿੱਥੇ ਕਾਂਗਰਸ ਦੇ ਬਿਖਰ ਰਹੇ ਸ਼ੀਰਾਜੇ ਵੱਲ ਇਸ਼ਾਰਾ ਕਰਦਾ ਹੈ, ਉੱਥੇ ਆਗੂਆਂ ਦੀ ਸਿਆਸੀ ਨੈਤਿਕਤਾ ’ਤੇ ਵੀ ਸਵਾਲ ਉਠਾਉਂਦਾ ਹੈ। ਸੁਨੀਲ ਜਾਖੜ ਨੂੰ ਗੰਭੀਰ ਸਿਆਸੀ ਆਗੂ ਸਮਝਿਆ ਜਾਂਦਾ ਰਿਹਾ ਹੈ। ਲੋਕ ਸਭਾ ਵਿਚ ਉਸ ਨੇ ਭਾਜਪਾ ਦੀਆਂ ਨੀਤੀਆਂ ਦਾ ਡਟ ਕੇ ਵਿਰੋਧ ਕੀਤਾ ਸੀ। ਇਹ ਸਵਾਲ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਕੀ ਉਸ ਦੀ ਵਿਚਾਰਧਾਰਾ ਵਿਚ ਏਨੀ ਵੱਡੀ ਤਬਦੀਲੀ ਆਈ ਹੈ ਜਾਂ ਭਾਜਪਾ ਵਿਚ ਸ਼ਾਮਿਲ ਹੋਣ ਦੇ ਕੋਈ ਹੋਰ ਕਾਰਨ ਹਨ। ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਨਾ ਤਾਂ ਖੇਤਰੀ ਆਗੂਆਂ ਪ੍ਰਤੀ ਸੰਵੇਦਨਸ਼ੀਲ ਹੈ ਅਤੇ ਨਾ ਹੀ ਉਸ ਵਿਚ ਉਹ ਊਰਜਾ ਹੈ ਜੋ ਭਾਜਪਾ ਦਾ ਸਾਹਮਣਾ ਕਰ ਸਕੇ। ਭਾਜਪਾ ਵਿਚ ਇਹ ਛੇਤੀ ਕਦੇ ਨਹੀਂ ਹੋਇਆ ਕਿ ਨਵੇਂ ਰਲਣ ਵਾਲਿਆਂ ਨੂੰ ਉਹ ਉੱਚ ਅਹੁਦੇ ਨਿਵਾਜ਼ ਦੇਵੇ। ਇਸ ਲਈ ਕਾਂਗਰਸ ਛੱਡ ਕੇ ਭਾਜਪਾ ਵਿਚ ਰਲੇ ਸੁਨੀਲ ਜਾਖੜ ਨੂੰ ਭਵਿੱਖ ਦੀ ਰਾਜਨੀਤੀ ਅੰਦਰ ਹਾਲੇ ਕਈ ਤਰਾਂ ਦੇ



ਸਿਆਸੀ ਪੜਾਵਾਂ ਵਿਚੋਂ ਗੁਜ਼ਰਨਾ ਪਵੇਗਾ । ਜਾਖੜ ਕਾਰਣ ਭਾਜਪਾ ਨੂੰ ਵੱਡੇ ਸਿਆਸੀ ਫ਼ਾਇਦੇ ਮਿਲਣ ਦੀ ਉਮੀਦ ਹੈ। ਗੁਜਰਾਤ ਵਿਚ ਵੀ ਕਾਂਗਰਸ ਦੇ ਵਰਕਿੰਗ ਪ੍ਰਧਾਨ ਹਾਰਦਿਕ ਪਟੇਲ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ ਹੈ। ਕਾਂਗਰਸ ਦੀ ਘਟਦੀ ਹੋਈ ਸ਼ਕਤੀ ਭਾਰਤੀ ਸਿਆਸਤ ਵਿਚ ਅਜਿਹਾ ਖਲਾਅ ਪੈਦਾ ਕਰ ਰਹੀ ਹੈ ਜਿਸ ਕਾਰਨ ਭਾਜਪਾ ਵਿਰੋਧੀ ਮੁਹਾਜ਼ ਬਣਨਾ ਮੁਸ਼ਕਿਲ ਜਾਪਦਾ ਹੈ। ਸੂਬੇ ਅੰਦਰ ਸੰਗਰੂਰ ਲੋਕ-ਸਭਾ ਦੀ ਹੋ ਰਹੀ ਜ਼ਿਮਨੀ ਚੋਣ ਅੰਦਰ ਭਾਜਪਾ ਨੇ ਇਕੱਲੇ ਤੌਰ ’ਤੇ ਚੋਣ ਮੈਦਾਨ ਵਿਚ ਉੱਤਰਨ ਦਾ ਫ਼ੈਸਲਾ ਲਿਆ ਹੈ । ਭਾਜਪਾ ਨੇ ਸੰਗਰੂਰ ਲੋਕ-ਸਭਾ ਹਲਕੇ ਦਾ ਇੰਚਾਰਜ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਲਗਾਇਆ ਹੈ। ਭਾਵੇਂ ਰਾਜਨੀਤੀ ਵਿਚ ਕੋਈ ਸਥਾਈ ਮਿੱਤਰ ਜਾਂ ਦੁਸ਼ਮਣ ਨਹੀਂ ਹੁੰਦਾ, ਪਰ ਦੋਵਾਂ ਆਗੂਆਂ ਵਿਚਕਾਰ ਮਤਭੇਦ ਕਾਂਗਰਸ ਵਿਚ ਰਹਿੰਦਿਆਂ ਨਿੱਜੀ ਤੌਰ ’ਤੇ ਪੁੱਜ ਗਏ ਸਨ।

ਸਿਆਸੀ ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਹਾਈਕਮਾਨ ਨੇ ਭਾਜਪਾ ਨਾਲ ਸਾਂਝੇ ਤੌਰ ’ਤੇ ਲੜਨ ਦੇ ਅੰਦਰਖਾਤੇ ਯਤਨ ਕੀਤੇ ਸਨ। ਪਰ ਭਾਜਪਾ ਹਾਈਕਮਾਨ ਅੰਦਰ ਹਾਲੇ ਤੱਕ ਉਹ ਪੀੜਾ ਖ਼ਤਮ ਨਹੀਂ ਹੋਈ, ਜੋ ਅਕਾਲੀ ਦਲ ਨੇ ਔਖੇ ਸਮੇਂ ਭਾਜਪਾ ਦਾ ਸਾਥ ਛੱਡਣ ਸਮੇਂ ਦਿੱਤੀ ਸੀ । ਭਾਜਪਾ ਇੱਥੋਂ ਇਕੱਲਿਆਂ ਚੋਣ ਲੜ ਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸੰਗਰੂਰ ਜ਼ਿਲੇ ਨਾਲ ਨੇੜਤਾ ਦਾ ਲਾਭ ਵੀ ਚੁੱਕੇਗੀ ।ਇਸ ਲਈ ਭਵਿੱਖ ਵਿਚ ਪੰਜਾਬ ਦੀ ਰਾਜਨੀਤੀ ਕਿਸ ਕਰਵੱਟ ਬਹਿੰਦੀ ਹੈ, ਸੂਬੇ ਭਰ ਦੇ ਲੋਕਾਂ ਦੀਆਂ ਨਜ਼ਰਾਂ ਇਸ ਗੱਲ ’ਤੇ ਟਿੱਕੀਆਂ ਹਨ। ਜਿੱਥੇ ਅਕਾਲੀ ਨੂੰ ਵਿਧਾਨ ਸਭਾ ਚੋਣਾਂ ਵਿਚ ਦੂਸਰੀ ਵਾਰ ਲੋਕਾਂ ਨੇ ਬੁਰੀ ਤਰਾਂ ਨਕਾਰਿਆ ਹੈ, ਉੱਥੇ ਹੀ ਸੂਬਾ ਕਾਂਗਰਸ ਦੇ ਆਗੂ ਵੀ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਸਬਕ ਸਿੱਖਣ ਦੀ ਬਜਾਏ ਹਉਮੈ ਦੇ ਪੱਠੇ ਪਾਲ ਰਹੇ ਹਨ ।ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਕਿਸੇ ਸਿਆਸੀ ਲਾਭ ਕਰ ਕੇ ਨਹੀਂ, ਸਗੋਂ ਇਕ ਮਾਰਕੁਟਾਈ ਮਾਮਲੇ ਵਿਚ ਸਜ਼ਾ ਹੋਈ ਹੈ । ਉਨਾਂ ਦੇ ਸਿਆਸੀ ਵਿਰੋਧੀ ਕਾਂਗਰਸੀ ਭਾਵੇਂ ਖ਼ੁਸ਼ ਹੋਕੇ ਨਫਰਤੀ ਬਿਆਨ ਦਾਗੀ ਜਾਣ, ਪਰ ਪਾਕਿਸਤਾਨ ਦੀ ਧਰਤੀ ‘ਤੇ ਜਾ ਕੇ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਝੋਲੀ ਫੈਲਾਉਣ ਨੂੰ ਖ਼ਾਸ ਕਰ ਕੇ ਸਿੱਖ ਭਾਈਚਾਰਾ ਹਾਲੇ ਵਿਸਾਰ ਨਹੀਂ ਸਕਦਾ। ਪਰ ਸਿਧੂ ਵਿਰੋਧੀ ਬਿਆਨਬਾਜੀ ਨਾਲ ਕਾਂਗਰਸ ਦਾ ਵਡਾ ਨੁਕਸਾਨ ਹੋਵੇਗਾ। ਫਿਲਹਾਲ ਅਸਪੱਸ਼ਟ ਸਿਆਸੀ ਦ੍ਰਿਸ਼ ਕਾਰਨ ਪੰਜਾਬੀਆਂ ਦੀਆਂ ਨਜ਼ਰਾਂ ਲੋਕ-ਸਭਾ ਚੋਣਾਂ ’ਤੇ ਟਿੱਕੀਆਂ ਹੋਈਆਂ ਹਨ ।ਪਰ ਇਸ ਦੇ ਬਾਵਜੂਦ ਆਪ ਪਾਰਟੀ ਪੰਜਾਬ ਉਪਰ ਬਾਦਲ ਦਲ ਤੇ ਕਾਂਗਰਸ ਉਪਰ ਭਾਰੂ ਪੈਂਦੀ ਦਿਖਾਈ ਦੇ ਰਹੀ ਹੈ।ਕਾਂਗਰਸ ਅਗੇ ਨਾਲੋਂ ਕਾਫੀ ਨਿਘਰਦੀ ਜਾ ਰਹੀ ਹੈ।

### ਕੈਪਟਨ ਰਾਜ ਸਭਾ ਜਾਣ ਦੇ ਇਛੁਕ

ਭਾਜਪਾ ਫਿਲਹਾਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ’ਤੇ ਖ਼ਾਸ ਧਿਆਨ ਨਹੀਂ ਦੇ ਰਹੀ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕੈਪਟਨ ਦੀ ਪੰਜਾਬ ਲੋਕ ਕਾਂਗਰਸ ਅਤੇ ਭਾਜਪਾ ਮਿਲ ਕੇ ਲੜੇ ਸਨ, ਪਰ ਦੋਵਾਂ ਦੇ ਹੱਥ-ਪੱਲੇ ਕੁਝ ਨਹੀਂ ਲੱਗਾ। ਉਸ ਤੋਂ ਬਾਅਦ ਖ਼ਬਰ ਆਈ ਸੀ ਕਿ ਭਾਜਪਾ ਦੀ ਸੂਬਾ ਇਕਾਈ ਨੇ ਉਨਾਂ ਤੋਂ ਪੱਲਾ ਝਾੜ ਲਿਆ ਹੈ ਅਤੇ ਸਥਾਨਕ ਨਿਗਮ ਚੋਣਾਂ ਅਤੇ ਸੰਗਰੂਰ ਲੋਕ ਸਭਾ ਸੀਟ ’ਤੇ ਹੋਣ ਵਾਲੀ ਜ਼ਿਮਨੀ ਚੋਣ ਇਕੱਲਿਆਂ ਲੜਨ ਦਾ ਫ਼ੈਸਲਾ ਕੀਤਾ ਹੈ। ਇਸ ਦੇ ਬਾਵਜੂਦ ਕਿਹਾ ਜਾ ਰਿਹਾ ਹੈ ਕਿ ਭਾਜਪਾ ਦੇ ਕੇਂਦਰੀ ਨੇਤਾਵਾਂ ਨੇ ਅਜੇ ਕੈਪਟਨ ਤੋਂ ਉਮੀਦ ਨਹੀਂ ਛੱਡੀ ਹੈ। ਭਾਜਪਾ ਨੂੰ ਅਜੇ ਵੀ ਉਹ ਫਾਇਦੇਮੰਦ ਲੱਗ ਰਹੇ ਹਨ। ਪੰਜਾਬ ‘ਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸਾਹਮਣੇ ਜਿਸ ਤਰਾਂ ਨਾਲ ਕੌਮੀ ਸੁਰੱਖਿਆ ਦੀਆਂ ਚੁਣੌਤੀਆਂ ਵਧ ਰਹੀਆਂ ਹਨ ਅਤੇ ਲਗਾਤਾਰ ਖ਼ਾਲਿਸਤਾਨ ਦਾ ਮੁੱਦਾ ਚੁੱਕਿਆ ਜਾ ਰਿਹਾ ਹੈ, ਉਸ ਲਈ ਭਾਜਪਾ ਨੂੰ ਇਕ ਵੱਡੇ ਅਤੇ ਮਜ਼ਬੂਤ ਸਿੱਖ ਚਿਹਰੇ ਦੀ ਜ਼ਰੂਰਤ ਹੈ। ਇਸ ਲਈ ਚਰਚਾ ਹੈ ਕਿ ਕੈਪਟਨ ਮੁੜ ਕਾਰਜਸ਼ੀਲ ਹੋ ਸਕਦੇ ਹਨ। ਉਨਾਂ ਦੀ ਉਮਰ ਨੂੰ ਦੇਖਦਿਆਂ ਹੋਇਆ ਤਾਂ ਇਹ ਨਹੀਂ ਲਗਦਾ ਕਿ ਉਨਾਂ ਨੂੰ ਸਰਕਾਰ ਵਿਚ ਸ਼ਾਮਿਲ ਕੀਤਾ ਜਾਵੇਗਾ, ਪਰ ਰਾਜ ਸਭਾ ਦੀ ਸੀਟ ਉਨਾਂ ਨੂੰ ਮਿਲ ਸਕਦੀ ਹੈ। ਜੇਕਰ ਰਾਜ ਸਭਾ ਵਿਚ ਨਹੀਂ ਭੇਜਿਆ ਜਾਂਦਾ ਹੈ ਤਾਂ ਕਿਸੇ ਸੂਬੇ ਦਾ ਰਾਜਪਾਲ ਬਣਾਇਆ ਜਾ ਸਕਦਾ ਹੈ। ਰਾਜ ਸਭਾ ਦਾ ਫ਼ੈਸਲਾ ਤਾਂ ਅਗਲੇ ਇਕ ਹਫ਼ਤੇ ਵਿਚ ਹੋ ਜਾਵੇਗਾ। ਉਹ ਖ਼ੁਦ ਵੀ ਇਸ ਕੋਸ਼ਿਸ਼ ਵਿਚ ਲੱਗੇ ਹਨ ਕਿ ਇਸ ਵਾਰ ਕਿਤੋਂ ਉਨਾਂ ਨੂੰ ਰਾਜ ਸਭਾ ਦੀ ਮੈਂਬਰਸ਼ਿਪ ਮਿਲ ਜਾਵੇ।

# ਸੌਦਾ ਡੇਰੇ ਵਿਚ ਹਾਰ ਪਾ ਕੇ ਹੁੰਦੇ ਵਿਆਹਾਂ ’ਤੇ ਅਦਾਲਤ ਨੇ ਲਗਾਇਆ ਸਵਾਲੀਆ ਨਿਸ਼ਾਨ

ਡੇਰਾ ਸਿਰਸਾ ਵਿਖੇ ਹੋਣ ਵਾਲੇ ਵਿਆਹਾਂ ’ਤੇ ਹੁਣ ਇਕ ਵਾਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਬਠਿੰਡਾ ਦੀ ਸਿਵਲ ਅਦਾਲਤ ਵਿਚ ਦਾਇਰ ਕੀਤੇ ਗਏ ਇਕ ਕੇਸ ਵਿਚ ਅਦਾਲਤ ਨੇ ਡੇਰਾ ਸਿਰਸਾ ਨੂੰ 2 ਅਗਸਤ ਲਈ ਸੰਮਨ ਜਾਰੀ ਕੀਤੇ ਹਨ। ਇਹ ਸੰਮਨ ਇਕ ਵਿਅਕਤੀ ਵੱਲੋਂ ਦਿਲ ਜੋੜ ਮਾਲਾ ਨਾਲ ਹੋ ਰਹੇ ਵਿਆਹਾਂ ਸਬੰਧੀ ਕੇਸ ਦਾਇਰ ਕੀਤੇ ਜਾਣ ’ਤੇ ਜਾਰੀ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਐਡਵੋਕੇਟ ਰਣਜੀਤ ਸਿੰਘ ਬਰਾੜ ਅਤੇ ਐਡਵੋਕੇਟ ਰਣਧੀਰ ਸਿੰਘ ਸਿੱਧੂ ਨੇ ਦੱਸਿਆ ਕਿ ਸ਼ਹਿਰ ਦੇ ਇਕ ਵਿਅਕਤੀ ਨੇ ਡੇਰਾ ਸਿਰਸਾ ਵਿਚ ਦਿਲ ਜੋੜ ਮਾਲਾ ਜ਼ਰੀਏ ਹੋਣ ਵਾਲੇ ਵਿਆਹਾਂ ਸਬੰਧੀ ਹਿੰਦੂ ਮੈਰਿਜ ਐਕਟ ਤਹਿਤ ਮਾਨਤਾ ਨੂੰ ਲੈ ਕੇ ਕੇਸ ਦਾਇਰ ਕੀਤਾ ਸੀ। ਕੇਸ ਦਾਇਰ ਕਰਨ ਵਾਲੇ ਵਿਅਕਤੀ ਅਨੁਸਾਰ ਉਨਾਂ ਇਕ ਕੁੜੀ ਦੇ ਗਲੇ ਵਿਚ ਦਿਲ ਜੋੜ ਮਾਲਾ ਜ਼ਰੂਰ ਪਾਈ ਸੀ ਪਰ ਉਸ ਨਾਲ ਵਿਆਹ ਨਹੀਂ ਕਰਵਾਇਆ। ਇਸ ਮਾਮਲੇ ਵਿਚ ਇਕ ਕੁੜੀ ਨੂੰ ਪਾਰਟੀ ਵੀ ਬਣਾਇਆ ਗਿਆ ਹੈ ਜੋ ਖੁਦ ਨੂੰ ਉਸ ਦੀ ਪਤਨੀ ਦੱਸ ਰਹੀ ਹੈ। ਉਕਤ ਕੁੜੀ ਕਹਿ ਰਹੀ ਹੈ ਕਿ ਉਸ ਨੇ ਡੇਰਾ ਸਿਰਸਾ ਵਿਚ ਦਿਲ ਜੋੜ ਮਾਲਾ ਦੇ ਜ਼ਰੀਏ ਵਿਆਹ ਕਰਵਾਇਆ ਸੀ। ਇਸ ਮਾਮਲੇ ਵਿਚ ਡੇਰਾ ਸਿਰਸਾ ਦੇ ਪ੍ਰਬੰਧਕਾਂ ਤੋਂ ਪੁੱਛਿਆ ਗਿਆ ਹੈ ਕਿ ਡੇਰੇ ਅੰਦਰ ਅਨੰਦ ਕਾਰਜ ਕਰਵਾਏ ਜਾਂਦੇ ਹਨ ਜਾਂ ਫਿਰ ਕੋਈ ਹੋਰ ਧਾਰਮਿਕ ਗ੍ਰੰਥ ਜਾਂ ਹਿੰਦੂ ਮੈਰਿਜ ਐਕਟ ਤਹਿਤ ਵਿਆਹ ਹੋ ਰਹੇ ਹਨ। ਵਕੀਲ ਨੇ ਦੱਸਿਆ ਕਿ ਇਸ ਕੇਸ ਵਿਚ ਮੈਰਿਜ ਰਜਿਸਟਰਾਰ ਕਮ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਵੀ ਪਾਰਟੀ ਬਣਾ ਕੇ ਪੁੱਛਿਆ ਗਿਆ ਕਿ ਕੀ ਉਹ ਹਿੰਦੂ ਮੈਰਿਜ ਐਕਟ ਦੇ ਤਹਿਤ ਦਿਲ ਜੋੜ ਮਾਲਾ ਦੀ ਰਸਮ ਨੂੰ ਮਾਨਤਾ ਦਿੰਦੇ ਹਨ ਜਾਂ ਨਹੀਂ। ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਹੁਣ ਡੇਰਾ ਸਿਰਸਾ ਵਿਚ ਹੋਣ ਵਾਲੇ ਵਿਆਹਾਂ ’ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਹੁਣ ਅਦਾਲਤ ਦੇ ਆਦੇਸ਼ਾਂ ਤੇ ਨਿਰਭਰ ਕਰੇਗਾ ਕਿ ਦਿਲ ਜੋੜ ਮਾਲਾ ਨਾਲ ਹੋਏ ਵਿਆਹ ਦੇ ਗੈਰ ਕਨੂੰਨੀ ਢੰਗ ਨੂੰ ਕਾਨੂੰਨੀ ਮਾਨਤਾ ਮਿਲਦੀ ਹੈ ਜਾਂ ਨਹੀਂ।

# ਮਾਮਲਾ ਮਜੀਠੀਆ ਡਰੱਗ ਕੇਸ ਵਿਚ ਗਵਾਹੀ ਦੇਣ ਦਾ

## ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਨੂੰ ਮਿਲੀ ਧਮਕੀ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਕੌਮਾਂਤਰੀ ਡਰੱਗ ਕੇਸ ਵਿਚ ਸਬੂਤ ਅਤੇ ਗਵਾਹੀ ਦੇਣ ਵਾਲੇ ਸਾਬਕਾ ਅਕਾਲੀ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਕਥਿਤ ਤੌਰ ’ਤੇ ਧਮਕੀਆਂ ਮਿਲੀਆਂ ਹਨ। ਇਸ ਤੋਂ ਬਾਅਦ ਪੁਲਿਸ ਨੇ ਉਸ ਦੀ ਸੁਰੱਖਿਆ ਛਤਰੀ ਵਿਚ ਸ਼ਾਮਲ ਸੁਰੱਖਿਆ ਕਰਮਚਾਰੀਆਂ ਦੀ ਗਿਣਤੀ ਵਿਚ ਵਾਧਾ ਕਰ ਦਿੱਤਾ ਹੈ। ਇਸ ਸਬੰਧ ਵਿਚ ਬੋਨੀ ਅਜਨਾਲਾ ਵੱਲੋਂ ਪੁਲਿਸ ਨੂੰ ਇਕ ਦਰਖਾਸਤ ਦਿੱਤੀ ਗਈ ਸੀ, ਜਿਸ ਵਿਚ ਉਸ ਨੇ ਦੱਸਿਆ ਕਿ ਡਰੱਗ ਕੇਸ ਦੇ ਮਾਮਲੇ ਵਿਚ ਉਸ ਵਲੋਂ ਸਬੂਤ ਤੇ ਗਵਾਹੀ ਦੇਣ ਕਰਕੇ ਉਸ ਨੂੰ ਧਮਕੀਆਂ ਮਿਲ ਰਹੀਆਂ ਹਨ। ਉਸ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਦੁਪਹਿਰ ਵੇਲੇ ਉਸ ਨੂੰ ਵਿਦੇਸ਼ੀ ਨੰਬਰ ਤੋਂ ਫੋਨ ਆਇਆ। ਉਸ ਨੇ ਇਹ ਫੋਨ ਨੰਬਰ ਵੀ ਪੁਲਿਸ ਨੂੰ ਦਿੱਤਾ ਹੈ। ਫੋਨ ਕਰਨ ਵਾਲੇ ਨੇ ਆਪਣਾ ਨਾਂ ‘ਗੱਬਰ’ ਦੱਸਿਆ। ਬੋਨੀ ਨੇ ਦੱਸਿਆ ਕਿ ਇਸ ਵਿਅਕਤੀ ਨੇ ਧਮਕੀ ਦਿੱਤੀ ਹੈ ਕਿ ਉਹ ਬਿਕਰਮ ਮਜੀਠੀਆ ਦੇ ਖ਼ਿਲਾਫ਼ ਗਵਾਹੀ ਦੇ ਕੇ ਆਪਣੇ ਪਰਿਵਾਰ ਦਾ ਨੁਕਸਾਨ ਕਰਵਾ ਲਵੇਗਾ। ਉਸ ਨੇ ਗਾਲ਼ੀ ਗਲੋਚ ਵੀ ਕੀਤਾ ਤੇ ਮੰਦੀ ਸ਼ਬਦਾਵਲੀ ਵੀ ਵਰਤੀ। ਉਸ ਨੇ ਆਪਣੀ ਦਰਖਾਸਤ ਵਿਚ ਸੁਰੱਖਿਆ ਛਤਰੀ ਵਿਚ ਵਾਧਾ ਕਰਨ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਬੋਨੀ ਅਜਨਾਲਾ ਨੂੰ ਇਸ ਕੇਸ



ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਪਿਛਲੇ ਹਫਤੇ ਸੱਦਿਆ ਗਿਆ ਸੀ ਤੇ ਉਸ ਦੇ ਬਿਆਨ ਕਲਮਬੰਦ ਕੀਤੇ ਗਏ ਹਨ। ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਧਮਕੀ ਮਿਲਣ ਦੀ ਕੀਤੀ ਸ਼ਿਕਾਇਤ ਬਾਰੇ ਪੁਸ਼ਟੀ ਕੀਤੀ ਹੈ। ਥਾਣਾ ਰਣਜੀਤ ਐਵੇਨਿਊ ਦੇ ਐੱਸਐੱਚਓ ਨਿਸ਼ਾਨ ਸਿੰਘ ਨੇ ਦੱਸਿਆ ਕਿ ਬੋਨੀ ਅਜਨਾਲਾ ਵੱਲੋਂ ਦਿੱਤੀ ਦਰਖਾਸਤ ਤੋਂ ਬਾਅਦ ਆਰਜ਼ੀ ਤੌਰ ’ਤੇ ਹਫਤੇ ਲਈ ਸੁਰੱਖਿਆ ਛਤਰੀ ਵਿਚ ਵਾਧਾ ਕਰ ਦਿੱਤਾ ਗਿਆ ਹੈ। ਹਫਤੇ ਬਾਅਦ ਸਥਿਤੀ ਦੀ ਸਮੀਖਿਆ ਕਰਨ ਤੋਂ ਬਾਅਦ ਇਸ ਬਾਰੇ ਮੁੜ ਵਿਚਾਰ ਹੋਵੇਗਾ।

# ਅਨੰਦ ਮੈਰਿਜ ਐਕਟ ਅਤੇ ਸਿੱਖ ਪੰਥ

## ਤ੍ਰਿਲੋਚਨ ਸਿੰਘ

ਜਦ ਮੈਂ ਹਰਿਆਣੇ ਵਲੋਂ 2004 ਵਿਚ ਮੈਂਬਰ ਪਾਰਲੀਮੈਂਟ ਬਣਿਆ ਸੀ ਤਾਂ ਮੈਂ ਸਿੱਖ ਮਸਲਿਆਂ ਬਾਰੇ ਜਾਣਕਾਰੀ ਆਰੰਭ ਕੀਤੀ ਅਤੇ ਇਸ ਨਤੀਜੇ ’ਤੇ ਪੁੱਜਿਆ ਕਿ ਸਭ ਤੋਂ ਅਹਿਮ ਮੁੱਦਾ ਸਿੱਖਾਂ ਲਈ ਵਿਆਹ ਕਰਨ ਸੰਬੰਧੀ ਕਾਨੂੰਨ ਹੈ। ਸਿੱਖ ਇਤਿਹਾਸ ਵਿਚ ਖੋਜ ਕਰਨ ਲੱਗਿਆਂ ਇਹ ਪਤਾ ਲੱਗਿਆ ਕਿ ਅਨੰਦ ਕਾਰਜ ਦੀ ਰਸਮ ਦਾ ਆਰੰਭ ਬਾਬਾ ਦਿਆਲ ਜੀ ਨੇ ਕੀਤਾ ਸੀ, ਜੋ ਨਿਰੰਕਾਰੀ ਦਰਬਾਰ, ਰਾਵਲਪਿੰਡੀ ਦੇ ਮੁਖੀ ਸਨ। ਉਨਾਂ ਨੇ 1863 ਵਿਚ ਪਹਿਲੀ ਵਾਰ ਚਾਰ ਲਾਵਾਂ ਪੜ ਕੇ ਵਿਆਹ ਸਿੱਖ ਰੀਤੀਕਰਵਾਇਆ ਸੀ। ਇਸ ਤੋਂ ਪਹਿਲਾਂ ਸਾਰੇ ਵਿਆਹ ਵੈਦਿਕ ਰਹੁ-ਰੀਤੀ ਅਨੁਸਾਰ ਕੀਤੇ ਜਾਂਦੇ ਸਨ। ਸਿੱਖ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵੀ ਲਾਵਾਂ ਵਾਲਾ ਅਨੰਦ ਕਾਰਜ ਕਰਨ ਦੀ ਰੀਤੀ ਨਹੀਂ ਸੀ। ਇਸ ਤੋਂ ਪਿੱਛੋਂ ਬਾਬਾ ਦਰਬਾਰਾ ਸਿੰਘ ਜੋ ਨਿਰੰਕਾਰੀ ਦਰਬਾਰ ਦੇ ਮੁਖੀ ਬਣੇ, ਉਨਾਂ ਨੇ ਵੀ ਲਾਵਾਂ ਦੇ ਪਾਠ ਵਾਲੇ ਅਨੰਦ ਕਾਰਜ ਕਰਵਾਏ ਸਨ। ਇਹ ਜਾਣਕਾਰੀ ਲਿਖਤੀ ਰੂਪ ਵਿਚ ਡਾ. ਮਾਨ ਸਿੰਘ ਨਿਰੰਕਾਰੀ ਸਾਬਕ ਪ੍ਰਿੰਸੀਪਲ ਮੈਡੀਕਲ ਕਾਲਜ ਅੰਮ੍ਰਿਤਸਰ ਨੇ ਮੈਨੂੰ ਆਪ ਦਿੱਤੀ ਸੀ। ਇਸ ਬਾਰੇ ਉਨਾਂ ਦੇ ਲੇਖ ਵੀ ਅਖ਼ਬਾਰਾਂ ਵਿਚ ਛਪੇ ਸਨ। ਇਤਿਹਾਸ ਅਨੁਸਾਰ ਗਿਆਨੀ ਦਿੱਤ ਸਿੰਘ ਦਾ ਵਿਆਹ ਵੀ 1880 ਵਿਚ ਲਾਵਾਂ ਦੇ ਪਾਠ ਅਨੁਸਾਰ ਹੋਇਆ ਸੀ। ਸਿੰਘ ਸਭਾ ਲਹਿਰ ਆਉਣ ਨਾਲ ਇਹ ਫਿਰ ਪੂਰੀ ਤਰਾਂ ਲਾਗੂ ਹੋ ਸਕਿਆ ਸੀ। ਖ਼ਾਲਸਾ ਅਖ਼ਬਾਰ ਜੋ ਸਿੱਖਾਂ ਵਿਚ ਪ੍ਰਕਾਸ਼ਿਤ ਹੰਦਾ ਸੀ ਉਸ ਅਨੁਸਾਰ 6 ਨਵੰਬਰ, 1886 ਨੂੰ ਭਾਈ ਦਲੀਪ ਸਿੰਘ ਪਿੰਡ ਕੰਡੀ (ਪਟਿਆਲਾ ਰਿਆਸਤ) ਦਾ ਵਿਆਹ ਅਨੰਦ ਕਾਰਜ ਨਾਲ ਹੋਇਆ। ਸੂਬੇਦਾਰ ਮੇਜਰ ਬਘੇਲ ਦਾ ਵੀ ਅਨੰਦ ਕਾਰਜ 11 ਦਸੰਬਰ, 1886 ਨੂੰ ਹੋਇਆ ਸੀ। ਭਾਈ ਸੰਤ ਸਿੰਘ ਪ੍ਰਧਾਨ ਸਿੰਘ ਸਭਾ ਲਾਹੌਰ ਦੀ ਸਪੁੱਤਰੀ ਦਾ ਅਨੰਦ ਕਾਰਜ 18 ਫਰਵਰੀ, 1888 ਨੂੰ ਹੋਇਆ ਸੀ। ਭਾਈ ਮੋਹਨ ਸਿੰਘ ਵੈਦ ਨੇ ਆਪਣੀ ਡਾਇਰੀ ਵਿਚ ਲਿਖਿਆ ਹੈ ਕਿ 7 ਜੂਨ, 1899 ਨੂੰ ਸ. ਨਿਹਾਲ ਸਿੰਘ (ਇਹ ਸ. ਪ੍ਰਤਾਪ ਸਿੰਘ ਕੈਰੋਂ ਦੇ ਪਿਤਾ ਸਨ) ਨੇ ਕੈਰੋਂ ਪਿੰਡ ਵਿਚ ਲੜਕੀ ਦਾ ਅਨੰਦ ਕਾਰਜ ਕਰਵਾਇਆ ਸੀ।

ਅੰਗਰੇਜ਼ ਸਰਕਾਰ ਨੇ ਸਾਰੇ ਧਰਮਾਂ ਦੇ ਵੱਖ-ਵੱਖ ਵਿਆਹ ਬਾਰੇ ਕਈ ਕਾਨੂੰਨ ਬਣਾ ਦਿੱਤੇ ਸਨ ਪਰ ਸਿੱਖ ਵਿਆਹ ਲਈ ਕੋਈ ਵੱਖਰਾ ਕਾਨੂੰਨ ਨਹੀਂ ਸੀ। ਨਾਭਾ ਰਿਆਸਤ ਦੇ ਟਿੱਕਾ ਰਿਪੂਦਮਣ ਸਿੰਘ ਜੋ ਭਾਰਤ ਦੀ ਲੈਜਿਸਲੇਟਿਵ ਕੌਂਸਿਲ ਕੋਲਕਾਤਾ ਦੇ ਮੈਂਬਰ ਸਨ, ਨੇ ਇਕ ਆਨੰਦ ਮੈਰਿਜ ਬਿੱਲ ਤਿਆਰ ਕੀਤਾ ਅਤੇ ਚੀਫ਼ ਖ਼ਾਲਸਾ ਦੀਵਾਨ ਤੋਂ ਮਦਦ ਲਈ ਅਤੇ ਸਿੱਖ ਜਥੇਬੰਦੀਆਂ ਦੀ ਰਾਇ ਮੰਗੀ। ਇਸ ਬਿੱਲ ਦਾ ਵਿਰੋਧ ਕਈ ਸਿੱਖ ਸੰਤ ਮਹੰਤਾਂ ਨੇ ਕੀਤਾ ਪਰ ਉਨਾਂ ਦੇ ਹੱਕ ਵਿਚ ਵੀ ਵਧੇਰੇ ਸੰਸਥਾਵਾਂ ਆਈਆਂ ਸਨ। ਉਨਾਂ ਦੇ ਬਿਲ ਦੇ ਹੱਕ ਵਿਚ ਪੰਜਾਬ ਗਵਰਨਰ ਨੇ ਵੀ ਸਿਫ਼ਾਰਸ਼ ਕੀਤੀ ਸੀ। 1908 ਵਿਚ ਇਹ ਬਿੱਲ ਕੌਂਸਲ ਵਿਚ ਪੇਸ਼ ਕਰ ਦਿੱਤਾ ਸੀ। ਇਸ ਮਗਰੋਂ ਟਿੱਕਾ ਸਾਹਿਬ ਦੀ ਥਾਂ ਸ. ਸੁੰਦਰ ਸਿੰਘ ਮਜੀਠੀਆ ਕੌਂਸਲ ਦੇ ਮੈਂਬਰ ਬਣ ਗਏ ਸਨ। ਇਸ ਕੌਂਸਲ ਦੀ 10 ਸਤੰਬਰ, 1909 ਨੂੰ ਸ਼ਿਮਲਾ ਵਿਚ ਮੀਟਿੰਗ



ਹੋਈ ਅਤੇ ਇਹ ਬਿੱਲ ਪਾਸ ਕਰ ਦਿੱਤਾ ਗਿਆ। ਇਸ ਦਾ ਨਾਂਅ ਅਨੰਦ ਮੈਰਿਜ ਐਕਟ 1909 ਰੱਖਿਆ ਗਿਆ ਸੀ। ਸਰਕਾਰ ਵਲੋਂ 22 ਅਕਤੂਬਰ, 1909 ਨੂੰ ਇਸ ਨੂੰ ਸਰਕਾਰੀ ਪ੍ਰਵਾਨਗੀ ਜਾਰੀ ਕਰ ਦਿੱਤੀ ਸੀ।

1947 ਵਿਚ ਜਦ ਭਾਰਤ ਆਜ਼ਾਦ ਹੋਇਆ ਤਾਂ ਸਰਕਾਰ ਨੇ ਕਈ ਅੰਗਰੇਜ਼ਾਂ ਦੇ ਬਿੱਲ ਖ਼ਤਮ ਕਰ ਦਿੱਤੇ ਸਨ ਪਰ ਕਈ ਲਾਗੂ ਵੀ ਰੱਖੇ ਸਨ ਅਤੇ ਉਨਾਂ ਵਿਚੋਂ ਅਨੰਦ ਮੈਰਿਜ ਐਕਟ ਨੂੰ ਕਾਇਮ ਰੱਖਿਆ ਸੀ। ਪਰ ਸਿੱਖ ਲੀਡਰਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। 1955 ਵਿਚ ਹਿੰਦੂ ਮੈਰਿਜ ਐਕਟ ਪਾਸ ਹੋ ਗਿਆ, ਜਿਸ ਵਿਚ ਹਿੰਦੂ, ਜੈਨੀ, ਸਿੱਖ ਅਤੇ ਬੋਧੀ ਪਾ ਦਿੱਤੇ ਗਏ ਸਨ। ਇਸ ਅਨੁਸਾਰ ਉਸ ਦਿਨ ਤੋਂ ਜਿੰਨੇ ਸਿੱਖ ਵਿਆਹ ਹੁੰਦੇ, ਉਨਾਂ ਨੂੰ ਹਿੰਦੂ ਮੈਰਿਜ ਐਕਟ ਦਾ ਸਰਟੀਫਿਕੇਟ ਮਿਲਦਾ ਸੀ। ਪਰ ਹੈਰਾਨੀ ਇਹ ਹੈ ਕਿ ਇਸ ਦੀ ਵਿਰੋਧਤਾ ਨਾ ਪੰਜਾਬ ਸਰਕਾਰ ਨੇ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀ ਗਈ ਸੀ। ਉਨਾਂ ਨੂੰ ਆਨੰਦ ਮੈਰਿਜ ਐਕਟ 1909 ਬਾਰੇ ਪਤਾ ਹੀ ਨਹੀਂ ਸੀ। ਸ. ਸਿਮਰਨਜੀਤ ਸਿੰਘ ਮਾਨ ਜਦੋਂ ਮੈਂਬਰ ਪਾਰਲੀਮੈਂਟ ਬਣੇ ਉਨਾਂ ਨੇ ਜਦ ਸਿੱਖ ਵਿਆਹ ਬਾਰੇ ਸਵਾਲ ਪਾਇਆ ਤਾਂ ਜਵਾਬ ਵਿਚ ਸਰਕਾਰ ਨੇ ਲਿਖਿਆ ਕਿ ਅਨੰਦ ਮੈਰਿਜ ਐਕਟ 1909 ਹਾਲਾਂ ਵੀ ਸਰਕਾਰੀ ਤੌਰ ’ਤੇ ਲਾਗੂ ਹੈ। ਸਰਦਾਰ ਮਾਨ ਨੇ ਇਸ ਤੋਂ ਅੱਗੇ ਕੋਈ ਕਾਰਵਾਈ ਨਹੀਂ ਕੀਤੀ। ਮੈਂ ਕਈ ਸਿੱਖ ਵਕੀਲਾਂ ਤੇ ਕਾਨੂੰਨ ਮਹਿਕਮੇ ਦੇ ਅਫ਼ਸਰਾਂ ਨਾਲ ਸਲਾਹ ਕਰਕੇ ਇਕ ਨਵਾਂ ਬਿੱਲ ਤਿਆਰ ਕੀਤਾ ਜਿਸ ਨਾਲ ਸਿੱਖਾਂ ਨੂੰ ਸਿੱਖ ਰੀਤੀ ਅਨੁਸਾਰ ਵਿਆਹ ਕਰਨ ਪਿੱਛੋਂ ਸਿੱਧਾ ਸਿੱਖ ਅਨੰਦ ਕਾਰਜ ਸਰਟੀਫਿਕੇਟ ਮਿਲ ਸਕੇ। ਕਿਉਂ ਜੋ ਇਹ ਨਿਰੋਲ ਧਾਰਮਿਕ ਮੁੱਦਾ ਸੀ, ਇਸ ਲਈ ਮੈਂ ਆਪਣੇ ਤਿਆਰ ਕੀਤੇ ਖਰੜੇ ਨੂੰ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੂੰ ਭੇਜ ਦਿੱਤਾ ਤਾਂ ਕਿ ਉਹ ਪੜ ਕੇ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਵਾਨਗੀ ਲੈ ਕੇ ਮੈਨੂੰ ਭੇਜ ਦੇਣ। ਸ. ਦਲਮੇਘ ਸਿੰਘ ਸਕੱਤਰ ਐਸ.ਜੀ.ਪੀ.ਸੀ. ਨੇ 21 ਨਵੰਬਰ, 2007 ਨੂੰ ਮੈਨੂੰ ਚਿੱਠੀ ਰਾਹੀਂ ਇਸ ਦੀ ਪ੍ਰਵਾਨਗੀ ਭੇਜ ਦਿੱਤੀ ਸੀ। ਪਰ ਉਸ ਵਿਚੋਂ ਤਲਾਕ ਦੀ ਮੱਦ ਹਟਾ ਦਿੱਤੀ ਸੀ। ਉਨਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਇਹ ਹੁਕਮ ਕੀਤਾ ਹੈ ਕਿ ਅਨੰਦ ਕਾਰਜ ਕਰਨ ਵਕਤ ਅਸੀਂ ‘ਏਕ ਜੋਤ ਦੋ ਮੂਰਤੀ’ ਦੀ ਅਰਦਾਸ ਕਰਦੇ ਹਾਂ ਤੇ ਕਿਵੇਂ ਲਿਖ ਦੇਈਏ ਕਿ ਜਦ ਜੀਅ ਕਰੇ ਰਿਸ਼ਤਾ ਤੋੜ ਲਵੋ।

ਮੈਂ ਇਹ ਬਿੱਲ ਰਾਜ ਸਭਾ ਵਿਚ 2006 ਪ੍ਰਾਈਵੇਟ ਮੈਂਬਰ ਬਿੱਲ ਵਜੋਂ ਪੇਸ਼ ਕਰ ਦਿੱਤਾ। ਸ੍ਰੀ ਭੈਰੋਂ ਸਿੰਘ ਸ਼ੇਖ਼ਾਵਤ ਚੇਅਰਮੈਨ ਨੇ ਬੜੀ ਮੇਹਰਬਾਨੀ ਕੀਤੀ ਤੇ ਇਸ ਬਿੱਲ ਨੂੰ ਪਾਰਲੀਮੈਂਟ ਦੇ ਕਾਨੂੰਨ ਮਹਿਕਮੇ ਦੀ ਸਟੈਂਡਿੰਗ ਕਮੇਟੀ ਨੂੰ ਭੇਜ ਦਿੱਤਾ। ਮੈਂ ਤੁਰੰਤ ਪਾਰਲੀਮੈਂਟ ਵਿਚ ਉਸ ਸਮੇਂ ਸਾਰੇ ਸਿੱਖ ਮੈਂਬਰ ਜੋ ਵੱਖ-ਵੱਖ ਸਮੇਂ ਰਾਜਸੀ ਪਾਰਟੀਆਂ ਵਲੋਂ ਸਨ, ਨੂੰ ਬਿੱਲ ਦੀ ਹਮਾਇਤ ਕਰਨ ਦੀ ਬੇਨਤੀ ਕੀਤੀ। ਇਨਾਂ ਸਾਰੇ ਮੈਂਬਰਾਂ (ਸ. ਚਰਨਜੀਤ ਸਿੰਘ ਅਟਵਾਲ, ਡਿਪਟੀ ਸਪੀਕਰ, ਮਹਾਰਾਣੀ ਪ੍ਰਨੀਤ ਕੌਰ, ਐਮ. ਐਸ. ਗਿੱਲ, ਸ. ਸੁਖਦੇਵ ਸਿੰਘ ਢੀਂਡਸਾ, ਰਾਣਾ ਗੁਰਜੀਤ ਸਿੰਘ, ਰਾਜਮੋਹਿੰਦਰ ਸਿੰਘ ਮਜੀਠਾ, ਡਾ. ਰਤਨ ਸਿੰਘ ਅਜਨਾਲਾ, ਆਤਮਾ ਸਿੰਘ ਗਿੱਲ, ਨਰੇਸ਼ ਗੁਜਰਾਲ, ਵਿਰੇਂਦਰ ਸਿੰਘ ਬਾਜਵਾ, ਜ਼ੋਰਾ ਸਿੰਘ ਮਾਨ ਅਤੇ ਸ਼ਰਨਜੀਤ ਸਿੰਘ ਢਿੱਲੋਂ) ਨੇ ਲਿਖ ਕੇ ਪ੍ਰਵਾਨਗੀ ਚੇਅਰਮੈਨ ਨੂੰ ਭੇਜ ਦਿੱਤੀ।

ਪਾਰਲੀਮੈਂਟ ਕਮੇਟੀ ਨੇ ਇਸ ਬਾਰੇ ਕਈ ਮੀਟਿੰਗਾਂ ਕੀਤੀਆਂ ਤੇ ਭਾਰਤ ਦੇ ਕਾਨੂੰਨ ਸਕੱਤਰ ਅਤੇ ਹੋਰ ਸੰਬੰਧਿਤ ਅਧਿਕਾਰੀ ਬੁਲਾਏ। ਮੈਂ ਉਥੇ ਸਾਰੇ ਤੱਥ ਪੇਸ਼ ਕੀਤੇ। ਕਮੇਟੀ ਨੇ ਸਰਬਸੰਮਤੀ ਨਾਲ ਬਿੱਲ ਦੀ ਪ੍ਰਵਾਨਗੀ ਕਰ ਦਿੱਤੀ ਤੇ ਸਰਕਾਰ ਨੂੰ ਇਸ ਬਾਰੇ ਪਾਰਲੀਮੈਂਟ ਵਿਚ ਪਾਸ ਕਰ ਕੇ ਐਕਟ ਬਣਾਉਣ ਲਈ ਆਪਣੀ ਸਿਫ਼ਾਰਸ਼ ਭੇਜ ਦਿੱਤੀ। ਮੈਂ ਪਾਠਕਾਂ ਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਉਸ ਸਮੇਂ ਦੀ ਸਰਕਾਰ ਨੇ ਦੋ ਸਾਲ ਤੋਂ ਵੱਧ ਸਮਾਂ ਇਸ ਬਿੱਲ ਨੂੰ ਰੋਕ ਕੇ ਰੱਖਿਆ। ਸ੍ਰੀ ਭਾਰਦਵਾਜ ਕਾਨੂੰਨ ਮੰਤਰੀ ਸਨ, ਹਰ ਵਾਰ ਇਹ ਜਵਾਬ ਦਿੰਦੇ ਕਿ ਸਰਕਾਰ ਵਿਚਾਰ ਗੋਚਰੇ ਵਿਚ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮੈਂ ਦੋ ਵਾਰ ਮਿਲਿਆ ਕਿ ਉਹ ਕੈਬਨਿਟ ਦੀ ਪ੍ਰਵਾਨਗੀ ਦੇਣ ਪਰ ਇਹ ਦੇਰੀ ਹੁੰਦੀ ਰਹੀ। ਜਦ ਸ੍ਰੀ ਖ਼ੁਰਸ਼ੀਦ ਆਲਮ ਨੂੰ ਕਾਨੂੰਨ ਮੰਤਰੀ ਦਾ ਮਹਿਕਮਾ ਵੀ ਮਿਲ ਗਿਆ, ਮੈਂ ਉਨਾਂ ਕੋਲ ਗਿਆ ਤਾਂ ਉਹ ਮੇਰੀ ਦਲੀਲ ਨੂੰ ਤੁਰੰਤ ਮਨ ਗਏ ਤੇ ਉਨਾਂ ਦੀ ਹਿੰਮਤ ਨਾਲ ਕੈਬਨਿਟ ਤੋਂ ਮਨਜ਼ੂਰੀ ਲੈ ਕੇ ਪਾਰਲੀਮੈਂਟ ਦੇ ਦੋਵੇਂ ਸਦਨਾਂ ਵਿਚ ਇਹ ਬਿੱਲ ਪਾਸ ਕਰਵਾ ਕੇ 2012 ’ਚ ਇਸ ਨੂੰ ਸਾਰੇ ਭਾਰਤ ਵਿਚ ਲਾਗੂ ਕਰਨ ਦਾ ਆਦੇਸ਼ ਦੇ ਦਿੱਤਾ। ਮੈਨੂੰ ਇਹ ਲਿਖਦਿਆਂ ਖ਼ੁਸ਼ੀ ਹੁੰਦੀ ਹੈ ਕਿ ਭਾਜਪਾ ਦੇ ਸਾਰੇ ਮੈਂਬਰਾਂ ਖ਼ਾਸ ਕਰਕੇ ਸੁਸ਼ਮਾ ਸਵਰਾਜ ਤੇ ਅਰੁਣ ਜੇਤਲੀ ਵਲੋਂ ਇਸ ਬਿੱਲ ਨੂੰ ਪੂਰੀ ਮਦਦ ਦਿੱਤੀ ਗਈ ਸੀ। ਇਹ ਬਿੱਲ ਸਰਬਸੰਮਤੀ ਨਾਲ ਪਾਸ ਹੋਇਆ। ਇਹ ਪਹਿਲੀ ਵਾਰ ਹੈ ਕਿ ਪਾਰਲੀਮੈਂਟ ਵਿਚ ਸਿੱਖ ਵੱਖਰੀ ਕੌਮ ਹੋਣ ਸੰਬੰਧੀ ਇਹੋ ਜਿਹਾ ਫ਼ੈਸਲਾ ਹੋਇਆ ਹੈ। ਪਾਠਕਾਂ ਨੂੰ ਇਕ ਹੋਰ ਘਟਨਾ ਦਸਣੀ ਜ਼ਰੂਰੀ ਹੈ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਅਤੇ ਕਾਲਜ ਦੇ ਚੇਅਰਮੈਨ ਸ. ਸਤਿਆਜੀਤ ਸਿੰਘ ਮਜੀਠਾ ਵਲੋਂ ਇਸ ਬਿੱਲ ਦਾ ਪੂਰਾ ਵਿਰੋਧ ਕੀਤਾ ਗਿਆ ਸੀ ਅਤੇ ਇਸ ਨੂੰ ਰੋਕਣ ਲਈ ਸ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਬਾਦਲ ਸਾਹਿਬ ਨੇ ਕਪੂਰਥਲਾ ਹਾਊਸ ਦਿੱਲੀ ਵਿਚ ਇਕ ਮੀਟਿੰਗ ਰੱਖ ਲਈ ਸੀ। ਉਥੇ ਪ੍ਰਿੰਸੀਪਲ ਨੇ ਇਕ ਵੀਡੀਓ ਬਣਾ ਕੇ ਬਿੱਲ ਦੇ ਵਿਰੁੱਧ ਕਿਹਾ ਕਿ ਇਸ ਵਿਚ ਕਈ ਤਬਦੀਲੀਆਂ ਕੀਤੀਆਂ ਜਾਣ। ਮੀਟਿੰਗ ਵਿਚ ਸ. ਅਵਤਾਰ ਸਿੰਘ ਮੱਕੜ, ਪ੍ਰਧਾਨ ਐਸ. ਜੀ.ਪੀ.ਸੀ. ਨੇ ਡਟ ਕੇ ਮੇਰੇ ਬਿੱਲ ਦੀ ਹਮਾਇਤ ਕੀਤੀ। ਸ. ਐਚ. ਐਸ. ਫੂਲਕਾ, ਐਡਵੋਕੇਟ ਨੇ ਬਿੱਲ ਨੂੰ ਸਿੱਖਾਂ ਲਈ ਵੱਡੀ ਪ੍ਰਾਪਤੀ ਦੱਸਿਆ ਸੀ। ਬਾਦਲ ਸਹਿਬ ਨੇ ਫ਼ੈਸਲਾ ਲਿਆ ਕਿ ਜਿਵੇਂ ਵੀ ਬਿੱਲ ਪਾਰਲੀਮੈਂਟ ਵਿਚ ਪੇਸ਼ ਹੋਵੇ ਉਸ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ ਤੇ ਪਾਸ ਕਰਵਾ ਲਿਆ ਜਾਵੇ। ਅਗਲੇ ਦਿਨ ਹੀ ਰਾਜ ਸਭਾ ਵਿਚ ਜਨਾਬ ਖ਼ੁਰਸ਼ੀਦ ਆਲਮ ਨੇ ਇਸ ਨੂੰ ਪਾਸ ਕਰਵਾ ਦਿੱਤਾ।

ਖ਼ੁਰਸ਼ੀਦ ਨੇ ਦੋ ਸਾਲ ਪਹਿਲਾਂ ਇਕ ਕਿਤਾਬ ਲਿਖੀ ਹੈ ਉਸ ਵਿਚ ਅਨੰਦ ਮੈਰਿਜ ਐਕਟ ਪਾਸ ਕਰਨ ਦੀ ਅਤੇ ਆਪਣੀ ਹਮਾਇਤ ਸਿੱਖਾਂ ਪ੍ਰਤੀ ਲਿਖਿਆ ਹੈ। ਪਰ ਨਾਲ ਇਹ ਲਿਖ ਦਿੱਤਾ ਕਿ ਪੰਜਾਬ ਕਾਂਗਰਸ ਦੇ ਕਈ ਮੈਂਬਰ ਪਾਰਲੀਮੈਂਟ ਵਿਚ ਇਸ ਬਿੱਲ ਨੂੰ ਰੁਕਵਾਉਣਾ ਚਾਹੁੰਦੇ ਸਨ।

ਇਸ ਲੇਖ ਵਿਚ ਸਾਰੇ ਤੱਥ ਮੈਂ ਪੇਸ਼ ਕਰ ਰਿਹਾ ਹਾਂ ਤਾਂ ਜੋ ਇਸ ਇਤਿਹਾਸਕ ਕਾਰਵਾਈ ਦਾ ਰਿਕਾਰਡ ਰਹਿ ਜਾਵੇ। 2012 ਤੋਂ ਜਿੰਨੇ ਸਿੱਖ ਵਿਆਹ ਹੋਏ ਹਨ ਉਨਾਂ ਨੂੰ ਇਹ ਸਿੱਖ ਹੋਣ ਦਾ ਹੁਣ ਸਰਟੀਫਿਕੇਟ ਮਿਲਦਾ ਹੈ। ਇਹ ਵੀ ਸਹੂਲਤ ਹੈ ਕਿ ਪੁਰਾਣੇ ਹਿੰਦੂ ਐਕਟ ਵਾਲੇ ਸਰਟੀਫਿਕੇਟ ਦੁਬਾਰਾ ਬਣਵਾਏ ਜਾ ਸਕਦੇ ਹਨ।



# ਕੀ ਚੌਥੀ ਵਿਸ਼ਵ ਜੰਗ ਡਾਂਗਾਂ, ਸੋਟਿਆਂ ਅਤੇ ਪੱਥਰਾਂ ਨਾਲ ਲੜੀ ਜਾਏਗੀ ?



**ਗੁਰਮੀਤ ਸਿੰਘ ਪਲਾਹੀ**
9815802070

ਪਹਿਲੀ ਵਿਸ਼ਵ ਜੰਗ ਵਿੱਚ ਮਰਨ ਵਾਲਿਆਂ ਦੀ ਗਿਣਤੀ ਇੱਕ ਕਰੋੜ ਤੋਂ ਵੱਧ ਸੀ, ਜਦਕਿ ਦੂਜੇ ਵਿਸ਼ਵ ਯੁੱਧ ਵਿੱਚ ਸਾਢੇ ਪੰਜ ਕਰੋੜ ਲੋਕ ਮਾਰੇ ਗਏ। ਤਬਾਹੀ ਦਾ ਮੰਜ਼ਰ ਇਹੋ ਜਿਹਾ ਕਿ ਇਸ ਜੰਗ 'ਚ ਲਗਭਗ ਸਾਢੇ ਤਿੰਨ ਕਰੋੜ ਜ਼ਖ਼ਮੀ ਹੋਏ ਅਤੇ 1940 ਦੇ ਦਹਾਕੇ ਵਿਚ ਤੀਹ ਲੱਖ ਲੋਕ ਲਾਪਤਾ ਹੋ ਗਏ ਸਨ। ਧੰਨ ਦੇ ਖ਼ਰਚੇ ਦਾ ਕੋਈ ਹਿਸਾਬ ਨਹੀਂ, ਕੁਦਰਤੀ ਖ਼ਜ਼ਾਨੇ ਦੀ ਤਬਾਹੀ ਦਾ ਤਾਂ ਕੋਈ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕਦਾ। ਮਨੁੱਖ ਜਾਤੀ, ਪਸ਼ੂ ਧਨ, ਬਨਸਪਤੀ ਫ਼ਸਲ-ਬਾੜੀ, ਵਾਤਾਵਰਨ ਦਾ ਇੰਨਾ ਨੁਕਸਾਨ ਹੋਇਆ ਕਿ ਦਹਾਕਿਆਂ ਬਾਅਦ ਤੱਕ ਥਾਂ ਸਿਰ ਨਹੀਂ ਹੋ ਸਕਿਆ। ਹੀਰੋਸ਼ੀਮਾ ਨਾਗਾਸਾਕੀ (ਜਪਾਨ) 'ਚ ਸੁੱਟੇ ਪ੍ਰਮਾਣੂ ਬੰਬ ਦੀ ਕਥਾ ਭਿਅੰਕਰ ਤਬਾਹੀ ਤੋਂ ਵੱਖਰੀ ਨਹੀਂ, ਜਿਸ ਤੋਂ ਅਮਨ ਪਸੰਦ ਲੋਕ, ਆਮ ਲੋਕ ਤ੍ਰਾਹ-ਤ੍ਰਾਹ ਕਰ ਉੱਠੇ। ਇਨ੍ਹਾਂ ਜੰਗਾਂ ਦੌਰਾਨ ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਦਿੱਤਾ। ਗਰੀਬ ਹੋਰ ਗਰੀਬ ਹੋ ਗਏ। ਅਤੇ ਆਮ ਲੋਕਾਂ ਦਾ ਜੀਵਨ ਔਖਾ ਹੋ ਗਿਆ। ਅੱਜ ਵੀ ਰੂਸ-ਯੂਕਰੇਨ ਜੰਗ ਨੇ ਮਹਿੰਗਾਈ ਦੇ ਫਰੰਟ 'ਤੇ ਦੁਨੀਆ ਭਰ 'ਚ ਹਾਹਾਕਾਰ ਮਚਾਈ ਹੋਈ ਹੈ।

ਇੱਕ ਵਿਦੇਸ਼ੀ ਇਤਿਹਾਸਕਾਰ ਨੇ ਦੁਨੀਆ ਦੇ ਇਤਿਹਾਸ ਅਤੇ ਜੰਗਾਂ ਦਾ ਅਧਿਐਨ ਕੀਤਾ ਹੈ। ਉਸ ਅਨੁਸਾਰ ਪਿਛਲੇ ਲਗਭਗ ਸਾਢੇ ਤਿੰਨ ਹਜ਼ਾਰ ਸਾਲਾਂ ਵਿੱਚ ਦੋ ਸੌ ਸੱਠ ਸਾਲ ਹੀ ਇਹੋ ਜਿਹੇ ਰਹੇ, ਜਿਨ੍ਹਾਂ ਵਿਚ ਕੋਈ ਜੰਗ ਨਹੀਂ ਹੋਈ। ਵਰਨਾ ਦੁਨੀਆ ਆਪਿਸ ਵਿੱਚ ਲੜਦੀ ਰਹੀ। ਰੰਗਭੇਦ ਅਤੇ ਨਸਲ ਭੇਦ ਦੇ ਨਾਮ ਉਤੇ ਦੁਨੀਆ ਵਿੱਚ ਜੰਗਾਂ ਅਤੇ ਘਰੇਲੂ ਜੰਗਾਂ ਹੋਈਆਂ। ਪਰ ਇਨ੍ਹਾਂ ਦਾ ਨਤੀਜਾ ਕੀ ਨਿਕਲਿਆ ? ਸਿਫ਼ਰ ਜ਼ੀਰੋ। ਫਿਰ ਵੀ ਸਭਿਆ ਕਹੇ ਜਾਣ ਵਾਲੇ ਦੇਸ਼ ਜਾਂ ਭਾਈਚਾਰੇ ਜੰਗ ਕਿਉਂ ਕਰਦੇ ਹਨ ?

ਕੈਥੋਲਿਕ ਅਤੇ ਪ੍ਰੋਟੈਸਟੈਂਟ ਭਾਈਚਾਰੇ ਵਿਚਕਾਰ ਸੰਘਰਸ਼ ਹੋਏ। ਸ਼ੀਆ ਅਤੇ ਸੁੰਨੀ ਭਾਈਚਾਰਿਆਂ ਨੇ ਆਪਸ ਵਿੱਚ ਜੰਗ ਲੜੀ। ਲੱਖਾਂ ਲੋਕ ਮਾਰੇ ਗਏ। ਬਾਵਜੂਦ ਇਸਦੇ ਕੋਈ ਵੀ ਭਾਈਚਾਰਾ ਦੂਜੇ ਭਾਈਚਾਰੇ ਨੂੰ ਖ਼ਤਮ ਨਹੀਂ ਕਰ ਸਕਿਆ। ਕੈਥੋਲਿਕ, ਪ੍ਰੋਟੈਸਟੈਂਟ, ਸ਼ੀਆ, ਸੁੰਨੀ ਨੂੰ ਮੰਨਣ ਵਾਲਿਆਂ ਦੀ ਅੱਜ ਵੀ ਕੋਈ ਕਮੀ ਨਹੀਂ। ਜੰਗ ਜਾਂ ਹਿੰਸਾ ਨਾ ਕਿਸੇ ਦੂਜੀ ਵਿਚਾਰਧਾਰਾ ਜਾਂ ਪੰਥ ਨੂੰ ਖ਼ਤਮ ਕਰ ਸਕੀ ਹੈ ਨਾ ਹੀ ਕਰ ਸਕੇਗੀ। ਸਮੇਂ ਦੇ ਹਾਕਮ ਨੇ ਹਿੰਦੂਆਂ ਦੇ ਲੱਖਾਂ ਮਣ ਜੰਜੂ ਲਾਹਕੇ ਉਨ੍ਹਾਂ ਦਾ ਧਰਮ ਬਦਲਣਾ ਚਾਹਿਆ, ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਧੜਾਂ ਨਾਲੋਂ ਸਿਰ ਅਲੱਗ ਕਰਕੇ ਉਨ੍ਹਾਂ ਨੂੰ ਖ਼ਤਮ ਕਰਨਾ ਚਾਹਿਆ, ਇਥੋਂ ਤੱਕ ਕਿ ਹਰਿਮੰਦਰ ਸਾਹਿਬ ਵਿਚ ਬਣੇ ਸਰੋਵਰ ਨੂੰ ਤਬਾਹ ਕੀਤਾ ਗਿਆ, ਪਰ ਇਹ ਭਾਈਚਾਰਾ ਅੱਜ ਵੀ ਜਿਉਂਦਾ ਹੈ। ਦੁਨੀਆ ਭਰ ਵਿਚ ਵੱਧ ਫੁਲ ਰਿਹਾ ਹੈ।

ਹਿੰਸਾ ਅਤੇ ਜੰਗ ਦੀ ਭਿਆਨਕਤਾ ਤੋਂ ਕੌਣ ਜਾਣੂ ਨਹੀਂ ਹੈ ? ਰਾਜਿਆਂ, ਮਹਾਂਰਾਜਿਆਂ ਨੇ ਦੁਨੀਆ ਫਤਿਹ ਕਰਨ ਦੇ ਮੋਹ ਅਤੇ ਆਪਣਾ ਸਮਰਾਜ ਵਧਾਉਣ ਦੀ ਹਵਸ ਨੇ ਕਈ ਵੱਡੀਆਂ ਜੰਗਾਂ ਲੜੀਆਂ। ਇਨ੍ਹਾਂ ਜੰਗਾਂ ਨੇ ਦੁਨੀਆ ਅਤੇ ਦੁਨੀਆ ਦੀਆਂ ਸਭਿਆਤਾਵਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ। ਬਾਵਜੂਦ ਵੱਡਾ ਤਾਕਤਵਰ ਹੋਣ ਦੇ ਇਹ ਸਾਮਰਾਜ ਦੂਜੇ ਰਾਜਾਂ, ਦੇਸ਼ਾਂ, ਸਭਿਆਤਾਵਾਂ ਨੂੰ ਖ਼ਤਮ ਨਹੀਂ ਕਰ ਸਕੇ। ਧਰਮ ਦੇ ਨਾਅ ਉਤੇ ਜਿਹੜੀਆਂ ਜੰਗਾਂ ਹੋਈਆਂ, ਉਨ੍ਹਾਂ ਵਿਚ ਜੇਤੂ ਅਤੇ ਹਾਰਨ ਵਾਲੇ ਪਹਿਲਾਂ ਵੀ ਹੋਂਦ ਵਿੱਚ ਸਨ, ਬਾਅਦ ਵਿੱਚ ਵੀ ਰਹੇ। ਕੋਈ ਇੱਕ ਪੱਖ, ਦੂਜੇ ਪੱਖ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕਰ ਸਕਿਆ। ਇੱਕਵੀਂ ਸਦੀ ਦੀਆਂ ਜੰਗਾਂ ਪਹਿਲੀਆਂ ਜੰਗਾਂ ਨਾਲੋਂ ਜ਼ਿਆਦਾ ਵਿਨਾਸ਼ਕਾਰੀ ਹਨ ਅਤੇ ਕਰੂਰਤਾ ਦੀਆਂ ਸਾਰੀਆਂ ਹੱਦਾਂ ਲੰਘ ਰਹੀਆਂ ਹਨ। ਪ੍ਰਾਚੀਨ ਕਾਲ ਦੀਆਂ ਲੜਾਈਆਂ ਵਿਚ ਇੱਕ ਅਣਲਿਖਤ ਮਰਿਆਦਾ ਸੀ, ਉਹ ਇਹ ਕਿ ਸ਼ਾਮ ਢਲਣ 'ਤੇ ਜੰਗ ਬੰਦ ਕਰ ਦਿੱਤੀ ਜਾਂਦੀ ਸੀ। ਇਹ ਜੰਗ ਸੈਨਿਕਾਂ ਵਿਚਾਰ ਹਥਿਆਰਾਂ ਨਾਲ ਲੜੀ ਜਾਂਦੀ ਸੀ, ਪਰ ਆਮ ਨਗਰਿਕਾਂ ਦਾ ਉਨ੍ਹਾਂ ਦੀ ਜਾਨ-ਮਾਲ ਦਾ ਕੋਈ ਨੁਕਸਾਨ ਨਹੀਂ ਸੀ ਹੁੰਦਾ।

ਵਿਦੇਸ਼ੀ ਮੁਗਲ ਹਮਲਾਵਰ ਜੋ ਅਸਲ ਵਿੱਚ ਆਰਥਿਕ ਲੁਟੇਰੇ ਸਨ, ਉਨ੍ਹਾਂ ਨੇ ਇਸ ਪਰੰਪਰਾ ਨੂੰ ਤੋੜਿਆ। ਚੰਗੇਜ਼ ਖਾਂ ਨੇ ਦਿੱਲੀ 'ਤੇ ਕਬਜ਼ਾ ਕੀਤਾ। ਲੱਖਾਂ ਲੋਕਾਂ ਨੂੰ ਮਾਰਿਆ, ਤਬਾਹ ਕੀਤਾ। ਨਿਹੱਥੀ ਜਨਤਾ ਨੂੰ ਬੇਇੰਤਹਾ ਲੁੱਟਿਆ। ਦੂਜੀ ਵਿਸ਼ਵ ਜੰਗ ਵਿੱਚ ਦੁਸ਼ਮਣ ਰਾਸ਼ਟਰਾਂ ਨੂੰ ਹਰਾਉਣ ਲਈ, ਆਪਣੇ ਹਮਾਇਤੀ ਰਾਸ਼ਟਰਾਂ ਦੀ ਸਹਿਮਤੀ ਨਾਲ ਅਮਰੀਕਾ ਨੇ ਜਪਾਨ ਉਤੇ ਪ੍ਰਮਾਣੂ ਬੰਬ ਸੁੱਟੇ ਅਤੇ ਹੀਰੋਸ਼ੀਮਾ, ਨਾਗਾਸਾਕੀ ਸ਼ਹਿਰਾਂ ਨੂੰ ਪੂਰੀ ਤਰ੍ਹਾਂ ਤਬਾਹ ਕਰਕੇ ਰੱਖ ਦਿੱਤਾ ਅਤੇ ਹਿਟਲਰੀ ਨਾਜੀ ਸੈਨਾਵਾਂ ਦੇ ਮਨੋਬਲ ਨੂੰ ਤੋੜਕੇ ਲੜਾਈ ਜਿੱਤੀ। ਮੌਜੂਦਾ ਸਮੇਂ ਰੂਸ ਤੇ ਯੂਕਰੇਨ ਜੰਗ ਵਿਚ ਜੋ ਕੁਝ ਵੇਖਣ ਨੂੰ ਮਿਲ ਰਿਹਾ ਹੈ, ਉਹ ਮਨੁੱਖ ਦੀ ਦਰਿਦਰਤਾ ਦੀ ਭਿਅੰਕਰ ਤਸਵੀਰ ਹੈ। ਇਸ ਲੜਾਈ ਵਿਚ ਮਾਡਰਨ ਜੰਗੀ ਹਥਿਆਰਾਂ ਦੀ ਵਰਤੋਂ ਨਿਹੱਥੇ ਨਾਗਰਿਕਾਂ ਉਤੇ ਕੀਤੀ ਜਾ ਰਹੀ ਹੈ। ਯੂਕਰੇਨ ਦੇ 50 ਲੱਖ ਤੋਂ ਵੱਧ ਲੋਕ ਆਪਣੇ ਘਰ ਛੱਡਣ ਲਈ ਮਜ਼ਬੂਰ ਹੋ ਚੁੱਕੇ ਹਨ, ਸ਼ਰਨਾਰਥੀ ਜੀਵਨ ਜੀਅ ਰਹੇ ਹਨ। ਹਜ਼ਾਰਾਂ ਲੋਕ ਜਿਨ੍ਹਾਂ ਵਿਚ ਬੱਚੇ ਵੀ ਸ਼ਾਮਲ ਹਨ, ਮਾਰੇ ਜਾ ਚੁੱਕੇ ਹਨ। ਰਿਹਾਇਸ਼ੀ ਇਮਾਰਤਾਂ ਢਹਿ ਢੇਰੀ ਕਰ ਦਿੱਤੀਆਂ ਗਈਆਂ ਹਨ, ਸਕੂਲਾਂ, ਹਸਪਤਾਲਾਂ ਉਤੇ ਬੰਬ ਸੁੱਟੇ ਜਾ ਰਹੇ ਹਨ। ਇਹ ਲੜਾਈ ਲੰਮੀ ਹੁੰਦੀ ਜਾ ਰਹੀ ਹੈ। ਇਸਦੀ ਪੀੜਾ ਸਮੁੱਚੀ ਮਾਨਵਤਾ ਨੂੰ ਝੱਲਣੀ ਪੈ ਰਹੀ ਹੈ। ਅਸਲ ਲੜਾਈ ਤਾਂ ਨਾਟੋ ਦੇਸ਼ਾਂ ਅਤੇ ਰੂਸ ਦੀ ਹੈ, ਇੱਕ ਦੂਜੇ ਤੋਂ ਵੱਡਾ 'ਥਾਣੇਦਾਰ' ਕਹਾਉਣ ਦੀ, ਦਬਦਬਾ ਵਧਾਉਣ ਦੀ, ਪਰ ਨਿਰਦੋਸ਼ ਲੋਕਾਂ ਦਾ ਕੀ ਕਸੂਰ ? ਆਮ ਲੋਕਾਂ ਤਾਂ ਇਹ ਸਮਝ ਹੀ ਨਹੀਂ ਸਕੇ ਕਿ ਇਹ ਜੰਗ ਆਖ਼ਰ ਕਿਸ ਲਈ ਹੋ ਰਹੀ ਹੈ ? ਇਸ ਤੋਂ ਵੀ ਵੱਡਾ ਸਵਾਲ ਹੋਰ ਹੈ, ਜਿਸਦੀ ਚਰਚਾ ਕਰਨੀ ਬਣਦੀ ਹੈ : ਦੁਨੀਆ ਭਰ 'ਚ ਜੰਗਾਂ 17ਵੀਂ ਸਦੀ ਦੇ ਅੱਧ ਤੱਕ ਆਮ ਤੌਰ 'ਤੇ 'ਧਰਮਾਂ' ਦੀ ਸਰਬ ਸ੍ਰੇਸ਼ਟਤਾ ਲਈ ਹੋਈਆਂ। ਫਰਾਂਸ ਦੇ ਇਨਕਲਾਬ ਤੋਂ ਬਾਅਦ ਰਾਜ ਸੱਤਾ ਹਥਿਆਉਣ ਅਤੇ ਰਾਸ਼ਟਰਾਂ ਦੀ ਪ੍ਰਭੂਸਤਾ ਅਤੇ ਸ੍ਰੇਸ਼ਟਤਾ ਲਈ ਲੜਾਈਆਂ ਲੜੀਆਂ ਗਈਆਂ। ਫਿਰ ਜੰਗਾਂ ਦਾ ਰੁਖ ਅਤੇ ਸਰੂਪ ਬਦਲਿਆ, ਜਿਸ ਬਾਰੇ ਦੁਨੀਆ ਦਾ ਵੱਡਾ ਸਾਇੰਸਦਾਨ ਅਲਵਰਟ ਆਈਨਸਟਾਈਨ ਕਹਿੰਦਾ ਹੈ, 'ਮੈਂ ਹੁਣ ਤੱਕ ਉਹਨਾ ਜੰਗਾਂ ਦੀ ਗੱਲ ਕੀਤੀ ਹੈ ਜੋ ਵਿਸ਼ਵ ਭਰ 'ਚ ਕੁਝ ਰਾਸ਼ਟਰਾਂ ਦੀਆਂ ਆਪਸੀ ਰੰਜਿਸ਼ਾਂ ਕਾਰਨ ਹੋਈਆਂ ਹਨ। ਪਰ ਹੁਣ ਦੇ ਸਮੇਂ ਵਿਚ ਇਹ ਜੰਗ, ਪਿਛਲੇ ਸਮਿਆਂ ਵਾਂਗਰ, ਘੱਟ ਗਿਣਤੀਆਂ ਨਾਲ ਵੀ ਦਿਖਵੇਂ, ਅਣਦਿਖਵੇਂ ਢੰਗ ਨਾਲ ਹੋ ਰਹੀਆਂ ਹਨ, ਜੋ ਅੱਗੋਂ ਗ੍ਰਹਿ-ਯੁੱਧ ਦਾ ਰੂਪ ਧਾਰਨਗੇ। ਇਹ ਜੰਗਾਂ ਬਹੁਤ ਹੀ ਕਰੂਰਤਾ ਭਰੀਆਂ ਅਤੇ ਜ਼ਾਲਮਾਨਾ ਹਨ'।

ਬਹੁ-ਗਿਣਤੀ ਵਲੋਂ ਘੱਟ ਗਿਣਤੀਆਂ ਉਤੇ ਕੀਤੇ ਜਾ ਰਹੇ ਜ਼ੁਲਮ ਭਾਵੇਂ ਉਹ ਪਾਕਿਸਤਾਨ ਵਿੱਚ ਹਨ, ਜਾਂ ਭਾਰਤ ਵਿੱਚ ਜਾਂ ਫਿਰ ਏਸ਼ੀਆ ਦੇ ਹੋਰ ਕਈ ਮੁਲਕਾਂ ਵਿਚ ਜਾਂ ਵਿਸ਼ਵ ਦੇ ਹੋਰ ਭਾਗਾਂ 'ਚ ਜਿਥੇ ਬਹੁਲਤਾ ਫਿਰਕੂ ਦੇ 'ਲੋਕ ਬਾਦਸ਼ਾਹ' ਘੱਟਗਿਣਤੀਆਂ ਨੂੰ ਦੋ ਨੰਬਰ ਦੇ ਸ਼ਹਿਰੀ ਕਹਿੰਦੇ ਹਨ ਅਤੇ ਉਹੋ ਜਿਹਾ ਹੀ ਵਿਵਹਾਰ ਕਰਦੇ ਹਨ। ਉਨ੍ਹਾਂ ਨੂੰ ਉਨ੍ਹਾਂ ਦੇ ਮਿਲੇ ਸੰਵਿਧਾਨਿਕ ਹੱਕਾਂ ਤੋਂ ਵਾਂਝੇ ਰੱਖਦੇ ਹਨ। ਇਹ ਜੰਗ ਦਾ ਅੱਜ ਦੇ ਸਮੇਂ ਦਾ ਭਿਅੰਕਰ ਸੱਚ ਅਤੇ ਪਹਿਲੂ ਹੈ, ਜੋ ਮਨੁੱਖ ਨੂੰ ਅਣਦਿਖਵੀਂ ਜੰਗ ਦੀ ਪੀੜਾ ਸਹਿਣ ਲਈ ਮਜ਼ਬੂਰ ਕਰਦਾ ਹੈ। ਹਾਕਮ ਜਿਸ ਲਈ 'ਜਿਸਦੀ ਲਾਠੀ ਉਸਕੀ ਭੈਂਸ' ਦਾ ਸਿਧਾਂਤ ਸ੍ਰੇਸ਼ਟ ਹੈ, ਨੂੰ ਇਹ ਜੰਗ 'ਕੁਰਸੀ, ਤਾਕਤ, ਹੈਂਕੜ' ਬਖ਼ਸ਼ਦੀ ਹੈ। ਜਿਵੇਂ ਕਿ ਇਹ ਭਾਰਤ ਵਿੱਚ ਦੇਖਣ ਨੂੰ ਮਿਲ ਰਿਹਾ ਹੈ।

ਜੰਗ, ਭਾਵੇਂ ਗ੍ਰਹਿ ਯੁੱਧ ਹੈ। ਜੰਗ, ਭਾਵੇਂ ਰਾਸ਼ਟਰ ਦਾ ਆਪਸ ਵਿੱਚ ਹੈ। ਜੰਗ, ਭਾਵੇਂ ਘੱਟ ਗਿਣਤੀਆਂ ਨੂੰ ਤਹਿਸ਼-ਨਹਿਸ਼ ਕਰਨ ਵਾਲੀ ਇੱਕ ਪਾਸੜ ਹੈ। ਮਨੁੱਖ ਦੇ ਮੱਥੇ ਉਤੇ ਕਲੰਕ ਹੈ। ਜੰਗ ਦੀ ਇਸ ਮਨੁੱਖੀ ਵਿਰਤੀ ਨੂੰ ਰੋਕਣ ਲਈ ਸਮੇਂ-ਸਮੇਂ ਵਿਚਾਰਵਾਨਾਂ, ਅਮਨ ਪਸੰਦ ਅਤੇ ਮਨੁੱਖ ਅਧਿਕਾਰਾਂ ਦੇ ਹਾਮੀ ਲੋਕਾਂ ਵਲੋਂ ਵੱਡੇ ਯਤਨ ਹੋਏ ਹਨ, ਪਰ ਨਾਜੀ, ਡਿਕਟੇਟਰਾਨਾ ਰੁਚੀਆਂ ਵਾਲੇ ਹਾਕਮ ਇਨ੍ਹਾਂ ਯਤਨਾਂ ਨੂੰ ਤਰਪੀਡੋ ਕਰਦੇ ਰਹੇ ਹਨ ਅਤੇ ਹੁਣ ਵੀ ਕਰ ਰਹੇ ਹਨ।

ਦੁਨੀਆ ਦੇ ਰਾਸ਼ਟਰਾਂ ਨੇ ਲੀਗ ਆਫ਼ ਨੇਸ਼ਨਜ਼ ਅਤੇ ਸੰਯੁਕਤ ਰਾਸ਼ਟਰ ਸੰਘ ਨੇ ਵੀ ਜੰਗ ਦੇ ਲਈ ਚਾਰਟਰ ਬਣਾਇਆ ਸੀ ਅਤੇ ਨਿਯਮ ਤਹਿ ਕੀਤੇ ਸਨ ਪਰ ਕਿਉਂਕਿ ਸੰਯੁਕਤ ਰਾਸ਼ਟਰ ਸੰਘ ਕੋਲ ਆਪਣੀ ਕੋਈ ਤਾਕਤ ਨਹੀਂ ਹੈ ਅਤੇ ਆਰਥਿਕ ਮਾਮਲਿਆਂ ਉਤੇ ਉਹ ਵੱਡੇ ਦੇਸ਼ਾਂ ਉਤੇ ਹੀ ਨਿਰਭਰ ਕਰਦੀ ਹੈ, ਇਸ ਲਈ ਉਸ ਵਲੋਂ ਨਿਰਧਾਰਤ ਅਤੇ ਪ੍ਰਵਾਨਿਤ ਮਾਪ ਦੰਡ ਕਮਜ਼ੋਰ ਦੇਸ਼ਾਂ ਉਤੇ ਹੀ ਲਾਗੂ ਹੋ ਜਾਂਦੇ ਹਨ, ਪਰ ਤਾਕਤਵਰ ਦੇਸ਼ ਇਨ੍ਹਾਂ ਨਿਯਮਾਂ ਨੂੰ ਨਹੀਂ ਮੰਨਦੇ। ਕੁਲ ਮਿਲਾਕੇ ਇਹ ਸਪਸ਼ਟ ਹੈ ਕਿ ਇਹ ਵਿਸ਼ਵ ਪੱਧਰੀ ਸੰਸਥਾਵਾਂ ਵੱਡੀਆਂ ਤਾਕਤਾਂ ਦੀਆਂ ਪਿੱਛਲੱਗੂ ਬਣਕੇ ਰਹਿ ਗਈਆਂ ਹਨ।

ਦੁਨੀਆ ਦਾ ਜਿੰਨਾ ਪੈਸਾ ਜੰਗਾਂ ਉਤੇ ਹੁਣ ਤੱਕ ਖ਼ਰਚ ਹੋਇਆ ਹੈ, ਉਸਦੀ ਗਿਣਤੀ-ਮਿਣਤੀ ਜੇਕਰ ਕੀਤੀ ਜਾਵੇ ਤਾਂ ਉਨੇ ਪੈਸੇ ਨਾਲ ਇੱਕ ਨਹੀਂ ਕਈ ਦੁਨੀਆ ਖੜੀ ਹੋ ਸਕਦੀਆਂ ਹਨ।

ਦੁਨੀਆ ਨੂੰ ਜੰਗਾਂ-ਯੁੱਧਾਂ, ਵਿਵਾਦਾਂ ਅਤੇ ਆਰਥਿਕ ਸੋਸ਼ਣ ਤੋਂ ਮੁਕਤੀ ਲਈ ਨਵਾਂ ਰਸਤਾ ਲੱਭਣਾ ਪਵੇਗਾ। ਨਹੀਂ ਤਾਂ ਮਨੁੱਖਤਾ ਦਾ ਸਰਵਨਾਸ਼ ਦੇਰ-ਸਵੇਰ ਨਿਸ਼ਚਿਤ ਹੈ, ਜਿਸ ਬਾਰੇ ਵਿਗਿਆਨਿਕ ਅਲਬਰਟ ਆਈਸਟਾਈਨ ਪਹਿਲਾਂ ਹੀ ਚਿਤਾਵਨੀ ਦੇ ਗਏ ਹਨ, 'ਮੈਂ ਜਾਣਦਾ ਹਾਂ ਕਿ ਤੀਜਾ ਵਿਸ਼ਵ ਯੁੱਧ ਕਿਨ੍ਹਾਂ ਹਥਿਆਰਾਂ ਨਾਲ ਲੜਿਆ ਜਾਏਗਾ, ਪਰ ਮੈਂ ਇਹ ਵੀ ਜਾਣਦਾ ਹਾਂ ਕਿ ਚੌਥਾ ਵਿਸ਼ਵ ਯੁੱਧ ਡਾਂਗਾਂ, ਸੋਟਿਆਂ ਅਤੇ ਪੱਥਰਾਂ ਨਾਲ ਲੜਿਆ ਜਾਏਗਾ'।

# ਭਾਰਤ ਦੀ ਜਮਹੂਰੀਅਤ ਲਈ ਵੱਧ ਰਹੇ ਖਤਰੇ

**ਰਜਿੰਦਰ ਸਿੰਘ ਪੁਰੇਵਾਲ**

ਭਾਰਤ ਵਿਚ ਫਿਰਕੂ ਹਮਲੇ ਅਤੇ ਜਮਹੂਰੀਅਤ ਦਾ ਘਾਣ ਨਿਰਾਸ਼ਾ ਵਾਲਾ ਸਮਾਂ ਹੈ। ਹੁਣ ਵਿਰੋਧੀ ਧਿਰਾਂ ਵਲੋਂ ਮੋਦੀ ਰਾਜ ਖਿਲਾਫ ਅਵਾਜ਼ਾਂ ਉਠ ਰਹੀਆਂ ਹਨ। ਭਾਰਤ ਦੀ ਸਭ ਤੋਂ ਵੱਡੀ ਅਖਬਾਰ 'ਟਾਈਮਜ਼ ਆਫ ਇੰਡੀਆ' ਦੇ ਪੰਜਾਬ ਐਡੀਸ਼ਨ ਵਿਚ 8 ਨੰਬਰ ਸਫੇ ਉਤੇ ਇਕ ਦੋ ਕਾਲਮੀ ਖਬਰ ਛਪੀ ਹੈ ਕਿ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਮੰਗ ਕੀਤੀ ਹੈ ਕਿ ਸਾਰੀਆਂ ਕੇਂਦਰੀ ਪੜਤਾਲੀਆ ਏਜੰਸੀਆਂ ਨੂੰ ਖੁਦਮੁਖਤਿਆਰ ਬਣਾਇਆ ਜਾਵੇ ਅਤੇ ਇਨ੍ਹਾਂ ਨੂੰ ਰਾਜਸੀ ਪ੍ਰਭਾਵ ਤੋਂ ਮੁਕਤ ਕੀਤਾ ਜਾਵੇ। 'ਜਿਸ ਢੰਗ ਨਾਲ ਕੇਂਦਰ ਸਰਕਾਰ ਤੇ ਹਕੂਮਤੀ ਪਾਰਟੀ ਬਦਲਾਖੋਰੀ ਦੀ ਭਾਵਨਾ ਨਾਲ ਇਨ੍ਹਾਂ ਦੀ ਵਰਤੋਂ ਆਪਣੇ ਵਿਰੋਧੀਆਂ ਵਿਰੁਧ ਕਰ ਰਹੀ ਹੈ, ਉਹ ਦੇਸ਼ ਦੇ ਜਮਹੂਰੀ ਢਾਂਚੇ ਦੇ ਖਿਲਾਫ ਹੈ। ਇਸ ਲਈ ਮੈਂ ਮੰਗ ਕਰਦੀ ਹਾਂ ਕਿ ਸਾਰੀਆਂ ਕੇਂਦਰੀ ਪੜਤਾਲੀਆ ਏਜੰਸੀਆਂ ਨੂੰ ਪੂਰਨ ਖੁਦਮੁਖਤਿਆਰੀ ਦਿੱਤੀ ਜਾਵੇ ਤੇ ਇਨ੍ਹਾਂ ਨੂੰ ਪ੍ਰਧਾਨ ਮੰਤਰੀ ਦਫਤਰ ਤੇ ਕੇਂਦਰੀ ਗ੍ਰਹਿ ਮੰਤਰੀ ਦੇ ਸ਼ਿਕੰਜੇ ਵਿਚੋਂ ਮੁਕਤ ਕੀਤਾ ਜਾਵੇ। ਇਨ੍ਹਾਂ ਨੂੰ ਸਿਰਫ ਤਨਖਾਹ ਕੇਂਦਰ ਸਰਕਾਰ ਵਲੋਂ ਦਿਤੀ ਜਾਵੇ ਜਿਵੇਂ ਕਿ ਦੂਜੇ ਖੁਦਮੁਖਤਿਆਰ ਅਦਾਰਿਆਂ ਵਾਸਤੇ ਕੀਤਾ ਜਾਂਦਾ ਹੈ।' ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਇਸ ਤੋਂ ਪਹਿਲਾਂ ਕਦੀ ਵੀ ਇਨ੍ਹਾਂ ਏਜੰਸੀਆਂ ਦੀ ਏਨੀ ਦੁਰਵਰਤੋਂ ਨਹੀਂ ਹੋਈ, ਜਿੰਨੀ ਕਿ ਮੌਜੂਦਾ ਕੇਂਦਰ ਸਰਕਾਰ ਕਰ ਰਹੀ ਹੈ। ਇਸ ਦਾ ਤਾਜ਼ਾ ਸ਼ਿਕਾਰ ਰਾਸ਼ਟਰੀ ਜਨਤਾ ਦਲ ਦਾ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਹੋਇਆ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦਾ ਰਾਜ ਹਿਟਲਰ ਤੇ ਸਟਾਲਿਨ ਨਾਲੋਂ ਵੀ ਮਾੜਾ ਹੈ।




ਹੁਣੇ ਜਿਹੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਹੈ ਕਿ ਭਾਰਤ ਨੂੰ ਬੋਲਣ ਦੀ ਆਜ਼ਾਦੀ ਦੇਣ ਵਾਲੇ ਅਦਾਰਿਆਂ 'ਤੇ ਸੋਚਿਆ-ਸਮਝਿਆ ਹਮਲਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਬੋਲਣ ਦੀ ਆਜ਼ਾਦੀ ਵਿਚ ਅੜਿੱਕੇ ਪਾਏ ਜਾ ਰਹੇ ਹਨ ਜਿਸ ਕਾਰਨ 'ਅਦਿਖ ਤਾਕਤਾਂ' ਅਰਥਾਤ ਡੀਪ ਸਟੇਟ ਇਨ੍ਹਾਂ ਅਦਾਰਿਆਂ ਵਿਚ ਦਾਖ਼ਲ ਹੋ ਰਹੀਆਂ ਹਨ ਅਤੇ ਮੁਲਕ ਵਿਚ ਸੰਵਾਦ ਦੇ ਤਰੀਕੇ ਦੀ ਪਰਿਭਾਸ਼ਾ ਨਵੇਂ ਸਿਰੇ ਤੋਂ ਤੈਅ ਕੀਤੀ ਜਾ ਰਹੀ ਹੈ। ਰਾਹੁਲ ਨੇ ਵੱਕਾਰੀ 'ਕੈਂਬਰਿਜ ਯੂਨੀਵਰਸਿਟੀ' ਦੇ ਕ੍ਰਿਸਟੀ ਕਾਲਜ 'ਚ ਸੋਮਵਾਰ ਸ਼ਾਮ ਕਰਵਾਏ ਗਏ 'ਇੰਡੀਆ ਐਟ 75' ਸਮਾਗਮ ਵਿਚ ਹਿੰਦੂ ਰਾਸ਼ਟਰਵਾਦ, ਗਾਂਧੀ ਪਰਿਵਾਰ ਦੀ ਕਾਂਗਰਸ ਪਾਰਟੀ ਵਿਚ ਭੂਮਿਕਾ ਅਤੇ ਲੋਕਾਂ ਨੂੰ ਇਕਜੁੱਟ ਕਰਨ ਦੀਆਂ ਕੋਸ਼ਿਸ਼ਾਂ ਜਿਹੇ ਸਵਾਲਾਂ 'ਤੇ ਆਪਣੇ ਵਿਚਾਰ ਪ੍ਰਗਟਾਏ। ਯੂਨੀਵਰਸਿਟੀ ਵਿਚ ਭਾਰਤੀ ਮੂਲ ਦੀ ਡਾਕਟਰ ਸ਼ਰੁਤੀ ਕਪਿਲਾ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਕਿਹਾ, 'ਸਾਡੇ ਲਈ ਭਾਰਤ ਉਸ ਸਮੇਂ ਜਿਉਂਦਾ ਹੁੰਦਾ ਹੈ ਜਦੋਂ ਉਹ ਬੋਲਦਾ ਹੈ ਅਤੇ ਜਦੋਂ ਭਾਰਤ ਚੁੱਪ ਹੋ ਜਾਂਦਾ ਹੈ ਤਾਂ ਉਹ 'ਬੇਜਾਨ' ਹੋ ਜਾਂਦਾ ਹੈ। ਸੰਸਦ, ਚੋਣ ਪ੍ਰਣਾਲੀ ਅਤੇ ਲੋਕਤੰਤਰ ਦੇ ਬੁਨਿਆਦੀ ਢਾਂਚੇ 'ਤੇ ਇਕ ਜਥੇਬੰਦੀ ਵੱਲੋਂ ਕਬਜ਼ਾ ਕੀਤਾ ਜਾ ਰਿਹਾ ਹੈ।' ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਕ ਅਜਿਹੇ ਭਾਰਤ ਦਾ ਵਿਚਾਰ ਪੇਸ਼ ਕਰ ਰਹੇ ਹਨ ਜਿਸ ਵਿਚੋਂ ਮੁਲਕ ਦੇ ਬਹੁਤੇ ਲੋਕਾਂ ਨੂੰ ਬਾਹਰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਲੜਾਈ ਮੁਲਕ ਵਿਚ ਸੰਪਤੀ ਦੇ ਵੱਡੇ ਪੱਧਰ 'ਤੇ ਕੇਂਦਰੀਕਰਨ ਅਤੇ ਮੀਡੀਆ ਸਮੇਤ ਹੋਰ ਅਦਾਰਿਆਂ 'ਤੇ ਕਬਜ਼ਾ ਕੀਤੇ ਜਾਣ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਇਸ ਸੰਵਾਦ ਨੂੰ ਭਾਰਤੀ ਮੀਡੀਆ 'ਚ ਕਿਤੇ ਵੀ 30 ਸਕਿੰਟ ਤੋਂ ਜ਼ਿਆਦਾ ਨਹੀਂ ਦਿਖਾਇਆ ਜਾਵੇਗਾ। ਸਰਕਾਰ ਦੀ ਹਮਾਇਤ ਕਰਨ ਵਾਲੇ ਕੁਝ ਵੱਡੇ ਕਾਰੋਬਾਰੀ ਇਸ ਨੂੰ ਕੰਟਰੋਲ ਕਰ ਰਹੇ ਹਨ।

ਸਪੱਸ਼ਟ ਹੈ ਕਿ ਭਾਰਤੀ ਜਮਹੂਰੀਅਤ ਭਾਜਪਾ ਦੇ ਰਾਜ ਦੌਰਾਨ ਖਤਰੇ ਵਿਚ ਹੈ। ਭਾਰਤੀ ਨੇਤਾ ਤਾਂ ਅਦਾਲਤੀ ਨਿਆਂ ਉਪਰ ਸੁਆਲ ਚੁਕ ਰਹੇ ਹਨ। ਮਸਲਾ ਸੰਵਿਧਾਨਕ ਅਜ਼ਾਦੀ ਦਾ ਹੈ। ਇਹ ਬਰਕਰਾਰ ਰੱਖਣੀ ਜਰੂਰੀ ਹੈ। ਭਾਰਤ ਵੰਡ-ਪਾਊ ਨੀਤੀਆਂ ਦੀਆਂ ਲੀਹਾਂ 'ਤੇ ਤੁਰ ਰਿਹਾ ਹੈ। ਜਮਹੂਰੀ ਧਿਰਾਂ ਨੂੰ ਇਨ੍ਹਾਂ ਵੰਡ-ਪਾਊ ਤਾਕਤਾਂ ਵਿਰੁੱਧ ਲੰਮੀ ਲੜਾਈ ਲੜਨੀ ਪੈਣੀ ਹੈ ਜਿਹੜੀ ਬਹੁਤ ਜਟਿਲ ਤੇ ਔਖੀ ਹੈ। ਜਮਹੂਰੀ ਧਿਰਾਂ ਨੂੰ ਲੋਕਾਂ ਵਿਚ ਵਿਆਪਕ ਪੱਧਰ 'ਤੇ ਸਮਾਜਿਕ ਚੇਤਨਾ ਦਾ ਪਸਾਰਾ ਕਰਨਾ ਚਾਹੀਦਾ ਹੈ।

# ਦਰਬਾਰ ਸਾਹਿਬ ਵੱਲ ਗੋਲੀ ਨਾ ਚਲਾਉਣ ਬਾਰੇ ਜਨਰਲ ਬਰਾੜ ਦਾ ਬਿਆਨ ਕਿਨਾ ਕੁ ਸੱਚਾ..?



ਗੁਰਪ੍ਰੀਤ ਸਿੰਘ ਮੰਡਿਆਣੀ

ਸਾਕਾ ਨੀਲਾ ਤਾਰਾ ਬਾਰੇ ਲਿਖੀ ਗਈ ਪਹਿਲੀ ਕਿਤਾਬ ਅਤੇ ਆਖ਼ਰੀ ਕਿਤਾਬ 'ਚ ਇੱਕ ਗੱਲ ਸਾਂਝੀ ਹੈ ਕਿ ਭਾਰਤੀ ਫੌਜ ਨੂੰ ਇਸ ਕਰਕੇ ਵੱਧ ਨੁਕਸਾਨ ਉਠਾਉਣਾ ਪਿਆ, ਕਿਉਂਕਿ ਫੌਜ ਨੂੰ ਦਰਬਾਰ ਸਾਹਿਬ ਵੱਲ ਗ਼ੋਲੀ ਚਲਾਉਣ ਦਾ ਹੁਕਮ ਨਹੀਂ ਸੀ, ਕਿਉਂਕਿ ਸਿੱਖ ਖਾੜਕੂਆਂ ਦੇ ਮੋਰਚਿਆਂ 'ਤੇ ਗੋਲੀ ਚਲਾਉਣ ਵੇਲੇ ਦਰਬਾਰ ਸਾਹਿਬ ਦੀ ਇਮਾਰਤ ਵਿਚਕਾਰ ਆਉਂਦੀ ਸੀ। ਬਲਿਊ ਸਟਾਰ ਤੋਂ ਬਾਅਦ ਇਸ ਸਾਕੇ ਬਾਰੇ ਸਭ ਤੋਂ ਪਹਿਲੀ ਕਿਤਾਬ ਮਾਰਕ ਟਲੀ ਅਤੇ ਸਤੀਸ਼ ਜੈਕਬ ਵਲੋਂ ਲਿਖੀ ਗਈ ਸੀ। ਇਹ ਕਿਤਾਬ ਨਵੰਬਰ 1985 ਵਿੱਚ ਛਪ ਕੇ ਸਾਹਮਣੇ ਆਈ। ਮਾਰਕ ਟਲੀ ਅਤੇ ਸਤੀਸ਼ ਜੈਕਬ ਬੀ.ਬੀ.ਸੀ. ਰੇਡੀਓ ਦੇ ਨਵੀਂ ਦਿੱਲੀ ਵਿਚ ਪੱਤਰਕਾਰ ਸਨ। ਉਨਾਂ ਦਿਨਾਂ ਵਿਚ ਟੈਲੀਵੀਜ਼ਨ ਦਾ ਇੱਕੋ ਇੱਕ ਚੈਨਲ ਦੂਰਦਰਸ਼ਨ ਸੀ ਜੋ ਕਿ ਸਰਕਾਰ ਦੇ ਸਿੱਧੇ ਕਬਜ਼ੇ ਹੇਠ ਸੀ ਇਹੀ ਹਾਲ ਰੇਡੀਓ ਦਾ ਸੀ ਜੋ ਕਿ ਸਰਕਾਰ ਦੇ ਸਿੱਧੇ ਕਬਜ਼ੇ ਵਿੱਚ ਸੀ। ਇਸ ਕਰਕੇ ਸਰਕਾਰ ਨੂੰ ਨਾ ਭਾਉਣ ਵਾਲੀ ਕੋਈ ਵੀ ਖ਼ਬਰ ਟੀ.ਵੀ.-ਰੇਡੀਓ 'ਤੇ ਨਸ਼ਰ ਨਹੀਂ ਸੀ ਹੋ ਸਕਦੀ। ਅਖ਼ਬਾਰਾਂ ਦਾ ਕੰਮ ਬੜਾ ਢਿੱਲਾ ਸੀ ਅਤੇ ਉਹ ਵੀ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਹੇ ਸਨ। ਬੀ.ਬੀ.ਸੀ. ਦੀ ਹਿੰਦੀ ਸਰਵਿਸ ਸ਼ਾਮ ਦੇ 8 ਵਜੇ ਨਸ਼ਰ ਹੁੰਦੀ ਸੀ, ਜਿਸ ਵਿੱਚ ਹਿੰਦੋਸਤਾਨ ਦੀ ਖ਼ਬਰਾਂ ਤੋਂ ਇਲਾਵਾ ਇਨਾਂ ਤੇ ਤਬਸਰੇ ਵੀ ਕੀਤੇ ਜਾਂਦੇ ਸਨ।

ਆਪ੍ਰੇਸ਼ਨ ਬਲਿਊ ਸਟਾਰ ਵੇਲੇ ਅਖ਼ਬਾਰਾਂ ਬੰਦ ਸਨ, ਸੋ ਬੀ.ਬੀ.ਸੀ. 'ਤੇ ਹੀ ਸਾਰਿਆਂ ਦੀ ਟੇਕ ਸੀ। ਉਨਾਂ ਦਿਨਾਂ ਵਿਚ ਲੰਡਨ ਤੋਂ ਚੱਲਣ ਵਾਲਾ ਬੀ. ਬੀ. ਸੀ. ਰੇਡੀਓ ਬਹੁਤ ਮਸ਼ਹੂਰ ਸੀ ਅਤੇ ਨਿਰਪੱਖ ਖਬਰਾਂ ਦਾ ਇੱਕੋ ਇਕ ਸਾਧਨ ਮੰਨਿਆ ਜਾਂਦਾ ਸੀ। ਬੀ.ਬੀ.ਸੀ. ਦੇ ਦੋਵੇਂ ਪੱਤਰਕਾਰ ਅਕਸਰ ਹੀ ਪੰਜਾਬ ਖਾਸਕਾਰ ਅੰਮ੍ਰਿਤਸਰ ਆਉਂਦੇ ਰਹਿੰਦੇ ਅਤੇ ਖ਼ਬਰਾਂ ਭੇਜਦੇ ਹੁੰਦੇ ਸੀ। ਜਦੋਂ 1 ਜੂਨ 1984 ਨੂੰ ਬੀ.ਬੀ.ਸੀ. ਦਾ ਪੱਤਰਕਾਰ ਮਾਰਕ ਟਲੀ ਅੰਮ੍ਰਿਤਸਰ ਆਇਆ ਤਾਂ ਹਾਲਾਤ ਇੰਨੇ ਤੇਜ਼ੀ ਨਾਲ ਅਗਾਂਹ ਵੱਧ ਰਹੇ ਸਨ ਕਿ ਉਹ ਉਦੋਂ ਤੱਕ ਦਿੱਲੀ ਵਾਪਸ ਨਾ ਮੁੜਿਆ, ਜਦੋਂ ਤੱਕ ਫੌਜ ਨੇ ਸਾਰੇ ਬਾਹਰਲੇ ਪੱਤਰਕਾਰਾਂ ਨੂੰ ਜ਼ਬਰਦਸਤੀ ਪੰਜਾਬੋਂ ਬਾਹਰ ਨਹੀਂ ਕੱਢਿਆ। ਸੋ, ਅਜਿਹੇ ਮੌਕੇ ਦੇ ਗ਼ਵਾਹ ਅਤੇ ਬੀ ਬੀ ਸੀ ਦਾ ਪੱਤਰਕਾਰ ਹੋਣ ਕਰਕੇ ਮਾਰਕ ਟਲੀ ਵੱਲੋਂ ਲਿਖੀ ਗਈ ਕਿਤਾਬ ਬਹੁਤ ਮਕਬੂਲ ਹੋਈ ਅਤੇ ਇਸਨੂੰ ਨਿਰਪੱਖ ਵੀ ਮੰਨਿਆ ਗਿਆ। ਕਿਉਂਕਿ ਵਿਦੇਸ਼ੀਆਂ ਦੇ ਪੰਜਾਬ ਵਿੱਚ ਦਾਖਲੇ 'ਤੇ ਪਾਬੰਦੀ ਹੋਣ ਕਰਕੇ ਉਸਨੇ ਇਸ ਕੰਮ ਵਿੱਚ ਆਪਣੇ ਸਾਥੀ ਅਤੇ ਹਿੰਦੋਸਤਾਨੀ ਨਾਗਰਿਕ ਸਤੀਸ਼ ਜੈਕੋਬ ਨੂੰ ਕਿਤਾਬ ਦੇ ਲਿਖਾਰੀ ਵਜੋਂ ਹਿੱਸੇਦਾਰ ਬਣਾਇਆ। ਅੰਗਰੇਜ਼ੀ ਵਿਚ ਛਪੀ ਇਸ ਕਿਤਾਬ ਦਾ ਨਾ ਹੈ 'ਅੰਮ੍ਰਿਤਸਰ, ਮਿਸਿਜ਼ ਗਾਂਧੀਜ਼ ਲਾਸਟ ਬੈਟਲ' (ਅੰਮ੍ਰਿਤਸਰ, ਸ੍ਰੀਮਤੀ ਗਾਂਧੀ ਦੀ ਆਖਰੀ ਜੰਗ)

ਲੋਕਾਂ ਨੂੰ ਆਪ੍ਰੇਸ਼ਨ ਬਲਿਊ ਸਟਾਰ ਬਾਰੇ ਵਧੇਰੇ ਜਾਣਕਾਰੀ ਸਭ ਤੋਂ ਪਹਿਲਾਂ ਇਸ ਕਿਤਾਬ ਤੋਂ ਹੀ ਮਿਲੀ। ਇਸ ਕਿਤਾਬ ਦੇ ਸਫ਼ਾ 180 'ਤੇ ਮਾਰਕ ਟਲੀ ਲਿਖਦੇ ਹਨ ਕਿ, ਸਭ ਤੋਂ ਖਾਸ ਗ਼ੱਲ, ਇਹ ਹੈ ਕਿ ਗ਼ੋਲਡਨ ਟੈਂਪਲ ਦੀ ਇਮਾਰਤ ਨੂੰ ਕੋਈ ਨੁਕਸਾਨ ਨਹੀਂ ਪੁੱਜਿਆ, ਅਕਾਲ ਤਖ਼ਤ, ਦਰਸ਼ਨੀ ਡਿਊੜੀ ਅਤੇ ਲਾਇਬ੍ਰੇਰੀ ਦੇ ਮੁਕਾਬਲੇ। ਇਸ ਸਫ਼ਲਤਾ ਦਾ ਸਿਹਰਾ ਅਨੁਸ਼ਾਸ਼ਨ ਵਿੱਚ ਰਹਿਣ ਵਾਲੀ ਭਾਰਤੀ ਫੌਜ ਨੂੰ ਜਾਂਦਾ ਹੈ। 400 ਵਰਗ ਫੁੱਟ ਦੀ ਇਹ ਇਮਾਰਤ ਯੁੱਧ ਮੈਦਾਨ ਦੇ ਵਿਚਕਾਰ ਖੜੀ ਸੀ। ਜੇ ਫੌਜੀਆਂ ਨੇ ਆਪਣੇ ਮੇਜਰ ਜਰਨਲ ਬਰਾੜ ਦਾ ਹੁਕਮ ਨਾ ਮੰਨਿਆ ਹੁੰਦਾ ਤਾਂ ਹਰਮਿੰਦਰ ਸਾਹਿਬ ਦੀ ਇਮਾਰਤ ਨੂੰ ਯਕੀਨਨ ਬਹੁਤ ਨੁਕਸਾਨ ਪੁੱਜਣਾ ਸੀ।

ਹੁਣ ਸੁਣੋ ਜਨਰਲ ਬਰਾੜ ਦੀ ਆਪਣੇ ਹੱਥੀ ਲਿਖੀ ਕਿਤਾਬ ਵਿਚਲੀ ਕਹਾਣੀ- 2012 ਵਿੱਚ 14ਵੀਂ ਵਾਰ ਛਪੀ 'ਓਪ੍ਰੇਸ਼ਨ ਬਲਿਊ ਸਟਾਰ ਅਸਲ ਕਹਾਣੀ'। ਇਸ ਕਿਤਾਬ ਸਫ਼ਾ 105 'ਤੇ ਜਨਰਲ ਬਰਾੜ ਆਖਦੇ ਹਨ ਕਿ, 'ਮੈਂ ਗਾਰਦ, ਪੈਰਾਂ ਕਮਾਂਡੋਆਂ ਤੇ ਐਸ.ਐਫ਼.ਐਫ਼ ਦੇ ਕਮਾਡਿੰਗ ਅਫ਼ਸਰਾਂ ਨੂੰ ਸਪੱਸ਼ਟ ਤੇ ਦੋ ਟੁੱਕ ਹਦਾਇਤਾਂ ਦਿੱਤੀਆਂ ਕਿ ਕਿਸੇ ਵੀ ਹਾਲਤ ਵਿੱਚ ਹਰਿਮੰਦਰ ਸਾਹਿਬ ਵੱਲ ਜਵਾਬੀ ਗ਼ੋਲੀ ਨਹੀਂ ਚਲਾਉਣੀ। ਫੱਟੜਾਂ ਤੇ ਮਰਨ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਸੀ ਅਤੇ ਇਸ ਘੜੀ ਜੋ ਹਾਲਾਤ ਸਨ ਉਨਾਂ ਵਿੱਚ ਫੱਟੜਾਂ ਨੂੰ ਬਾਹਰ ਕੱਢਣ ਦਾ ਕੰਮ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਜਿਵੇਂ ਕਿ ਮੋਰਚਿਆਂ ਤੋਂ ਦੇਖਿਆ ਜਾ ਸਕਦਾ ਸੀ, ਇਹ ਇਸ ਹਿਸਾਬ ਨਾਲ ਖੜੇ ਕੀਤੇ ਗਏ ਸਨ ਕਿ ਹਰਿਮੰਦਰ ਸਾਹਿਬ ਦੀ ਕਿਸੇ ਵੀ ਬਾਹੀ ਵੱਲੋਂ ਕਾਰਵਾਈ ਕਰਨ ਵਾਲੇ ਜਵਾਨ ਸਾਹਮਣੇ ਪਾਸੇ ਹੀ ਬਾਹੀ ਤੋਂ ਕਾਰਗਰ ਗ਼ੋਲਾਬਾਰੀ ਦੀ ਮਾਰ ਹੇਠ ਆਉਂਦੇ ਸਨ ਅਤੇ ਬਹੁਤੀਆਂ ਹਾਲਤਾਂ ਵਿੱਚ ਜੇ ਜਵਾਬ ਵਿੱਚ ਗ਼ੋਲੀ ਚਲਾਈ ਜਾਂਦੀ ਤਾਂ ਹਰਿਮੰਦਰ ਸਾਹਿਬ ਸਿੱਧਾ ਗੋਲੀ ਦੀ ਮਾਰ ਦੀ ਰੇਖਾ ਵਿੱਚ ਆਉਂਦਾ ਸੀ। ਭਾਰੀ ਭੜਕਾਹਟ, ਫੱਟੜਾਂ ਤੇ ਮਰਨ ਵਾਲਿਆਂ ਦੀ ਵੱਡੀ ਗਿਣਤੀ ਅਤੇ ਅਜਿਹਾ ਜਾਨੀ ਨੁਕਸਾਨ ਉਠਾ ਰਹੇ ਜਵਾਨਾਂ ਦੇ ਤਤਕਾਲੀ ਰੋਹ ਦੇ ਬਾਵਜੂਦ ਸਾਡੇ ਲਈ ਜ਼ਰੂਰੀ ਸੀ ਕਿ ਆਪਣੇ ਖਿਲਾਫ਼ ਖੜੀ ਮੁਸੀਬਤ ਨੂੰ ਬਰਦਾਸ਼ਤ ਕਰਦੇ ਅਤੇ ਆਪਣੇ ਇਸ ਕਠਨ ਫੈਸਲੇ 'ਤੇ ਡਟੇ ਰਹਿੰਦੇ ਕਿ ਹਰਿਮੰਦਰ ਸਾਹਿਬ ਦੀ ਸੇਧ ਵਿੱਚ ਇੱਕ ਵੀ ਗ਼ੋਲੀ ਨਹੀਂ ਚਲਾਈ ਜਾਏਗੀ। ਬੰਦਾ ਹੈਰਾਨੀ ਨਾਲ ਸੋਚਦਾ ਹੈ ਕਿ ਦੁਨੀਆਂ ਦੀ ਕੋਈ ਹੋਰ ਸੈਨਾ ਲੜਾਈ ਸਮੇਂ ਅਜਿਹੇ ਹੁਕਮਾਂ ਦਾ ਪਾਲਣ ਕਰਦੀ। ਮੇਰਾ ਖਿਆਲ ਹੈ ਕਿ ਇਹ ਸਭ ਤੋਂ ਸਖ਼ਤ ਹੁਕਮ ਸਨ, ਜਿਹੜੇ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਦਿੱਤੇ।'



ਬੀ ਬੀ ਸੀ ਦੇ ਪੱਤਰਕਾਰ ਮਾਰਕ ਟਲੀ ਦੁਆਰਾ ਲਿਖੀ ਕਿਤਾਬ 'ਅੰਮ੍ਰਿਤਸਰ, ਮਿਸਜ਼ ਗਾਂਧੀਜ਼ ਲਾਸਟ ਬੈਟਲ' (ਅੰਮ੍ਰਿਤਸਰ, ਸ਼੍ਰੀਮਤੀ ਗਾਂਧੀ ਦੀ ਆਖਰੀ ਜੰਗ) ਵਿੱਚ ਦਿੱਤੇ ਦਰਬਾਰ ਸਾਹਿਬ ਦੇ ਨਕਸ਼ੇ ਦੀ ਤਸਵੀਰ।

ਮਾਰਕ ਟਲੀ ਅਤੇ ਜਨਰਲ ਬਰਾੜ ਦੀ ਇੱਕ ਗੱਲ ਸਾਂਝੀ ਹੈ ਕਿ ਫੌਜ ਨੂੰ ਜਿਹੜਾ ਹੁਕਮ ਦਰਬਾਰ ਸਾਹਿਬ ਵੱਲ ਗ਼ੋਲੀ ਨਾ ਚਲਾਉਣ ਦਾ ਮਿਲਿਆ, ਉਸ ਕਰਕੇ ਫੌਜ ਨੇ ਆਪ ਤਾਂ ਜਾਨੀ ਨੁਕਸਾਨ ਉਠਾ ਲਿਆ, ਪਰ ਦਰਬਾਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਹੋਣ ਦਿੱਤਾ। ਆਓ ! ਦੇਖਦੇ ਹਾਂ ਉਨਾਂ ਦੋਵਾਂ ਦੀ ਇਸ ਦਲੀਲ ਵਿਚ ਕਿੰਨਾ ਕੁ ਵਜ਼ਨ ਹੈ। ਪਹਿਲੀ ਗ਼ੱਲ ਇਹ ਜਿਹੜੇ ਬੰਦਿਆਂ ਨੇ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ ਹਨ ਉਨਾਂ ਨੂੰ ਪਤਾ ਹੈ ਕਿ ਕੋਈ ਅਜਿਹੀ ਥਾਂ ਨਹੀਂ, ਜਿੱਥੇ ਗ਼ੋਲੀ ਚਲਾਉਣ ਲਈ ਦਰਬਾਰ ਸਾਹਿਬ ਅੜਿੱਕਾ ਬਣਦਾ ਹੋਵੇ। ਜਿਹੜੇ ਬੰਦੇ ਕਦੇ ਦਰਬਾਰ ਸਾਹਿਬ ਨਹੀਂ ਗਏ, ਉਨਾਂ ਦੀ ਜਾਣਕਾਰੀ ਲਈ ਜਨਰਲ ਬਰਾੜ ਵੱਲੋਂ ਆਪਣੀ ਕਿਤਾਬ ਵਿਚ ਦਿੱਤਾ ਗਿਆ ਉਹ ਨਕਸ਼ਾ ਪੇਸ਼ ਹੈ, ਜਿਸ ਵਿੱਚ ਉਨਾਂ ਨੇ ਕੰਪਲੈਕਸ ਦੀ ਮੋਰਚਾਬੰਦੀ ਦਰਸਾਈ ਗਈ ਹੈ। ਦਰਬਾਰ ਸਾਹਿਬ ਦੀ ਚਾਰੇ ਬਾਹੀਆਂ ਦੀ ਲੰਬਾਈ-ਚੌੜਾਈ 20-20 ਫੁੱਟ ਹੈ। ਜੇ ਕਿਸੇ ਬਾਹੀ ਵੱਲੋਂ ਦਰਬਾਰ ਸਾਹਿਬ ਨੂੰ ਸੇਧ ਵਿਚ ਰੱਖ ਕੇ ਸ਼ਿਸ਼ਤ ਲੈਣੀ ਹੋਵੇ ਤਾਂ ਸਿਰਫ਼ 20 ਫੁੱਟ ਦਾ ਥਾਂ ਹੀ ਪਰਲੇ ਪਾਸੇ ਰੁਕਦਾ ਹੈ। ਨਾਲੇ ਜੇ ਦਰਬਾਰ ਸਾਹਿਬ ਦੀ ਬਿਲਡਿੰਗ ਗ਼ੋਲੀ ਦੇ ਵਿਚਕਾਰ ਆਉਂਦੀ ਹੋਵੇ ਤਾਂ ਦੂਜੇ ਪਾਸੇ ਗ਼ੋਲੀ ਮਾਰਨ ਦਾ ਕੋਈ ਫਾਇਦਾ ਹੀ ਨਹੀਂ, ਜਦੋਂ ਇਹ ਗ਼ੋਲੀ ਦਰਬਾਰ ਸਾਹਿਬ ਦੀ ਬਿਲਡਿੰਗ ਨੇ ਹੀ ਰੋਕ ਲੈਣੀ ਹੋਵੇ। ਜਨਰਲ ਬਰਾੜ ਦੇ ਨਕਸ਼ੇ ਤੋਂ ਸਪੱਸ਼ਟ ਹੈ ਕਿ ਖਾੜਕੂਆਂ ਦਾ ਕੋਈ ਅਜਿਹਾ ਮੋਰਚਾ ਨਹੀਂ ਸੀ, ਜਿਸਦੇ ਵਿਚਕਾਰ ਵਿਚ ਦਰਬਾਰ ਸਾਹਿਬ ਆਉਂਦਾ ਹੋਵੇ। 20 ਜਰਬ 20 ਫੁੱਟ ਨੂੰ ਛੱਡ ਕੇ ਬਾਕੀ ਸਾਰਾ ਕੰਪਲੈਕਸ ਤਾਂ ਖੁੱਲਾ ਹੀ ਸੀ, ਜਿਧਰੋਂ ਮਰਜ਼ੀ ਗ਼ੋਲੀ ਚਲਾਈ ਜਾਂਦੇ ਅਤੇ ਫੌਜ ਨੇ ਚਲਾਈ ਵੀ। ਨਾ ਹੀ ਬਰਾੜ ਨੇ ਇਹ ਸਪੱਸ਼ਟ ਕੀਤਾ ਹੈ ਕਿ ਖਾੜਕੂਆਂ ਦੇ ਕਿਹੜੇ ਮੋਰਚੇ 'ਤੇ ਗ਼ੋਲੀ ਚਲਾਉਣ ਦੇ ਰਾਹ ਵਿੱਚ ਦਰਬਾਰ ਸਾਹਿਬ ਅੜਿੱਕਾ ਬਣਦਾ ਸੀ। ਨਾਲ ਹੀ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦੇ ਵਿਚਕਾਰ ਪੈਂਦੀ ਦਰਸ਼ਨੀ ਡਿਊੜੀ 'ਤੇ ਹਜ਼ਾਰਾਂ ਗ਼ੋਲੀਆਂ ਦੀ ਬੁਛਾੜ ਕਰਨ ਲਈ ਦਰਬਾਰ ਸਾਹਿਬ ਅੜਿੱਕਾ ਨਹੀਂ ਬਣਿਆ। ਡਿਊੜੀ 'ਤੇ ਤੋਪ ਦੇ ਗ਼ੋਲੇ ਮਾਰ ਕੇ ਮਘੋਰੇ ਕਰਨ ਤੱਕ ਦਰਬਾਰ ਸਾਹਿਬ ਦੀ ਬਿਲਡਿੰਗ ਜੇ ਅੜਿੱਕਾ ਨਹੀਂ ਬਣੀ ਤਾਂ ਹੋਰ ਕਿਹੜੇ ਮੋਰਚੇ 'ਤੇ ਫਾਈਰਿੰਗ ਕਰਨ ਲਈ ਇਸਨੇ ਅੜਿੱਕਾ ਬਣਨਾ ਸੀ। ਸ੍ਰੀ ਦਰਬਾਰ ਸਾਹਿਬ ਵਿੱਚ ਕੋਈ ਖਾੜਕੂ ਮੋਰਚਾ ਨਹੀਂ ਸੀ ਤੇ ਨਾ ਹੀ ਅਜਿਹਾ ਮੋਰਚਾ ਹੋਣ ਦੀ ਤਸਦੀਕ ਕਿਸੇ ਨਿਰਪੱਖ ਬੰਦੇ ਨੇ ਹਾਲੇ ਤੱਕ ਨਹੀਂ ਕੀਤੀ। ਇਸ ਕਰਕੇ ਦਰਬਾਰ ਸਾਹਿਬ ਵੱਲ ਗ਼ੋਲੀ ਚਲਾਉਣ ਦੀ ਕੋਈ ਜ਼ਰੂਰਤ ਹੀ ਨਹੀਂ ਸੀ, ਪਰ ਫਿਰ ਵੀ ਗ਼ੋਲੀ ਲੱਗਣ ਕਰਕੇ ਤਾਬਿਆਂ 'ਤੇ ਬੈਠਾ ਇੱਕ ਗ੍ਰੰਥੀ ਸਿੰਘ ਸ਼ਹੀਦ ਹੋਇਆ ਅਤੇ ਗ਼ੋਲੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਦੀ ਲੰਘੀ। ਫੌਜ ਵੱਲੋਂ ਇਸ ਗ਼ੋਲੀ ਦਾ ਜ਼ੁੰਮਾ ਖਾੜਕੂਆਂ 'ਤੇ ਸੁੱਟਣ ਨੂੰ ਕਿਸੇ ਨੇ ਵੀ ਸਹੀ ਨਹੀਂ ਮੰਨਿਆ।

4 ਜੂਨ ਨੂੰ ਫੌਜੀ ਆਪ੍ਰੇਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਜੂਨ ਨੂੰ ਦਰਬਾਰ ਸਾਹਿਬ 'ਤੇ ਸੀ.ਆਰ.ਪੀ. ਨੇ ਸੈਂਕੜੇ ਗ਼ੋਲੀਆਂ ਚਲਾਈਆਂ। ਜਿਸ ਵਿੱਚ ਇੱਕ ਸਿੰਘ ਸ਼ਹੀਦ ਅਤੇ ਦਰਜਨਾਂ ਫੱਟੜ ਹੋਏ। ਉਸ ਦਿਨ ਬੀ.ਬੀ.ਸੀ. ਲੰਡਨ ਰੇਡੀਓ ਨੇ ਆਪਣੇ ਇਸੇ ਪੱਤਰਕਾਰ ਮਾਰਕ ਟਲੀ ਦੇ ਹਵਾਲੇ ਨਾਲ ਖ਼ਬਰ ਦਿੱਤੀ ਕਿ ਉਸਨੇ ਦਰਬਾਰ ਸਾਹਿਬ ਇਮਾਰਤ 'ਤੇ ਸੈਂਕੜੇ ਗ਼ੋਲੀਆਂ ਦੇ ਨਿਸ਼ਾਨ ਦੇਖੇ ਹਨ ਜੋ ਕਿ ਸੀ.ਆਰ.ਪੀ. ਵੱਲੋਂ ਚਲਾਈਆਂ ਗਈਆਂ। ਮਾਰਕ ਟਲੀ ਆਪਣੀ ਕਿਤਾਬ ਦੇ ਸਫ਼ਾ 180 'ਤੇ ਲਿਖਦੇ ਹਨ ਕਿ ਇਹ ਗੱਲ ਪੱਕੀ ਹੈ ਕਿ ਦਰਬਾਰ ਸਾਹਿਬ 'ਤੇ ਗੋਲੀਆਂ ਦੇ ਨਿਸ਼ਾਨ ਪਾਏ ਗਏ, ਜਿੰਨਾਂ ਦੀ ਗਿਣਤੀ 300 ਹੈ, ਜਿਨਾਂ ਵਿੱਚੋਂ ਬਹੁਤੇ ਆਪ੍ਰੇਸ਼ਨ ਤੋਂ ਪਹਿਲਾਂ ਇਨਾਂ ਸੀ.ਆਰ.ਪੀ. ਵੱਲੋਂ ਚਲਾਈਆਂ ਗੋਲੀਆਂ ਦੇ ਹਨ। 1 ਜੂਨ ਵਾਲੀ ਫਾਈਰਿੰਗ ਦਾ ਸਰਕਾਰ ਨੇ ਨਾ ਤਾਂ ਖੰਡਨ ਕੀਤਾ ਹੈ ਅਤੇ ਨਾ ਹੀ ਕੋਈ ਅਫ਼ਸੋਸ ਜ਼ਾਹਰ ਕੀਤਾ ਹੈ।

3 ਜੂਨ ਨੂੰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੂਰਬ ਸੀ, ਹਜ਼ਾਰਾਂ ਸੰਗਤਾਂ ਇਸ ਦਿਹਾੜੇ 'ਤੇ ਦਰਬਾਰ ਸਾਹਿਬ ਉੱਚੇਚੇ ਤੌਰ 'ਤੇ ਪੁੱਜੀਆਂ ਹੋਈਆਂ ਸਨ। ਫੌਜ ਉਸ ਦਿਨ ਵੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਫਾਈਰਿੰਗ ਕਰਾਉਣਾ ਚਾਹੁੰਦੀ ਸੀ। ਇਸ ਦਾ ਖੁਲਾਸਾ ਡੇਅ ਐਂਡ ਨਾਈਟ ਚੈਨਲ ਵੱਲੋਂ ਆਪ੍ਰੇਸ਼ਨ ਬਲਿਊ ਸਟਾਰ 'ਤੇ ਬਣੀ ਅਤੇ ਉੱਘੇ ਪੱਤਰਕਾਰ ਕੰਵਰ ਸੰਧੂ ਵੱਲੋਂ ਪੇਸ਼ ਕੀਤੀ ਗਈ ਇਸ ਡਾਕੂਮੈਂਟਰੀ ਫਿਲਮ ਵਿੱਚ ਹੋਇਆ ਹੈ। ਉਸ ਵਿੱਚ ਦੱਸਿਆ ਗਿਆ ਹੈ ਕਿ ਬੀ.ਐਸ.ਐਫ਼ ਦੇ ਖਾਸਾ ਹੈੱਡ ਕੁਆਟਰ ਵਿੱਚ ਵੱਡੇ ਅਫ਼ਸਰਾਂ ਦੀ ਮੀਟਿੰਗ ਦੌਰਾਨ ਫੌਜੀ ਆਪ੍ਰੇਸ਼ਨ ਦੇ ਮੁਹਰੈਲੀ ਜਰਨੈਲ ਕੁਲਦੀਪ ਸਿੰਘ ਬਰਾੜ ਨੇ ਬੀ.ਐਸ.ਐਫ਼. ਦੇ ਡੀ.ਆਈ.ਜੀ ਸ. ਜੀ.ਐਸ. ਪੰਧੇਰ ਨੂੰ ਹੁਕਮ ਦਿੱਤਾ ਕਿ ਬੀ.ਐਸ.ਐਫ. ਹੁਣੇ ਹੀ ਉੱਚੀਆਂ ਇਮਾਰਤਾਂ ਤੋਂ ਦਰਬਾਰ ਸਾਹਿਬ ਵੱਲ ਫਾਇਰਿੰਗ ਕਰੇ। ਡੀ.ਆਈ. ਪੰਧੇਰ ਨੇ ਇਸ ਨੂੰ ਮਾੜੀ ਗੱਲ ਕਹਿੰਦਿਆਂ ਜਨਰਲ ਬਰਾੜ ਨੂੰ ਕਿਹਾ ਕਿ ਇਸ ਸਬੰਧੀ ਉਹ ਪਹਿਲਾਂ ਮੈਨੂੰ ਲਿਖਤੀ ਹੁਕਮ ਕਰੇ। ਪੰਧੇਰ ਵੱਲੋਂ ਨਾ ਕਰਨ 'ਤੇ ਜਨਰਲ ਬਰਾੜ ਚੰਘਾੜਦਾ ਹੋਇਆ ਮੇਜ 'ਤੇ ਮੁੱਕੇ ਮਾਰਨ ਲੱਗਿਆ ਤੇ ਪੰਧੇਰ ਨੂੰ ਗੁੱਸੇ ਵਿੱਚ ਕਹਿਣ ਲੱਗਗਿਆ ਕਿ ਤੂੰ ਖੁੱਲੀ ਬਗ਼ਾਵਤ ਕਰ ਰਿਹਾ ਹੈਂ। ਬਰਾੜ ਨੇ ਆਪਣੇ ਨਾਲ ਬੈਠੇ ਸੀਨੀਅਰ ਅਫ਼ਸਰ ਲੈਫਟੀਨੈਂਟ ਜਨਰਲ ਕੇ.ਸੁੰਦਰਜੀ ਨੂੰ ਕਿਹਾ ਕਿ ਪੰਧੇਰ ਦੀ ਥਾਂ 'ਤੇ ਕਿਸੇ ਹੋਰ ਅਫ਼ਸਰ ਨੂੰ ਲਾਉ। ਇਸ 'ਤੇ ਡੀ.ਆਈ. ਪੰਧੇਰ ਮੀਟਿੰਗ ਵਿਚੋਂ ਉੱਠ ਕੇ ਬਾਹਰ ਆ ਗਿਆ ਤੇ ਉਸ ਨੇ ਤੁਰੰਤ ਆਪਣੇ ਸੀਨੀਅਰ ਅਫ਼ਸਰ ਨੂੰ ਵਾਇਰਲੈਸ 'ਤੇ ਕਿਹਾ ਕਿ ਉਹ ਹੁਣ ਇੰਕ ਮਿੰਟ ਵੀ ਇਸ ਅਹੁਦੇ 'ਤੇ ਨਹੀਂ ਰਹਿਣਾ ਚਾਹੁੰਦਾ ਤੇ ਮੈਨੂੰ ਭਲਕ ਤੋਂ ਇੱਕ ਮਹੀਨੇ ਦੀ ਛੁੱਟੀ 'ਤੇ ਘੱਲ ਦਿੱਤਾ ਜਾਵੇ।

4 ਜੂਨ ਨੂੰ ਦੁਪਹਿਰ ਨੂੰ ਫਾਰਗ ਕਰਕੇ ਉਸ ਦੀ ਥਾਂ 'ਤੇ ਨਵਾਂ ਡੀ.ਆਈ.ਜੀ. ਲਾ ਦਿੱਤਾ ਗਿਆ। ਇਹ ਸਾਰੀ ਗੱਲ ਦੀ ਤਸਦੀਕ ਉੱਥੇ ਹਾਜ਼ਰ ਆਈ.ਬੀ. ਦੇ ਜੁਆਇੰਟ ਡਾਇਰੈਕਟਰ ਐਮ.ਪੀ.ਐਸ. ਔਲਖ ਨੇ ਵੀ ਡਾਕੂਮੈਂਟਰੀ ਫਿਲਮ ਵਿੱਚ ਕੀਤੀ ਹੈ। ਕਿਉਂਕਿ 4 ਜੂਨ ਦੁਪਹਿਰ ਤੱਕ ਪੰਧੇਰ ਹੀ ਮੌਕੇ ਦਾ ਕਮਾਂਡਰ ਸੀ ਜਿਸ ਕਰਕੇ ਬੇ.ਐਸ.ਐਫ. ਦੀ ਫਾਈਰਿੰਗ ਨਹੀਂ ਹੋ ਸਕੀ। 4 ਜੂਨ ਨੂੰ ਫੌਜ ਨੇ ਖ਼ੁਦ ਹੀ ਫਾਈਰਿੰਗ ਸ਼ੁਰੂ ਕਰ ਦਿੱਤੀ ਇਸ ਲਈ ਬੀ.ਐਸ.ਐਫ਼ ਦੀ ਲੋੜ ਨਾ ਰਹੀ। ਜੇ ਸ. ਪੰਧੇਰ ਬਰਾੜ ਮੁਹਰੇ ਨਾ ਅੜਦਾ ਤਾਂ ਦਰਬਾਰ ਸਾਹਿਬ 'ਤੇ ਉਵੇਂ ਗੋਲੀਆਂ ਮੁੜ ਵਜਣੀਆਂ ਸਨ ਜਿਵੇਂ ਪਹਿਲੀ ਜੂਨ ਨੂੰ ਬੀ.ਐਸ.ਐਫ. ਤੇ ਸੀ.ਆਰ.ਪੀ. ਨੇ ਮਾਰੀਆਂ ਸੀ। ਡਾਕੂਮੈਂਟਰੀ ਫਿਲਮ ਵਿੱਚ ਡੀ.ਆਈ.ਜੀ. ਪੰਧੇਰ ਦੱਸਦੇ ਹਨ ਕਿ ਪਹਿਲੀ ਜੂਨ ਨੂੰ ਮੈਂ ਜਲੰਧਰ ਵਿੱਚ ਸੀ ਜਦੋਂ ਮੈਨੂੰ ਬੀ.ਐਸ.ਐਫ. ਵੱਲੋਂ ਦਰਬਾਰ ਸਾਹਿਬ 'ਤੇ ਗੋਲੀਆਂ ਚਲਾਉਣ ਦੀ ਖ਼ਬਰ ਮਿਲੀ ਤਾਂ ਮੈਂ ਤੁਰੰਤ ਅੰਮ੍ਰਿਤਸਰ ਕੋਤਵਾਲੀ ਥਾਣੇ ਪਹੁੰਚ ਕੇ ਆਪਣੇ ਮੁਤੈਹਤ ਅਫ਼ਸਰਾਂ ਨੂੰ ਤੁਰੰਤ ਫਾਈਰਿੰਗ ਰੋਕਣ ਦਾ ਹੁਕਮ ਦਿੱਤਾ ਤੇ ਨਾਲੋ-ਨਾਲ ਸੀ.ਆਰ.ਪੀ. ਦੇ ਡੀ.ਆਈ.ਜੀ. ਨੂੰ ਵੀ ਫਾਈਰਿੰਗ ਰੋਕਣ ਦੀ ਸਲਾਹ ਦਿੱਤੀ। ਸੀ.ਆਰ.ਪੀ. ਦੀ ਫਾਈਰਿੰਗ ਨਾ ਰੁਕੀ ਤੇ ਬੀ.ਐਸ.ਐਫ. ਨੇ ਫਾਈਰਿੰਗ ਰੋਕ ਦਿੱਤੀ। ਹੁਣ ਮੁੱਕਦੀ ਗ਼ੱਲ ਇਹ ਕਿ ਜੇ ਸਰਕਾਰ ਨੂੰ ਪਹਿਲੀ ਜੂਨ ਵਾਲੇ ਦਿਨ ਸੀ.ਆਰ.ਪੀ. ਹੱਥੋਂ ਦਰਬਾਰ ਸਾਹਿਬ 'ਤੇ ਸੈਂਕੜੇ ਗ਼ੋਲੀਆਂ ਚਲਾਉਣ ਦੀ ਕੋਈ ਸੰਗ ਸ਼ਰਮ ਨਹੀਂ ਸੀ ਤਾਂ ਉਸ ਨੂੰ 4-5-6 ਜੂਨ ਨੂੰ ਫੌਜ ਹੱਥੋਂ ਦਰਬਾਰ ਸਾਹਿਬ 'ਤੇ ਇੱਕ ਵੀ ਗ਼ੋਲੀ ਚਲਾਉਣ ਦੀ ਕਾਹਦੀ ਸੰਗ-ਸ਼ਰਮ.. ਜਾਂ ਡਰ ਸੀ..?

ਸੋ ਜਨਰਲ ਬਰਾੜ ਦਾ ਇਸ ਦਾਅਵੇ ਵਿੱਚ ਕੋਈ ਦਮ ਨਹੀਂ ਕਿ ਭਾਰਤੀ ਫੌਜ ਨੂੰ ਬਹੁਤਾ ਜਾਨੀ ਨੁਕਸਾਨ ਤਾਂ ਉਠਾਉਣਾ ਪਿਆ, ਕਿ ਉਸਨੂੰ ਦਰਬਾਰ ਸਾਹਿਬ 'ਤੇ ਗ਼ੋਲੀ ਚਲਾਉਣ ਦਾ ਹੁਕਮ ਨਹੀਂ ਸੀ। ਮਾਰਕ ਟਲੀ ਵਰਗੇ ਲਿਖਾਰੀਆਂ ਵੱਲੋਂ ਲਿਖੀ ਗਈ ਇਹ ਗ਼ੱਲ ਵੀ ਬਰਾੜ ਦੀ ਹੀ ਦੱਸੀ ਹੋਈ ਹੋ ਸਕਦੀ ਹੈ, ਜਿਸਨੂੰ ਮਾਰਕ ਟਲੀ ਅਤੇ ਹੋਰਾਂ ਲਿਖਾਰੀਆਂ ਨੇ ਬਿਨਾਂ ਘੋਖੇ ਮੰਨਜ਼ੂਰ ਕਰ ਲਿਆ। ਭਾਰਤ ਸਰਕਾਰ ਦੇ ਹੱਕ ਵਿੱਚ ਭੁਗਤ ਰਹੇ ਲਿਖਾਰੀਆਂ ਦੀ ਤਾਂ ਗ਼ੱਲ ਛੱਡੋ, ਪਰ ਮਾਰਕ ਟਲੀ ਨੂੰ ਬੀ.ਬੀ.ਸੀ. ਦੇ ਵਕਾਰ ਦਾ ਖਿਆਲ ਰੱਖਦਿਆ, ਆਪਣੀ ਕਿਤਾਬ ਦੀ ਅਗਲੀ ਛਾਪ ਵਿੱਚ ਇਸ ਗ਼ੱਲ ਦੀ ਸੁਧਾਈ ਕਰਨੀ ਚਾਹੀਦੀ ਹੈ। ਸਿੱਖ ਲਿਖਾਰੀਆਂ ਨੂੰ ਵੀ ਚਾਹੀਦਾ ਹੈ ਕਿ ਜਦੋਂ ਦਰਬਾਰ ਸਾਹਿਬ ਤੇ ਫੌਜੀ ਧਾਵੇ ਬਾਰੇ ਲਿਖਣ ਤਾਂ ਉਹ ਜਰਨਲ ਬਰਾੜ ਵੱਲੋਂ ਤੋਲੇ ਗਏ ਇਸ ਕੁਫਰ ਦਾ ਵੀ ਨੋਟਿਸ ਲੈਣ।

# ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖਾਂ ਨੂੰ ਹਥਿਆਰ ਰੱਖਣ ਦੇ ਦਿੱਤੇ ਹੁਕਮ

## ✪ ਕਿਹਾ ਕਿ ਹਾਲਾਤ ਨੂੰ ਦੇਖਦਿਆਂ ਹਰ ਸਿੱਖ ਲਾਇਸੈਂਸੀ ਆਧੁਨਿਕ ਹਥਿਆਰ ਰੱਖੇ ✪ ਸ਼੍ਰੋਮਣੀ ਕਮੇਟੀ ਜਥੇਦਾਰ ਦੇ ਹੱਕ ਵਿਚ, ਕਾਂਗਰਸ, ਭਾਜਪਾ ਤੇ ਆਪ ਨੇ ਕੀਤਾ ਤਿੱਖਾ ਵਿਰੋਧ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਹਰ੍ਪੀਤ ਸਿੰਘ ਨੇ ਸਮੂਹ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਹਰ ਸਿੱਖ ਜਿੱਥੇ ਬਾਣੀ ਪੜ ਕੇ ਬਲਵਾਨ ਹੋਵੇ, ਉਥੇ ਹਰ ਸਿੱਖ ਲਾਇਸੰਸੀ ਹਥਿਆਰ ਕਾਨੂੰਨੀ ਤੌਰ 'ਤੇ ਰੱਖੇ। ਅਕਾਲ ਤਖ਼ਤ ਸਕੱਤਰੇਤ ਵਲੋਂ ਜਾਰੀ ਵੀਡੀਓ ਸੰਦੇਸ਼ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ 6ਵੇਂ ਪਾਤਿਸ਼ਾਹ ਦੇ ਗੁਰਤਾਗੱਦੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਪੰਜ ਭੌਤਿਕ ਤਨ ਵਿਚ ਵਿਚਰਦਿਆਂ ਸਮੇਂ ਦੀ ਹਕੂਮਤ ਦੇ ਨਾਲ ਚਾਰ ਲੜਾਈਆਂ ਲੜੀਆਂ ਅਤੇ ਚਾਰਾਂ ਵਿਚ ਹੀ ਫ਼ਤਹਿ ਪ੍ਰਾਪਤ ਕੀਤੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ ਤੇ ਇਸ ਦੇ ਨਾਲ ਹੀ ਗ਼ੈਰ ਮੁਸਲਮਾਨ ਲੋਕਾਂ ਦੀ ਇਸ ਧਾਰਨਾ ਨੂੰ ਵੀ ਤੋੜਿਆ ਕਿ ਹਿੰਦੁਸਤਾਨ ਵਿਚ ਇਸ ਸ਼ਕਤੀਸ਼ਾਲੀ ਹਕੂਮਤ ਨੂੰ ਕੋਈ ਵੀ ਚੁਣੌਤੀ ਨਹੀਂ ਦੇ ਸਕਦਾ। ਉਨਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਹਰ ਸਿੱਖ ਜਿੱਥੇ ਬਾਣੀ ਪੜ ਕੇ ਆਪਣੇ ਆਪ ਨੂੰ ਬਲਵਾਨ ਬਣਾਏ ਤੇ ਨਸ਼ਿਆਂ ਤੋਂ ਦੂਰ ਰਹੇ, ਉਥੇ ਗੁਰੂ ਸਾਹਿਬ ਦੇ ਆਦੇਸ਼ ਅਨੁਸਾਰ ਸ਼ਸਤਰਧਾਰੀ ਵੀ ਜ਼ਰੂਰ ਹੋਵੇ। ਉਨਾਂ ਸਿੱਖ ਬੱਚੇ-ਬੱਚੀਆਂ ਨੂੰ ਕਿਹਾ ਕਿ ਉਹ ਗਤਕੇਬਾਜ਼ੀ, ਤਲਵਾਰਬਾਜ਼ੀ, ਨਿਸ਼ਾਨੇਬਾਜ਼ੀ ਆਦਿ ਕਲਾਵਾਂ ਵਿਚ ਨਿਪੁੰਨ ਹੋਣ ਅਤੇ ਹਾਲਾਤ ਨੂੰ ਦੇਖਦਿਆਂ ਹਰ ਸਿੱਖ ਲਾਇਸੰਸੀ ਆਧੁਨਿਕ ਹਥਿਆਰ ਕਾਨੂੰਨੀ ਤੌਰ 'ਤੇ ਰੱਖਣ ਦਾ ਯਤਨ ਜ਼ਰੂਰ ਕਰੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਹਮਾਇਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਦੇ ਸੁਪਰੀਮ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜੋ ਵੀ ਬਿਆਨ ਦਿੱਤਾ ਹੈ ਸੋਚ ਸਮਝ ਕੇ ਦਿੱਤਾ ਹੈ। ਉਨਾਂ ਕਿਹਾ ਕਿ ਆਦਿ ਕਾਲ ਗੁਰੂ ਕਾਲ ਤੋਂ ਹੀ ਸਿੱਖ ਪ੍ਰੰਪਰਾਵਾਂ ਅਨੁਸਾਰ ਸਿੱਖ ਸਮੇਂ ਦੇ ਹਾਣੀ ਹੁੰਦੇ ਹੋਏ ਹਥਿਆਰ ਆਪਣੇ ਨਾਲ ਰੱਖਦੇ ਹਨ। ਉਨਾਂ ਕਿਹਾ ਕਿ ਜਿਹੜੇ ਜਥੇਦਾਰ ਤੇ ਕਿੰਤੂ ਕਰ ਰਹੇ ਹਨ ਉਨਾਂ ਨੂੰ ਜਥੇਦਾਰ ਤੇ ਕਿੰਤੂ ਕਰਨ ਦਾ ਕੋਈ ਅਧਿਕਾਰ ਨਹੀਂ। ਸਿੱਖ ਕੌਮ ਜਥੇਦਾਰ ਵੱਲੋਂ ਦਿੱਤੇ ਬਿਆਨ ਨੂੰ ਹੁਕਮ ਮੰਨਦੀ ਹੈ। ਧਾਮੀ ਨੇ ਕਿਹਾ ਕਿ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ



ਵੜਿੰਗ ਜਥੇਦਾਰ ਨੂੰ ਹਟਾਉਣ ਦੀ ਗੱਲ ਕਰਦੇ ਹਨ। ਉਨਾਂ ਕਿਹਾ ਕਿ ਰਾਜਾ ਵੜਿੰਗ ਨੂੰ ਜਥੇਦਾਰ ਦੇ ਅਹੁਦੇ ਦਾ ਗਿਆਨ ਨਹੀਂ ਹੈ। ਉਨਾਂ ਕਿਹਾ ਕਿ ਇਹ ਸਤਿਕਾਰਤ ਅਹੁਦਾ ਹੈ ਅਤੇ ਜਥੇਦਾਰ ਸਿੱਖ ਕੌਮ ਦਾ ਸੁਪਰੀਮ ਹੁੰਦਾ ਹੈ। ਉਨਾਂ ਕਿਹਾ ਕਿ ਜਥੇਦਾਰ ਵੱਲੋਂ ਦਿੱਤਾ ਬਿਆਨ ਵਾਜਬ ਹੈ ਅਤੇ ਸਿੱਖ ਧਰਮ ਦੀਆਂ ਪ੍ਰੰਪਰਾਵਾਂ ਅਨੁਸਾਰ ਹੈ।

ਉਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੂਬੇ ਦੀ ਸਥਿਤੀ ਬਾਰੇ ਧਿਆਨ ਦੇਣ ਦੀ ਲੋੜ ਹੈ, ਸੂਬੇ ਹਲਾਤ ਬਦ ਤੋਂ ਬਦਤਰ ਹੋ ਰਹੇ ਹਨ ਅਤੇ ਸਿੱਖਾਂ ਨੂੰ ਸਵੈ ਰੱਖਿਆ ਕਰਨ ਲਈ ਹਥਿਆਰਾਂ ਦੀ ਲੋੜ ਹੈ। ਉਨਾਂ ਕਿਹਾ ਕਿ ਜਥੇਦਾਰ ਨੇ ਲਾਇਸੈਂਸੀ ਹਥਿਆਰ ਰੱਖਣ ਦੀ ਮੰਗ ਕੀਤੀ ਹੈ ਜੋ ਕਿ ਸਰਕਾਰ ਨੇ ਦੇਖਣਾ ਹੁੰਦਾ ਹੈ ਕਿ ਕਿਸ ਨੂੰ ਹਥਿਆਰ ਦਾ ਲਾਇਸੰਸ ਦਿੱਤਾ ਜਾ ਸਕਦਾ ਹੈ ਕਿਸ ਨੂੰ ਨਹੀਂ। ਉਨਾਂ ਕਿਹਾ ਜਿਸ ਲਈ ਕਿਸੇ ਦਾ ਵੀ ਇਸ ਬਿਆਨ ਤੇ ਕਿੰਤੂ ਕਰਨਾ ਨਹੀਂ ਬਣਦਾ।

**ਕਾਂਗਰਸ, ਭਾਜਪਾ ਤੇ ਆਪ ਨੇ ਜਤਾਇਆ ਇਤਰਾਜ਼**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਥੇਦਾਰ ਅਕਾਲ ਤਖ਼ਤ ਦੇ ਇਸ ਬਿਆਨ ਉੱਤੇ ਟਵੀਟ ਕਰਦਿਆਂ ਆਖਿਆ ਹੈ ਕਿ ਉਨਾਂ ਨੂੰ ਸਰਬੱਤ ਦਾ ਭਲਾ ਮੰਗਣ ਵਾਲੇ ਗੁਰਬਾਣੀ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਬਾਰੇ ਆਖਣਾ ਚਾਹੀਦਾ ਹੈ ਨਾ ਕਿ ਹਥਿਆਰਾਂ ਬਾਰੇ। ਭਗਵੰਤ ਮਾਨ ਨੇ ਲਿਖਿਆ ਹੈ, 'ਮਾਣਯੋਗ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ, ਤੁਹਾਡਾ ਹਥਿਆਰਾਂ ਵਾਲਾ ਬਿਆਨ ਸੁਣਿਆ। ਜਥੇਦਾਰ ਸਾਹਿਬ ਜੀ ਤੁਸੀਂ ਸਰਬੱਤ ਦਾ ਭਲਾ ਮੰਗਣ ਵਾਲੀ ਗੁਰਬਾਣੀ ਨੂੰ ਘਰ-ਘਰ ਪਹੁੰਚਾਉਣ ਦਾ ਸੰਦੇਸ਼ ਦਿਓ ਨਾ ਕਿ ਹਥਿਆਰ ਰੱਖਣ ਦਾ। ਜਥੇਦਾਰ ਸਾਹਿਬ, ਆਪਾਂ ਪੰਜਾਬ ਵਿੱਚ ਸ਼ਾਂਤੀ, ਭਾਈਚਾਰੇ ਅਤੇ ਮਾਡਰਨ ਤਰੱਕੀ ਦੇ ਸੁਨੇਹੇ ਦੇਣੇ ਨੇ ਨਾ ਕਿ ਮਾਡਰਨ ਹਥਿਆਰਾਂ ਦੇ।"ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਇਹ ਦੱਸਣ ਦੀ ਅਪੀਲ ਕੀਤੀ ਹੈ ਕਿ ਕਿਉਂ ਸਿੱਖਾਂ ਨੂੰ ਲਾਇਸੈਂਸੀ ਆਧੁਨਿਕ ਹਥਿਆਰ ਰੱਖਣੇ ਚਾਹੀਦੇ ਹਨ। ਵੜਿੰਗ ਨੇ ਕਿਹਾ ਕਿ ਸਿੱਖਾਂ ਤੇ ਹਿੰਦੂਆਂ ਨੂੰ ਹਥਿਆਰ ਰੱਖਣ ਦੀਆਂ ਗੱਲਾਂ ਕਰਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਥੇਦਾਰ ਵਲੋਂ ਸਿਰਫ਼ ਨੌਜਵਾਨਾਂ ਨੂੰ ਲਾਇਸੈਂਸੀ ਆਧੁਨਿਕ ਹਥਿਆਰ ਰੱਖਣ ਸਬੰਧੀ ਸੰਦੇਸ਼ 'ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ, ਵੜਿੰਗ ਨੇ ਕਿਹਾ ਕਿ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਗੁਰਤਾਗੱਦੀ ਦਿਵਸ ਮੌਕੇ ਇਹ ਸੱਦਾ ਦਿੱਤਾ ਹੈ।

ਗਿਆਨੀ ਹਰਪ੍ਰੀਤ ਸਿੰਘ ਵਲੋਂ ਦਿੱਤੇ ਗਏ ਬਿਆਨ 'ਤੇ ਪ੍ਰਤੀਕਰਮ ਦਿੰਦਿਆਂ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜਿਸ ਸੰਸਥਾ ਦੇ ਉੱਚ ਅਹੁਦੇ 'ਤੇ ਜਥੇਦਾਰ ਸਾਹਿਬ ਬੈਠੇ ਹਨ, ਉਹ ਸਿੱਖ ਜਗਤ ਲਈ ਨਹੀਂ, ਸਗੋਂ ਸਮੂਹ ਨਾਨਕ ਨਾਮ ਲੇਵਾ ਸੰਗਤ ਲਈ ਡੂੰਘੀ ਆਸਥਾ ਦਾ ਕੇਂਦਰ ਹੈ। ਇਸ ਉੱਚ ਸੰਸਥਾ ਦੇ ਅਹੁਦੇ 'ਤੇ ਬੈਠ ਕੇ ਸ਼ਾਂਤੀ ਦੀ ਗੱਲ ਕਰਨੀ ਚਾਹੀਦੀ ਹੈ। ਅਜਿਹੇ ਬਿਆਨ ਨਾਲ ਲੋਕਾਂ ਵਿਚ ਗਲਤ ਸੰਦੇਸ਼ ਜਾ ਸਕਦਾ ਹੈ। ਆਲ ਇੰਡੀਆ ਐਂਟੀ ਟੈਰਰਿਸਟ ਫਰੰਟ ਦੇ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ ਦੇ ਇਸ ਬਿਆਨ ਨੂੰ ਲੋਕ ਹਿੱਤਾਂ ਦੇ ਖ਼ਿਲਾਫ਼ ਕਰਾਰ ਦਿੱਤਾ ਹੈ।

**ਪੰਜਾਬੀ ਮਿਊਜ਼ਿਕ ਇੰਡਸਟਰੀ ਅਸ਼ਲੀਲਤਾ, ਨਸ਼ੇ ਤੇ ਗੰਨ ਕਲਚਰ ਨੂੰ ਦੇ ਰਹੀ ਹੁੰਗਾਰਾ**

ਪੰਜਾਬੀ ਮਿਊਜ਼ਿਕ ਇੰਡਸਟਰੀ ਵਿਚ ਪਿਛਲੇ ਕੁਝ ਸਾਲਾਂ ਤੋਂ ਅਸ਼ਲੀਲਤਾ, ਨਸ਼ੇ ਤੇ ਗੰਨ ਕਲਚਰ ਨੂੰ

**ਬਾਕੀ ਸਫ਼ਾ 30 'ਤੇ**

### ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਤਾਗੱਦੀ ਦਿਵਸ ਮਨਾਇਆ

**ਅੰਮ੍ਰਿਤਸਰ**: ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਤਾਗੱਦੀ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਤੇ ਹੋਰਨਾਂ ਥਾਵਾਂ 'ਤੇ ਸ਼ਰਧਾ ਸਹਿਤ ਮਨਾਇਆ ਗਿਆ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਜੀ ਵਿਖੇ ਸਵੇਰ ਤੋਂ ਦੁਪਹਿਰ ਤੱਕ ਅਲੌਕਿਕ ਜਲੌਅ ਸਜਾਏ ਗਏ, ਜਿਸ ਦੌਰਾਨ ਦੂਰੋਂ ਨੇੜਿਓਂ ਵੱਡੀ ਗਿਣਤੀ ਵਿਚ ਪੁੱਜੇ ਸ਼ਰਧਾਲੂਆਂ ਨੇ ਗੁਰੂਘਰ ਦੇ ਤੋਸ਼ਾਖਾਨੇ ਦੀਆਂ ਬੇਸ਼ਕੀਮਤੀ ਤੇ ਇਤਿਹਾਸਕ ਵਸਤੂਆਂ ਦੇ ਦਰਸ਼ਨ ਕੀਤੇ। ਇਸ ਸੰਬੰਧ ਵਿਚ ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਭਾਈ ਗੁਰਪ੍ਰੀਤ ਸਿੰਘ ਦੇ ਹਜ਼ੂਰੀ ਰਾਗੀ ਜਥੇ ਦੁਆਰਾ ਇਲਾਹੀ ਗੁਰਬਾਣੀ ਦਾ ਕੀਰਤਨ ਗਾਇਨ ਕੀਤਾ ਗਿਆ। ਉਪਰੰਤ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਨੇ ਸੰਗਤਾਂ ਨੂੰ ਗੁਰਤਾਗੱਦੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ 6ਵੇਂ ਪਾਤਿਸ਼ਾਹ ਦਾ ਜੀਵਨ ਅਤੇ ਉਨਾਂ ਦੀ ਦੇਣ ਸਿੱਖ ਕੌਮ ਲਈ ਵੱਡੇ ਮਹੱਤਵ ਵਾਲੀ ਹੈ। ਸਮਾਗਮ ਵਿਚ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕਿਸੇ ਕਾਰਨ ਹਾਜ਼ਰ ਨਹੀਂ ਹੋਏ, ਜਦੋਂ ਕਿ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਭਾਈ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਧਰਮ ਪ੍ਰਚਾਰ ਕਮੇਟੀ ਮੈਂਬਰ ਅਜਾਇਬ ਸਿੰਘ ਅਭਿਆਸੀ, ਵਧੀਕ ਸਕੱਤਰ ਪ੍ਰਤਾਪ ਸਿੰਘ ਤੇ ਬਿਜੈ ਸਿੰਘ, ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਸੁਲੱਖਣ ਸਿੰਘ ਭੰਗਾਲੀ, ਮਲਕੀਤ ਸਿੰਘ ਬਹਿੜਵਾਲ ਸਮੇਤ ਹੋਰ ਸ਼੍ਰੋਮਣੀ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕ ਤੇ ਸੰਗਤਾਂ ਹਾਜ਼ਰ ਸਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਜਾਰੀ ਬਿਆਨ ਵਿਚ ਸੰਗਤਾਂ ਨੂੰ ਗੁਰੂ ਸਾਹਿਬ ਦੇ ਗੁਰਤਾਗੱਦੀ ਦਿਵਸ ਦੀ ਵਧਾਈ ਦਿੱਤੀ। ਇਸੇ ਦੌਰਾਨ ਗੁਰਦੁਆਰਾ ਸ੍ਰੀ ਕੌਲਸਰ ਸਾਹਿਬ ਵਿਖੇ ਵੀ ਗੁਰਤਾਗੱਦੀ ਦਿਵਸ ਮੌਕੇ ਵਿਸ਼ਾਲ ਗੁਰਮਤਿ ਸਮਾਗਮ ਸਜਾਇਆ ਗਿਆ।

# ਫਿਰਕੂ ਰਾਜਨੀਤੀ ਦਾ ਵਿਰੋਧ ਕਰਨ ਦੀ ਲੋੜ

**ਡਾਕਟਰ ਅਰੁਣ ਮਿੱਤਰਾ**

ਸੋਸ਼ਲ ਮੀਡੀਆ 'ਤੇ ਅਨੇਕਾਂ ਵੀਡੀਓ ਘੁੰਮ ਰਹੀਆਂ ਹਨ, ਜਿਨਾਂ ਵਿਚ ਕਿ ਦੁੱਖ ਤੇ ਹੈਰਾਨੀ ਪ੍ਰਗਟ ਕੀਤੀ ਜਾ ਰਹੀ ਹੈ ਕਿ ਦੇਸ਼ ਵਿਚ ਸਮਾਜ ਨੂੰ ਵੰਡਣ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਅਤੇ ਅਨੇਕਾਂ ਥਾਵਾਂ 'ਤੇ ਹਿੰਦੂਤਵਵਾਦੀ ਅਨਸਰਾਂ ਵਲੋਂ ਘੱਟ-ਗਿਣਤੀਆਂ ਖ਼ਾਸ ਤੌਰ 'ਤੇ ਮੁਸਲਮਾਨਾਂ ਉੱਪਰ ਹਮਲੇ ਕੀਤੇ ਜਾ ਰਹੇ ਹਨ, ਪਰ ਫਿਰ ਵੀ ਦੇਸ਼ ਦੇ ਪ੍ਰਧਾਨ ਮੰਤਰੀ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ। ਇਹ ਵੀ ਕਿ ਹੁਣ ਤੱਕ ਇਸ ਤਰਾਂ ਦੀਆਂ ਘਟਨਾਵਾਂ ਦੇ ਇਕ ਵੀ ਮਾਮਲੇ ਬਾਰੇ ਉਨਾਂ ਦੇ ਮੂੰਹੋਂ ਨਿਖੇਧੀ ਦਾ ਇਕ ਵੀ ਸ਼ਬਦ ਨਹੀਂ ਨਿਕਲਿਆ। ਲੋਕਾਂ ਨੂੰ ਚੇਤੰਨ ਕਰਨ ਲਈ ਵੀਡੀਓ ਬਣਾਉਣ ਵਾਲਿਆਂ ਦੀ ਚਿੰਤਾ ਬਿਲਕੁਲ ਜਾਇਜ਼ ਹੈ ਤੇ ਉਹ ਸਮਾਜ ਵਿਚ ਵੰਡੀਆਂ ਪਾਉਣ ਦੀਆਂ ਕੋਝੀਆਂ ਸਾਜਿਸ਼ਾਂ ਦੇ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਵੀ ਕਰ ਰਹੇ ਹਨ, ਪਰ ਇਹ ਗੱਲ ਹੁਣ ਸਾਫ਼ ਹੋ ਚੁੱਕੀ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਉਸ ਵਿਚਾਰਧਾਰਾ ਨਾਲ ਜੁੜੇ ਹੋਏ ਹਨ ਜੋ ਕਿ ਇਸ ਕਿਸਮ ਦੀਆਂ ਸਾਜਿਸ਼ਾਂ ਨੂੰ ਉਤਸ਼ਾਹਿਤ ਕਰਦੀ ਹੈ। ਇਹ ਗੱਲ ਕਿਸੇ ਤੋਂ ਲੁਕੀ ਨਹੀਂ ਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਰ.ਐਸ.ਐਸ. ਦੇ ਵਰਕਰ ਹਨ ਤੇ ਪ੍ਰਚਾਰਕ ਵੀ ਰਹੇ ਹਨ। ਇਹ ਗੱਲ ਵੀ ਕਿਸੇ ਤੋਂ ਲੁਕੀ ਨਹੀਂ ਕਿ ਦੇਸ਼ ਦੇ ਅਜ਼ਾਦੀ ਦੇ ਸੰਗਰਾਮ ਵਿਚ ਆਰ.ਐਸ.ਐਸ. ਦੀ ਭੂਮਿਕਾ ਬਿਲਕੁਲ ਨਕਾਰਾਤਮਿਕ ਸੀ। ਉਨਾਂ ਨੇ ਸੰਪੂਰਨ ਅਜ਼ਾਦੀ ਲਈ 1929 ਵਿਚ ਰਾਵੀ ਦੇ ਕਿਨਾਰੇ ਹੋਏ ਸੈਸ਼ਨ ਵਿਚ ਪਾਸ ਕੀਤੇ ਪ੍ਰਸਤਾਵ ਦਾ ਵੀ ਡਟ ਕੇ ਵਿਰੋਧ ਕੀਤਾ ਸੀ ਅਤੇ ਤਿਰੰਗੇ ਝੰਡੇ ਥੱਲੇ ਆਜ਼ਾਦੀ ਦੇ ਅੰਦੋਲਨ ਨੂੰ ਵਧਾਉਣ ਦੇ ਫ਼ੈਸਲੇ ਦਾ ਵੀ ਵਿਰੋਧ ਕਰਦਿਆਂ ਤਿਰੰਗੇ ਦੀ ਹੋਲੀ ਜਲਾਈ ਸੀ। ਆਰ.ਐਸ.ਐਸ. ਹਮੇਸ਼ਾ ਅੰਗਰੇਜ਼ਾਂ ਦੀ ਸਹਿਯੋਗੀ ਬਣ ਕੇ ਰਹੀ ਹੈ। ਉਨਾਂ ਵਲੋਂ ਦਾਮੋਦਰ ਸਾਵਰਕਰ ਦਾ ਨਾਂ ਵਾਰ-ਵਾਰ ਲਿਆ ਜਾਂਦਾ ਹੈ ਪਰ ਉਹ ਇਹ ਗੱਲ ਨਹੀਂ ਦੱਸਦੇ ਕਿ ਦਮੋਦਰ ਸਾਵਰਕਰ ਨੇ ਅੰਗਰੇਜ਼ਾਂ ਤੋਂ ਅੰਡੇਮਾਨ ਦੀ ਜੇਲ ਤੋਂ ਛੱਡੇ ਜਾਣ ਲਈ 6 ਵਾਰ ਮੁਆਫ਼ੀਨਾਮਾ ਦਿੱਤਾ ਸੀ ਅਤੇ ਇਹ ਗੱਲ ਵੀ ਕਹੀ ਸੀ ਕਿ ਉਹ ਜੇਲ ਵਿਚੋਂ ਬਾਹਰ ਆਉਣ ਤੋਂ ਉਪਰੰਤ ਅੰਗਰੇਜ਼ਾਂ ਨਾਲ ਮਿਲ ਕੇ ਕੰਮ ਕਰਨਗੇ। ਉਨਾਂ ਨੇ ਇੰਜ ਕੀਤਾ ਵੀ ਤੇ ਹਿੰਦੂ ਮਹਾਂਸਭਾ ਵਿਚ ਕੰਮ ਕਰਦਿਆਂ ਉਨਾਂ ਨੇ ਹਿੰਦੂ ਰਾਸ਼ਟਰ ਦੀ ਗੱਲ ਕਹੀ ਅਤੇ ਉਸ ਦੇ ਅਨੁਸਾਰ ਕੰਮ ਕੀਤਾ। ਆਰ.ਐਸ.ਐਸ. ਦੇ ਸੰਸਥਾਪਕ ਕੇ.ਬੀ. ਹੈਡਗੇਵਾਰ ਨੇ ਕਦੇ ਵੀ ਇਸ ਗੱਲ ਤੋਂ ਲੁਕੋ ਨਹੀਂ ਰੱਖਿਆ ਕਿ ਉਹ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ। ਪਰ ਆਰ.ਐਸ.ਐਸ. ਦੀ ਅਸਲੀ ਵਿਚਾਰਧਾਰਾ ਤਾਂ ਉਨਾਂ ਦੇ ਦੂਸਰੇ ਗੁਰੂ ਐਮ.ਐਸ. ਗੋਲਵਾਲਕਰ ਨੇ ਆਪਣੀਆਂ ਲਿਖਤਾਂ ਵਿਚ ਸਾਹਮਣੇ ਲਿਆਂਦੀ। ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ ਬਾਰੇ ਲਿਖਦਿਆਂ ਉਨਾਂ ਨੇ ਕਿਹਾ ਕਿ ਇਹ ਦਲੇਰ ਤਾਂ ਹਨ ਪਰ ਕੁਰਾਹੇ ਪਏ ਹੋਏ ਹਨ ਤੇ ਇਹ ਕਿ ਇਨਾਂ ਨੂੰ ਆਪਣੀ ਊਰਜਾ ਸ਼ਕਤੀ ਅੰਗਰੇਜ਼ਾਂ ਦੇ ਖ਼ਿਲਾਫ਼ ਲੜਨ ਦੀ ਬਜਾਏ ਮੁਸਲਮਾਨਾਂ, ਈਸਾਈਆਂ ਅਤੇ ਕਮਿਊਨਿਸਟਾਂ ਦੇ ਵਿਰੁੱਧ ਲਗਾਉਣੀ ਚਾਹੀਦੀ ਹੈ। ਗੋਲਵਾਲਕਰ ਆਪਣੀ ਕਿਤਾਬ **'We or our nationhood defined'** (ਅਸੀਂ ਅਤੇ ਸਾਡੀ ਕੌਮੀਅਤ ਦੀ ਪਛਾਣ) ਵਿਚ ਸਾਫ਼ ਤੌਰ 'ਤੇ ਲਿਖਦੇ ਹਨ ਕਿ ਜਦੋਂ ਵੀ ਸੱਤਾ ਵਿਚ ਆਏ ਤਾਂ ਸਭ ਤੋਂ ਪਹਿਲਾਂ ਸਰਕਾਰ ਦੀ ਧਨ-ਸੰਪਤੀ, ਰਾਜਾਂ ਦੀ ਜ਼ਮੀਨ ਅਤੇ ਜੰਗਲ ਆਪਣੇ 2-3 ਵਿਸ਼ਵਾਸਯੋਗ ਧਨੀ ਲੋਕਾਂ ਨੂੰ ਸੌਂਪ ਦਿਓ। ਦੇਸ਼ ਦੀ 95 ਫ਼ੀਸਦੀ ਜਨਤਾ ਨੂੰ ਭਿਖਾਰੀ ਬਣਾ ਦਿਓ ਅਤੇ ਉਸ ਤੋਂ ਬਾਅਦ ਸੱਤ ਜਨਮਾਂ ਤੱਕ ਸੱਤਾ ਹੱਥਾਂ ਵਿਚੋਂ ਨਹੀਂ ਜਾਏਗੀ। ਉਹ ਇਹ ਵੀ ਆਖਦੇ ਹਨ ਕਿ ਮੈਂ ਸਾਰੀ ਜ਼ਿੰਦਗੀ ਅੰਗਰੇਜ਼ਾਂ ਦੀ ਗੁਲਾਮੀ ਕਰਨ ਦੇ ਲਈ ਤਿਆਰ ਹਾਂ ਪਰ ਜੋ ਦਲਿਤ, ਪਛੜੇ ਅਤੇ ਮੁਸਲਮਾਨਾਂ ਨੂੰ ਬਰਾਬਰੀ ਦੇ ਅਧਿਕਾਰ ਦਿੰਦੀ ਹੋਵੇ, ਐਸੀ ਆਜ਼ਾਦੀ ਮੈਨੂੰ ਨਹੀਂ ਚਾਹੀਦੀ। ਨਰਿੰਦਰ ਮੋਦੀ ਆਪਣੇ ਗੁਰੂ ਐਮ.ਐਸ. ਗੋਲਵਾਲਕਰ ਦੀ ਇਸ ਵਿਚਾਰਧਾਰਾ ਨੂੰ ਮੰਨਦੇ ਹਨ



ਤੇ ਅਮਲ ਵੀ ਕਰਦੇ ਹਨ ਅਤੇ ਉਨਾਂ ਨੇ ਇਸ ਨੂੰ ਲਾਗੂ ਕਰ ਕੇ ਵੀ ਦਿਖਾਇਆ ਹੈ। ਸਾਰਿਆਂ ਨੂੰ ਦਿਖ ਰਿਹਾ ਹੈ ਕਿ ਉਨਾਂ ਨੇ ਦੇਸ਼ ਦੀ ਧਨ-ਸੰਪਤੀ ਕਿਵੇਂ ਪ੍ਰਮੁੱਖ ਤੌਰ 'ਤੇ ਅੰਬਾਨੀ ਤੇ ਅਡਾਨੀ, 2 ਘਰਾਣਿਆਂ ਨੂੰ ਸੌਂਪ ਦਿੱਤੀ ਹੈ। ਉਨਾਂ ਦੀ ਵਿਚਾਰਧਾਰਾ ਬਿਲਕੁਲ ਇਹੀ ਹੈ ਜੋ ਕਿ ਮੁਸਲਮਾਨਾਂ ਤੇ ਦਲਿਤਾਂ ਦੇ ਖਿਲਾਫ਼ ਨਫ਼ਰਤ ਫੈਲਾਉਣ ਨੂੰ ਜਾਇਜ਼ ਠਹਿਰਾਉਂਦੀ ਹੈ ਤੇ ਇਹ ਕਿ ਉਨਾਂ ਨੂੰ ਬਰਾਬਰ ਦੇ ਨਾਗਰਿਕ ਵਜੋਂ ਅਧਿਕਾਰ ਨਹੀਂ ਦਿੱਤੇ ਜਾ ਸਕਦੇ। ਗੁਜਰਾਤ ਵਿਚ ਜਦੋਂ ਉਹ ਮੁੱਖ ਮੰਤਰੀ ਸਨ, ਉਨਾਂ ਨੇ ਇਸ ਗੱਲ ਨੂੰ ਕਰ ਕੇ ਦਿਖਾਇਆ। ਜਿਸ ਤਰੀਕੇ ਨਾਲ ਉੱਥੇ ਮੁਸਲਮਾਨਾਂ ਦੇ ਕਤਲੇਆਮ ਕੀਤੇ ਗਏ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਦੇ ਸੰਵਿਧਾਨਕ ਪਦ 'ਤੇ ਹੋਣ ਦੇ ਬਾਵਜੂਦ ਚੁੱਪ ਰਹਿ ਕੇ ਆਪਣੀ ਸਹਿਮਤੀ ਜਤਾਈ।

**ਵਿਸ਼ੇਸ਼ ਚਰਚਾ**

ਇਸ ਲਈ ਕੁਝ ਚਿੰਤਕ ਕਿਸਮ ਦੇ ਲੋਕਾਂ ਜਾਂ ਵੀਡੀਓ ਬਣਾਉਣ ਵਾਲੇ ਨਾਗਰਿਕਾਂ ਦਾ ਨਰਿੰਦਰ ਮੋਦੀ ਨੂੰ ਅਪੀਲ ਕਰਕੇ ਆਖਣਾ ਅਤੇ ਇਹ ਉਮੀਦ ਰੱਖਣਾ ਕਿ ਉਹ ਦੱਬੇ-ਕੁਚਲੇ ਲੋਕਾਂ ਦੇ ਹੱਕ ਵਿਚ ਹੋ ਜਾਣਗੇ ਜਾਂ ਫਿਰ ਘੱਟ ਗਿਣਤੀਆਂ ਉੱਪਰ ਹੋਣ ਵਾਲੇ ਅੱਤਿਆਚਾਰ ਦੇ ਬਾਰੇ ਬੋਲਣਗੇ, ਇਕ ਬਚਕਾਨੀ ਗੱਲ ਹੋਵੇਗੀ। ਜਿੱਥੇ-ਜਿੱਥੇ ਭਾਜਪਾ ਦੀਆਂ ਸਰਕਾਰਾਂ ਹਨ, ਮਿਸਾਲ ਦੇ ਤੌਰ 'ਤੇ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਕਰਨਾਟਕ, ਤ੍ਰਿਪੁਰਾ, ਉੱਤਰਾਖੰਡ ਇਨਾਂ ਸੂਬਿਆਂ ਵਿਚ ਸ਼ਰੇਆਮ ਫ਼ਿਰਕੂ ਗੁੰਡਾ ਨਾਚ ਕੀਤਾ ਜਾ ਰਿਹਾ ਹੈ ਅਤੇ ਮੁਸਲਮਾਨਾਂ 'ਤੇ ਹਮਲੇ ਕਰਕੇ ਉਨਾਂ ਦੀ ਆਰਥਿਕਤਾ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਗ਼ਰੀਬ ਮੁਸਲਮਾਨਾਂ ਨੂੰ ਮੰਦਰਾਂ ਦੇ ਬਾਹਰ ਸਾਮਾਨ ਵੇਚਣ ਤੋਂ ਰੋਕਣਾ, ਗ਼ਰੀਬ ਮੁਸਲਮਾਨਾਂ ਦੀਆਂ ਰੇਹੜੀਆਂ ਪਲਟਾ ਦੇਣੀਆਂ, ਗਊ ਹੱਤਿਆ ਦੇ ਨਾਂ 'ਤੇ ਉਨਾਂ ਦੇ ਕਤਲ ਕਰਨੇ ਵਰਗੀਆਂ ਘਿਨੌਣੀਆਂ ਹਰਕਤਾਂ ਪੁਲਿਸ ਦੇ ਨੱਕ ਹੇਠ ਕੀਤੀਆਂ ਜਾ ਰਹੀਆਂ ਹਨ। ਹੁਣ ਤਾਂ ਹਿੰਦੂਆਂ 'ਤੇ ਵੀ ਹਮਲੇ ਹੋ ਰਹੇ ਹਨ। ਵਿਦਿਆਰਥੀਆਂ (ਹਿੰਦੂ ਮੁਸਲਮਾਨ ਸਾਰੇ) ਦੇ ਉੱਪਰ ਇਸ ਗੱਲ 'ਤੇ ਹਮਲੇ ਕਰਨੇ ਕਿ ਉਹ ਨਵਰਾਤਿਆਂ ਦੇ ਦਿਨਾਂ ਦੇ ਵਿਚ ਮੀਟ ਕਿਵੇਂ ਖਾ ਰਹੇ ਹਨ? ਜਾਂ ਨਿਊਜ਼ 18 ਚੈਨਲ ਦੇ ਸੌਰਭ ਸ਼ਰਮਾ 'ਤੇ ਜਾਨਲੇਵਾ ਹਮਲਾ ਇਸ ਕਾਰਨ ਕਰਨਾ ਕਿ ਉਨਾਂ ਨੇ ਰਾਤ ਨੂੰ 11 ਵਜੇ ਜਗਰਾਤੇ ਦੇ ਲਾਊਡ ਸਪੀਕਰ ਦੀ ਆਵਾਜ਼ ਘਟਾਉਣ ਲਈ ਕਿਹਾ ਸੀ, ਇਹ ਘਟਨਾਵਾਂ ਆਰ.ਐਸ.ਐਸ. ਦੀ ਅਸਲੀ ਮਾਨਸਿਕਤਾ ਨੂੰ ਦਰਸਾਉਂਦੀਆਂ ਹਨ। ਗੱਲ ਇਸ ਸਮੇਂ ਲੋੜ ਪ੍ਰਧਾਨ ਮੰਤਰੀ ਨੂੰ ਅਪੀਲਾਂ ਕਰਨ ਦੀ ਨਹੀਂ, ਸਗੋਂ ਉਨਾਂ ਦੀ ਇਸ ਕਿਸਮ ਦੀ ਵਿਚਾਰਧਾਰਾ ਦੇ ਖ਼ਿਲਾਫ਼ ਖੜੇ ਹੋਣ ਦੀ ਹੈ। ਗ਼ੈਰ-ਭਾਜਪਾ ਪਾਰਟੀਆਂ ਨੂੰ ਏਕਾ ਕਰਕੇ ਚਿੰਤਕ ਲੋਕਾਂ ਅਤੇ ਸਮਾਜ ਦੀਆਂ ਹੋਰ ਲੜ ਰਹੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਇਸ ਲੜਾਈ ਨੂੰ ਤਿੱਖਾ ਕਰਨਾ ਪਵੇਗਾ। ਇਸ ਤਰਾਂ ਹੀ ਦੇਸ਼ ਨੂੰ ਬਚਾਇਆ ਜਾ ਸਕਦਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES
25 ਮਈ 2022 ਤੋਂ 31 ਮਈ 2022

# ਗੁਰੂ ਦੇ ਹੁਕਮ ਸਬੰਧੀ ਕਿਉਂ, ਕਿਸ ਲਈ ਆਦਿ ਸਭ ਸਵਾਲ ਮਿੱਟੀ ਹਨ

ਪਿਛਲੇ ਦਿਨੀਂ ਛੇਵੇਂ ਪਾਤਿਸ਼ਾਹ ਜੀ ਦਾ ਗੁਰਗੱਦੀ ਦਿਵਸ ਲੰਘ ਕੇ ਗਿਆ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਛੇਵੇਂ ਪਾਤਿਸ਼ਾਹ ਨੂੰ ਯਾਦ ਕਰਦਿਆਂ ਕਿਹਾ ਕਿ ਅਸੀਂ ਸਾਰੇ ਛੇਵੇਂ ਪਾਤਿਸ਼ਾਹ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਸ਼ਸਤਰਧਾਰੀ ਹੋਈਏ। ਗੱਤਕੇਬਾਜੀ, ਤਲਵਾਰਬਾਜ਼ੀ, ਨਿਸ਼ਾਨੇਬਾਜ਼ੀ ਇਨਾਂ ਕਲਾਵਾਂ ਵਿਚ ਸਿਖਿਅਤ ਹੋਈਏ ਅਤੇ ਲਾਇਸੈਂਸੀ ਮੌਡਰਨ ਹਥਿਆਰ ਲੀਗਲ ਤਰੀਕੇ ਨਾਲ ਰੱਖਣ ਦਾ ਹਰ ਸਿੱਖ ਯਤਨ ਜਰੂਰ ਕਰੇ ਕਿਉਂਕਿ ਸਮਾਂ/ਹਾਲਾਤ ਇਸ ਤਰਾਂ ਦੇ ਬਣ ਰਹੇ ਨੇ। ਨਾਲ ਹੀ ਉਨਾਂ ਨੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਬਾਣੀ ਪੜਨ ਦੀ ਗੱਲ ਵੀ ਕਹੀ। ਇਸ ਬਿਆਨ ਮਗਰੋਂ ਪੰਜਾਬ ਦੇ ਸਿਆਸਤਦਾਨਾਂ, ਕਾਰਕੁੰਨਾਂ ਅਤੇ ਬਿਜਲ ਸੱਥ ਉੱਤੇ ਸਰਗਰਮ ਰਹਿਣ ਵਾਲਿਆਂ ਵਿੱਚ ਲਗਾਤਾਰ ਚਰਚਾ ਅਤੇ ਬਹਿਸ ਚੱਲ ਰਹੀ ਹੈ। ਪੰਜਾਬ ਦੇ ਨਵੇਂ ਸੂਬੇਦਾਰ ਦਾ ਵੀ ਬਿਆਨ ਆਇਆ, ਹੋਰਨਾਂ ਸਿਆਸੀ ਧਿਰਾਂ ਦੇ ਵੀ ਆਏ, ਕੁਝ ਸਿੱਖਾਂ ਨੇ ਵੀ ਜਥੇਦਾਰ ਸਾਹਿਬ ਦਾ ਵਿਰੋਧ ਕੀਤਾ ਅਤੇ ਅੱਜ ਦੇ ਅਖਬਾਰ ਵੀ ਇਸ ਤਰਾਂ ਦੇ ਬਿਆਨਾਂ ਨਾਲ ਭਰੇ ਪਏ ਹਨ। ਇਸ ਸਾਰੇ ਮਸਲੇ ਨੂੰ ਦੋ ਅਹਿਮ ਨੁਕਤਿਆਂ ਤੋਂ ਜਰੂਰ ਵੇਖਣਾ ਬਣਦਾ ਹੈ, ਪਹਿਲੀ ਇਹ ਕਿ ਜਥੇਦਾਰ ਸਾਹਿਬ ਨੇ ਜੋ ਕਿਹਾ ਉਸ ਦੀ ਸਿੱਖ ਪਰੰਪਰਾ ਵਿੱਚ ਕੀ ਥਾਂ ਹੈ, ਸਿੱਖ ਲਈ ਸ਼ਸ਼ਤਰ ਕੀ ਹਨ, ਅਤੇ ਦੂਸਰਾ ਇਹ ਕਿ ਜਥੇਦਾਰ ਸਾਹਿਬ ਵੱਲੋਂ ਕਹੀ ਗੱਲ ਨੂੰ ਅੱਜ ਹਰ ਕੋਈ ਕਿਵੇਂ ਜਣਾ-ਖਣਾ ਕਿਵੇਂ ਚੁਣੌਤੀ ਦੇ ਰਿਹਾ ਹੈ, ਇਹ ਨੌਬਤ ਆਖਿਰ ਆਈ ਕਿਉਂ ?

ਪਹਿਲਾਂ ਇਹ ਵੇਖ ਲਈਏ ਕਿ ਕਿਸ ਨੇ ਕੀ ਕੀ ਕਿਹਾ ?

ਪੰਜਾਬ ਦੇ ਨਵੇਂ ਸੂਬੇਦਾਰ ਭਗਵੰਤ ਮਾਨ ਨੇ ਕਿਹਾ ਹੈ ਕਿ ਮਾਣਯੋਗ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਤੁਹਾਡਾ ਹਥਿਆਰਾਂ ਵਾਲਾ ਬਿਆਨ ਸੁਣਿਆ, ਜਥੇਦਾਰ ਸਾਹਿਬ ਜੀ ਤੁਸੀਂ ਸਰਬੱਤ ਦਾ ਭਲਾ ਮੰਗਣ ਵਾਲੀ ਗੁਰਬਾਣੀ ਨੂੰ ਘਰ-ਘਰ ਪਹੁੰਚਾਉਣ ਦਾ ਸੰਦੇਸ਼ ਦਿਓ ਨਾ ਕਿ ਹਥਿਆਰ ਰੱਖਣ ਦਾ। ਜਥੇਦਾਰ ਸਾਹਿਬ ਆਪਾਂ ਪੰਜਾਬ ਵਿੱਚ ਸ਼ਾਂਤੀ, ਭਾਈਚਾਰੇ ਅਤੇ ਮਾਡਰਨ ਤਰੱਕੀ ਦੇ ਸੁਨੇਹੇ ਦੇਣੇ ਨੇ ਨਾ ਕਿ ਮਾਡਰਨ ਹਥਿਆਰਾਂ ਦੇ। ਆਮ ਆਦਮੀ ਪਾਰਟੀ ਦੇ ਹੀ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਸਿੱਖਾਂ ਦੀ ਸਿਰਮੌਰ ਹਸਤੀ ਹਨ, ਉਨਾਂ ਦੇ ਬਿਆਨ 'ਤੇ ਸਿਆਸਤ ਨਹੀਂ ਹੋਣੀ ਚਾਹੀਦੀ। ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਰਾਜਾ ਬੜਿੰਗ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਦੱਸਣ ਕਿ ਕਿਉਂ ਸਿੱਖ ਨੌਜਵਾਨਾਂ ਨੂੰ ਲਾਇਸੈਂਸੀ ਹਥਿਆਰ ਰੱਖਣ ਦੀ ਲੋੜ ਹੈ ? ਸਿੱਖ ਭਾਈਚਾਰੇ ਦੇ ਸਭ ਤੋਂ ਅਹਿਮ ਅਹੁਦੇ 'ਤੇ ਬੈਠ ਕੇ ਉਨਾਂ ਦਾ ਅਜਿਹਾ ਬਿਆਨ ਭਾਈਚਾਰੇ ਲਈ ਖਤਰਨਾਕ ਹੈ। ਪੰਜਾਬ ਦੇ ਸਾਬਕਾ ਉਪ ਮੁਖ ਮੰਤਰੀ ਸੁਖਜਿੰਦਰ ਰੰਧਾਵਾ ਦਾ ਕਹਿਣਾ ਹੈ ਕਿ ਜਥੇਦਾਰ ਸਾਹਿਬ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਕਿ ਅਜਿਹਾ ਕੀ ਖਤਰਾ ਹੈ ਕਿ ਇਹ ਬਿਆਨ ਦਿੱਤਾ। ਓਦਾਂ ਉਨਾਂ ਨੇ ਆਪਣੀ ਟਿੱਪਣੀ ਕਰਦਿਆਂ ਇਹ ਵੀ ਮੰਨ ਲਿਆ ਕਿ ਹਥਿਆਰ ਸਿੱਖ ਦੀ ਸ਼ਾਨ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਠੀਕ ਨਹੀਂ ਹੈ ਇਸ ਲਈ ਇਹ ਬਿਆਨ ਸਹੀ ਹੈ। ਭਾਜਪਾ ਦੇ ਹਰਜੀਤ ਗਰੇਵਾਲ ਨੇ ਕਿਹਾ ਹੈ ਕਿ ਅਜੇ ਤੱਕ ਹਾਲਾਤ ਖਰਾਬ ਨਹੀਂ ਹੋਏ ਪਰ ਅਜਿਹੇ ਬਿਆਨ ਨਾਲ ਹਾਲਾਤ ਖਰਾਬ ਹੋ ਸਕਦੇ ਹਨ। ਭਾਜਪਾ ਦੇ ਅਸ਼ਵਨੀ ਸ਼ਰਮਾ ਨੇ ਇਸ ਬਿਆਨ ਨੂੰ ਮੰਦਭਾਗਾ ਦੱਸਿਆ ਹੈ। ਇੱਕ ਪੰਜਾਬੀ ਗਾਉਣਵਾਲਾ ਵੀ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਪੁੱਛ ਰਿਹਾ ਹੈ ਕਿ ਤੁਸੀਂ ਕਲਮ ਦੀ ਥਾਂ ਹਥਿਆਰ ਕਿਉਂ ਕਿਹਾ ? ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਸਵਾਲ ਕੀਤਾ ਹੈ ਕਿ ਕੀ ਇਸ ਸੰਦੇਸ਼ ਨਾਲ ਸਿੱਖ ਨੌਜਵਾਨ ਆਪਣੀ ਦਿਸ਼ਾ ਤੋਂ ਨਹੀਂ ਭਟਕਣਗੇ ?

ਸਿੱਖ ਲਈ ਸਸ਼ਤਰ ਕੀ ਹਨ ?

ਸਿੱਖ ਲਈ ਸਸ਼ਤਰ ਪੀਰ ਹਨ, ਸਿੱਖ ਲਈ ਸਸ਼ਤਰ ਗੁਰੂ ਦਾ ਹੁਕਮ ਹਨ। ਗੁਰੂ ਗ੍ਰੰਥ ਸਾਹਿਬ ਨੂੰ ਸੀਸ ਝੁਕਾਉਣ ਵੇਲੇ ਸਿੱਖ ਸਸ਼ਤਰਾਂ ਨੂੰ ਵੀ ਨਾਲ ਹੀ ਸੀਸ ਝੁਕਾਉਂਦਾ ਹੈ। ਗੁਰੂ ਪਾਤਿਸ਼ਾਹ ਨੇ ਸਿੱਖ ਨੂੰ ਕੇਸਾਂ ਅਤੇ ਸਸ਼ਤਰਾਂ ਨਾਲ ਹੀ ਦਰਸ਼ਨ ਦੇਣ ਦੀ ਹਾਮੀ ਭਰੀ ਹੈ, ਸਸ਼ਤਰ ਅਭਿਆਸ ਸਿੱਖ ਲਈ ਜਰੂਰੀ ਕੀਤਾ ਹੈ। ਦਸਵੇਂ ਪਾਤਿਸ਼ਾਹ ਵੱਲੋਂ ਪਲੰਘ ਦੇ ਪਾਵੇ ਵਿਚ ਮਾਰਿਆ ਤੀਰ ਜਦੋਂ ਵਜ਼ੀਰ ਖਾਨ ਨੂੰ ਕਰਾਮਾਤ ਲੱਗਾ ਤਾਂ ਪਾਤਿਸ਼ਾਹ ਨੇ ਇਕ ਤੀਰ ਦਰੱਖਤ ਦੇ ਟਾਹਣ 'ਚ ਮਾਰਿਆ, ਨਾਲ ਚਿੱਠੀ ਸੀ ਜਿਸ ਵਿਚ ਲਿਖਿਆ ਸੀ, ਕਰਾਮਾਤ ਨਹੀਂ ਅਭਿਆਸ। ਜਦੋਂ ਕਪੂਰਾ ਚੌਧਰੀ ਨੇ ਦਸਵੇਂ ਪਾਤਿਸ਼ਾਹ ਨੂੰ ਪੁੱਛਿਆ ਕਿ ਸਸ਼ਤਰਾਂ ਨੂੰ ਬਰਾਬਰ ਕਿਉਂ ਸਜਾਇਆ ਹੈ ਤੇ ਇਨਾਂ 'ਤੇ ਚੌਰ ਕਿਉਂ ਕੀਤਾ ਜਾ ਰਿਹਾ ਹੈ ਤਾਂ ਪਾਤਿਸ਼ਾਹ ਨੇ ਉਸ ਨੂੰ ਪੁੱਛਿਆ ਕਿ ਚੰਦੋਆ ਲਗਾ ਕੇ, ਚੌਰ ਕਿਸ 'ਤੇ ਕੀਤਾ ਜਾਂਦਾ ਹੈ ? ਚੌਧਰੀ ਨੇ ਕਿਹਾ ਗੁਰੂ ਪੀਰਾਂ 'ਤੇ। ਪਾਤਿਸ਼ਾਹ ਨੇ ਕਿਹਾ ਅਸੀਂ ਸਿੱਖਾਂ ਦੇ ਗੁਰੂ ਹਾਂ ਤੇ ਇਹ ਸ਼ਸ਼ਤਰ ਸਾਡੇ ਗੁਰੂ ਹਨ। ਮਹਿਰਾਜ ਦੀ ਜੰਗ ਵੇਲੇ ਰਾਇ ਜੋਧ ਵੱਲੋਂ ਟਲ ਜਾਣ ਦੀ ਸਲਾਹ ਦੇ ਜਵਾਬ ਵਿੱਚ ਛੇਵੇਂ ਪਾਤਿਸ਼ਾਹ ਕਹਿੰਦੇ ਹਨ 'ਲੋਕ ਪ੍ਰਲੋਕ ਦੇ ਸਾਰੇ ਸੁੱਖ ਸੂਰਬੀਰਾਂ ਦੀਆਂ ਭੁਜਾਂ ਨਾਲ ਲਮਕਦੇ ਹਨ।' ਜਦੋਂ ਦਸਵੇਂ ਪਾਤਿਸ਼ਾਹ ਨੇ ਮਾਛੀਵਾੜੇ ਟਿੰਡ ਦਾ ਸਰਾਨਾ ਲਾਇਆ ਤਾਂ ਵੀ ਹੱਥ ਕਿਰਪਾਨ ਦੀ ਮੁੱਠ ਉੱਤੇ ਹੀ ਸੀ। ਬਾਬਾ ਬੰਦਾ ਸਿੰਘ ਜੀ ਨਾਲ ਸਰਹਿੰਦ ਨੂੰ ਜਾਣ ਵਕਤ ਸਿੰਘ ਆਪਣੇ ਭਾਂਡੇ, ਡੰਗਰ ਅਤੇ ਜਮੀਨਾਂ ਵੇਚ ਕੇ ਹਥਿਆਰ, ਘੋੜੇ ਖਰੀਦ ਜੰਗ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਗੁਰੂ ਪਾਤਿਸ਼ਾਹ ਨੇ ਜਿਸ ਤਰੀਕੇ ਸਾਨੂੰ ਘੜਿਆ ਹੈ, ਓਹੀ ਸਾਡੀ ਸ਼ੁੱਧਤਾ ਹੈ। ਅਸੀਂ ਦੋ ਵੇਲੇ ਅਰਦਾਸ ਵਿਚ ਪੜਦੇ ਹਾਂ 'ਜਿਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ ਤਿਨਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ।' ਜੋ ਤਰੀਕਾਕਾਰ ਸਾਨੂੰ ਗੁਰੂ ਪਾਤਿਸ਼ਾਹ ਨੇ ਦੱਸਿਆ ਕਈ ਵਾਰ ਅਸੀਂ ਓਹਦੇ ਹਾਮੀ ਵੀ ਹੁੰਦੇ ਹੋਏ ਓਹਨੂੰ ਦੁਨਿਆਵੀ ਢਾਂਚੇ ਦੇ ਜੋੜ ਘਟਾਉ ਨਾਲ ਰੱਦ ਕਰ ਦਿੰਦੇ ਹਾਂ ਜਾ ਛੱਡ ਦਿੰਦੇ ਹਾਂ ਪਰ ਇਹ ਯਾਦ ਰੱਖੀਏ ਕਿ ਸਸ਼ਤਰ ਰੱਖਣਾ ਗੁਰੂ ਦਾ ਹੁਕਮ ਹੈ ਤੇ ਗੁਰੂ ਦੇ ਹੁਕਮ ਸਬੰਧੀ ਕਿਉਂ, ਕਿਸ ਲਈ ਆਦਿ ਸਭ ਸਵਾਲ ਮਿੱਟੀ ਹਨ ਅਤੇ ਮਿੱਟੀ ਹੀ ਰਹਿਣਗੇ।

**ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਗੱਲ 'ਤੇ ਹਰ ਕੋਈ ਕਿੰਤੂ ਪ੍ਰੰਤੂ ਕਰਨ ਦੀ ਜ਼ੁਅੱਰਤ ਕਿਉਂ ਕਰਨ ਲੱਗਾ ?**

ਭਾਵੇਂ ਕਿ ਜਿੰਨੇ ਵੀ ਬਿਆਨ ਜਥੇਦਾਰ ਸਾਹਿਬ ਦੇ ਬਿਆਨ ਦੇ ਖਿਲਾਫ ਆਏ ਉਹ ਇਕੱਲੇ ਇਕੱਲੇ ਬਿਆਨ ਦੀ ਵਿਖਿਆ ਅਤੇ ਜਵਾਬੀ ਦਲੀਲ ਦਿੱਤੀ ਜਾ ਸਕਦੀ ਹੈ ਪਰ ਨੁਕਤਾ ਸਮਝਣ ਵਾਲਾ ਇਹ ਹੈ ਕਿ ਕੋਈ ਵੇਲਾ ਸੀ ਜਦੋਂ ਅਕਾਲ ਤਖਤ ਸਾਹਿਬ ਦਾ ਜਥੇਦਾਰ ਦੁਨਿਆਵੀ ਰਾਜੇ ਨੂੰ ਸਜਾ ਲਾਉਣ ਦੀ ਜੁਰਤ ਰੱਖਦਾ ਸੀ ਅਤੇ ਅੱਜ ਇਹ ਵੇਲਾ ਆ ਗਿਆ ਕਿ ਹਰ ਕੋਈ ਉੱਠ ਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਦੱਸ ਰਿਹਾ ਹੈ ਕਿ ਕੀ ਬੋਲਣਾ ਚਾਹੀਦਾ ਕੀ ਨਹੀਂ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅੱਜ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਵੋਟ ਸਿਆਸਤ ਵਾਲੀ ਧਿਰ ਦੀ ਦਖਲਅੰਦਾਜੀ ਤੋਂ ਮੁਕਤ ਨਹੀਂ ਹੈ। ਇਹ ਦਖਲਅੰਦਾਜੀ ਭਵਿੱਖ ਵਿੱਚ ਹੋਰ ਬਹੁਤ ਅਜਿਹੀਆਂ ਚੁਣੌਤੀਆਂ ਲੈ ਕੇ ਆਵੇਗੀ। ਇਸ ਦੇ ਹੱਲ ਲਈ ਲੋੜੀਂਦੇ ਯਤਨ ਬਿਨਾ ਦੇਰੀ ਅਤੇ ਸੁਹਿਰਦਤਾ ਨਾਲ ਕਰਨੇ ਚਾਹੀਦੇ ਹਨ।

# ਭਾਰਤੀ ਮੀਡੀਆ ਦਾ ਨਿੱਘਰ ਚੁੱਕਿਆ ਮਿਆਰ



ਰਣਜੀਤ ਸਿੰਘ ਕੁਕੀ

ਵਿਸ਼ਲੇਸ਼ਕ ਅਤੇ ਮੀਡੀਆ ਟਿੱਪਣੀਕਾਰ ਕਹਿੰਦੇ ਹਨ ਕਿ ਕਿਸੇ ਸਮੇਂ ਭਾਰਤ ਜੋਸ਼ਪੂਰਨ ਅਤੇ ਨਿਰਪਖ ਪ੍ਰੈੱਸ ਹੋਣ ਵਿਚ ਮਾਣ ਮਹਿਸੂਸ ਕਰਦਾ ਸੀ, ਪਰ ਹਾਲੀਆ ਵਰਿਆਂ ਵਿਚ ਭਾਰਤ ਨੇ ਇਸ ਤੋਂ ਉਲਟ ਦਿਸ਼ਾ ਵੱਲ ਵਧਣਾ ਸ਼ੁਰੂ ਕਰ ਦਿੱਤਾ ਹੈ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੀ ਹੁਣੇ ਆਈ ਰਿਪੋਰਟ ਅਨੁਸਾਰ ਜਦੋਂ ਤੋਂ ਨਰਿੰਦਰ ਮੋਦੀ ਸੱਤਾ ਵਿਚ ਆਇਆ ਹੈ, ਭਾਰਤੀ ਪ੍ਰੈੱਸ ਲਈ ਹਾਲਾਤ ਬਹੁਤ ਬਦਲ ਗਏ ਹਨ ਜੋ ਕਿ ਕਿਸੇ ਸਮੇਂ ਪ੍ਰਗਤੀਵਾਦੀ ਮੰਨੀ ਜਾਂਦੀ ਸੀ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਨੇ ਆਪਣੀ ਪਾਰਟੀ, ਭਾਰਤੀ ਜਨਤਾ ਪਾਰਟੀ ਅਤੇ ਮੀਡੀਆ ਉੱਪਰ ਰਾਜ ਕਰ ਰਹੇ ਵੱਡੇ ਪਰਿਵਾਰਾਂ ਵਿਚ ਮੇਲ ਜੋਲ ਨੂੰ ਵਧਾਉਣ ਵਿਚ ਸਹਿਯੋਗ ਦਿੱਤਾ ਹੈ।ਆਲੋਚਕਾਂ ਦਾ ਕਹਿਣਾ ਹੈ ਕਿ ਮੀਡੀਆ ਘਰਾਂ ਨੇ ਭਾਰਤੀ ਜਨਤਕ ਪ੍ਰਵਚਨ ਦੀ ਗੁਣਵੱਤਾ ਨੂੰ ਘਟਾਇਆ ਹੈ। ਮੀਡੀਆ ਦੇ ਵਿਸਥਾਰ ਨਾਲ ਜਨਤਕ ਖੇਤਰ ਦਾ ਘੇਰਾ ਸੌੜਾ ਹੋਇਆ ਹੈ।ਸੱਤਾ ਉੱਪਰ ਰਾਜ ਕਰਨ ਵਾਲਿਆਂ ਲਈ ਲਚੀਲੇ ਮੀਡੀਆ ਤੋਂ ਜਿਆਦਾ ਚੰਗੀ ਕੋਈ ਖਬਰ ਨਹੀਂ ਹੋ ਸਕਦੀ ਜੋ ਕਿ ਪਹਿਲਾਂ ਹੀ ਵੰਡਿਆ ਹੋਇਆ ਹੈ।ਇਹ ਉਸ ਸਪੇਸ ਨੂੰ ਸੌੜਾ ਕਰ ਦਿੰਦਾ ਹੈ ਜਿੱਥੇ ਅਸਲ ਵਿਚ ਅਜ਼ਾਦ ਅਤੇ ਖ਼ੁਦਮਖਤਿਆਰ ਮੀਡੀਆ ਨੇ ਫਲਣਾ-ਫੁਲਣਾ ਹੈ।ਸਰਕਾਰ ਨੇ ਮੀਡੀਆ ਦੀ ਡਿੱਗਦੀ ਰੈਂਕਿੰਗ ਉੱਪਰ ਕੋਈ ਟਿੱਪਣੀ ਨਹੀਂ ਕੀਤੀ ਹੈ, ਪਰ ਪਿਛਲੇ ਵਰੇ ਇਸ ਨੇ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੀ ਰਿਪੋਰਟ ਪ੍ਰਤੀ ਅਸਹਿਮਤੀ ਪ੍ਰਗਟ ਕੀਤੀ।ਸੱਜੇ-ਪੱਖੀ ਖਬਰ ਪੋਰਟਲ ਦਾ ਇਹ ਕਹਿਣਾ ਕਿ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੀ ਰਿਪੋਰਟ ਪੱਖਪਾਤੀ ਰਵੱਈਏ ਨੂੰ ਜ਼ਾਹਿਰ ਕਰਦੀ ਹੈ ਤਾਂ ਕਿ ਗਲੋਬਲ ਖੱਬੇਪੱਖੀਆਂ ਦੇ ਬਿਰਤਾਂਤ ਨੂੰ ਉਭਾਰਿਆ ਜਾ ਸਕੇ, ਬਹੁਤ ਹੀ ਹਾਸੋਹੀਣਾ ਅਤੇ ਦਵੇਸ਼ ਭਰਿਆ ਹੈ।

'ਗੁਜਰਾਤ ਫਾਈਲਜ਼' ਦੀ ਲੇਖਿਕਾ ਪ੍ਰਸਿੱਧ ਪੱਤਰਕਾਰ ਰਾਣਾ ਅਯੂਬ, ਜਿਸ ਨੇ 2002 ਵਿਚ ਗੁਜਰਾਤ ਦੰਗਿਆਂ ਬਾਰੇ ਤਫਸੀਲ ਵਿਚ ਲਿਖਿਆ ਹੈ, ਨੂੰ ਮੁੰਬਈ ਏਅਰਪੋਰਟ ਉੱਪਰ ਰੋਕ ਲਿਆ ਗਿਆ ਜਦੋਂ ਉਹ ਲੰਡਨ ਜਾਣ ਦੀ ਤਿਆਰੀ ਵਿਚ ਸੀ।ਅਧਿਕਾਰੀਆਂ ਨੇ ਉਸ ਨੂੰ ਈ ਡੀ ਦੇ ਨਿਰਦੇਸ਼ਾਂ ਤਹਿਤ ਨੋਟਿਸ ਜਾਰੀ ਕੀਤਾ ਸੀ।ਆਪਣੇ ਇਕ ਟਵੀਟ ਵਿਚ ਅਯੂਬ ਨੇ ਲਿਖਿਆ ਕਿ ਉਸ ਨੂੰ ਉਸ ਸਮੇਂ ਏਅਰਪੋਰਟ 'ਤੇ ਰੋਕਿਆ ਗਿਆ ਜਦੋਂ ਉਹ ਲੰਡਨ ਵਿਚ ਅੰਤਰਾਰਾਸ਼ਟਰੀ ਪੱਤਰਕਾਰ ਕੇਂਦਰ ਉਨਾਂ ਨੂੰ ਸਥਾਪਤੀ ਦੁਆਰਾ ਡਰ ਧਮਕਾਉਣ ਉੱਪਰ ਭਾਸ਼ਣ ਦੇਣ ਲਈ ਜਾ ਰਹੀ ਸੀ।ਉਸ ਨੇ ਅੱਗੇ ਲਿਖਿਆ ਕਿ 'ਇਹ ਸਾਰੀਆਂ ਘਟਨਾਵਾਂ ਸੁਨਿਯੋਜਿਤ ਢੰਗ ਨਾਲ ਹੋ ਰਹੀਆਂ ਹਨ ਅਤੇ ਇਨਾਂ ਨੂੰ ਮੇਰੀ ਸੋਸ਼ਲ ਮੀਡੀਆ ਸਾਈਟ ਉੱਪਰ ਕਈ ਹਫਤਿਆਂ ਤੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਈ ਡੀ ਦਾ ਨੋਟਿਸ ਮੈਨੂੰ ਉਸ ਸਮੇਂ ਮਿਲਦਾ ਹੈ ਜਦੋਂ ਮੈਨੂੰ ਅਧਿਕਾਰੀਆਂ ਦੁਆਰਾ ਚੈਕਿੰਗ ਲਈ ਰੋਕਿਆ ਜਾਂਦਾ ਹੈ।ਤੁਹਾਨੂੰ ਕਿਸ ਗੱਲ ਦਾ ਡਰ ਹੈ ?'

ਇਸ ਮੁੱਦੇ ਨੇ ਭਾਰਤ ਵਿਚ ਪ੍ਰੈੱਸ ਦੀ ਨਿਘਰਦੀ ਅਜ਼ਾਦੀ ਵੱਲ ਧਿਆਨ ਦੁਆਇਆ ਹੈ। 20 21 ਵਿਚ ਭਾਰਤ ਵਿਚ ਸੱਤ ਪੱਤਰਕਾਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜੋ ਕਿ ਪਿਛਲ਼ੇ ਤਿੰਨ ਦਹਾਕਿਆਂ ਵਿਚ ਸਭ ਤੋਂ ਜਿਆਦਾ ਹੈ। ਅੰਕੜੇ ਇਹ ਦਿਖਾਉਂਦੇ ਹਨ ਕਿ ਭਾਰਤ ਵਿਚ ਪੱਤਰਕਾਰ ਆਮ ਨਾਗਰਿਕਾਂ ਦੇ ਮੁਕਾਬਲਤਨ ਘੱਟ ਅਜ਼ਾਦੀ ਮਾਣਦੇ ਹਨ। ਭਾਰਤ ਦਾ ਪ੍ਰੈੱਸ ਅਜ਼ਾਦੀ ਸੂਚਕ ਮਿਆਂਮਾਰ, ਸ੍ਰੀਲੰਕਾ ਅਤੇ ਅਫਗਾਨਿਸਤਾਨ ਤੋਂ ਵੀ ਹੇਠਾਂ ਹੈ। ਪੱਤਰਕਾਰਾਂ ਵਿਰੁੱਧ ਹਿੰਸਾ, ਰਾਜਨੀਤਿਕ ਤੌਰ ਤੇ ਵੰਡਿਆ ਹੋਇਆ ਮੀਡੀਆ ਅਤੇ ਮੀਡੀਆ ਉੱਪਰ ਇਜ਼ਾਰੇਦਾਰੀ ਦਿਖਾਉਂਦੇ ਹਨ ਕਿ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਪ੍ਰੈੱਸ ਦੀ ਅਜ਼ਾਦੀ ਖਤਰੇ ਵਿਚ ਹੈ ਜਿੱਥੇ ਕਿ 2014 ਤੋਂ ਨਰਿੰਦਰ ਮੋਦੀ ਦੀ ਅਗਵਾਈ



ਵਾਲੀ ਅਤੇ ਹਿੰਦੂ ਰਾਜ ਦੀ ਮੁਦੱਈ ਭਾਜਪਾ ਰਾਜ ਕਰ ਰਹੀ ਹੈ।

ਭਾਰਤ ਵਿਚ ਮੀਡੀਆ ਦਾ ਹਾਲ ਵੀ ਦੇਸ਼ ਵਾਲਾ ਹੀ ਹੈ ਜੋ ਕਿ ਕਾਫੀ ਵੱਡਾ ਅਤੇ ਘਣੀ ਅਬਾਦੀ ਵਾਲਾ ਹੈ। ਭਾਰਤ ਵਿਚ ਇਕ ਲੱਖ ਤੋਂ ਜਿਆਦਾ (ਜਿਸ ਵਿਚ 36000 ਹਫਤਾਵਰੀ ਅਖਬਾਰ ਹਨ) ਅਤੇ 380 ਟੀ ਵੀ ਚੈਨਲ ਹਨ। ਪਰ ਮੀਡੀਆ ਘਰਾਂ ਦੀ ਭਰਮਾਰ ਅਸਲ ਵਿਚ ਮਾਲਕੀਅਤ ਦੇ ਕੇਂਦਰੀਕਰਨ ਨੂੰ ਲੁਕੋ ਲੈਂਦੀ ਹੈ ਜਿਸ ਤਹਿਤ ਕੁਝ ਕੁ ਮੀਡੀਆ ਕੰਪਨੀਆਂ ਹੀ ਰਾਸ਼ਟਰੀ ਪੱਧਰ ਉੱਪਰ ਕੰਮ ਕਰ ਰਹੀਆਂ ਹਨ ਜਿਸ ਵਿਚ ਟਾਈਮਜ਼ ਗਰੁੱਪ, ਐਚ ਟੀ ਮੀਡੀਆ ਲਿਮਟਡ, ਹਿੰਦੂ ਗਰੁੱਪ ਅਤੇ ਨੈਟਵਰਕ 18 ਮਹੱਤਵਪੂਰਨ ਹਨ। ਭਾਰਤ ਵਿਚ ਪ੍ਰੈੱਸ ਬਸਤੀਵਾਦ ਦੇ ਵਿਰੋਧ ਵਿਚੋਂ ਉਪਜੀ ਹੈ ਜੋ ਕਿ ਕਿਸੇ ਸਮੇਂ ਬਹੁਤ ਪ੍ਰਗਤੀਵਾਦੀ ਸੀ, ਪਰ 2010 ਤੋਂ ਬਾਅਦ ਸਥਿਤੀ ਵਿਚ ਲਗਾਤਾਰ ਨਿਘਾਰ ਆਉਂਦਾ ਚਲਿਆ ਗਿਆ। ਮੌਜੂਦਾ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਸਰਕਾਰ, ਪਾਰਟੀ ਅਤੇ ਮੀਡੀਆ ਘਰਾਂ ਦੇ ਆਪਸੀ ਮੇਲ-ਮਿਲਾਪ ਨੂੰ ਉਤਸ਼ਾਹ ਦਿੱਤਾ ਗਿਆ।ਇਸ ਦੀ ਸਭ ਤੋਂ ਉੱਤਮ ਉਦਾਹਰਣ ਮੁਕੇਸ਼ ਅੰਬਾਨੀ ਦੀ ਅਗਵਾਈ ਵਾਲਾ ਰਿਲਾਇੰਸ ਗਰੁੱਪ ਹੈ ਜੋ ਕਿ ਹੁਣ ਮੋਦੀ ਦਾ ਨਿੱਜੀ ਮਿੱਤਰ ਹੈ ਅਤੇ ਜਿਸ ਕੋਲ 130 ਤੋਂ ਜਿਆਦਾ ਮੀਡੀਆ ਕੰਪਨੀਆਂ ਦੀ ਮਾਲਕੀਅਤ ਹੈ ਜਿਨਾਂ ਨੂੰ ਭਾਰਤ ਦੇ ਕਰੋੜਾਂ ਲੋਕ ਦੇਖਦੇ ਹਨ।

ਸੱਤਾ ਵਿਚ ਆਉਣ ਤੋਂ ਬਾਅਦ ਹੀ ਮੋਦੀ ਨੇ ਪੱਤਰਕਾਰਾਂ ਪ੍ਰਤੀ ਆਲੋਚਨਾਤਮਕ ਰਵੱਈਆ ਅਪਣਾਇਆ ਹੈ ਅਤੇ ਉਨਾਂ ਨੂੰ ਆਪਣੇ ਅਤੇ ਸਮਰਥਕਾਂ ਵਿਚਕਾਰ ਸਿੱਧੇ ਸੰਬੰਧ ਨੂੰ ਖਰਾਬ ਕਰਨ ਵਾਲੇ 'ਵਿਚੋਲੇ' ਦੱਸਿਆ ਹੈ।ਜੋ ਭਾਰਤੀ ਪੱਤਰਕਾਰ ਸਰਕਾਰ ਪ੍ਰਤੀ ਆਲੋਚਨਾਤਮਕ ਰਵੱਈਆ ਅਪਣਾਉਂਦੇ ਹਨ, ਉਨਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਮੋਦੀ ਭਗਤਾਂ ਦੁਆਰਾ ਉਨਾਂ ਉੱਪਰ ਲਗਾਤਾਰ ਹਮਲਾ ਬੋਲਿਆ ਜਾਂਦਾ ਹੈ।ਭਾਰਤੀ ਕਾਨੂੰਨ ਸਿਧਾਂਤਕ ਪੱਖੋ ਤਾਂ ਸੁਰੱਖਿਆ ਦਿੰਦਾ ਹੈ ਪਰ ਦਿਨ-ਬ-ਦਿਨ ਪੱਤਰਕਾਰਾਂ ਖਿਲਾਫ ਮਾਣਹਾਨੀ, ਦੇਸ਼ਧ੍ਰੋਹ, ਅਦਾਲਤੀ ਹੁਕਮਾਂ ਦੀ ਅਵੱਗਿਆ ਅਤੇ ਰਾਸ਼ਟਰੀ ਸੁਰੱਖਿਆ ਨੂੰ ਖਤਰਾ ਜਿਹੇ ਦੋਸ਼ ਵਧਦੇ ਜਾ ਰਹੇ ਹਨ ਅਤੇ ਉਨਾਂ ਨੂੰ ਰਾਸ਼ਟਰ-ਵਿਰੋਧੀ ਗਰਦਾਨ ਦਿੱਤਾ ਜਾਂਦਾ ਹੈ।ਭਾਰਤੀ ਪ੍ਰੈੱਸ ਮਿੱਟੀ ਦੇ ਪੈਰਾਂ ਵਾਲੀ ਇਕ ਵਿਸ਼ਾਲ ਮੂਰਤੀ ਹੈ।ਸਟਾਕ ਮਾਰਕੀਟਿੰਗ ਵਿਚ ਵੱਡੀ ਹਿੱਸੇਦਾਰੀ ਹੋਣ ਦੇ ਬਾਵਜੂਦ ਮੀਡੀਆ ਘਰਾਂ ਨੂੰ ਜਿਆਦਤਰ ਸਥਾਨਕ ਜਾਂ ਖੇਤਰੀ ਸਰਕਾਰਾਂ ਦੁਆਰਾ ਦਿੱਤੀ ਜਾਂਦੀ ਇਸ਼ਤਿਹਾਰਬਾਜੀ ਉੱਪਰ ਨਿਰਭਰ ਰਹਿਣਾ ਪੈਂਦਾ ਹੈ।ਵਪਾਰ ਅਤੇ ਸੰਪਾਦਕੀ ਨੀਤੀਆਂ ਵਿਚ ਕੋਈ ਵਖਰੇਵਾਂ ਨਾ ਰੱਖਣ ਕਰਕੇ ਮੀਡੀਆ ਪ੍ਰਬੰਧਕ ਸੰਪਾਦਕੀ ਕੰਮ ਨੂੰ ਵਪਾਰਕ ਨੀਤੀਆਂ ਅਨੁਸਾਰ ਢਲਣ ਵਾਲਾ ਹੀ ਸਮਝਦੇ ਹਨ।

ਰਾਸ਼ਟਰੀ ਪੱਧਰ ਉੱਪਰ ਕੇਂਦਰ ਸਰਕਾਰ ਨੇ ਇਸ ਵਰਤਾਰੇ ਨੂੰ ਆਪਣਾ ਬਿਰਤਾਂਤ ਘੜਨ ਲਈ ਵਰਤਿਆ ਹੈ ਅਤੇ ਹੁਣ ਇਹ ਪ੍ਰਤੀ ਵਰੇ 130 ਬਿਲੀਅਨ ਰੁਪਏ ਤੋਂ ਵੀ ਜਿਆਦਾ ਆਨਲਾਈਨ ਅਤੇ ਪ੍ਰਿੰਟ ਵਿਚ ਇਸ਼ਤਿਹਾਰ ਦੇਣ ਲਈ ਖਰਚਦੀ ਹੈ। ਬਹੁਲਵਾਦੀ ਪ੍ਰੈੱਸ ਦਾ ਪੁਰਾਣਾ ਭਾਰਤੀ ਮਾਡਲ ਬੁਰੀ ਤਰਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਜਿਸ ਵਿਚ ਕਿਸੇ ਨੂੰ ਤੰਗ-ਪ੍ਰੇਸ਼ਾਨ ਕਰਨਾ ਅਤੇ ਪ੍ਰਭਾਵਿਤ ਕਰਨ ਦਾ ਸੁਮੇਲ ਸ਼ਾਮਿਲ ਹੈ। ਮੁੱਖਧਾਰਾ ਦੇ ਮੀਡੀਆ ਵਿਚ ਭਾਰਤੀ ਸੱਭਿਆਚਾਰ ਦੀ ਵਿਭਿੰਨਤਾ ਦੀ ਤਰਜਮਾਨੀ ਨਹੀਂ ਕੀਤੀ ਜਾਂਦੀ। ਜਿਆਦਾਤਰ ਉੱਚ-ਜਾਤੀ ਨਾਲ ਸੰਬੰਧਿਤ ਹਿੰਦੂ ਵਿਅਕਤੀ ਹੀ ਪੱਤਰਕਾਰਾਂ ਦੀਆਂ ਸੀਨੀਅਰ ਪੋਸਟਾਂ ਉੱਪਰ ਬਿਰਾਜਮਾਨ ਹਨ ਜਾਂ ਮੀਡੀਆ ਪ੍ਰਬੰਧਕ ਹਨ। ਇਸ ਤਰਾਂ ਮੀਡੀਆ ਦੁਆਰਾ ਇਕ ਪੱਖਪਾਤੀ ਨਜਰੀਏ ਨੂੰ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਵਿਕਲਪਕ ਮੀਡੀਆ ਜਿਵੇਂ ਕਿ ਖਬਰ ਲਹਿਰੀਆ ਵੀ ਮੌਜੂਦ ਹਨ। ਇਸ ਮੀਡੀਆ ਚੈਨਲ ਨੂੰ ਪੇਂਡੂ ਖੇਤਰਾਂ, ਧਾਰਮਿਕ ਜਾਂ ਸੱਭਿਆਚਾਰ ਘੱਟ-ਗਿਣਤੀਆਂ ਨਾਲ ਸੰਬੰਧਿਤ ਔਰਤ ਪੱਤਰਕਾਰਾਂ ਦੁਆਰਾ ਚਲਾਇਆ ਜਾਂਦਾ ਹੈ। ਪਰ ਔਸਤਨ ਹਰ ਸਾਲ ਤਿੰਨ ਜਾਂ ਚਾਰ ਪੱਤਰਕਾਰਾਂ ਨੂੰ ਮਹਿਜ਼ ਆਪਣੇ ਕੰਮ ਕਰਕੇ ਆਪਣੀ ਜਾਨ ਗੁਆਉਣੀ ਪੈਂਦੀ ਹੈ।ਇਸ ਤਰਾਂ ਮੀਡੀਆ ਪੱਖੋਂ ਭਾਰਤ ਖਤਰਨਾਕ ਦੇਸ਼ਾਂ ਵਿਚ ਸ਼ੁਮਾਰ ਹੋ ਗਿਆ ਹੈ।ਪੱਤਰਕਾਰਾਂ ਨੂੰ ਹਰ ਤਰਾਂ ਦੀ ਸਰੀਰਕ ਹਿੰਸਾ ਜਿਸ ਵਿਚ ਪੁਲਿਸ ਹਿੰਸਾ, ਰਾਜਨੀਤਿਕ ਕਾਰਕੁੰਨਾਂ ਦੁਆਰਾ ਹਮਲੇ ਅਤੇ ਭ੍ਰਿਸ਼ਟ ਅਧਿਕਾਰੀਆਂ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਿੰਦੂਵਾਦੀ ਰਾਜਨੀਤੀ ਦੇ ਸਮਰਥਕ ਆਪਣੇ ਤੋਂ ਵਿਭਿੰਨ ਵਿਚਾਰ ਰੱਖਣ ਵਾਲਿਆਂ ਉੱਪਰ ਸ਼ਬਦੀ ਜਾਂ ਸਰੀਰਕ ਹਮਲੇ ਕਰਦੇ ਹਨ।ਸੋਸ਼ਲ਼ ਮੀਡੀਆ ਉੱਪਰ ਪੱਤਰਕਾਰਾਂ ਨੂੰ ਧਮਕਾਉਣ ਅਤੇ ਨਫਰਤ ਫੈਲਾਉਣ ਦੀ ਪ੍ਰੀਕਿਰਿਆ ਲਗਾਤਾਰ ਚੱਲਦੀ ਹੈ। ਜਦੋਂ ਗੱਲ ਔਰਤ ਪੱਤਰਕਾਰਾਂ ਦੀ ਆਉਂਦੀ ਹੈ ਤਾਂ ਇਹ ਨਫਰਤ ਹੋਰ ਵੀ ਜਿਆਦਾ ਹਿੰਸਕ ਹੋ ਜਾਂਦੀ ਹੈ। ਕਈ ਵਾਰ ਉਨਾਂ ਦੀਆਂ ਨਿੱਜੀ ਤਸਵੀਰਾਂ ਨੂੰ ਸੋਸ਼ਲ ਮੀਡੀਆ ਉੱਪਰ ਪਾ ਦਿੱਤਾ ਜਾਂਦਾ ਹੈ।ਕਸ਼ਮੀਰ ਵਿਚ ਪੱਤਰਕਾਰਾਂ ਦੀ ਸਥਿਤੀ ਹੋਰ ਵੀ ਜਿਆਦਾ ਚਿੰਤਾਜਨਕ ਹੈ ਜਿੱਥੇ ਉਨਾਂ ਨੂੰ ਪੁਲਿਸ ਅਤੇ ਪੈਰਾ-ਮਿਲਟਰੀ ਦੁਆਰਾ ਲਗਾਤਾਰ ਧਮਕਾਇਆ ਜਾਂਦਾ ਹੈ ਅਤੇ ਉਨਾਂ ਨੂੰ ਕਈ-ਕਈ ਸਾਲ ਕੈਦ ਵੀ ਰੱਖਿਆ ਜਾਂਦਾ ਹੈ। ਪ੍ਰੈੱਸ ਅਜ਼ਾਦੀ ਵਾਲੇ ਦਿਨ ਵੀ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਅਤੇ ਨੌਂ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਭਾਰਤੀ ਅਧਿਕਾਰੀਆਂ ਨੂੰ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣਾ ਬੰਦ ਕਰਨ ਲਈ ਕਿਹਾ ਸੀ। ਖਾਸ ਤੌਰ 'ਤੇ, ਉਨਾਂ ਨੂੰ ਅੱਤਵਾਦ-ਵਿਰੋਧੀ ਅਤੇ ਦੇਸ਼-ਧ੍ਰੋਹ ਜਿਹੇ ਦੋਸ਼ਾਂ ਅਧੀਨ ਗ੍ਰਿਫਤਾਰ ਕਰਨਾ ਬੰਦ ਕਰਨਾ ਚਾਹੀਦਾ ਹੈ। ਅਧਿਕਾਰੀਆਂ ਦੁਆਰਾ ਪੱਤਰਕਾਰਾਂ ਨੂੰ ਇਸ ਤਰਾਂ ਨਿਸ਼ਾਨਾ ਬਣਾਉਣ ਨੇ ਹਿੰਦੂ ਰਾਸ਼ਟਰਵਾਦੀ ਰਾਜਨੀਤੀ ਨੂੰ ਮਜਬੂਤ ਕੀਤਾ ਹੈ ਅਤੇ ਉਹ ਬਿਨਾਂ ਕਿਸੇ ਡਰ ਤੋਂ ਪੱਤਰਕਾਰਾਂ ਨੂੰ ਆਨਲਾਈਨ ਅਤੇ ਆਫਲਾਈਨ ਧਮਕਾ ਰਹੇ ਹਨ।

# ਪੁਲਸੀਏ ਵੀ ਕਰਦੇ ਨੇ ਨਸ਼ੇ ਦਾ ਧੰਦਾ

## ✪ ਫਿਲੌਰ ਪੁਲਿਸ ਅਕੈਡਮੀ ਵਿਚ ਚਿੱਟਾ ਪੀਣ ਵਾਲੇ 5 ਕਾਂਸਟੇਬਲ ਗ੍ਰਿਫ਼ਤਾਰ ✪ ਹੋਰ ਪੁਲਿਸ ਵਾਲਿਆਂ ਨੂੰ ਵੀ ਕਰਦੇ ਸਨ ਨਸ਼ਾ ਸਪਲਾਈ ✪ ਐਸਟੀਐਫ ਨੇ ਫੜੀ 24.50 ਕਰੋੜ ਦੀ ਹੈਰੋਇਨ, ਪਾਕਿਸਤਾਨ ਤੋਂ ਨਸ਼ੇ ਦੀ ਖੇਪ ਮੰਗਵਾ ਕੀਤੀ ਜਾਂਦੀ ਸੀ ਪੰਜਾਬ ਵਿਚ ਸਪਲਾਈ ✪ ਗੁਪਤ ਅੰਗ 'ਤੇ ਟੀਕੇ ਲਾਉਣ ਲੱਗੇ ਨਸ਼ੇੜੀ

**ਪੰਜਾਬ ਸਰਕਾਰ ਸਾਹਮਣੇ ਨਸ਼ਿਆਂ ਦੀ ਦਲਦਲ ਵਿਚ ਫਸੇ ਅਤੇ ਫਸ ਰਹੇ ਨੌਜਵਾਨਾਂ ਦੇ ਇਲਾਜ ਦਾ ਮਾਮਲਾ ਵੱਡੀ ਚੁਣੌਤੀ ਬਣਿਆ ਹੋਇਆ ਹੈ। ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਡਿਪਟੀ ਕਮਿਸ਼ਨਰਾਂ, ਜ਼ਿਲਾ ਪੁਲਿਸ ਮੁਖੀਆਂ ਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਕਰਕੇ ਨਸ਼ਿਆਂ ਦੀ ਤਸਕਰੀ ਬੰਦ ਕਰਨ ਲਈ ਪੁਲਿਸ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਦਾ ਐਲਾਨ ਕਰ ਚੁਕੇ ਹਨ। ਸਰਕਾਰ ਨੇ ਨਸ਼ਾ ਛੁਡਾਉਣ ਲਈ ਬਣਾਏ 208 ਓਟ ਕੇਂਦਰਾਂ ਦੀ ਗਿਣਤੀ ਵਧਾ ਕੇ ਤੁਰੰਤ ਪੰਜ ਸੌ ਅਤੇ ਬਾਅਦ ਵਿਚ ਇਕ ਹਜ਼ਾਰ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਉਹ ਕੇਂਦਰ ਹਨ ਜਿੱਥੇ ਨਸ਼ਾ ਕਰਨ ਦੇ ਆਦੀ ਡਾਕਟਰਾਂ ਦੀ ਮੌਜੂਦਗੀ ਵਿਚ ਜ਼ਾਬਤਾਬੱਧ ਦਵਾਈ ਲੈ ਸਕਦੇ ਹਨ ਅਤੇ ਹੌਲੀ ਹੌਲੀ ਨਸ਼ਾ ਛਡਾਉਣ ਵੱਲ ਪ੍ਰੇਰਿਤ ਕੀਤੇ ਜਾਂਦੇ ਹਨ। ਨਸ਼ਿਆਂ ਖ਼ਿਲਾਫ਼ ਬਣਾਈ ਐੱਸਟੀਐੱਫ ਦੇ ਮੁਖੀ ਹਰਪ੍ਰੀਤ ਸਿੱਧੂ ਅਤੇ ਸੂਬੇ ਦੇ ਸਾਬਕਾ ਡੀਜੀਪੀ ਚਟੋਪਾਧਿਆਏ ਦੀ ਅਗਵਾਈ ਵਾਲੀ ਐੱਸਆਈਟੀ ਦੀਆਂ ਰਿਪੋਰਟਾਂ ਹਾਈਕੋਰਟ ਵਿਚ ਮੌਜੂਦ ਹਨ। ਇਕ ਅਨੁਮਾਨ ਅਨੁਸਾਰ ਪੰਜ ਲੱਖ ਤੋਂ ਵੱਧ ਨੌਜਵਾਨ ਓਟ ਅਤੇ ਹੋਰ ਨਸ਼ਾ ਛੁਡਾਊ ਕੇਂਦਰਾਂ ਤੋਂ ਦਵਾਈ ਲੈ ਰਹੇ ਹਨ। ਨਸ਼ਿਆਂ ਦੇ ਫੈਲਾਅ ਨੂੰ ਰੋਕਣ ਦਾ ਮਾਮਲਾ ਕੇਵਲ ਪੁਲਿਸ ਤੱਕ ਸੀਮਤ ਨਹੀਂ ਹੈ। ਤਸਕਰੀ ਰੋਕਣ ਵਿਚ ਪੁਲਿਸ ਦੀ ਭੂਮਿਕਾ ਪ੍ਰਮੁੱਖ ਹੈ ਪਰ ਨੌਜਵਾਨਾਂ ਨੂੰ ਨਸ਼ਿਆਂ ਵੱਲ ਖਿੱਚਣ ਵਾਲੇ ਮਾਹੌਲ ਬਾਰੇ ਅਧਿਐਨ ਅਤੇ ਉਸ ਵਿਚ ਲੋੜੀਂਦੀ ਤਬਦੀਲੀ ਕਰਨੀ ਬੇਹੱਦ ਜ਼ਰੂਰੀ ਹੈ। ਜੇਕਰ ਪੁਲਿਸ ਸਖ਼ਤੀ ਕਰਦੀ ਹੈ ਤਾਂ ਨਸ਼ਾ ਨਾ ਮਿਲਣ ਕਾਰਨ ਇਸ ਦੇ ਆਦੀਆਂ ਨੂੰ ਵੱਡੀਆਂ ਸਰੀਰਕ ਤਕਲੀਫ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਸ਼ਿਆਂ ਦੇ ਆਦੀ ਨੌਜਵਾਨਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਲਈ ਲੋੜੀਂਦਾ ਸਟਾਫ਼ ਤੇ ਬੈੱਡ ਲਾਜ਼ਮੀ ਹਨ। ਨਸ਼ਾ ਛੱਡਣ ਤੋਂ ਬਾਅਦ ਅਜਿਹੇ ਪੀੜਤਾਂ ਦੇ ਮੁੜ ਵਸੇਬੇ ਲਈ ਰੁਜ਼ਗਾਰ ਸਮੇਤ ਹੋਰ ਬਹੁਤ ਸਾਰੇ ਪੱਖਾਂ ਤੋਂ ਸੋਚਣ ਦੀ ਲੋੜ ਹੈ। ਹੁਣ ਤਕ ਨਸ਼ਾ ਤਸਕਰਾਂ, ਸਿਆਸਤਦਾਨਾਂ ਤੇ ਪੁਲਿਸ ਦੇ ਗੱਠਜੋੜ ਦਾ ਠੋਸ ਖੁਲਾਸਾ ਨਹੀਂ ਹੋਇਆ ਜੋ ਕਿ ਪੰਜਾਬ ਸਰਕਾਰ ਲਈ ਜਰੂਰੀ ਸੀ।**





**ਫਿਲੌਰ/ਏ.ਟੀ.ਨਿਊਜ਼:-** ਫਿਲੌਰ ਪੁਲਿਸ ਅਕੈਡਮੀ ਵਿਚ ਨਸ਼ੇ ਦੇ ਕਾਰੋਬਾਰ ਦੀਆਂ ਕਾਲੀਆਂ ਪਰਤਾਂ ਦਿਨੋਂ-ਦਿਨ ਉਜਾਗਰ ਹੁੰਦੀਆਂ ਜਾ ਰਹੀਆਂ ਹਨ। ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਗਏ ਸੀਨੀਅਰ ਇੰਸਟ੍ਰਕਟਰ ਸ਼ਕਤੀ ਕੁਮਾਰ ਅਤੇ ਗ੍ਰੇਡ 4 ਦੇ ਕਰਮਚਾਰੀ ਜੈਰਾਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਅਹਿਮ ਸੁਰਾਗ ਮਿਲੇ ਹਨ। ਇਸੇ ਮਾਮਲੇ ਵਿੱਚ ਪੰਜ ਹੋਰ ਕਾਂਸਟੇਬਲਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਇਨਾਂ ਦੀ ਪਛਾਣ ਸਿਪਾਹੀ ਕਮਲਜੀਤ ਸਿੰਘ ਤਰਨਤਾਰਨ, ਸਿਪਾਹੀ ਗੋਬਿੰਦ ਸਿੰਘ ਪੀ.ਪੀ.ਏ ਫਿਲੌਰ, ਸਿਪਾਹੀ ਅਮਨਦੀਪ ਸਿੰਘ ਪੀ.ਪੀ.ਏ ਫਿਲੌਰ, ਸਿਪਾਹੀ ਰਮਨਦੀਪ ਸਿੰਘ ਪੀ.ਪੀ.ਏ ਫਿਲੌਰ, ਸਿਪਾਹੀ ਹਰਪ੍ਰੀਤ ਸਿੰਘ ਪੀ.ਪੀ.ਏ ਫਿਲੌਰ ਵਜੋਂ ਹੋਈ ਹੈ। ਅਕੈਡਮੀ ਵਿੱਚ. ਇਹ ਪੰਜੇ ਖੁਦ ਨਸ਼ੇ ਦੇ ਆਦੀ ਸਨ ਅਤੇ ਨਸ਼ੇ ਦੇ ਆਦੀ ਪੁਲਿਸ ਮੁਲਾਜ਼ਮਾਂ ਨੂੰ ਵੀ ਨਸ਼ਾ ਸਪਲਾਈ ਕਰਦੇ ਸਨ। ਫਿਲੌਰ ਪੁਲਿਸ ਨੇ ਨਿਧੀ ਪਿੰਡ ਜੰਪਦੋਹਾ, ਜਗਤਪੁਰਾ ਨੂੰ 42 ਗ੍ਰਾਮ ਚੂਰਾ ਪੋਸਤ ਸਮੇਤ ਕਾਬੂ ਕੀਤਾ ਹੈ। ਨਿਧੀ ਨੇ ਪੁਲਿਸ ਦੇ ਸਾਹਮਣੇ ਕਬੂਲ ਕੀਤਾ ਕਿ ਉਸਨੇ ਸ਼ਕਤੀ ਅਤੇ ਜੈਰਾਮ ਨੂੰ ਚਿੱਟਾ ਵੀ ਸਪਲਾਈ ਕੀਤਾ ਸੀ।

ਪੁਲਿਸ ਸੂਤਰਾਂ ਅਨੁਸਾਰ ਇਨਾਂ ਸਿਪਾਹੀਆਂ ਅਤੇ ਸਾਥੀਆਂ ਤੋਂ ਇਲਾਵਾ ਹੋਰ ਵੀ ਕਈ ਪੁਲਿਸ ਮੁਲਾਜ਼ਮ ਅਕੈਡਮੀ ਵਿੱਚ ਨਸ਼ਾ ਕਰਦੇ ਹਨ। ਡੋਪ ਟੈਸਟ ਕਰਵਾਉਣ ਤੋਂ ਬਾਅਦ ਹੀ ਉਸ ਦੀ ਪਛਾਣ ਹੋਵੇਗੀ। ਇਸ ਮਾਮਲੇ ਵਿਚ ਬਣਾਈ ਗਈ ਜਾਂਚ ਕਮੇਟੀ ਵਿਚ ਦਰਜਨ ਭਰ ਲੋਕਾਂ ਦੇ ਨਾਂ ਵੀ ਸਾਹਮਣੇ ਆਏ ਸਨ, ਜੋ ਨਾ ਸਿਰਫ ਨਸ਼ਾ ਕਰਦੇ ਸਨ ਸਗੋਂ ਨਸ਼ਾ ਸਪਲਾਈ ਵੀ ਕਰਦੇ ਸਨ ਪਰ ਅੱਜ ਤਕ ਉਨਾਂ ਦੇ ਨਾਂ ਜਨਤਕ ਨਹੀਂ ਕੀਤੇ ਗਏ ਅਤੇ ਨਾ ਹੀ ਕੋਈ ਕਾਰਵਾਈ ਹੋਈ ਹੈ।10 ਮਈ ਨੂੰ ਜਦੋਂ ਕਾਂਸਟੇਬਲ ਰਮਨਦੀਪ ਸਿੰਘ ਦੀ ਸ਼ਿਕਾਇਤ 'ਤੇ ਸ਼ਕਤੀ ਕੁਮਾਰ ਅਤੇ ਜੈਰਾਮ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਤਾਂ ਮੁਲਜ਼ਮਾਂ ਨੂੰ ਸਿੱਧੇ ਜੇਲ ਭੇਜ ਦਿੱਤਾ ਗਿਆ। ਬਾਅਦ ਵਿਚ ਮਾਮਲੇ ਨੇ ਤੂਲ ਫੜ ਲਈ ਤਾਂ ਪੁਲਿਸ ਨੇ ਦੋਵਾਂ ਨੂੰ ਰਿਮਾਂਡ 'ਤੇ ਲੈ ਲਿਆ।

### ਪੁੱਛਗਿੱਛ ਤੋਂ ਭੇਦ ਖੁੱਲਣਗੇ

ਦੂਜੇ ਪਾਸੇ ਇਸ ਮਾਮਲੇ ਵਿੱਚ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਗਏ ਸ਼ਕਤੀ ਅਤੇ ਜੈ ਨੂੰ ਮੁੜ ਦੋ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਉਹ ਦੋ ਦਿਨ ਦੇ ਰਿਮਾਂਡ 'ਤੇ ਸੀ। ਰਿਮਾਂਡ ਦੌਰਾਨ ਸ਼ਕਤੀ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਬਾਕੀ ਪੰਜ ਜਵਾਨਾਂ ਦੇ ਨਾਂ ਦੱਸੇ। ਇਹ ਵੀ ਦਾਅਵਾ ਕੀਤਾ ਕਿ ਉਹ ਇਨਾਂ ਪੰਜਾਂ ਦਵਾਈਆਂ ਨੂੰ ਅੱਗੇ ਖਰੀਦ ਕੇ ਵੇਚਦੇ ਹਨ। ਉਨਾਂ ਦੀ ਪੁੱਛਗਿੱਛ ਤੋਂ ਭੇਦ ਖੁੱਲ ਸਕਦੇ ਹਨ।

### ਤਿੰਨ ਤਸਕਰ ਗ੍ਰਿਫ਼ਤਾਰ

ਪੰਜਾਬ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ ਨੇ ਪਾਕਿਸਤਾਨ ਤੋਂ ਖੇਪ ਮੰਗਵਾ ਕੇ ਪੰਜਾਬ ਵਿੱਚ ਨਸ਼ੇ ਸਪਲਾਈ ਕਰਨ ਵਾਲੇ ਤਿੰਨ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਿਨਾਂ ਵਿਚੋਂ ਦੋ ਪਿਓ-ਪੁੱਤ ਹਰਜੀਤ ਸਿੰਘ ਅਤੇ ਪ੍ਰਭਦੀਪ ਸਿੰਘ ਹਨ ਅਤੇ ਇੱਕ ਉਨਾਂ ਦਾ ਸਾਥੀ ਸਰਬਜੀਤ ਸਿੰਘ ਹੈ। ਜਦੋਂ ਤਸਕਰ ਫੜੇ ਗਏ ਤਾਂ ਉਹ ਹੈਰੋਇਨ ਦੀ ਖੇਪ ਡਿਲੀਵਰੀ ਲਈ ਲਿਜਾ ਰਹੇ ਸੀ।

### ਨਸ਼ੇ ਕਾਰਨ 4 ਨੌਜਵਾਨਾਂ ਦੀ ਮੌਤ

ਗੁਰੂਸਰ ਸੁਧਾਰ-ਪੰਜਾਬ ਵਿਚ ਵੱਖ-ਵੱਖ ਥਾਈਂ ਨਸ਼ੇ ਕਾਰਨ 4 ਨੌਜਵਾਨਾਂ ਦੀ ਮੌਤ ਹੋਣ ਦੀ ਖਬਰ ਹੈ । ਸਥਾਨਕ ਕਸਬਾ ਗੁਰੂਸਰ ਸੁਧਾਰ ਦੀ ਸਰਵਣ ਬਿਲਡਿੰਗ ਵਿਚ ਆਪਣੀ ਪਤਨੀ ਸਮੇਤ ਰਹਿ ਰਹੇ 30 ਸਾਲਾ ਮੁਸਲਿਮ ਨੌਜਵਾਨ ਮੁਹੰਮਦ ਇਲਿਆਸ ਪੁੱਤਰ ਸਵ: ਮੁਹੰਮਦ ਤਈਅਬ ਦੀ ਨਸ਼ੇ ਦੀ ਵੱਧ ਮਾਤਰਾ ਲੈਣ ਕਾਰਨ ਮੌਤ ਹੋ ਗਈ। ਰਿਸ਼ਤੇਦਾਰਾਂ ਅਨੁਸਾਰ ਮ੍ਰਿਤਕ ਨੌਜਵਾਨ ਹਰ ਪ੍ਰਕਾਰ ਦੇ ਨਸ਼ਿਆਂ ਦੇ ਸੇਵਨ ਦਾ ਆਦੀ ਸੀ ਤੇ ਉਸ ਦੀ ਪਤਨੀ ਨੇ ਕਈ ਵਾਰ ਉਸ ਦਾ ਇਲਾਜ ਵੀ ਕਰਵਾਇਆ ਸੀ।

ਫ਼ਰੀਦਕੋਟ ਦੇ ਅੰਬੇਡਕਰ ਨਗਰ ਵਿਚ ਇਕ ਨੌਜਵਾਨ ਦੀ ਲਾਸ਼ ਲਾਵਾਰਿਸ ਹਾਲਤ ਵਿਚ ਮਿਲੀ, ਜਿਸ ਦੀ ਮੌਤ ਨਸ਼ੇ ਦੀ ਵੱਧ ਮਾਤਰਾ ਲੈਣ ਕਾਰਨ ਹੋਈ ਸੀ। ਪੁਲਿਸ ਦੀ ਪੜਤਾਲ ਤੋਂ ਬਾਅਦ ਲੜਕੇ ਦੀ ਪਹਿਚਾਣ ਸੁਰਜੀਤ ਸਿੰਘ (19) ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਪੱਕਾ ਤੋਂ ਹੋਈ । ਮੌਕੇ 'ਤੇ ਮ੍ਰਿਤਕ ਦੇ ਨਾਨੇ ਅਤੇ ਮਾਮੇ ਨੇ ਉਸ ਦੀ ਪਹਿਚਾਣ ਕੀਤੀ। ਜਾਣਕਾਰੀ ਅਨੁਸਾਰ ਮ੍ਰਿਕ ਨੌਜਵਾਨ ਦੇ ਪਿਤਾ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਹੈ ਅਤੇ ਉਸ ਦੀ ਮਾਤਾ ਮਲੇਸ਼ੀਆ ਰੁਜ਼ਗਾਰ ਲਈ ਗਈ ਹੋਈ ਹੈ ਅਤੇ ਨੌਜਵਾਨ ਆਪਣੇ ਨਾਨਕੇ ਪਿੰਡ ਰਹਿ ਰਿਹਾ ਸੀ । ਮ੍ਰਿਕ ਦੇ ਮਾਮੇ ਗੁਰਜੰਟ ਸਿੰਘ ਨੇ ਦੱਸਿਆ ਕਿ ਉਨਾਂ ਦਾ ਭਾਣਜਾ ਸੁਰਜੀਤ ਸਿੰਘ ਨਸ਼ਾ ਕਰਨ ਦਾ ਆਦੀ ਸੀ, ਜੋ ਰਾਤ ਆਪਣੇ ਦੋਸਤਾਂ ਨਾਲ ਪਿੰਡੋਂ ਸ਼ਹਿਰ ਆਇਆ ਸੀ ।ਉਨਾਂ ਕਿਹਾ ਕਿ ਜਦੋਂ ਅਸੀਂ ਮੌਕੇ 'ਤੇ ਆਏ ਤਾਂ ਇਸ ਦੀ ਮੌਤ ਹੋ ਚੁੱਕੀ ਸੀ।

ਮੁਹੱਲਾ ਦਸਮੇਸ਼ ਨਗਰ ਆਦਮਪੁਰ ਵਾਸੀ ਪਵਨ ਕੁਮਾਰ (40) ਪੁੱਤਰ ਕ੍ਰਿਸ਼ਨ ਚੰਦ ਦੀ ਨਸ਼ੇ ਦੀ ਵੱਧ ਮਾਤਰਾ ਲੈਣ ਕਾਰਨ ਨਾਲ ਮੌਤ ਹੋਣ ਦੀ ਖ਼ਬਰ ਹੈ । ਮ੍ਰਿਤਕ ਦੀ ਮਾਤਾ ਰਚਨਾ ਨੇ ਦੱਸਿਆ ਕਿ ਮੇਰਾ ਇਕਲੌਤਾ ਪੁੱਤਰ ਪਵਨ ਕੁਮਾਰ ਕਰੀਬ 6 ਮਹੀਨਿਆਂ ਤੋਂ ਨਸ਼ਾ ਕਰਨ ਦਾ ਆਦੀ ਹੋ ਗਿਆ ਸੀ। ਨਸ਼ਾ ਕਰਨ ਲਈ ਆਦਮਪੁਰ ਦੇ ਮੁਹੱਲਾ ਸੱਗਰਾਂ ਵਿਖੇ ਜਾਂਦਾ ਸੀ। ਬੀਤੇ ਦਿਨੀਂ ਕਿਸੇ ਵਿਅਕਤੀ ਦਾ ਫੋਨ ਆਇਆ। ਉਪਰੰਤ ਉਹ ਘਰੋਂ ਪੈਸੇ ਲੈ ਕੇ ਚਲਾ ਗਿਆ। ਮਾਤਾ ਨੇ ਕਿਹਾ ਕਿ ਦੂਜੇ ਦਿਨ ਪਵਨ ਨੂੰ ਨਸ਼ੇ ਦੀ ਹਾਲਤ ਵਿਚ ਤਿੰਨ ਨੌਜਵਾਨ ਘਰ ਛੱਡ ਕੇ ਗਏ। ਪਵਨ ਨੇ ਦੱਸਿਆ ਕਿ ਇਹ ਵਿਆਕਤੀ ਚਿੱਟਾ ਵੇਚਦੇ ਹਨ ਤੇ ਇਨਾਂ ਨੇ ਮੈਨੂੰ ਓਵਰਡੋਜ਼ ਦੇ ਦਿੱਤੀ ਹੈ ।ਇਸ ਤੋਂ ਬਾਅਦ ਉਸ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਵਿਖੇ ਦਾਖਲ ਕਰਵਾਇਆ, ਪਰ ਉਸ ਦੀ ਹਾਲਤ ਵਿਗੜਦੀ ਦੇਖ ਉਸ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿਖੇ ਰੈਫਰ ਕੀਤਾ, ਜਿੱਥੇ ਬੀਤੀ ਰਾਤ ਉਸ ਦੀ ਮੌਤ ਹੋ ਗਈ ।

ਬੀਤੇ ਦਿਨ ਕਥਿਤ ਤੌਰ 'ਤੇ ਨਸ਼ੇ ਦੀ ਵੱਧ ਮਾਤਰਾ ਲੈਣ ਕਾਰਨ ਮੌਤ ਦੇ ਮੂੰਹ ਵਿਚ ਚਲੇ ਗਏ ਇਕ ਨੌਜਵਾਨ ਦੇ ਮਾਮਲੇ ਸਬੰਧੀ ਸਿਟੀ ਪੁਲਿਸ ਨੇ ਇਕ ਔਰਤ ਸਮੇਤ ਪੰਜ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਕੇ ਲੋੜੀਂਦੀ ਕਾਰਵਾਈ ਆਰੰਭ ਕਰ ਦਿੱਤੀ ਹੈ। ਆਪਣੀ ਸ਼ਿਕਾਇਤ ਵਿਚ ਕਸ਼ਮੀਰ ਸਿੰਘ ਵੀਰੂ ਵਾਸੀ ਮੁਹੱਲਾ ਕਿਲੇਵਾਲਾ ਆਦਮਪੁਰ ਨੇ ਦੱਸਿਆ ਕਿ ਕੁੱਝ ਨਸ਼ਾ ਵੇਚਣ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਨਾਲ ਉਸ ਦੇ ਲੜਕੇ ਮਨਦੀਪ ਸਿੰਘ ਦੀ ਜਾਣ ਪਹਿਚਾਣ ਹੋ ਗਈ, ਜਿਨਾਂ ਨੇ ਉਸ ਦੇ ਲੜਕੇ ਨੂੰ ਨਸ਼ੇ ਦਾ ਆਦੀ ਬਣਾ ਦਿੱਤਾ। ਉਸ ਨੂੰ ਨਸ਼ਾ ਕਰਵਾਉਣ ਵਾਲੇ ਕਥਿਤ ਦੋਸ਼ੀ ਅਜੈ ਪਲੰਬਰ ਤੇ ਸਾਬੀ ਉਸ ਦਾ ਸਾਥ ਨਹੀਂ ਸਨ ਛੱਡ ਰਹੇ ਤੇ ਉਸ ਦਾ ਲੜਕਾ ਨਸ਼ੇ ਦੇ ਟੀਕੇ ਲਗਾਉਣ ਲੱਗ ਪਿਆ। ਸ਼ਿਕਾਇਤਕਰਤਾ ਨੇ ਦੱਸਿਆ ਕਿ ਬੀਤੇ ਦਿਨ ਸ਼ਾਮ ਦੇ ਸਮੇਂ ਉਸ ਦਾ ਲੜਕਾ ਘਰੋਂ ਚਲਾ ਗਿਆ ਤੇ ਜ਼ਿਆਦਾ ਨਸ਼ਾ ਕਰ ਕੇ ਆਇਆ ਤੇ ਬਾਥਰੂਮ ਵਿਚ ਡਿਗ ਪਿਆ, ਜਦੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਸ ਦੇ ਲੜਕੇ ਦੀ ਮੌਤ ਹੋ ਚੁੱਕੀ ਸੀ। ਮਨਦੀਪ ਸਿੰਘ ਦੇ ਪਿਤਾ ਕਸ਼ਮੀਰ ਸਿੰਘ ਦੇ ਬਿਆਨਾਂ ਤਹਿਤ ਅਜੈ ਪਲੰਬਰ, ਸਾਬੀ ਵਾਸੀਆਨ ਨਾਮਦੇਵ ਕਾਲੋਨੀ, ਵਿੱਕੀ, ਗੁੱਡੋ ਪ੍ਰਧਾਨ ਤੇ ਸੰਨੀ ਘੋੜਾ ਵਾਸੀਆਨ ਉੱਚਾ ਧੋੜਾ ਵਿਰੁੱਧ ਕੇਸ ਦਰਜ ਕਰਕੇ ਇਨਾਂ ਦੀ ਭਾਲ ਹੇਠ ਛਾਪੇਮਾਰੀ ਆਰੰਭ ਕਰ ਦਿੱਤੀ ਹੈ।

### ਗੁਪਤ ਅੰਗ 'ਤੇ ਟੀਕੇ ਲਾਉਣ ਲੱਗੇ ਨਸ਼ੇੜੀ

ਬਠਿੰਡਾ ਵਿਚ ਨਸ਼ੇ ਦਾ ਖੇਲ ਖੁੱਲੇਆਮ ਚੱਲ ਰਿਹਾ ਹੈ। ਬਠਿੰਡਾ ਦੇ ਮਾਡਲ ਟਾਊਨ ਵਰਗੇ ਪਾਸ਼ ਖੇਤਰ ਵਿਚ ਨੌਜਵਾਨਾਂ ਵੱਲੋਂ ਟੀਕੇ ਲਗਾਉਣ ਦੀ ਵੀਡੀਓ ਵਾਇਰਲ ਹੋਈ ਹੈ, ਉੱਥੇ ਹੀ ਪਿੰਡ ਜੀਦਾ ਵਿਚ ਨਸ਼ੇੜੀਆਂ ਵੱਲੋਂ ਸ਼ਮਸ਼ਾਨਘਾਟ ਵਿਚ ਅੰਤਿਮ ਸਸਕਾਰ ਕਰਨ ਵਾਲੀ ਭੱਠੀ ਦਾ ਸਰੀਆ ਹੀ ਚੋਰੀ ਕਰ ਲਿਆ ਗਿਆ ਹੈ। ਨਸ਼ੇੜੀਆਂ ਵੱਲੋਂ ਸ਼ਮਸ਼ਾਨਘਾਟ ਨੂੰ ਵੀ ਨਾ ਬਖ਼ਸ਼ੇ ਜਾਣ ਤੋਂ ਬਾਅਦ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਠਿੰਡਾ ਦੇ ਲੋਕ ਕਿਸ ਹਾਲਤ ਵਿਚ ਹਨ। ਦੂਜੇ ਪਾਸੇ ਪੁਲਿਸ ਤੋਂ ਆਸ ਛੱਡਦਿਆਂ ਹਰਿਆਣਾ ਤੋਂ ਹੋ ਰਹੀ ਨਸ਼ਾ ਤਸਕਰੀ ਨੂੰ ਰੋਕਣ ਲਈ ਪਿੰਡ ਗਿਆਨਾ ਦੇ ਲੋਕਾਂ ਨੇ ਹਰਿਆਣੇ ਦਾ ਰਸਤਾ ਬੰਦ ਕਰ ਦਿੱਤਾ ਹੈ। ਇਸ ਰਸਤੇ ਰਾਹੀਂ ਨਸ਼ਾ ਤਸਕਰ ਪੰਜਾਬ ਅੰਦਰ ਦਾਖ਼ਲ ਹੋ ਕੇ ਨਸ਼ਾ ਸਪਲਾਈ ਕਰਦੇ ਹਨ।

ਨਸ਼ੇੜੀਆਂ ਦੇ ਹੌਸਲੇ ਇੰਨੇ ਬੁਲੰਦ ਹਨ ਕਿ ਮਾਡਲ ਟਾਊਨ ਫੇਸ ਦੋ ਦੀ ਮਾਰਕੀਟ ਵਿਚ ਸ਼ਰੇਆਮ ਬੈਠ ਕੇ ਹਰ ਰੋਜ਼ ਟੀਕੇ ਲਗਾਏ ਜਾਂਦੇ ਹਨ। ਨਸ਼ਿਆਂ ਦੇ ਮਾਮਲੇ ਵਿਚ ਬਠਿੰਡਾ ਪੁਲਿਸ ਕੋਈ ਠੋਸ ਕਦਮ ਨਹੀਂ ਉਠਾ ਰਹੀ। ਜਦੋਂ ਕਿਸੇ ਖੇਤਰ ਵਿਚ ਨਸ਼ੇੜੀਆਂ ਵੱਲੋਂ ਟੀਕੇ ਲਗਾਉਣ ਦੀ ਜਾਂ ਵੇਚਣ ਦੀ ਵੀਡੀਓ ਵਾਇਰਲ ਹੁੰਦੀ ਹੈ ਤਾਂ ਕੁਝ ਦਿਨ ਪੁਲਿਸ ਉਥੇ ਗਸ਼ਤ ਜ਼ਰੂਰ ਕਰਦੀ ਹੈ ਪਰ ਬਾਅਦ ਵਿਚ ਫਿਰ ਉਹੀ ਹਾਲ ਹੋ ਜਾਂਦਾ ਹੈ। ਡਾ. ਭੁਪਿੰਦਰ ਸਿੰਘ ਨੇ ਦੱਸਿਆ ਕਿ ਬਾਹਾਂ 'ਤੇ ਟੀਕੇ ਲਗਾਉਣ ਤੋਂ ਬਾਅਦ ਨਸ਼ੇੜੀਆਂ ਨੂੰ ਮੁੜ ਨਾੜਾਂ ਨਹੀਂ ਮਿਲਦੀਆਂ ਜਿਸ ਕਾਰਨ ਉਹ ਨਵੀਂ ਜਗਾ ਲੱਭ ਕੇ ਟੀਕੇ ਲਗਾਉਂਦੇ ਹਨ।

### ਸਰਹੱਦੀ ਇਲਾਕੇ ਵਿਚ ਇੱਕ ਕਿੱਲੋ ਹੈਰੋਇਨ ਨਾਲ 14 ਸਾਲ ਦੇ ਬੱਚੇ ਸਣੇ ਤਿੰਨ ਜਣੇ ਗ੍ਰਿਫ਼ਤਾਰ

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਪੰਜਾਬ ਪੁਲਿਸ ਦੇ ਐੱਸਟੀਐੱਫ ਸੈੱਲ ਮੋਹਾਲੀ ਵਲੋਂ ਅਟਾਰੀ ਖੇਤਰ ਦੇ ਵੱਖ ਵੱਖ ਪਿੰਡਾਂ ਵਿੱਚੋਂ ਇੱਕ ਕਿੱਲੋ ਦੇ ਕਰੀਬ ਹੈਰੋਇਨ ਫੜ ਕੇ ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਬਾਰੇ ਸੂਚਨਾ ਪ੍ਰਾਪਤ ਹੋਈ। ਮਿਲੀ ਜਾਣਕਾਰੀ ਅਨੁਸਾਰ ਐੱਸਟੀਐੱਫ ਮੁਹਾਲੀ ਦੇ ਅੰਮ੍ਰਿਤਸਰ ਸਥਿਤ ਦਫਤਰ ਵੱਲੋਂ ਮਿਲੀ ਗੁਪਤ ਸੂਚਨਾ ਦੇ ਆਧਾਰ ਤੇ ਸਰਹੱਦੀ ਖੇਤਰ ਵਿਚ ਨਸ਼ਿਆਂ ਨੂੰ ਠੱਲ ਪਾਉਂਦਿਆਂ ਵੱਡੀ ਕਾਰਵਾਈ ਕਰਦਿਆਂ ਦੋ ਥਾਂਵਾਂ ਤੋਂ ਅੱਧਾ ਅੱਧਾ ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਜਿੱਥੇ ਹੈਰੋਇਨ ਬਰਾਮਦ ਕੀਤੀ ਗਈ ਉੱਥੇ ਹੀ ਹੈਰੋਇਨ ਦੀ ਸਪਲਾਈ ਕਰਨ ਵਾਲੇ ਤਸਕਰ ਵੀ ਗ੍ਰਿਫ਼ਤਾਰ ਕੀਤੇ ਗਏ ਜਿਨਾਂ ਖ਼ਿਲਾਫ਼ ਐਸਟੀਐਫ ਮੁਹਾਲੀ ਵੱਲੋਂ ਪਰਚਾ ਦਰਜ ਕਰ ਲਿਆ ਗਿਆ ਇੱਥੇ ਤੇ ਸੰਜੋਗ ਵੱਡੀ ਗੱਲ ਹੈ ਕਿ ਫੜੇ ਗਏ ਦੋਸ਼ੀਆਂ ਵਿਚ ਇਕ ਨਾਬਾਲਿਗ 14 ਸਾਲ ਦਾ ਬੱਚਾ ਵੀ ਤਸਕਰੀ ਵਿੱਚ ਸ਼ਾਮਲ ਹੈ ਜਿਸ ਨੂੰ ਐਸਟੀਐਫ ਦੀ ਟੀਮ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਐਸਟੀਐਫ ਵੱਲੋਂ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਵਿੱਚ 14 ਸਾਲ ਦਾ ਬੱਚਾ ਸਰਬਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਸਰਹੱਦੀ ਪਿੰਡ ਧਨੋਏ ਖ਼ੁਰਦ ਥਾਣਾ ਘਰਿੰਡਾ, ਸੁਖਵਿੰਦਰ ਸਿੰਘ ਪੁੱਤਰ ਪਸ਼ੌਰਾ ਸਿੰਘ ਵਾਸੀ ਧਨੋਏ ਖ਼ੁਰਦ, ਹਰਪ੍ਰੀਤ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਧਨੋਏ ਕਲਾਂ ਤੇ ਦਿਲਬਾਗ ਸਿੰਘ ਬੱਗੂ ਪੁੱਤਰ ਮੱਸਾ ਸਿੰਘ ਵਾਸੀ ਚੱਕ ਅੱਲਾ ਬਖ਼ਸ਼ ਥਾਣਾ ਲੋਪੋਕੇ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਸਫ਼ਲਤਾ ਹਾਸਲ ਕੀਤੀ ਗਈ ਹੈ ਇਨਾਂ ਚਾਰੇ ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕਰਕੇ ਐਸਟੀਐਫ ਵੱਲੋਂ ਰਿਮਾਂਡ ਪ੍ਰਾਪਤ ਕੀਤਾ ਗਿਆ ਹੈ ਜਿੱਥੇ ਉਨਾਂ ਦੀ ਅਗਾਂਹ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਪਰਵਾਸ ਤੇ ਡਰੱਗ ਦੇ ਚੱਕਰਵਿਊ ਵਿਚ ਫਸੇ ਪੰਜਾਬੀ

**ਮਲਵਿੰਦਰ**

ਪਰਵਾਸ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਪ੍ਰਵਾਸ ਕਰ ਜਾਣ ਵਾਲਾ ਸਹਿਜ ਵਰਤਾਰਾ ਹੈ। 19ਵੀਂ ਸਦੀ ਦੇ ਅੰਤਿਮ ਵਰਿਆਂ ਦੌਰਾਨ ਪਰਵਾਸ ਦਾ ਆਗਾਜ਼ ਹੁੰਦਾ ਹੈ ਤੇ ਐਨੀ ਮੂਰੇ ਪਰਵਾਸ ਕਰਨ ਵਾਲਾ ਪਹਿਲਾ ਜੀਅ ਬਣਦੀ ਹੈ। ਐਨੀ ਪੰਦਰਾਂ ਸਾਲ ਦੀ ਉਮਰ ਵਿੱਚ ਆਇਰਲੈਂਡ ਤੋਂ ਏਲਿਸ ਆਈਲੈਂਡ ਪਹੁੰਚੀ ਜਿੱਥੋਂ ਉਹ ਅਮਰੀਕਾ ਵਿੱਚ ਦਾਖ਼ਲ ਹੋਈ। ਇੰਝ ਉਹ ਅਮਰੀਕਾ ਪਹੁੰਚਣ ਵਾਲੀ ਵੀ ਪਹਿਲੀ ਪਰਵਾਸੀ ਔਰਤ ਬਣੀ। ਕੈਨੇਡਾ ਦੀ ਗੱਲ ਕੀਤੀ ਜਾਵੇ ਤਾਂ ਫਿਲਪੀਨ, ਭਾਰਤ ਅਤੇ ਚੀਨ ਦੇ ਲੋਕ ਸਭ ਤੋਂ ਵੱਧ ਪਰਵਾਸ ਕਰਕੇ ਇਸ ਧਰਤੀ ’ਤੇ ਪਹੁੰਚੇ ਹਨ।

ਆਸਟ੍ਰੇਲੀਆ ਤੋਂ ਬਾਅਦ ਵਿਦਿਆਰਥੀ ਵੀਜ਼ੇ ’ਤੇ ਸਭ ਤੋਂ ਵੱਧ ਵਿਦਿਆਰਥੀ ਕੈਨੇਡਾ ਆਏ ਹਨ ਤੇ ਆ ਰਹੇ ਹਨ। ਬੀਤੇ ਵਰੇ ਸਭ ਤੋਂ ਵੱਧ ਲੋਕ ਭਾਰਤ ਤੋਂ ਪਰਵਾਸ ਕਰਕੇ ਕੈਨੇਡਾ ਵਿੱਚ ਆਏ ਹਨ। ਯਕੀਨਨ ਇਨਾਂ ਵਿੱਚ ਬਹੁ-ਗਿਣਤੀ ਵਿਦਿਆਰਥੀ ਵੀਜ਼ੇ ’ਤੇ ਆਏ ਬੱਚਿਆਂ ਦੀ ਹੈ। ਆਪਣੇ ਮਾਪਿਆਂ ਤੋਂ ਦੂਰ ਆਏ ਇਨਾਂ ਵਿਦਿਆਰਥੀਆਂ ਦੇ ਬਹੁਤ ਸਾਰੇ ਸੁਪਨੇ ਹਨ। ਇੱਥੇ ਆਉਣ ਨਾਲ ਉਨਾਂ ਦੇ ਪਰਿਵਾਰਾਂ ਦੀ ਬਣਤਰ ਬਦਲ ਜਾਂਦੀ ਹੈ। ਪਰਿਵਾਰ ਦੋ ਦੇਸਾਂ ਅਤੇ ਦੋ ਘਰਾਂ ਵਿੱਚ ਵੰਡਿਆ ਜਾਂਦਾ ਹੈ। ਕਈ ਹਾਲਤਾਂ ਵਿੱਚ ਬਜ਼ੁਰਗਾਂ ਨੂੰ ਆਪਣੇ ਰਹਿਣ ਸਹਿਣ ਅਤੇ ਭਾਈਚਾਰਕ ਸਾਂਝ ਦਾ ਤਿਆਗ ਕਰਨਾ ਪੈਂਦਾ ਹੈ। ਪਰ ਅਜਿਹੇ ਵਿਦਿਆਰਥੀਆਂ ਦੀ ਅਬਾਦੀ ਵਧਣ ਨਾਲ ਹੁਣ ਇਹ ਇਕੱਲੇ-ਦੁਕੱਲੇ ਨਹੀਂ ਰਹੇ, ਸਗੋਂ ਭੀੜਾਂ ਬਣ ਗਏ ਹਨ। ਭੀੜਾਂ ਦੀ ਆਪਣੀ ਮਾਨਸਿਕਤਾ ਅਤੇ ਵਿਵਹਾਰ ਹੁੰਦਾ ਹੈ। ਇਸ ਵਿਵਹਾਰ ਵਿੱਚ ਬਹੁਤ ਸਾਰਾ ਅਜਿਹਾ ਵੀ ਸ਼ਾਮਲ ਹੋ ਜਾਂਦਾ ਹੈ ਜੋ ਸਿਸਟਮ ਦੇ ਹਾਣ ਦਾ ਨਹੀਂ ਹੁੰਦਾ। ਇਹ ਵਿਵਹਾਰ ਦਹਾਕੇ ਪਹਿਲਾਂ ਆ ਵਸੇ ਹਮ-ਵਤਨੀਆਂ ਦੀ ਸਮਾਜਿਕਤਾ ਨੂੰ ਵੀ ਠੇਸ ਪੁਚਾਉਂਦਾ ਹੈ। ਨਤੀਜੇ ਵਜੋਂ ਉਨਾਂ ਸਥਾਈ ਵੱਸੋਂ ਵਾਲਿਆਂ ਦਾ ਇਨਾਂ ਨਵੇਂ ਆਏ ਬੱਚਿਆਂ ਨਾਲ ਰਿਸ਼ਤਾ ਮੋਹ ਵਾਲਾ ਨਹੀਂ ਰਹਿੰਦਾ। ਕੁਝ ਵਰੇ ਪਹਿਲਾਂ ਇਨਾਂ ਨੂੰ ਆਸਰਾ ਦੇਣ ਵਾਲੇ, ਘਰ ਰੱਖ ਕੇ ਰੋਟੀ ਖੁਆਉਣ ਵਾਲੇ ਹੁਣ ਉਲਾਮੇਂ ਦਿੰਦੇ ਹਨ, ਸ਼ਿਕਾਇਤਾਂ ਕਰਦੇ ਹਨ। ਇੱਥੋਂ ਦੇ ਸਿਸਟਮ ਨਾਲ ਇੱਕਸੁਰ ਹੋਏ ਪੁਰਾਣੇ ਲੋਕ ਮਹਿਸੂਸ ਕਰਦੇ ਹਨ ਕਿ ਇਹ ਨਵੀਂ ਆਮਦ ਸਿਸਟਮ ਵਿੱਚ ਵਿਗਾੜ ਪੈਦਾ ਕਰ ਰਹੀ ਹੈ। ਜਿਸ ਸੁਥਰੇ ਸਿਸਟਮ ਦੀ ਖਿੱਚ ਨੇ ਉਨਾਂ ਨੂੰ ਆਪਣੀ ਭੋਇੰ ਛੱਡਣ ਲਈ ਲਈ ਮਜ਼ਬੂਰ ਕੀਤਾ ਸੀ ਜਾਂ ਪ੍ਰੇਰਿਆ ਸੀ, ਉਸ ਦੀ ਨਿਰਸ਼ਲਤਾ ਵਿੱਚ ਕੁਝ ਲੋਕਾਂ ਦਾ ਵਿਵਹਾਰ ਅਤੇ ਪੂੰਜੀ ਕਮਾਉਣ ਦਾ ਲੋਭ ਦੂਸ਼ਿਤ ਵਾਤਾਵਰਣ ਪੈਦਾ ਕਰ ਰਿਹਾ ਹੈ।

ਡਰੱਗਜ਼ ਵਰਗਾ ਕਾਰੋਬਾਰ, ਜਿਸ ਤੋਂ ਪੰਜਾਬ ਬੁਰੀ ਤਰਾਂ ਪੀੜਤ ਹੈ, ਦੀ ਦਸਤਕ ਜਦ ਸੱਤ ਸਮੁੰਦਰ ਪਾਰ ਇਸ ਧਰਤੀ ਉੱਪਰ ਸੁਣਦੀ ਹੈ ਤਾਂ ਸੁਪਨੇ ਵਿਲਕਦੇ ਵੀ ਹਨ ਅਤੇ ਟੁੱਟਦੇ ਵੀ ਹਨ। ਡਰੱਗਜ਼ ਦੇ ਇਸ ਘਿਨਾਉਣੇ ਵਰਤਾਰੇ ਦੀ ਪਹੁੰਚ ਸਕੂਲਾਂ ਵਿੱਚ ਪੜਦੇ ਬੱਚਿਆਂ ਤੱਕ ਵੀ ਹੋ ਗਈ ਹੈ। ਜਦੋਂ ਕੋਈ ਪਰਿਵਾਰ ਆਪਣੀ ਚੰਗੀ ਭਲੀ ਜ਼ਿੰਦਗੀ ਅਤੇ ਅਹੁਦੇ ਤਿਆਗ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਦੀ ਖਾਤਰ ਇਸ ਵਤਨ ਵਿੱਚ ਪਨਾਹ ਲੈਂਦਾ ਹੈ, ਉਸ ਪਰਿਵਾਰ ਦੇ ਬੱਚੇ ਜੇਕਰ ਇਸ ਬਿਮਾਰੀ ਦਾ ਸ਼ਿਕਾਰ ਹੋ ਜਾਣ ਤਾਂ ਮਾਪਿਆਂ ਦੀ ਮਾਨਸਿਕਤਾ ਅਤੇ ਪੀੜਾ ਤੁਸੀਂ ਸਮਝ ਹੀ ਸਕਦੇ ਹੋ। ਜਿਨਾਂ ਲੋਕਾਂ ਨੇ ਆਪਣੇ ਘਰ ਇਨਾਂ ਵਿਦਿਆਰਥੀਆਂ ਨੂੰ ਕਿਰਾਏ ’ਤੇ ਦਿੱਤੇ ਹਨ, ਉਨਾਂ ਦੀ ਇਹ ਸ਼ਿਕਾਇਤ ਕਿ ਜੀ ਗੰਦ ਬੜਾ ਪਾਉਂਦੇ ਹਨ, ਸ਼ਰਮਸਾਰ ਕਰਦੀ ਹੈ। ਪੰਜਾਬੀ ਸੁਭਾਅ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦਾ ਦੁਨੀਆਂ ਵਿੱਚ ਬੋਲਬਾਲਾ ਹੈ। ਪਰ ਇਸੇ ਸੁਭਾਅ ਵਿਚਲੀਆਂ ਖਰਮਸਤੀਆਂ, ਆਪਹੁਦਰਾਪਣ, ਫੁਕਰਾਪਣ ਅਤੇ ਹੁੱਲੜਬਾਜ਼ੀ ਸੰਵੇਦਨਸ਼ੀਲ ਬੰਦੇ ਨੂੰ



ਪ੍ਰੇਸ਼ਾਨ ਕਰਨ ਲਈ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਸਮਾਜ ਵਿੱਚ ਤੁਹਾਡਾ ਰੁਤਬਾ ਅਹੁਦੇ ਕਰਕੇ ਵੀ ਹੁੰਦਾ ਹੈ ਅਤੇ ਤੁਹਾਡੇ ਰਹਿਣ-ਸਹਿਣ ਅਤੇ ਵਿਵਹਾਰ ਕਰਕੇ ਵੀ। ਆਪਣੀ ਸਮਾਜਿਕਤਾ ਨੂੰ ਸਤਿਕਾਰਤ ਮੁਹਾਂਦਰਾ ਦੇਣ ਲਈ ਵਕਤ ਲੱਗਦਾ ਹੈ। ਪਰ ਇਸ ਵਕਾਰ ਨੂੰ ਮਿੱਟੀ ਵਿੱਚ ਮਿਲਾਉਣ ਲਈ ਕੁਝ ਕੁ ਲੋਕਾਂ ਦੀਆਂ ਬੇਤਰਤੀਬ ਹਰਕਤਾਂ ਬਹੁਤ ਹੁੰਦੀਆਂ ਹਨ। ਆਪਣੇ ਦੇਸ ਦੀ ਬੁਰਾਈ ਅਸੀਂ ਜਿਨਾਂ ਗੱਲਾਂ ਕਰਕੇ ਕਰਦੇ ਹਾਂ, ਉਨਾਂ ਗੱਲਾਂ ਦੇ ਵਿਗਸਣ ਦਾ ਮਹੌਲ ਜਦ ਇੱਥੇ ਬਣਾਵਾਂਗੇ ਤਾਂ ਸਮਾਂ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ। ਇੱਕ ਪੰਜਾਬੀ ਡਰਾਇਵਰ ਨੇ ਦੱਸਿਆ, ‘ਇੱਕ ਸਟਾਪ ਤੋਂ ਪੰਜਾਬੀ ਸੀਨੀਅਰ ਸਿਟੀਜ਼ਨ ਮੇਰੀ ਬੱਸ ਵਿੱਚ ਚੜ੍ਹਿਆ। ਉਸਨੇ ਭਾਈਚਾਰਕ ਤੌਰ ’ਤੇ ਸਾਸਰੀ ਕਾਲ ਬੁਲਾਈ। ਇਹ ਜਾਣਦਿਆਂ ਕਿ ਡਰਾਇਵਰ ਪੰਜਾਬੀ ਹੈ, ਉਸ ਬਜ਼ੁਰਗ ਨੇ ਟਿਕਟ ਲੈਣ ਲਈ ਹੱਥ ਵਿੱਚ ਫੜੇ ਡਾਲਰ ਵਾਪਸ ਜੇਬ ਵਿੱਚ ਪਾ ਲਏ। ਮੈਂ ਕਿਹਾ- ਬਾਬਾ ਜੀ, ਉਸ ਪੰਜਾਬ ਦਾ ਬੇੜਾ ਤਾਂ ਗਰਕ ਕਰ ਦਿੱਤਾ ਹੈ, ਹੁਣ ਇਸ ਦਾ ਵੀ ਕਰਨਾ ਹੈ?’ ਇਸ ਕਥਨ ਦੀ ਵਿਆਖਿਆ ਕਰਨ ਦੀ ਲੋੜ ਨਹੀਂ ਹੈ।

ਕੈਨੇਡਾ ਆ ਵਸੇ ਪੰਜਾਬੀਆਂ ਦਾ ਇਸ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਹੈ। ਵੇਅਰਹਾਊਸ ਵਿੱਚ ਮਜ਼ਦੂਰੀ ਕਰਨ ਤੋਂ ਇਲਾਵਾ ਆਮਦਨ ਉੱਪਰ ਟੈਕਸ ਦੇਣਾ, ਖਰਦੋ-ਫਰੋਖਤ ਕਰਨੀ, ਰਿਹਾਇਸ਼ੀ ਘਰਾਂ ਦਾ ਕਾਰੋਬਾਰ ਅਤੇ ਟਰਾਂਸਪੋਰਟ ਰਾਹੀਂ ਦੇਸ ਦੀ ਆਰਥਿਕਤਾ ਵਿੱਚ ਪਰਵਾਸੀ ਆਪਣਾ ਹਿੱਸਾ ਪਾ ਰਹੇ ਹਨ। ਦੇਸ ਦੀ ਰਾਜਨੀਤੀ ਵਿੱਚ ਵੀ ਇਨਾਂ ਪਰਵਾਸੀਆਂ ਦਾ ਯੋਗਦਾਨ ਜ਼ਿਕਰ-ਗੋਚਰਾ ਹੈ। ਸਮਾਜਿਕ ਅਤੇ ਸਾਹਿਤਕ,ਕਲਾਤਮਿਕ, ਕਾਰਜਾਂ ਵਿੱਚ ਰੁੱਝੇ ਲੋਕ ਵੀ ਆਪਣੇ ਭਾਈਚਾਰੇ ਦਾ ਮਾਣ ਵਧਾ ਰਹੇ ਹਨ। ਟਰਾਂਸਪੋਰਟ ਸਮੇਤ ਬਹੁਤ ਸਾਰੇ ਕਾਰੋਬਾਰਾਂ ਵਿੱਚ ਇਨਾਂ ਦੀ ਸਰਦਾਰੀ ਹੈ। ਇਸ ਸਰਦਾਰੀ ਨੂੰ ਬਣਾਈ ਰੱਖਣ ਲਈ ਬਾਲਗ ਪਰਵਾਸੀਆਂ ਨੂੰ ਸਿੱਖਿਅਤ ਕਰਨ ਦੀ ਲੋੜ ਹੈ। ਇਸ ਨਵੀਂ ਆਮਦ ਨੂੰ ਕੰਮ ਲੱਭਣ, ਰਹਿਣ ਲਈ ਰੈਂਟ ਅਤੇ ਖਾਣ-ਪੀਣ ਦਾ ਪ੍ਰਬੰਧ ਕਰਨ ਵਿੱਚ ਮੁਸ਼ਕਲਾਂ ਵੀ ਆ ਰਹੀਆਂ ਹਨ। ਇੱਥੇ ਜ਼ਿੰਦਗੀ ਦਾ ਆਰੰਭ ਚਣੌਤੀ ਭਰਿਆ ਹੈ। ਪਰ ਜਿਵੇਂ ਜਿਵੇਂ ਤੁਸੀਂ ਇੱਥੋਂ ਦੇ ਲੋਕਾਂ, ਭਾਸ਼ਾ, ਅਨੁਸ਼ਾਸਨ ਅਤੇ ਸੱਭਿਆਚਾਰ ਬਾਰੇ ਜਾਣੂ ਹੁੰਦੇ ਜਾਂਦੇ ਹੋ, ਜੀਵਨ ਸੁਖਾਲਾ ਹੁੰਦਾ ਜਾਂਦਾ ਹੈ। ਲੋੜ ਆਪਣੀਆਂ ਕੁਝ ਕੁ ਅਮਾਨਵੀ, ਦੂਸ਼ਿਤ, ਰੌਲੇ ਅਤੇ ਝਗੜੇ ਵਰਗੀਆਂ ਆਦਤਾਂ ਨੂੰ ਤਿਆਗਣ ਦੀ ਹੈ। ਇਹ ਆਦਤਾਂ ਹਰ ਨਿਜ਼ਾਮ ਅੰਦਰ ਸਮੱਸਿਆਵਾਂ ਪੈਦਾ ਕਰਦੀਆਂ ਹਨ। ਲੋੜ ਇੱਥੋਂ ਦੇ ਸਹਿਜ ਨੂੰ ਅਪਨਾਉਣ ਦੀ ਹੈ। ਲੋੜ ਇਥੋਂ ਦੀ ਇਮਾਨਦਾਰਾਨਾ ਸੋਚ ਨੂੰ ਅਪਨਾਉਣ ਦੀ ਹੈ।

### ਮਾਪਿਆਂ ਦੀ ਸਮੱਸਿਆ

ਥਾਵਾਂ ਨਾਲ ਸਾਡੇ ਰਿਸ਼ਤੇ ਸਮਾਜਿਕ ਰਿਸ਼ਤਿਆਂ ਨਾਲੋਂ ਵਧੇਰੇ ਸੰਵੇਦਨਸ਼ੀਲ ਅਤੇ ਹੰਢਣਸਾਰ ਹੁੰਦੇ ਹਨ। ਇਸ ਦੀ ਥੋੜੀ ਜਿਹੀ ਸੋਝੀ ਮੈਨੂੰ ਇੱਥੇ ਕੈਨੇਡਾ ਵਿੱਚ ਆ ਕੇ ਹੋਈ ਹੈ। ਆਪਣੀ ਉਮਰ ਦੇ ਪੰਜ ਛੇ ਦਹਾਕੇ ਪੰਜਾਬ ਵਿੱਚ ਗੁਜ਼ਾਰਨ ਤੋਂ ਬਾਅਦ ਜਦ ਵਿਦੇਸ਼ਾਂ ਵਿੱਚ ਪੀ.ਆਰ. ਹੋ ਗਏ ਤਾਂ ਮਾਪਿਆਂ ਨੂੰ ਬੱਚਿਆਂ ਕੋਲ ਜਾ ਕੇ ਰਹਿਣਾ ਪੈਂਦਾ ਹੈ ਤਾਂ ਪਰਾਈ ਧਰਤੀ ’ਤੇ ਬੇਗਾਨਗੀ ਦਾ ਅਹਿਸਾਸ ਜੰਮਣ ਭੋਇੰ ਨਾਲ ਰਿਸ਼ਤੇ ਦੀ ਗਵਾਹੀ ਭਰਦਾ ਹੈ। ਕਾਰਨ ਆਰਥਿਕ ਵੀ ਹੋ ਸਕਦੇ ਹਨ, ਸਮਾਜਿਕ ਵੀ। ਪਰ ਇਸ ਬੇਗਾਨਗੀ ਦੀ ਵਿਆਪਕਤਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਕੁਝ ਉਦਾਹਰਣਾਂ ਨਾਲ ਗੱਲ ਦੀ ਪ੍ਰੋੜਤਾ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਕਿਸੇ ਯੂਨੀਵਰਸਿਟੀ ਤੋਂ ਉਪ-ਕੁਲਪਤੀ ਸੇਵਾ ਮੁਕਤ ਹੋਇਆ ਬਾਪ ਆਪਣੇ ਕੈਨੇਡਾ ਰਹਿੰਦੇ ਪੁੱਤ ਕੋਲ ਗਿਆ। ਪੁੱਤਰ ਨੇ ਕਿਹਾ, ‘ਪਾਪਾ, ਜਿੰਨੀ ਕੁ ਪੈਨਸ਼ਨ ਤੁਹਾਨੂੰ ਮਿਲਦੀ ਹੈ ਇਸ ਨਾਲ ਇੱਥੇ ਤੁਹਾਡਾ ਵਧੀਆ ਗੁਜ਼ਾਰਾ ਹੋ ਜਾਣਾ। ਤੁਸੀਂ ਵਾਪਸ ਜਾ ਕੇ ਕੀ ਕਰਨਾ?’

ਪਿਉ ਨੇ ਸੁਣਿਆਂ, ਵਿਚਾਰਿਆ ਤੇ ਠਰੰਮੇ ਨਾਲ ਜਵਾਬ ਦਿੱਤਾ, ‘ਪੁੱਤਰ, ਜਿਸ ਪੈਨਸ਼ਨ ਨਾਲ ਮੇਰਾ ਇੱਥੇ ਗੁਜ਼ਾਰਾ ਹੋਣਾ, ਉਸ ਨਾਲ ਮੇਰੀ ਉੱਥੇ ਪੰਜਾਬ ਵਿੱਚ ਬਾਦਸ਼ਾਹਤ ਹੈ। ਮੈਂ ਆਪਣੇ ਦੇਸ਼ ਦੀ ਬਾਦਸ਼ਾਹਤ ਛੱਡ ਤੇਰੇ ਸਹੇੜੇ ਦੇਸ਼ ਵਿੱਚ ਗੁਜ਼ਾਰਾ ਕਰਨ ਕਿਉਂ ਆਵਾਂ?’

ਪੁੱਤਰ ਕੋਲ ਇਸ ਗੱਲ ਦਾ ਜਵਾਬ ਕੋਈ ਨਹੀਂ। ਪਰ ਮਾਪਿਆਂ ਕੋਲ ਅਜੇ ਸਵਾਲ ਬਹੁਤ ਹਨ। ਚਾਰ ਦਹਾਕੇ ਪਹਿਲਾਂ ਕੈਨੇਡਾ ਆਏ ਲੋਕਾਂ ਦੀ ਅਗਲੀ ਪੀੜੀ ਕੋਲ ਧੰਨ-ਦੌਲਤ ਬਹੁਤ ਹੈ। ਜੇਕਰ ਉਨਾਂ ਨੂੰ ਕੋਈ ਮਾੜੀ ਲਤ ਨਹੀਂ ਹੈ ਤਾਂ ਸੁਖੀ ਜੀਵਨ ਵੀ ਬਿਤਾ ਰਹੇ ਹਨ। ਪਰ ਚਾਰ ਦਹਾਕੇ ਪਹਿਲਾਂ ਆਏ ਮਾਪਿਆਂ ਕੋਲ ਪਿੰਡ ਵਾਲੀ ਬਹੁ-ਮੰਜ਼ਲੀ ਕੋਠੀ ਦਾ ਝੋਰਾ ਹੈ। ਖੰਡਰ ਹੋ ਰਹੀ ਕੋਠੀ ਦੇ ਮੱਥੇ ’ਤੇ ਸੇਲ ਦਾ ਫੱਟਾ ਲਟਕਦਾ ਹੈ। ਉਸ ਕੋਠੀ ਦਾ ਮਾਲਕ ਇੱਥੇ ਕੈਨੇਡਾ ਵਿਚ ਖੰਡਰ ਹੋ ਰਹੀ ਦੇਹ ਦਾ ਸੰਤਪ ਭੋਗ ਰਿਹਾ ਹੈ। ਸਾਡਾ ਇੱਕ ਦੋਸਤ ਪਤਨੀ ਸਮੇਤ ਆਸਟ੍ਰੇਲੀਆ ਪੀ.ਆਰ. ਹੋ ਗਏ ਬੇਟੇ ਕੋਲ ਗਿਆ। ਕੁਝ ਮਹੀਨੇ ਤਾਂ ਸੁੱਖੀਂ-ਸਾਂਦੀ ਬੀਤ ਗਏ, ਫਿਰ ਉਨਾਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਾਨੂੰ ਵਾਪਸ ਪੰਜਾਬ ਭੇਜ ਦੇ। ਪਰ ਬੇਟੇ ਨੇ ਕਹਿਣਾ ਕਿ ਤੁਸੀਂ ਉੱਥੇ ਜਾ ਕੇ ਕੀ ਕਰਨਾ? ਪਰ ਮਾਪਿਆਂ ਦੀ ਜ਼ਿੱਦ ਅੱਗੇ ਬੇਟਾ ਹਾਰ ਗਿਆ ਤੇ ਸਾਡਾ ਦੋਸਤ ਵਾਪਸ ਪੰਜਾਬ ਆ ਗਿਆ। ਮੈਨੂੰ ਯਾਦ ਹੈ ਜਿਸ ਦਿਨ ਬੇਟੇ ਨੇ ਆਸਟ੍ਰੇਲੀਆ ਵਿੱਚੋਂ ਫੋਨ ਕਰਕੇ ਆਪਣੇ ਬਾਪ ਨਾਲ ਪੀ.ਆਰ. ਮਿਲਣ ਦੀ ਖ਼ਬਰ ਸਾਂਝੀ ਕੀਤੀ ਸੀ, ਓਦੋਂ ਭਾਰਤ ਵਿੱਚ ਅਜੇ ਦਿਨ ਚੜਿਆ ਸੀ। ਪਿਉ ਨੇ ਪਟਿਆਲਾ ਪੈੱਗ ਨੂੰ ਦੋ ਨਾਲ ਗੁਣਾ ਕਰਕੇ ਇੱਕੋ ਵਾਰ ਅੰਦਰ ਸੁੱਟ ਲਿਆ ਸੀ। ਚਾਅ ਦਾ ਇਹ ਛਿਣ ਹੁਣ ਪੁਰਾਣੀ ਗੱਲ ਹੋ ਗਈ ਹੈ। ਹੁਣ ਮਾਪੇ ਉਸ ਪੀ.ਆਰ. ਪੁੱਤ ਕੋਲ ਕੁਝ ਮਹੀਨੇ ਰਹਿ ਕੇ ਵਾਪਸ ਪਰਤੇ ਹਨ। ਇੱਥੇ ਰਹਿੰਦੀ ਬੇਟੀ ਮਿਲਣ ਆਈ ਤਾਂ ਮਾਂ-ਪਿਉ ਦੀਆਂ ਧੁਆਂਖੀਆਂ ਸ਼ਕਲਾਂ ਵੇਖ ਫ਼ਿਕਰ ਜ਼ਾਹਰ ਕਰਦਾ ਸਵਾਲ ਕੀਤਾ। ਪਿਉ ਨੇ ਕਿਹਾ ਕਿ ਸਾਡੀਆਂ ਸ਼ਕਲਾਂ ਦਾ ਫ਼ਿਕਰ ਨਾ ਕਰ ਤੂੰ। ਇਹ ਲੈ ਸਾਡੇ ਪਾਸਪੋਰਟ, ਇਨਾਂ ਨੂੰ ਪਾੜ ਦੇ ਜਾਂ ਅੱਗ ਵਿੱਚ ਸਾੜ ਦੇ। ਅਸੀਂ ਦੁਬਾਰਾ ਆਸਟ੍ਰੇਲੀਆ ਨਹੀਂ ਜਾਣਾ। ਸ਼ਕਲਾਂ ਸਾਡੀਆਂ ਆਪੇ ਠੀਕ ਹੋ ਜਾਣੀਆਂ। ਗੱਲ ਇਕੱਲੇ ਕੈਨੇਡਾ ਦੀ ਨਹੀਂ ਹੈ। ਗੱਲ ਤਾਂ ਵਿਦਿਆਰਥੀ ਵੀਜ਼ੇ ’ਤੇ ਪ੍ਰਦੇਸ ਗਏ ਬੱਚਿਆਂ ਦੀ ਹੈ। ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ ਸਮੇਤ ਦੁਨੀਆਂ ਦੇ ਕੁਝ ਹੋਰ ਦੇਸ਼ ਵੀ ਹਨ ਜਿੱਥੇ ਭਾਰਤੀ ਵਿਦਿਆਰਥੀ ਗਏ ਹਨ। ਯੂਕਰੇਨ ਰੂਸ ਜੰਗ ਨੇ ਤਾਂ ਦੱਸ ਦਿੱਤਾ ਹੈ ਕਿ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਵਿਦਿਆਰਥੀ ਰਹਿ ਰਹੇ ਹਨ। ਇਹ ਗੱਲ ਵੱਖਰੀ ਹੈ ਕਿ ਉਹ ਦੇਸ ਪੱਕੀ ਰਿਹਾਇਸ਼ ਦੀ ਆਗਿਆ ਦਿੰਦਾ ਸਰਟੀਫਿਕੇਟ ਨਹੀਂ ਦਿੰਦੇ। ਸਮੱਸਿਆ ਤਾਂ ਓਦੋਂ ਸ਼ੁਰੂ ਹੁੰਦੀ ਹੈ ਜਦ ਪੀ.ਆਰ. ਪ੍ਰਾਪਤ ਕਰ ਲੈਣ ਤੋਂ ਬਾਅਦ ਬੱਚੇ ਮਾਪਿਆਂ ਨੂੰ ਆਪਣੇ ਕੋਲ ਬੁਲਾਉਂਦੇ ਹਨ। ਆਸਟ੍ਰੇਲੀਆ ਵਿੱਚ ਆਪਣੇ ਬੇਟੇ ਕੋਲ ਗਏ ਸਾਡੇ ਮਿੱਤਰ ਦੀ ਕਹਾਣੀ ਤੁਸਾਂ ਪੜ ਲਈ ਹੈ। ਮੇਰੇ ਪੁੱਛਣ ’ਤੇ ਉਹ ਕਹਿਣ ਲੱਗਾ, ‘ਉਏ ਨਾ ਉੱਥੇ ਕੋਈ ਪੈਲੀ-ਬੰਨਾ, ਨਾ ਕੋਈ ਗਲ਼ੀ-ਗਵਾਂਢ, ਜਿੱਥੇ ਤੁਰੇ ਜਾਂਦਿਆਂ ਨੂੰ ਤੁਹਾਨੂੰ ਕੋਈ ਅਵਾਜ਼ ਮਾਰ ਬੁਲਾ ਲਵੇ। ਘਰੋਂ ਬਾਹਰ ਨਿਕਲੋ ਤਾਂ ਤੁਹਾਡੀ ਬੋਲੀ ਵਿੱਚ ਗੱਲ ਕਰਨ ਵਾਲਾ ਵੀ ਤੁਹਾਨੂੰ ਕੋਈ ਨਾ ਮਿਲੇ। ਨਾ ਕੋਈ ਯਾਰ-ਬੇਲੀ, ਨਾ ਰਿਸ਼ਤੇਦਾਰ, ਨਾ ਦੁਸ਼ਮਣ ਕੋਈ। ਕੀ ਕਰਨਾ ਉੱਥੇ ਰਹਿ ਕੇ?’

ਪਾਰਕ ਵਿੱਚ ਤੁਰੇ ਜਾ ਰਹੇ ਸੱਜਣ ਨੂੰ ਮੈਂ ਕਾਹਲੇ ਕਦਮੀਂ ਤੁਰ ਮਿਲਿਆ ਤਾਂ ਗੱਲਾਂ ਚੱਲ ਪਈਆਂ। ਹਾਲ-ਚਾਲ ਪੁੱਛਣ ਤੋਂ ਬਾਅਦ ਮੈਂ ਪੁੱਛਿਆ, ‘ਦਿਲ ਲੱਗਾ ਇੱਥੇ?’

ਮੇਰੇ ਵੱਲ ਉਸ ਗੌਰ ਨਾਲ ਵੇਖਿਆ ਤੇ ਕਹਿਣ ਲੱਗਾ, ‘ਥੋੜੇ ਸਮੇਂ ਲਈ ਆਉ ਤਾਂ ਠੀਕ ਹੈ। ਫਿਰ ਭੈਣ ਦੇ ਘਰ ਭਾਈ ਤੇ ਸਹੁਰੇ ਘਰ ਜਵਾਈ ਵਾਲੀ ਫੀਲਿੰਗ ਆਉਣ ਲੱਗਦੀ ਹੈ।’

ਮੈਂ ਹੈਰਾਨ ਹੁੰਦਾ ਹਾਂ ਕਿ ਪ੍ਰਦੇਸ ਵਿਚ ਸਾਡੇ ਬੱਚਿਆਂ ਦੁਆਰਾ ਬਣਾਏ, ਖਰੀਦੇ ਘਰ ਸਾਨੂੰ ਆਪਣੇ ਕਿਉਂ ਨਹੀਂ ਲੱਗਦੇ? ਪੰਜਾਬ ਵਿੱਚ ਬਣਾਏ ਸਾਡੇ ਘਰ ਸਾਡੇ ਮੋਢਿਆਂ ਤੋਂ ਕਿਉਂ ਨਹੀਂ ਲਹਿੰਦੇ? ਆਪਣੇ ਘਰ ਦੀ ਕੀ ਪਰਿਭਾਸ਼ਾ ਹੈ? ਉਹ ਕਿਹੜਾ ਅਹਿਸਾਸ ਹੈ ਜੋ ਘਰ ਨੂੰ ਘਰ ਬਣਾਉਂਦਾ ਹੈ? ਅਸੀਂ ਘਰ ਦੇ ਅਹਿਸਾਸ ਵਿੱਚ ਭਿੱਜੇ ਘਰ ਦੇ ਬੂਹੇ ’ਤੇ ਜਿੰਦਰਾ ਲਟਕਾ ਕੇ ਜਹਾਜ਼ ਵਿੱਚ ਸਵਾਰ ਹੋਣ ਦਾ ਹੀਆ ਕਿੰਝ ਕਰ ਲੈਂਦੇ ਹਾਂ? ਸਵਾਲ ਬੜੇ ਹਨ।

ਕਿਸੇ ਜਾਣਕਾਰ ਔਰਤ ਨੇ ਦੱਸਿਆ ਕਿ ਕਰੋੜ ਰੁਪਈਆ ਲਾ ਕੇ ਕੋਠੀ ਪਾਈ ਸੀ। ਹੁਣ ਉਸ ਦੀ ਸਾਂਭ-ਸੰਭਾਲ ਲਈ ਮਹੀਨੇ ਦਾ ਵੀਹ ਹਜ਼ਾਰ ਰੁਪਈਆ ਖਰਚ ਰਹੇ ਹਾਂ। ਬਹੁਤ ਸਾਰੇ ਮਾਪਿਆਂ ਨਾਲ ਗੱਲ ਕਰਕੇ ਪਤਾ ਲੱਗਾ ਹੈ ਕਿ ਮਾਪੇ ਬੱਚਿਆਂ ਕੋਲ ਪ੍ਰਾਹੁਣਿਆਂ ਵਾਂਗ ਆਉਣਾ ਚਾਹੁੰਦੇ ਹਨ। ਉਹ ਪੰਜਾਬ ਵਿੱਚ ਵਧੀਆ ਜ਼ਿੰਦਗੀ ਬਿਤਾ ਰਹੇ ਹਨ। ਉਸ ਜ਼ਿੰਦਗੀ ਅਤੇ ਪੰਜਾਬ ਨੂੰ ਤਿਆਗ ਕੈਨੇਡਾ ਦਾ ਵਸਨੀਕ ਬਣਨ ਦਾ ਉਨਾਂ ਦਾ ਕੋਈ ਇਰਾਦਾ ਨਹੀਂ। ਇਹ ਇੱਕ ਸਮਝੌਤਾ ਜਾਂ ਕਹਿ ਲਵੋ ਕਿ ਫੈਸਲਾ ਹੈ ਮਾਪਿਆਂ ਦਾ। ਇਸ ਫੈਸਲੇ ਤੋਂ ਵੱਖਰਾ ਕੋਈ ਵੀ ਬਦਲ ਉਨਾਂ ਦੀ ਅੱਖ ਵਿਚ ਰੜਕਣਾ ਹੀ ਰੜਕਣਾ ਹੈ।


CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਕੌਮੀ ਜਜ਼ਬੇ, ਹਿਤ ਅਤੇ ਹੋਂਦ ਬਨਾਮ ਦੀਪ ਸਿੱਧੂ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ'




## ਬਘੇਲ ਸਿੰਘ ਪੱਤਰਕਾਰ

**99142-58142**


ਪੰਜਾਬੀਆਂ ਦੇ ਦਿਲਾਂ ਵਿਚ ਬਹੁਤ ਥੋੜੇ ਸਮੇਂ ਵਿਚ ਆਪਣੀ ਨਿਵੇਕਲੀ ਥਾਂ ਬਣਾ ਕੇ ਜੋਬਨ ਰੁਤੇ ਤੁਰ ਜਾਣ ਵਾਲੇ ਅਤੇ ਪੰਜਾਬੀ ਖਾਸ ਕਰ ਸਿੱਖ ਨੌਜਵਾਨੀ ਦੇ ਪ੍ਰੇਰਨਾ ਸਰੋਤ, ਕੌਮੀ ਯੋਧੇ ਭਾਈ ਸੰਦੀਪ ਸਿੰਘ ਦੀਪ ਸਿੱਧੂ ਨੇ ਆਪਣੇ ਜਿਉਂਦੇ ਜੀਅ ਇੱਕ ਅਜਿਹੀ ਜਥੇਬੰਦੀ ਬਣਾਉਣ ਦਾ ਸੁਪਨਾ ਲਿਆ, ਜਿਹੜੀ ਪੰਜਾਬ ਦੇ ਹਿਤਾਂ ਅਤੇ ਹੋਂਦ ਨੂੰ ਬਚਾਉਣ ਲਈ ਦ੍ਰਿੜ ਸੰਕਲਪ ਹੋਵੇ।ਸੋ ਉਨਾਂ ਨੇ ਜਥੇਬੰਦੀ ਬਣਾਈ ਜਿਸ ਦਾ ਨਾਮ ਵੀ ਉਨਾਂ ਨੇ ਆਪਣੀ ਸ਼ੁੱਧ ਭਾਵਨਾ ਵਰਗਾ ਬੇਹੱਦ ਢੁਕਵਾਂ 'ਵਾਰਿਸ ਪੰਜਾਬ ਦੇ' ਰੱਖਿਆ। ਜਥੇਬੰਦੀ ਦਾ ਜਥੇਬੰਦਕ ਢਾਂਚਾ ਤਿਆਰ ਹੋਣ ਤੱਕ ਸਰਗਰਮੀਆਂ ਚਲਾਉਣ ਲਈ ਸਰਗਰਮ ਤੇ ਸਮਰਪਿਤ ਨੌਜਵਾਨਾਂ ਦੀ 16 ਮੈਂਬਰੀ ਕਮੇਟੀ ਦਾ ਗਠਨ ਵੀ ਦੀਪ ਵੱਲੋਂ ਖੁਦ ਕੀਤਾ ਗਿਆ, ਪਰ ਇਸ ਤੋ ਪਹਿਲਾਂ ਕਿ ਜਥੇਬੰਦੀ ਦਾ ਵਿਸਥਾਰ ਕੀਤਾ ਜਾਂਦਾ, ਦੀਪ ਸਿੱਧੂ ਦੇ ਸੁਆਸਾਂ ਦੀ ਪੂੰਜੀ ਖਤਮ ਹੋ ਗਈ ਤੇ ਉਹ ਅਨੰਤ ਦੀ ਗੋਦ ਵਿਚ ਸਮਾ ਗਿਆ। ਅਕਾਲ ਪੁਰਖ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ, ਤੇ ਦੀਪ ਸਿੱਧੂ ਲੱਖਾਂ ਲੋਕਾਂ ਨੂੰ ਰੋਂਦੇ ਵਿਲਕਦੇ ਛੱਡ ਕੇ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਿਆ। ਦੀਪ ਦੇ ਜਾਣ ਤੋਂ ਬਾਅਦ ਕਾਫੀ ਕੁੱਝ ਬਦਲਣਾ ਵੀ ਸੁਭਾਵਿਕ ਸੀ। ਸੋ, ਉਹਦੀ ਮੌਤ ਤੋਂ ਬਾਅਦ ਦੀਪ ਸਿੱਧੂ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਦੀਪ ਸਿੱਧੂ ਦੀ ਨੇੜਤਾ ਦਾ ਪ੍ਰਗਟਾਵਾ ਕਰਕੇ ਲਾਹਾ ਲੈਣ ਵਾਲਿਆਂ ਵਿੱਚ ਵਖਰੇਵੇਂ ਉੱਘੜਵੇਂ ਰੂਪ ਵਿਚ ਸਾਹਮਣੇ ਆਉਣੇ ਵੀ ਸੁਭਾਵਿਕ ਸਨ। ਉਹ ਸਾਰਾ ਕੁੱਝ ਅੱਜ ਅੱਖਾਂ ਸਾਹਵੇਂ ਵਾਪਰਦਾ ਪ੍ਰਤੱਖ ਦਿਖਾਈ ਦੇ ਰਿਹਾ ਹੈ। ਸਿੱਖ ਕੌਮ ਦੀ ਇਹ ਵੱਡੀ ਤਰਾਸਦੀ ਹੈ ਕਿ ਜੇਕਰ ਇਸ ਕੌਮ ਦੇ ਕੋਲ ਅੰਤਾਂ ਦੇ ਬਹਾਦਰ ਸੂਰਮਿਆਂ ਦੀ ਕੋਈ ਕਮੀ ਨਹੀਂ ਹੈ ਤਾਂ ਇਹ ਵੀ ਸੱਚ ਹੈ ਕਿ ਉਨਾਂ ਬਹਾਦਰਾਂ ਦੀਆਂ ਕੁਰਬਾਨੀਆਂ ਨੂੰ ਮਿੱਟੀ ਘੱਟੇ ਰੋਲਣ ਵਾਲੇ ਕੌਮ ਧ੍ਰੋਹੀਆਂ ਦੀ ਵੀ ਕੋਈ ਘਾਟ ਨਹੀਂ ਹੈ। ਦੀਪ ਦਾ ਸੁਪਨਾ ਕੋਈ ਨਿੱਜੀ ਜ਼ਿੰਦਗੀ ਦਾ ਸੁਪਨਾ ਨਹੀਂ ਸੀ, ਬਲਕਿ ਆਪਣੀ ਕੌਮ ਦੀ ਖੁਦਮੁਖਤਾਰੀ ਦਾ, ਕੌਮ ਦੀ ਅਜ਼ਾਦ ਹਸਤੀ ਦਾ ਸੁਪਨਾ ਸੀ, ਜਿਸ ਲਈ ਉਹਨੇ ਆਪਣੀ ਬੇਹੱਦ ਸੁਖਾਲੀ ਜ਼ਿੰਦਗੀ ਨੂੰ ਤਿਆਗ ਕੇ ਇਸ ਬਿਖੜੇ ਪੈਂਡਿਆਂ 'ਤੇ ਚੱਲਣ ਨੂੰ ਤਰਜੀਹ ਇਸ ਕਰਕੇ ਦਿੱਤੀ, ਕਿਉਂਕਿ ਉਹ ਚਾਹੁੰਦਾ ਸੀ ਕਿ ਸਿੱਖ ਕੌਮ ਨੂੰ ਵੀ ਇਸ ਸਵਾ ਅਰਬ ਤੋਂ ਵੱਧ ਦੀ ਅਬਾਦੀ ਵਾਲੇ ਵੰਨ ਸੁਵੰਨੇ ਲੋਕਾਂ ਵਿੱਚ ਸਵੈਮਾਣ ਨਾਲ ਜਿਊਣ ਦੇ ਓਨੇ ਹੀ ਮੌਕੇ ਪ੍ਰਦਾਨ ਹੋਣ ਜਿੰਨੇ ਇੱਥੋਂ ਦੀ ਬਹੁਗਿਣਤੀ ਨੂੰ ਪ੍ਰਾਪਤ ਹਨ।ਉਹ ਇਹ ਵੀ ਚੰਗੀ ਤਰਾਂ ਜਾਣਦਾ, ਸਮਝਦਾ ਅਤੇ ਮਹਿਸੂਸ ਕਰਦਾ ਸੀ ਕਿ ਉਪਰੋਕਤ ਅਧਿਕਾਰਾਂ ਦੀ ਪ੍ਰਾਪਤੀ ਕੋਈ ਸੌਖਿਆਂ ਹੀ ਹੋਣ ਵਾਲੀ ਨਹੀਂ, ਬਲਕਿ ਉਹਦੇ ਲਈ ਜਾਨ ਦੀ ਅਹੂਤੀ ਵੀ ਦੇਣੀ ਪੈ ਸਕਦੀ ਹੈ, ਜਿਹੜੀ ਉਨਾਂ ਨੇ ਦਿੱਤੀ। ਪਰ ਅਫਸੋਸ ਇਸ ਗੱਲ ਦਾ ਹੈ ਕਿ ਉਨਾਂ ਦੇ ਜਾਣ ਤੋਂ ਬਾਅਦ ਉਨਾਂ ਨਾਲ ਨੇੜਤਾ ਰੱਖਣ ਵਾਲੇ ਲੋਕ ਵੱਖ-ਵੱਖ ਰਾਹਾਂ 'ਤੇ ਹੀ ਨਹੀਂ ਚੱਲ ਪਏ, ਸਗੋਂ ਇੰਜ ਜਾਪਦਾ ਹੈ, ਜਿਵੇਂ ਉਨਾਂ ਨੇ ਆਪਣੀਆਂ ਅਲੱਗ ਅਲੱਗ ਦੁਕਾਨਾਂ ਖੋਲ ਲਈਆਂ ਹਨ ਤਾਂ ਕਿ ਦੀਪ ਸਿੱਧੂ ਦੀ ਨੇੜਤਾ ਦਾ ਪ੍ਰਚਾਰ ਕਰਕੇ ਖੂਬ ਲਾਹਾ ਲਿਆ ਜਾ ਸਕੇ। ਓਧਰ ਦੀਪ ਸਿੱਧੂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਬਚਨਵੱਧ 'ਵਾਰਿਸ ਪੰਜਾਬ ਦੇ' ਜਥੇਬੰਦੀ ਦੀ 16 ਮੈਂਬਰੀ ਕਮੇਟੀ ਵੱਲੋਂ ਅਜਿਹੇ ਆਪਾ ਧਾਪੀ ਅਤੇ ਬੇ-ਵਿਸਵਾਸ਼ੀ ਵਾਲੇ ਸਮੇਂ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੁਬਈ ਨੂੰ ਸਰਬਸੰਮਤੀ ਨਾਲ ਜਥੇਬੰਦੀ ਦਾ ਮੁੱਖ ਸੇਵਾਦਾਰ ਚੁਣਨਾ ਭਾਵੇਂ ਕੌਮ ਲਈ ਇੱਕ ਸ਼ੁਭ ਸੁਨੇਹਾ ਹੈ, ਪਰ ਆਪਸੀ ਪਾਟੋ ਧਾੜ ਭਵਿੱਖੀ ਪ੍ਰਾਪਤੀਆਂ ਦੇ ਰਾਹ ਦਾ ਰੋੜਾ ਵੀ ਜਰੂਰ ਬਣੇਗੀ, ਜਿਸ ਨੂੰ ਅਣਗੋਲਿਆਂ ਨਹੀਂ ਕੀਤਾ ਜਾ ਸਕਦਾ। ਬਿਨਾ ਸ਼ੱਕ ਜਥੇਬੰਦੀ ਕੁੱਝ ਅੰਦਰੂਨੀ ਵਿਰੋਧਾਂ ਦੇ ਬਾਵਜੂਦ ਅੱਗੇ ਵੱਧ ਰਹੀ ਹੈ ਅਤੇ ਉਨਾਂ ਵੱਲੋਂ ਆਪਣੇ ਜਥੇਬੰਦਕ ਢਾਂਚੇ ਦਾ ਵਿਸਥਾਰ ਵੀ ਕੀਤਾ ਜਾ ਰਿਹਾ ਹੈ, ਪਰ ਆਪਣਿਆਂ ਵੱਲੋਂ ਹੀ ਪੈਰ ਪੈਰ 'ਤੇ ਕੰਡੇ ਵਿਛਾਉਣੇ, ਰੁਕਾਵਟਾਂ ਖੜੀਆਂ ਕਰਨਾ ਸਾਡੀ ਕੌਮ ਦੀ ਫਿਤਰਤ ਰਹੀ ਹੈ। ਇਹ ਵਿਰੋਧ ਕੋਈ ਨਵੇਂ ਨਹੀਂ, ਬਲਕਿ ਮੁੱਢੋਂ ਹੀ ਸਾਡੀ ਕੌਮ ਦੇ ਨਾਲ ਨਾਲ ਚੱਲ ਰਹੇ ਹਨ।ਗੁਰੂ ਕਾਲ ਦੇ ਸਮੇਂ ਵੀ ਅਤੇ ਉਨਾਂ ਤੋਂ ਬਾਅਦ ਵੀ ਇਹ ਵਰਤਾਰਾ ਨਿਰੰਤਰ ਚੱਲਦਾ ਰਿਹਾ ਹੈ।ਬਾਬਾ ਬੰਦਾ ਸਿੰਘ ਬਹਾਦਰ ਦਾ ਪਹਿਲਾ ਖਾਲਸਾ ਰਾਜ ਕਦੇ ਨਾ ਜਾਂਦਾ ਜੇਕਰ ਬਾਵਾ ਵਿਨੋਦ ਸਿੰਘ ਵਰਗੇ ਆਪਣਿਆਂ ਦਾ ਸਾਥ ਛੱਡ ਕੇ ਦੁਸ਼ਮਣ ਨਾਲ ਨਾ ਮਿਲਦੇ। ਏਸੇ ਤਰਾਂ ਸ਼ੇਰੇ ਪੰਜਾਬ ਦੇ ਜਾਣ ਤੋਂ ਬਾਅਦ ਜੋ ਹਸ਼ਰ ਦੂਜੇ ਵਿਸ਼ਾਲ ਖਾਲਸਾ ਰਾਜ ਦਾ ਹੋਇਆ, ਉਹ ਵੀ ਕਿਸੇ ਤੋਂ ਲੁਕਿਆ ਛੁਪਿਆ ਹੋਇਆ ਨਹੀਂ ਹੈ। ਖਾਲਸਾ ਫੌਜਾਂ ਦੇ ਜਿੱਤ ਕੇ ਹਾਰਨ ਦੇ ਕਾਰਨ ਕੋਈ ਹੋਰ ਨਹੀਂ ਸਨ, ਬਲਕਿ ਆਪਣਿਆਂ ਦੀਆਂ ਗਦਾਰੀਆਂ ਕਾਰਨ ਕੰਨਿਆ ਕੁਮਾਰੀ ਤੋਂ ਜਮਰੌਦ ਤੱਕ ਫੈਲਿਆ ਖਾਲਸਾ ਰਾਜ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ 10 ਸਾਲਾਂ ਦੇ ਅੰਦਰ ਅੰਦਰ ਤਹਿਸ ਨਹਿਸ ਹੋ ਗਿਆ। ਇਹ ਵੀ ਦੁਖਾਂਤ ਹੈ ਕਿ ਦੁਸ਼ਮਣ ਨਾਲ ਮਿਲਣ ਵਾਲਿਆਂ ਨੂੰ ਨਾ ਹੀ ਉਦੋਂ ਕੋਈ ਪਛਤਾਵਾ ਹੋਇਆ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਹਦੇ 740 ਸਿੰਘਾਂ ਸਮੇਤ ਕੈਦ ਕਰਕੇ ਦੋ ਹਜ਼ਾਰ ਤੋਂ ਵੱਧ ਸਿੱਖਾਂ ਦੇ ਸਿਰ ਵੱਢ ਕੇ ਨੇਜਿਆਂ 'ਤੇ ਟੰਗ ਕੇ ਉਨਾਂ ਦਾ ਜਲੂਸ ਕੱਢ ਕੇ ਦਿੱਲੀ ਵਿੱਚ ਘੁਮਾਇਆ ਸੀ ਅਤੇ ਨਾ ਹੀ ਉਦੋਂ ਹੋਇਆ ਜਦੋਂ ਖਾਲਸਾ ਰਾਜ ਖੋਹਣ ਸਮੇਂ ਸਿੱਖ ਕੌਮ ਦੇ ਆਖਰੀ ਬਾਲ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਨੂੰ ਗੋਰੇ ਹਾਕਮਾਂ ਵੱਲੋਂ ਚਲਾਕੀ ਨਾਲ ਤਖਤ ਤੋਂ ਲਾਹ ਕੇ ਆਪਣੇ ਵਤਨ, ਆਪਣੀ ਮਾਤਾ ਅਤੇ ਧਰਮ ਤੋਂ ਵੀ ਦੂਰ ਕਰ ਦਿੱਤਾ ਗਿਆ ਸੀ। ਲਾਹੌਰ ਦੇ ਕਿਲੇ ਤੋਂ ਖਾਲਸਾਈ



ਝੰਡਾ ਉਤਾਰ ਕੇ ਯੂਨੀਅਨ ਜੈਕ ਦਾ ਝੰਡਾ ਚੜਾ ਦਿੱਤਾ ਗਿਆ ਸੀ। ਜੇਕਰ ਉਸ ਮੌਕੇ ਵੀ ਉਨਾਂ ਕੌਮ ਧ੍ਰੋਹੀਆਂ ਦੇ ਖੂਨ ਵਿਚ ਕੋਈ ਲਾਲ ਕਣ ਮੌਜੂਦ ਹੁੰਦਾ, ਉਨਾਂ ਨੂੰ ਕੀਤੇ 'ਤੇ ਪਛਤਾਵਾ ਹੋਇਆ ਹੁੰਦਾ ਤਾਂ ਸ਼ਾਇਦ ਮੌਜੂਦਾ ਸਮੇਂ ਵਿਚ ਉਨਾਂ ਦੇ ਵਾਰਿਸ ਕਾਲ ਅੰਗਿਆਰੀਆਂ ਦੇ ਰੂਪ ਵਿਚ ਪੈਦਾ ਨਾ ਹੁੰਦੇ। ਸੋ ਅੱਜ ਵੀ ਜਦੋਂ ਕੋਈ ਕੌਮ ਦੇ ਹਿਤਾਂ ਦੀ ਗੱਲ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਆਪਣਿਆਂ ਵੱਲੋਂ ਹੀ ਗਦਾਰੀਆਂ ਦੇ ਸਰਟੀਫਿਕੇਟ ਦਿੱਤੇ ਜਾਂਦੇ ਹਨ। ਇਹ ਵੀ ਕੌੜਾ ਸੱਚ ਹੈ ਕਿ ਸਿੱਖਾਂ ਵਿੱਚ ਸਹੀ ਰਸਤੇ 'ਤੇ ਚੱਲਣ ਲਈ ਸਿੱਖੀ ਸਿਧਾਂਤਾਂ 'ਤੇ ਪਹਿਰਾ ਦੇਣ ਦੀ ਗੱਲ ਕਰਨ ਵਾਲਿਆਂ ਨੂੰ ਖਤਮ ਕਰਨ ਲਈ ਉਨਾ ਤਾਣ ਹਕੂਮਤਾਂ ਨੂੰ ਨਹੀਂ ਲਾਉਣਾ ਪੈਂਦਾ, ਜਿੰਨਾ ਤਾਣ ਸਿੱਖ ਕੌਮ ਦੇ ਅੰਦਰ ਪੈਦਾ ਹੋਏ ਵਿਨੋਦ ਸਿੰਘ ਅਤੇ ਲਾਲ ਸਿੰਘ, ਪਹਾੜ ਸਿੰਘ ਵਰਗਿਆਂ ਦੇ ਵਾਰਿਸਾਂ ਦਾ ਆਪਣਿਆਂ ਨੂੰ ਖਤਮ ਕਰਨ ਜਾਂ ਕਰਵਾਉਣ ਲਈ ਲੱਗਦਾ ਹੈ। ਅਸਹਿ ਦਰਦ ਅਤੇ ਹੈਰਾਨੀ ਹੁੰਦੀ ਹੈ ਜਦੋਂ ਪਤਾ ਲੱਗਦਾ ਹੈ ਕਿ ਆਪਣੇ ਆਪ ਨੂੰ ਕੌਮ ਦੇ ਰਹਿਨੁਮਾ ਕਹਾਉਣ ਵਾਲੇ ਦਾਹੜਿਆਂ ਦੀ ਆੜ ਵਿੱਚ ਵਿਚਰਦੇ ਲੋਕ ਵੀ ਦੁਸ਼ਮਣ ਤਾਕਤਾਂ ਦੇ ਹੱਥਾਂ ਦੇ ਖਿਡਾਉਣੇ ਹਨ। ਸੁਨਣ ਵਿੱਚ ਇਹ ਵੀ ਆਇਆ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਭਾਰਤ ਆਉਣ ਤੋਂ ਰੋਕਣ ਲਈ ਕੁੱਝ ਆਪਣਿਆਂ ਨੇ ਹੀ ਕੰਡੇ ਵਿਛਾਉਣੇ ਸ਼ੁਰੂ ਕਰ ਦਿੱਤੇ ਹਨ, ਜਿਸ ਦੀ ਮੁਹਿੰਮ ਬਕਾਇਦਾ ਲੁਕਆਉਟ ਨੋਟਿਸ ਜਾਰੀ ਕਰਵਾ ਕੇ ਸ਼ੁਰੂ ਵੀ ਕਰਵਾ ਦਿੱਤੀ ਗਈ ਹੈ। ਇਹ ਵਰਤਾਰਾ ਬੇਹੱਦ ਮੰਦਭਾਗਾ ਅਤੇ ਕੌਮੀ ਕਾਰਜਾਂ ਵਿਚ ਰੁਕਾਵਟਾਂ ਪੈਦਾ ਕਰਕੇ ਕਲੰਕ ਖੱਟਣ ਵਾਲਾ ਹੈ। ਗੁਰਬਾਣੀ ਦਾ ਫੁਰਮਾਨ ਹੈ 'ਹੋਇ ਇਕਤਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ।।' ਸੋ ਗੁਰਬਾਣੀ ਦਾ ਸਿਧਾਂਤ ਸਿੱਖਾਂ ਨੂੰ ਆਪਸੀ ਗਿਲੇ ਸ਼ਿਕਵੇ ਮਿਲ ਬੈਠ ਕੇ ਦੂਰ ਕਰਨ ਦੀ ਤਕੀਦ ਕਰਦਾ ਹੈ, ਪ੍ਰੰਤੂ, ਸਿੱਖ ਗੁਰੂ ਦੇ ਅਮਲਾਂ ਤੋਂ ਆਕੀ ਹੋ ਰਹੇ ਹਨ, ਇਹੋ ਕਾਰਨ ਹੈ ਕਿ ਸਿੱਖ ਬਹਾਦਰ ਕੌਮ ਹੋਣ ਦੇ ਬਾਵਜੂਦ ਵੀ ਖੁਆਰੀਆਂ ਝੱਲ ਰਹੇ ਹਨ। ਕੌਮ ਦੇ ਵਿਰੋਧ ਵਿਚ ਭੁਗਤਣ ਵਾਲਿਆਂ ਨੂੰ ਇਹ ਭਰਮ ਦਿਲ ਦਿਮਾਗ ਵਿਚੋਂ ਕੱਢ ਦੇਣਾ ਚਾਹੀਦਾ ਹੈ ਕਿ ਲੋਕ ਉਨਾਂ ਦੀਆਂ ਕੌਮ ਵਿਰੋਧੀ ਸਾਜਿਸ਼ਾਂ ਤੋਂ ਅਣਜਾਣ ਹਨ, ਕਿਉਂਕਿ ਜੇਕਰ ਪੁਰਾਣੇ ਇਤਿਹਾਸ ਵਿੱਚ ਚੰਗੇ ਮਾੜੇ ਕਿਰਦਾਰ ਹੂ-ਬ-ਹੂ ਦਰਜ ਹੋਏ ਹਨ ਤਾਂ ਵਰਤਮਾਨ ਦੇ ਗੁਨਾਹ ਵੀ ਇਤਿਹਾਸ ਤੋਂ ਛੁਪੇ ਨਹੀਂ ਰਹਿ ਸਕਣਗੇ। ਇਸ ਲਈ ਉਨਾਂ ਦੀਆਂ ਕੌਮ ਵਿਰੋਧੀ ਸਾਜਿਸ਼ਾਂ ਦੇ ਬਜ਼ਰ ਗੁਨਾਹਾਂ ਦੀ ਸਜ਼ਾ ਉਨਾਂ ਦੀਆਂ ਕੁਲਾਂ ਨੂੰ ਬਦਨਾਮੀ ਦੇ ਰੂਪ ਵਿਚ ਭੁਗਤਣੀ ਪਵੇਗੀ। ਸੁਆਰਥਾਂ, ਪਦਾਰਥਾਂ ਵਿਚ ਅੰਨੇ ਹੋਏ ਵਿਅਕਤੀ ਇਤਿਹਾਸ ਕਲੰਕਤ ਕਰਨ ਦੇ ਗੁਨਾਹਗਾਰ ਬਣ ਜਾਂਦੇ ਹਨ, ਜਿਨਾਂ ਦੇ ਗੁਨਾਹਾਂ ਦਾ ਭਾਰ ਉਨਾਂ ਦੀਆਂ ਆਉਣ ਵਾਲੀਆਂ ਨਸਲਾਂ ਦੀ ਕੰਡ ਨੂੰ ਉੱਚੀ ਨਹੀ ਉੱਠਣ ਦੇਵੇਗਾ। ਜੇਕਰ ਮਾੜੀ ਭਾਵਨਾ ਦੇ ਸ਼ਿਕਾਰ ਵਿਅਕਤੀ ਗੁਰੂ ਦੇ ਭੈਅ ਵਿਚ ਰਹਿਣ ਦੀ ਜੀਵਨ ਜਾਚ ਸਿੱਖ ਲੈਣ ਤਾਂ ਯਕੀਨਨ ਕੌਮ ਉਜਲੇ ਭਵਿੱਖ ਵੱਲ ਸਫਲ ਕਦਮ ਪੁੱਟ ਸਕਦੀ ਹੈ। ਦੀਪ ਸਿੱਧੂ ਦੇ ਸਤਿਕਾਰਯੋਗ ਚਾਚਾ ਜੀ ਸਮੇਤ ਉਨਾਂ ਦਾ ਸਮੁੱਚਾ ਪਰਿਵਾਰ ਹੀ ਸਤਿਕਾਰ ਦਾ ਪਾਤਰ ਹੈ, ਪ੍ਰੰਤੂ ਦੀਪ ਸਿੱਧੂ ਦੇ ਨਾਮ 'ਤੇ ਨਿੱਜੀ ਲਾਹਾ ਲੈਣ ਖਾਤਰ ਜਥੇਬੰਦੀ ਵਿਚ ਦੋਫੇੜ ਪਾਉਣ ਵਾਲਿਆਂ ਤੋਂ ਸੁਚੇਤ ਹੋਣ ਦੀ ਲੋੜ ਹੈ। 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਸਮੇਤ ਸਮੁੱਚੀ 16 ਮੈਂਬਰੀ ਕਮੇਟੀ ਦਾ ਵੀ ਫਰਜ ਬਣਦਾ ਹੈ ਕਿ ਉਹ ਦੀਪ ਸਿੱਧੂ ਦੇ ਪਰਿਵਾਰ ਨੂੰ ਬਣਦਾ ਮਾਣ ਸਤਿਕਾਰ ਦੇਣ ਲਈ ਸੁਹਿਰਦ ਹੋਣ, ਓਥੇ ਪੰਥਕ ਵਿਹੜੇ ਵਿਚ ਵਿਦਵਤਾ ਦਾ ਚਾਨਣ ਵੰਡ ਰਹੇ ਉਹ ਵਿਦਵਾਨ, ਜਿਨਾਂ ਨਾਲ ਦੀਪ ਦੀ ਸਾਂਝ ਰਹੀ ਹੈ, ਉਹ ਵੀ ਇਸ ਜਥੇਬੰਦੀ ਨੂੰ ਮਜਬੂਤ ਅਤੇ ਇੱਕਜੁੱਟ ਕਰਨ ਲਈ ਯਤਨ ਕਰਨ ਤਾਂ ਕਿ ਦੀਪ ਦੇ ਕੌਮੀ ਜਜ਼ਬਿਆਂ ਨਾਲ ਲਵਰੇਜ਼ ਸੰਜੋਏ ਸੁਪਨਿਆਂ ਦੀ ਇਹ ਜਥੇਬੰਦੀ ਭਵਿੱਖ ਵਿਚ ਕੌਮ ਦੇ ਹਰਿਆਵਲ ਦਸਤੇ ਵਜੋਂ ਪਰਵਾਨ ਚੜ ਸਕੇ।







# 3 ਮਈ 1984 ਵਿੱਚ ਮਾਊਂਟ ਐਵਰੈਸਟ 'ਤੇ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਬਚੇਂਦਰੀ ਪਾਲ

**ਗਗਨਦੀਪ ਕੌਰ ਧਾਲੀਵਾਲ**

ਕਿਸੇ ਵੀ ਕੰਮ ਨੂੰ ਕਰਨ ਲਈ ਹਿੰਮਤ ਤੇ ਮਿਹਨਤ ਦੀ ਲੋੜ ਹੁੰਦੀ ਹੈ। ਜੇਕਰ ਨਿਸ਼ਾਨਾ ਪਹਿਲਾਂ ਮਿੱਥਿਆ ਜਾਵੇ ਤਾਂ ਮੰਜਿਲ ਪਾਉਣ ਵਿੱਚ ਅਸਾਨੀ ਹੋ ਜਾਂਦੀ ਹੈ । ਅੱਜ ਆਪਾਂ ਗੱਲ ਕਰਾਂਗੇ ਮਾਊਂਟ ਐਵਰੈਸਟ 'ਤੇ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਬਚੇਂਦਰੀ ਪਾਲ ਦੀ ਜੋ ਆਪਣੀ ਮਿਹਨਤ ਸਦਕਾ ਅੱਜ ਦੁਨੀਆਂ ਲਈ ਖ਼ਾਸ ਕਰ ਔਰਤਾਂ ਲਈ ਇੱਕ ਉਦਾਹਰਨ ਹੈ।ਬਚੇਂਦਰੀ ਪਾਲ ਇੱਕ ਭਾਰਤੀ ਪਰਬਤਾਰੋਹੀ ਹੈ। ਇਹ ਪਹਿਲੀ ਭਾਰਤੀ ਔਰਤ ਹੈ ਜੋ 23 ਮਈ 1984 ਈ. ਵਿੱਚ ਮਾਊਂਟ ਐਵਰੈਸਟ ਉੱਤੇ ਸਭ ਤੋਂ ਪਹਿਲਾਂ ਪਹੁੰਚੀ। ਬਚੇਂਦਰੀ ਪਾਲ ਦਾ ਜਨਮ 24 ਮਈ 1954 ਵਿੱਚ ਹਿਮਾਲਿਆ ਦੇ ਉਤਰਕਾਸ਼ੀ ਵਿੱਚ ਮੌਜੂਦ ਪਿੰਡ ਨਾਕੁਰੀ, ਜ਼ਿਲਾ ਗੜਵਾਲ ਵਿੱਚ ਹੋਇਆ। ਬਚੇਂਦਰੀ ਪਾਲ ਨੇ ਮਾਤਾ ਹੰਸਾ ਦੇਵੀ ਅਤੇ ਪਿਤਾ ਸ੍ਰੀ ਕ੍ਰਿਸ਼ਨ ਪਾਲ ਸਿੰਘ ਦੇ ਘਰ ਜਨਮ ਲਿਆ। ਉਨਾਂ ਦਾ ਮੁੱਖ ਕਿੱਤਾ ਪਰਬਤਾਰੋਹੀ ਅਤੇ ਪ੍ਰੋਮੋਟਰ ਫ਼ਾਰ ਐਡਵੈਂਚਰ ਹੈ। ਸਭ ਤੋਂ ਪਹਿਲਾ ਬਚੇਂਦਰੀ ਪਾਲ ਨੇ ਨਿਰਦੇਸ਼ਕ-ਨੈਸ਼ਨਲ ਐਡਵੈਂਚਰ ਫਾਉਂਡੇਸ਼ਨ ਤੋਂ ਆਪਣੇ ਕਿੱਤੇ ਦੀ ਸ਼ੁਰੂਆਤ ਕੀਤੀ। ਸਿਆਣੇ ਕਹਿੰਦੇ ਹਨ ਕਿ ਬੱਚੇ ਦੇ ਗੁਣ ਤਾਂ ਬਚਪਨ ਵਿੱਚ ਹੀ ਦਿੱਸਣੇ ਸ਼ੁਰੂ ਹੋ ਜਾਂਦੇ ਹਨ ਕਿ ਉਹ ਵੱਡਾ ਹੋ ਕੇ ਕੀ ਬਣੇਗਾ ਕੁੱਝ ਇਸ ਤਰਾਂ ਦਾ ਬਚੇਂਦਰੀ ਪਾਲ ਨਾਲ ਵੀ ਹੋਇਆ।ਜਦੋਂ ਉਹ 12 ਸਾਲ ਦੀ ਉਮਰ ਵਿੱਚ ਸੀ ਤਾਂ ਉਸਦੇ ਮਨ ਵਿੱਚ ਪਰਬਤਾਰੋਹੀ ਬਣਨ ਦੀ ਦਿਲਚਸਪੀ



ਸੀ। ਉਸਨੇ ਪਹਿਲਾ ਹੀ ਜੀਵਨ ਦੇ ਉਦੇਸ਼ ਨੂੰ ਪਛਾਣ ਲਿਆ ਸੀ ਜਦੋਂ ਇਹ ਆਪਣੇ ਆਪਣੇ ਦੋਸਤਾਂ ਨਾਲ ਸਕੂਲ ਪਿਕਨਿਕ 'ਤੇ ਗਈ ਸੀ। ਇੱਕ ਸਕੂਲ ਦੀ ਪਿਕਨਿਕ ਦੌਰਾਨ 13,123 ਫੁੱਟ (3,999.9 ਮੀਟਰ) ਉੱਚੀ ਚੋਟੀ ਨੂੰ ਸਕੇਲ ਕੀਤਾ। ਉਹ ਮਾਊਂਟ ਐਵਰੈਸਟ 'ਤੇ ਚੜਨ ਵਾਲੀ ਦੁਨੀਆਂ ਦੀ 5ਵੀਂ ਔਰਤ ਹੈ। ਤੇਨਜਿੰਗ ਐਡਮੰਡ ਹਿਲੇਰੀ ਦੀ ਮਾਉਂਟ ਐਵਰੈਸਟ ਦੇ ਪਹਿਲੇ ਉਤਸਵ ਦੀ ਪਹਿਲੀ ਵਰੇਗੰਢ ਤੋਂ ਸਿਰਫ ਪੰਜ ਦਿਨ ਪਹਿਲਾਂ ਉਸ ਦਾ ਜਨਮ ਹੋਇਆ ਸੀ। ਉਸ ਨੇ ਆਪਣੀ ਐਮ.ਏ. ਅਤੇ ਬੀ.ਐਡ. ਤੋਂ ਡੀ.ਏ.ਵੀ. ਪੋਸਟ ਗ੍ਰੈਜੂਏਟ ਕਾਲਜ, ਦੇਹਰਾਦੂਨ ਤੋਂ ਪੂਰੀ ਕੀਤੀ। ਸੰਨ 1984 ਵਿੱਚ, ਭਾਰਤ ਨੇ ਆਪਣੀ ਚੌਥੀ ਮੁਹਿੰਮ ਨੂੰ, 'ਐਵਰੈਸਟ-84' ਦਾ ਨਾਮ, ਮਾਉਂਟ ਐਵਰੈਸਟ ਤੱਕ ਤੈਅ ਕੀਤਾ ਸੀ। ਬਚੇਂਦਰੀ ਪਾਲ ਨੂੰ ਛੇ ਭਾਰਤੀ ਔਰਤਾਂ ਅਤੇ ਗਿਆਰਾਂ ਆਦਮੀਆਂ ਦੇ ਕੁਲੀਨ ਸਮੂਹ ਦੇ ਮੈਂਬਰਾਂ ਵਜੋਂ ਚੁਣਿਆ ਗਿਆ ਸੀ ਜਿਨਾਂ ਨੂੰ ਮਾਊਂਟ ਐਵਰੈਸਟ (ਨੇਪਾਲੀ ਵਿੱਚ ਸਾਗਰਮਾਥਾ) ਚੜਨ ਦੀ ਕੋਸ਼ਿਸ਼ ਕਰਨ ਦਾ ਸਨਮਾਨ ਮਿਲਿਆ ਸੀ। ਬਚੇਂਦਰੀ ਪਾਲ ਨੂੰ ਮਿਲੇ ਕੁੱਝ ਸਨਮਾਨ ਇਸ ਤਰਾਂ ਹਨ -

- ਭਾਰਤ ਪਰਬਤ ਰੋਹੀ ਫਾਉਂਡੇਸ਼ਨ ਨੇ ਸੋਨ ਤਮਗ਼ਾ (1984)
- ਭਾਰਤ ਸਰਕਾਰ ਨੇ ਪਦਮ ਸ੍ਰੀ (1984)
- ਉੱਤਰ ਪ੍ਰਦੇਸ਼ ਨੇ ਸਿੱਖਿਆ ਵਿਭਾਗ ਦਾ ਸੋਨ ਤਮਗ਼ਾ (1985)।
- ਭਾਰਤ ਸਰਕਾਰ ਨੇ ਅਰਜੁਨ ਇਨਾਮ (1986)
- ਕੋਲਕਾਤਾ ਲੇਡੀਜ਼ ਸਟੱਡੀ ਗਰੁੱਪ ਆਰਡਰ (1986)।
- ਗਿਨੀਜ਼ ਵਰਡ ਰਿਕਾਰਡ (1990) ਵਿਚ ਨਾਮਜਦ
- ਭਾਰਤ ਸਰਕਾਰ ਨੇ ਕੌਮੀ ਐਡਵੈਂਚਰ ਸਨਮਾਨ (1994)।
- ਉੱਤਰ ਪ੍ਰਦੇਸ਼ ਨੇ ਯਸ਼ ਭਾਰਤੀ ਸਨਮਾਨ (1995)।
- ਹੇਮਵਤੀ ਨੰਦਨ ਬਹੁਗੁਣਾ ਗੜਵਾਲ ਯੂਨੀਵਰਸਿਟੀ ਨੇ ਪੀਐਚਡੀ ਦੀ ਡਿਗਰੀ (1997)।
- ਸੰਸਕ੍ਰਿਤ ਮੰਤਰਾਲਾ ਮੱਧ ਪ੍ਰਦੇਸ਼ ਨੇ ਪਿਹਲੀ ਵੀਰਾਂਗਣਾ ਲਕਸ਼ਮੀ ਬਾਈ ਰਾਸ਼ਟਰੀ ਸਨਮਾਨ (2013-14)।

ਇਸ ਤਰਾਂ ਬਚੇਂਦਰੀ ਪਾਲ ਨੇ ਆਪਣੇ ਜੀਵਨ ਕਾਲ ਵਿੱਚ ਬਹੁਤ ਹੀ ਸ਼ਲਾਘਾਯੋਗ ਕੰਮ ਕੀਤੇ, ਸਮਾਜ ਸੁਧਾਰਕ ਹੋਣਾ ਵੀ ਉਨਾਂ ਦੀ ਜ਼ਿੰਦਗੀ ਦਾ ਹਿੱਸਾ ਹੈ। ਬਚੇਂਦਰੀ ਪਾਲ ਦੁਨੀਆ ਦੀ ਸਭ ਤੋਂ ਉੱਚੀ ਚੋਟੀ 'ਤੇ ਚੜਨ ਤੋਂ ਬਾਅਦ ਵੀ ਕਿਰਿਆਸ਼ੀਲ ਰਹੀ। ਉਹ ਕਦੇ ਵੀ ਨਹੀਂ ਹਾਰੀ। ਇੱਕ 'ਇੰਡੋ-ਨੇਪਾਲੀ ਔਰਤ ਦੀ ਮਾਊਂਟ ਐਵਰੈਸਟ ਅਭਿਆਨ- 1993' ਵਿੱਚ ਸਿਰਫ਼ ਔਰਤਾਂ ਸ਼ਾਮਲ ਹਨ, ਜਿਹੜੀ ਭਾਰਤੀ ਪਰਬਤਾਰੋਹੀ ਲਈ ਮਾਪਦੰਡ ਤੈਅ ਕੀਤੇ ਜਦੋਂ ਇਸ ਸੰਮੇਲਨ ਵਿਚ 7 ਔਰਤਾਂ ਸਮੇਤ 18 ਲੋਕ ਪਹੁੰਚੇ। ਇਸ ਤਰਾਂ ਬਚੇਂਦਰੀ ਪਾਲ ਨੇ ਆਪਣੀ ਜ਼ਿੰਦਗੀ ਵਿੱਚ ਕਾਮਯਾਬੀ ਹਾਸਿਲ ਕੀਤੀ ।ਜਿਨਾਂ ਦੇ ਹੌਂਸਲੇ ਬੁਲੰਦ ਹੁੰਦੇ ਹਨ, ਉਹ ਇੱਕ ਦਿਨ ਜ਼ਰੂਰ ਮੰਜਿਲ ਪਾ ਲੈਂਦੇ ਹਨ। ਬਚੇਂਦਰੀ ਪਾਲ ਨੇ ਨਾ ਸਿਰਫ ਆਪਣਾ ਤੇ ਪਰਿਵਾਰ ਦਾ ਨਾਂ ਰੌਸ਼ਨ ਕੀਤਾ ਹੈ ਬਲਕਿ ਭਾਰਤ ਦੇਸ਼ ਦਾ ਨਾਂ ਚਮਕਾਇਆ ਹੈ।

---

# ਧੀਆਂ ਦਾ ਅਸਲੀ ਗਹਿਣਾ ਗਿਆਨ

ਸਾਡੇ ਅਜੋਕੇ ਸਮਾਜ ਵਿਚ ਜਿਥੇ ਭਰੂਣ-ਹੱਤਿਆ ਖ਼ਿਲਾਫ ਆਵਾਜ਼ ਬੁਲੰਦ ਹੋਈ ਹੈ, ਉਥੇ ਹੀ ਬੇਟੀਆਂ ਦੀ ਪੜਾਈ ਪ੍ਰਤੀ ਵੀ ਕਾਫ਼ੀ ਮਾਂ-ਬਾਪ ਜਾਗਰੂਕ ਹੋ ਗਏ ਹਨ। ਹਰ ਮਾਂ-ਬਾਪ ਚਾਹੁੰਦਾ ਹੈ ਕਿ ਉਨਾਂ ਦੀ ਬੇਟੀ ਪੜ-ਲਿਖ ਕੇ ਸਮਾਜ ਵਿਚ ਉੱਚਾ ਰੁਤਬਾ ਹਾਸਲ ਕਰੇ ਪਰ ਕੀ ਕੇਵਲ ਕਿਤਾਬੀ ਗਿਆਨ ਜਾਂ ਡਿਗਰੀਆਂ ਇਕ ਧੀ ਨੂੰ ਖੁਸ਼ਹਾਲ ਜ਼ਿੰਦਗੀ ਦੇ ਸਕਦੀਆਂ ਹਨ ? ਸ਼ਾਇਦ ਨਹੀਂ। ਬੇਟੀਆਂ ਨੂੰ ਖਾਣ-ਪੀਣ, ਪਹਿਨਣ, ਬੋਲ-ਚਾਲ ਆਦਿ ਦੇ ਤਰੀਕਿਆਂ ਸਬੰਧੀ ਵੀ ਸਹੀ ਗਿਆਨ ਹੋਣਾ ਚਾਹੀਦਾ ਹੈ। ਇਸ ਲਈ ਇਕ ਮਾਂ ਵਧੀਆ ਅਧਿਆਪਕ ਦੇ ਤੌਰ 'ਤੇ ਆਪਣਾ ਫ਼ਰਜ਼ ਨਿਭਾਅ ਸਕਦੀ ਹੈ। ਕਿਤਾਬੀ ਗਿਆਨ ਤੋਂ ਇਲਾਵਾ ਅਜੋਕੀ ਪੀੜੀ ਦੀਆਂ ਬੇਟੀਆਂ ਨੂੰ ਕੁਝ ਖ਼ਾਸ ਕਿਸਮ ਦਾ ਗਿਆਨ ਦੇਣਾ ਬਹੁਤ ਜ਼ਰੂਰੀ ਹੈ। ਇਸ ਲਈ ਸਾਨੂੰ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ :-

- ਬੇਟੀ ਨੂੰ ਮਾਨਸਿਕ ਅਤੇ ਸਰੀਰਕ ਪੱਖੋਂ ਮਜ਼ਬੂਤ ਕਰਨਾ ਬੇਹੱਦ ਜ਼ਰੂਰੀ ਹੈ। ਪਤਲੇ ਹੋਣ ਦੀ ਲਾਲਸਾ ਵਿਚ ਬੇਟੀ ਅਗਰ ਆਪਣੀ ਖ਼ੁਰਾਕ ਵੱਲ ਧਿਆਨ ਨਹੀਂ ਦਿੰਦੀ ਤਾਂ ਉਸ ਨੂੰ ਸਰੀਰਕ ਕਮਜ਼ੋਰੀ ਆ ਸਕਦੀ ਹੈ।
- ਬੇਟੀਆਂ ਨੂੰ ਘਰਾਂ ਵਿਚ ਆਪਣੇ ਬਜ਼ੁਰਗਾਂ ਦੀ ਗੱਲ ਸੁਣਨ ਦੀ ਆਦਤ ਪਾਓ। ਉਨਾਂ ਦੇ ਮਨ ਵਿਚ ਬਜ਼ੁਰਗਾਂ ਪ੍ਰਤੀ ਸਤਿਕਾਰ ਵੀ ਭਾਵਨਾ ਨੂੰ ਵੀ ਵਧਾਉਣਾ ਚਾਹੀਦਾ ਹੈ।
-ਅਜੋਕੀ ਨਵੀਂ ਪੀੜੀ ਦੀਆਂ ਲੜਕੀਆਂ ਵਿਚ ਜਲਦਬਾਜ਼ੀ ਅਤੇ ਗੁੱਸੇ ਦੀ ਭਾਵਨਾ ਬਹੁਤ ਵਧ ਗਈ ਹੈ। ਉਨਾਂ ਅੰਦਰ ਸਹਿਣਸ਼ੀਲਤਾ ਅਤੇ ਨਿਮਰਤਾ ਵਰਗੇ ਗੁਣ ਪੈਦਾ ਕਰਨਾ ਵੀ ਸਾਡਾ ਮੁੱਖਫ਼ਰਜ਼ ਹੈ।
-ਜਦੋਂ ਬੇਟੀ ਘਰ ਤੋਂ ਬਾਹਰ ਪੜਨ ਜਾਂ ਕਿਸੇ ਹੋਰ ਕੰਮ ਜਾਂਦੀ ਹੈ ਤਾਂ ਉਸ ਦੇ ਪਹਿਰਾਵੇ ਦਾ ਵੀ ਧਿਆਨ ਰੱਖੋ।
-ਬੇਟੀ ਨੂੰ ਹਰ ਫ਼ੈਸਲਾ ਕਰਨ ਦੀ ਪੂਰੀ ਖੁੱਲ ਦਿਉ। ਉਸ ਦੀ ਹਰ ਗੱਲ ਨੂੰ ਅਹਿਮੀਅਤ ਨਾਲ ਸੁਣੋ ਪਰ ਸਹੀ ਅਤੇ ਗ਼ਲਤ ਫ਼ੈਸਲੇ ਬਾਰੇ ਵੀ ਬੇਟੀ ਨੂੰ ਪਿਆਰ ਨਾਲ ਸਮਝਾਓ।
-ਕਈ ਘਰਾਂ ਵਿਚ ਬੇਟੀ ਵੱਲੋਂ ਪਹਿਨੇ ਜਾਂਦੇ ਪਹਿਰਾਵੇ ਪ੍ਰਤੀ ਜੇਕਰ ਉਸ ਦਾ ਬਾਪ, ਭਰਾ ਜਾਂ ਦਾਦਾ ਕੁਝ ਕਹਿੰਦੇ ਹਨ ਤਾਂ ਅਕਸਰ ਮਾਵਾਂ ਇਸ ਨੂੰ ਫੈਸ਼ਨ ਦਾ ਨਾਂ ਦੇ ਕੇ ਟਾਲ ਦਿੰਦੀਆਂ ਹਨ, ਜਦਕਿ ਇਕ ਮਾਂ ਦਾ ਫ਼ਰਜ਼ ਬਣਦਾ ਹੈ ਕਿ ਉਮਰ ਦੇ ਹਿਸਾਬ ਨਾਲ ਆਪਣੀ ਬੇਟੀ ਨੂੰ ਪਹਿਰਾਵੇ ਸਬੰਧੀ ਸੁਚੇਤ ਕਰੇ।
- ਬੇਟੀ ਨੂੰ ਵੀ ਬੇਟੇ ਵਾਂਗ 'ਪੁੱਤ' ਜਾਂ 'ਬੇਟਾ' ਕਹਿ ਕੇ ਬੁਲਾਇਆ ਜਾ ਸਕਦਾ ਹੈ। ਉਸ ਨੂੰ ਵਾਰ-ਵਾਰ 'ਬੇਗਾਨੀ ਧੀ' ਵਰਗੇ ਸ਼ਬਦਾਂ ਦਾ ਅਹਿਸਾਸ ਨਹੀਂ ਕਰਾਉਣਾ ਚਾਹੀਦਾ।
- ਸਭ ਤੋਂ ਜ਼ਰੂਰੀ ਹੈ ਕਿ ਬੇਟੀ ਅੰਦਰ ਵੱਡਿਆਂ ਲਈ ਸਤਿਕਾਰ ਅਤੇ ਛੋਟਿਆਂ ਪ੍ਰਤੀ ਪਿਆਰ ਦੀ ਭਾਵਨਾ ਪੈਦਾ ਕਰੋ।

**ਅਸਤਿੰਦਰ ਪਾਲ ਕੌਰ**

# ਕਾਦਰ ਦੀ ਕੁਦਰਤ 'ਚ ਮਾਂ ਦੀ ਉਪਮਾ



**ਹਰਕੀਰਤ ਕੌਰ**
**9779118066**

ਕਿਸੇ ਕਵੀ ਨੇ ਮਾਂ ਦੀ ਉਪਮਾ ਵਿੱਚ ਬਹੁਤ ਸੋਹਣੀਆਂ ਸਤਰਾਂ ਉਚਾਰੀਆਂ, ਉਹ ਕਹਿੰਦਾ ਹੈ ਕਿ : ਰੁਤਬਾ ਮਾਂ ਦਾ ਰੱਬ ਬੁਲੰਦ ਕੀਤਾ, ਸਾਨੀ ਮਾਂ ਦਾ ਵਿੱਚ ਸੰਸਾਰ ਕੋਈ ਨਹੀਂ
ਦਰਦੀ ਕੋਈ ਨਹੀ ਮਾਂ ਦੇ ਦਿਲ ਵਰਗਾ, ਮਾਂ ਵਾਗੂੰ ਕਰਦਾ ਪਿਆਰ ਕੋਈ ਨਹੀਂ
ਜਿਹਦੇ ਸਿਰ ਤੇ ਮਾਂ ਦਾ ਹੱਥ ਹੋਵੇ, ਉਹਨੂੰ ਦੋਹਾਂ ਜਹਾਨਾਂ ਚ ਹਾਰ ਕੋਈ ਨਹੀਂ ।

ਜ਼ਿੰਦਗੀ ਆਪਣਿਆਂ ਦੇ ਮੋਹ, ਪਿਆਰ ਦੀਆਂ ਤੰਦਾਂ ਦੇ ਕਰਕੇ ਹੀ ਹਸੀਨ ਹੁੰਦੀ ਹੈ। ਸਾਡੇ ਰਿਸ਼ਤੇ ਨਾਤੇ ਹੀ ਸਾਡੀ ਦੁਨੀਆਂ ਹੁੰਦੀ ਹੈ। ਦੁੱਖ ਸੁੱਖ ਦੇ ਸਹਾਇਕ ਸਾਡੇ ਸਾਰੇ ਰਿਸ਼ਤੇ ਸਾਡੇ ਜੀਵਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਹਰ ਰਿਸ਼ਤੇ ਦੀ ਇੱਕ ਆਪਣੀ ਅਹਿਮੀਅਤ ਹੈ। ਹਰ ਰਿਸ਼ਤੇ ਦਾ ਆਪਣਾ ਕਿਰਦਾਰ ਤੇ ਜਿੰਮੇਵਾਰੀਆਂ ਹਨ। ਪਰ ਪੂਰੀ ਦੁਨੀਆਂ ਵਿੱਚ ਜਿਸ ਰਿਸ਼ਤੇ ਨੂੰ ਸਭ ਤੋਂ ਵੱਧ ਸਤਿਕਾਰਿਆ ਗਿਆ ਉਹ ਹੈ ਮਾਂ ਦਾ ਰਿਸ਼ਤਾ। ਜੱਗ ਜਨਣੀ, ਸਿਰਜਣਹਾਰੀ, ਦੇਵੀ, ਰੱਬ ਦਾ ਰੂਪ, ਇਹ ਸਾਰੇ ਨਾਮ ਮਾਂ ਦੇ ਹਿੱਸੇ ਆਏ ਹਨ। ਮਾਵਾਂ ਹੁੰਦੀਆਂ ਹੀ ਏਨੀਆਂ ਪਿਆਰੀਆਂ ਹਨ, ਆਪਣੇ ਮੂੰਹ ਵਿਚੋਂ ਬੁਰਕੀ ਖੋਹ ਬੱਚਿਆਂ ਦੇ ਮੂੰਹ 'ਚ ਪਾਉਣ ਦਾ ਜ਼ੇਰਾ ਰੱਬ ਨੇ ਬਸ ਮਾਂ ਨੂੰ ਹੀ ਦਿੱਤਾ ਹੈ। ਬੱਚਿਆਂ ਦੇ ਢਿੱਡ ਭਰਨ ਲਈ ਆਪ ਭੁੱਖੇ ਢਿੱਡ ਡੰਗ ਸਾਰਣ ਦਾ ਸਬਰ ਕਾਦਰ ਨੇ ਮਾਂ ਦੀ ਝੋਲੀ ਹੀ ਪਾਇਆ ਹੈ। ਮਾਂ ਅਸਲ ਵਿੱਚ ਹੈ ਹੀ ਸਬਰ ਦਾ ਦੂਜਾ ਨਾਮ। ਇਸਦੀ ਉਦਹਾਰਣ ਵੇਖਣੀ ਹੋਵੇ ਤਾਂ ਪੇਕਿਆਂ ਦੇ ਘਰਾਂ ਵਿੱਚ ਚੁਲਬੁਲੀਆਂ, ਸੌ ਸੌ ਨਖਰੇ ਕਰਨ ਵਾਲੀਆਂ ਧੀਆਂ ਜਦ ਵਿਆਹ ਤੋਂ ਬਾਅਦ ਮਾਵਾਂ ਬਣਦੀਆਂ ਹਨ ਤਾਂ ਉਨਾਂ ਦਾ ਉਹੀ ਚੁਲਬੁਲਾਪਣ ਸਿਆਣਪ, ਸਮਝ ਤੇ ਸਬਰ ਵਿੱਚ ਤਬਦੀਲ ਹੋ ਜਾਂਦਾ ਹੈ। ਜਿਹੜੀ ਧੀ ਕੱਚੀ ਨੀਂਦ ਉੱਠ ਜਾਣ ਤੇ ਪੇਕਾ ਘਰ ਸਿਰ ਤੇ ਚੁੱਕ ਲੈਂਦੀ, ਮਾਂ ਬਨਣ ਤੋਂ ਬਾਅਦ ਸਾਰੀ ਸਾਰੀ ਰਾਤ ਆਪਣੇ ਬੱਚੇ ਦੀ ਖਾਤਰ ਜਾਗਦੀ ਰਹਿੰਦੀ ਹੈ।

ਮਾਵਾਂ ਦੇ ਹੱਥ ਬਰਕਤਾਂ ਵਾਲੇ ਹੱਥ ਹੁੰਦੇ ਹਨ, ਇਨਾਂ ਦੇ ਪੈਰਾਂ ਵਿੱਚ ਵਿਹੜਿਆਂ ਦੀ ਰੌਣਕਾਂ ਲੁੱਡੀਆਂ ਪਾਉਂਦੀਆਂ ਹਨ, ਇਨਾਂ ਦੇ ਸਾਏ ਹੇਠਾਂ ਇਨਾਂ ਦੇ ਬੱਚੜੇ ਸਰਦਾਰੀਆਂ ਕਰਦੇ। ਪੋਟਾ ਪੋਟਾ ਜੋੜ ਘਰ ਬਣਾਉਂਦੀ ਮਾਂ ਸਾਰੀ ਉਮਰ ਨਹੀਂ ਥੱਕਦੀ, ਬੱਚਿਆਂ ਦੀ ਖਾਤਰ ਆਪਣੇ ਸਾਰੇ ਰੀਝਾਂ ਚਾਵਾਂ, ਮਲਾਰਾਂ ਨੂੰ ਮਾਂ ਕਿਤੇ ਡੂੰਘੀ ਖੱਡ ਵਿੱਚ ਦੱਬ ਦਿੰਦੀ ਹੈ ਤੇ ਆਪਣੇ ਬੱਚਿਆਂ ਤੇ ਘਰ ਪਰਿਵਾਰ ਦੇ ਸੁਪਨਿਆਂ ਨੂੰ ਆਪਣੇ ਸੁਪਨੇ ਬਣਾ ਲੈਂਦੀ ਹੈ।

ਮਾਂ ਇਸ ਕੁਦਰਤ ਦੇ ਸਾਰੇ ਰਿਸ਼ਤਿਆਂ ਤੋਂ ਅਹਿਮ ਤੇ ਪਾਕ ਪਵਿੱਤਰ ਰਿਸ਼ਤਾ ਹੈ, ਪਰ ਅੱਜ ਸਾਡੀਆਂ ਮਾਵਾਂ ਦੀ ਦਸ਼ਾ ਉਨੀਂ ਚੰਗੀ ਨਹੀਂ ਜਿੰਨੀ ਹੋਣੀ ਚਾਹੀਦੀ, ਬਿਰਧ ਘਰਾਂ ਵਿੱਚ ਪਈਆਂ ਮਾਵਾਂ ਨੂੰ ਇੱਕ ਵਾਰ ਮਿਲਣ ਦਾ ਮੌਕਾ ਬਣਿਆ ਤਾਂ ਮਾਂ ਕਹਿਣ ਲੱਗੀ ਪੁੱਤ ਆ ਮੇਰਾ ਲੱਕ ਵੇਖ, ਇਸ ਲੱਕ ਤੇ ਚੁੱਕ ਚੁੱਕ ਕੇ ਪੁੱਤ ਨੂੰ ਪਾਲਿਆ ਸੀ, ਜਿਸ ਦਿਨ ਘਰੋਂ ਕੱਢਿਆ ਇਸੇ ਲੱਕ ਉੱਤੇ ਲੱਤ ਮਾਰ ਕੇ ਬਾਹਰ ਸੁੱਟਿਆ ਸੀ, ਕਿਸੇ ਕਬਾੜੀ ਦੇ ਸਮਾਨ ਵਾਂਗ, ਮੈਂ ਸੁਣਦੇ ਸਾਰ ਸੁੰਨ ਹੋ ਗਈ ਤੇ ਸੋਚਣ ਲੱਗੀ ਕਿ ਕਿਸ ਤਰਾਂ ਦਾ ਅਕ੍ਰਿਤਘਣ ਸਮਾਜ ਅਸੀਂ ਸਿਰਜ ਰਹੇ ਹਾਂ, ਜਿੱਥੇ ਤੀਲਾ ਤੀਲਾ ਜੋੜ ਬਣਾਏ ਘਰ ਵਿੱਚ ਮਾਪਿਆਂ ਲਈ ਇੱਕ ਕਮਰਾ ਤੱਕ ਨਹੀਂ ਰਹਿ ਜਾਂਦਾ।

ਇੱਕ ਗੱਲ ਯਾਦ ਰੱਖਣਯੋਗ ਹੈ ਕਿ ਹੋਰ ਕਿਸੇ ਦੀ ਦੁਆਵਾਂ ਲੱਗਣ ਜਾਂ ਨਾ ਲੱਗਣ ਪਰ ਮਾਂ ਦੇ ਮੂੰਹੋਂ ਨਿਕਲੀ ਦੁਆ ਆਪਣੇ ਬੱਚਿਆਂ ਲਈ ਕੀਤੀਆਂ ਅਰਦਾਸਾਂ ਕਦੇ ਵਿਅਰਥ ਨਹੀਂ ਜਾਂਦੀਆਂ। ਮਾਂ ਆਪਣੀ ਆਈ ਤੇ ਆ ਜਾਵੇ ਤਾਂ ਮੌਤ ਦੇ ਮੂੰਹ ਵਿੱਚੋਂ ਵੀ ਆਪਣੇ ਆਦਰਾਂ ਦੇ ਟੋਟੇ ਨੂੰ ਛੁਡਾ ਲਿਆਉਂਦੀ ਹੈ। ਇਹ ਕਰਮਾਂ ਵਾਲੀਆਂ ਰੂਹਾਂ ਸਤਿਕਾਰ ਦੀਆਂ ਹੱਕਦਾਰ ਹਨ, ਇਹ ਪਾਕ ਪਵਿੱਤਰ ਰੂਹਾਂ ਦੇ ਚਰਨ ਕਿਸੇ ਤੀਰਥ ਸਥਾਨ ਤੋਂ ਘੱਟ ਨਹੀਂ। ਆਉ ਅੱਜ ਮਾਂ ਦਿਵਸ ਦੇ ਇਸ ਖਾਸ ਮੌਕੇ 'ਤੇ ਪਾਲਣ ਕਰੀਏ ਕਿ ਸਾਡੀਆਂ ਮਾਵਾਂ ਦਾ ਬੁਢਾਪਾ ਅਸੀਂ ਉਨਾਂ ਮਜ਼ਬੂਤ ਹੱਥਾਂ ਵਾਂਗ ਹੀ ਸਾਂਭ ਸਕੀਏ ਜਿਵੇਂ ਦੇ ਮਜ਼ਬੂਤ ਹੱਥਾਂ ਨਾਲ ਮਾਂ ਨੇ ਕਦੇ ਬਚਪਨ ਵਿੱਚ ਸਾਨੂੰ ਸੋ ਵਾਰ ਡਿੱਗਣ ਤੋਂ ਬਚਾਇਆ ਸੀ।

ਰੱਬ ਕਰੇ ਹਰ ਘਰ ਦੇ ਵਿਹੜੇ ਵਿੱਚ ਮਾਵਾਂ ਦੇ ਹਾਸੇ, ਉਨਾਂ ਦੀ ਝਿੜਕ ਦੀ ਬਿੜਕ ਸੁਣਦੀ ਰਹੇ। ਹਰ ਮਾਂ ਸਰਦਾਰੀ ਭੋਗ ਕੇ ਜਾਵੇ ਤੇ ਕੋਈ ਮਾਂ ਔਲਾਦ ਹੱਥੋਂ ਦੁਖੀ ਨਾ ਹੋਵੇ। ।



# ਪਰਿਵਾਰਵਾਦ ਅਤੇ ਭ੍ਰਿਸ਼ਟਾਚਾਰ ਨੇ ਸ੍ਰੀਲੰਕਾ ਨੂੰ ਕਿਵੇਂ ਬਰਬਾਦ ਕੀਤਾ



**ਬਲਰਾਜ ਸਿੰਘ ਸਿੱਧੂ**

ਸ੍ਰੀਲੰਕਾ ਵਿੱਚ ਇਸ ਵੇਲੇ ਭਿਆਨਕ ਸਰਕਾਰ ਵਿਰੋਧੀ ਦੰਗੇ ਚੱਲ ਰਹੇ ਹਨ। ਲੋਕਾਂ ਨੇ ਰਾਜਪਕਸ਼ਾ ਪਰਿਵਾਰ ਅਤੇ ਸੱਤਾਧਾਰੀ ਪਾਰਟੀ (ਸ੍ਰੀ ਲੰਕਾ ਪੋਡੂਜਨਾ ਪੇਰੂਨਾ) ਦੇ ਸਾਂਸਦਾਂ ਅਤੇ ਮੰਤਰੀਆਂ ਦੇ ਸੈਂਕੜੇ ਸਰਕਾਰੀ ਅਤੇ ਨਿੱਜੀ ਮਕਾਨ ਤੇ ਵਪਾਰਿਕ ਅਦਾਰਿਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਹੈ। ਹਾਲਾਤ ਐਨੇ ਖਰਾਬ ਹਨ ਕਿ ਅਸਤੀਫਾ ਦੇ ਚੁੱਕੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੂੰ ਜਾਨ ਬਚਾਉਣ ਲਈ ਪਰਿਵਾਰ ਸਮੇਤ ਤ੍ਰਿਨਕੋਮਾਲੀ ਸਮੁੰਦਰੀ ਅੱਡੇ ਵਿੱਚ ਸ਼ਰਨ ਲੈਣੀ ਪਈ ਹੈ। ਉਸ ਦੇ ਲੜਕੇ ਨਾਮਾਲ ਰਾਜਪਕਸ਼ੇ ਦੇ ਇੱਕ ਪੰਜ ਸਿਤਾਰਾ ਹੋਟਲ ਸਮੇਤ ਰਾਜਪਕਸ਼ਾ ਪਰਿਵਾਰ ਵੱਲੋਂ ਆਪਣੇ ਪਿੰਡ ਵਿੱਚ ਬਣਾਇਆ ਗਿਆ ਇੱਕ ਅਜਾਇਬਘਰ ਵੀ ਫੂਕ ਦਿੱਤਾ ਗਿਆ। ਭ੍ਰਿਸ਼ਟਾਚਾਰ ਦਾ ਪ੍ਰਤੀਕ ਇਹ ਨਿੱਜੀ ਅਜਾਇਬਘਰ ਰਾਜਪਕਸ਼ਾ ਪਰਿਵਾਰ ਨੇ ਆਪਣੇ ਮਾਤਾ ਪਿਤਾ ਦੀ ਯਾਦ ਵਿੱਚ ਉਸਾਰਿਆ ਸੀ। ਪਰ ਬਾਅਦ ਵਿੱਚ ਇਸਦੀ ਲਾਗਤ ਜੋ ਕਰੀਬ 9 ਕਰੋੜ ਬਣਦੀ ਸੀ, ਸਰਕਾਰ ਤੋਂ ਵਸੂਲ ਲਈ ਸੀ। ਰਾਜਪਕਸ਼ਿਆਂ ਸਮੇਤ ਅਨੇਕ ਸੱਤਾਧਾਰੀ ਨੇਤਾਵਾਂ ਦੀਆਂ ਭ੍ਰਿਸ਼ਟਾਚਾਰ ਰਾਹੀਂ ਖਰੀਦੀਆਂ ਗਈਆਂ ਬੇਸ਼ਕੀਮਤੀ ਵਿਦੇਸ਼ੀ ਗੱਡੀਆਂ ਸਮੁੰਦਰ ਅਤੇ ਝੀਲਾਂ ਵਿੱਚ ਸੁੱਟ ਦਿੱਤੀਆਂ ਗਈਆਂ ਹਨ। ਅੰਦੋਲਨਕਾਰੀ ਰਾਸ਼ਟਰਪਤੀ ਗੋਟਾਬਾਏ ਰਾਜਪਕਸ਼ਾ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ। ਇਸ ਮਾਰ ਧਾੜ ਦੌਰਾਨ ਹੁਣ ਤੱਕ 150 ਤੋਂ ਵੱਧ ਨਾਗਰਿਕ ਹਲਾਕ ਅਤੇ 1000 ਤੋਂ ਜ਼ਖਮੀ ਹੋ ਚੁੱਕੇ ਹਨ।

ਅੰਦੋਲਨਕਾਰੀ ਸੱਤਾਧਾਰੀ ਨੇਤਾਵਾਂ ਦੀ ਜਾਨ ਦੇ ਦੁਸ਼ਮਣ ਬਣ ਗਏ ਹਨ। ਕੁਝ ਦਿਨ ਪਹਿਲਾਂ ਜਦੋਂ ਪ੍ਰਦਰਸ਼ਨਕਾਰੀਆਂ ਨੇ ਸੱਤਾਧਾਰੀ ਦਲ ਦੇ ਇੱਕ ਐਮ.ਪੀ. ਅਮਰਾਕੀਰਤੀ ਅੱਥੁਕੁਰਾਲਾ ਨੂੰ ਘੇਰ ਲਿਆ ਤਾਂ ਉਸ ਨੇ ਗੋਲੀਆਂ ਚਲਾ ਕੇ ਦੋ ਪ੍ਰਦਰਸ਼ਨਕਾਰੀਆਂ ਦੀ ਹੱਤਿਆ ਕਰ ਦਿੱਤੀ ਤੇ ਆਪ ਵੀ ਖੁਦਕੁਸ਼ੀ ਕਰ ਲਈ। ਗੋਟਾਬਾਏ ਫਿਲਹਾਲ ਕੁਰਸੀ ਨੂੰ ਚਿਪਕਿਆ ਹੋਇਆ ਹੈ। ਉਸ ਨੇ ਅਸਤੀਫਾ ਦੇਣ ਦੀ ਬਜਾਏ ਦੇਸ਼ ਵਿੱਚ ਐਮਰਜੈਂਸੀ ਲੱਗਾ ਦਿੱਤੀ ਹੈ ਤੇ ਫੌਜ ਨੂੰ ਪ੍ਰਦਸ਼ਨਕਾਰੀਆਂ ਨੂੰ ਗੋਲੀ ਮਾਰ ਦੇਣ ਦੇ ਅਧਿਕਾਰ ਦੇ ਦਿੱਤੇ ਹਨ। ਸ੍ਰੀ ਲੰਕਾ ਦੀ ਆਰਥਿਕ ਹਾਲਤ ਐਨੀ ਖਰਾਬ ਹੋ ਚੁੱਕੀ ਹੈ ਕਿ ਇਸਦਾ ਵਿਦੇਸ਼ੀ ਮੁਦਰਾ ਭੰਡਾਰ ਤਕਰੀਬਨ ਖਾਲੀ ਹੋ ਚੁੱਕਾ ਹੈ ਤੇ ਦੇਸ਼ ਦਿਵਾਲੀਆ ਹੋਣ ਦੇ ਕੰਢੇ 'ਤੇ ਪਹੁੰਚ ਚੁੱਕਾ ਹੈ। ਸ੍ਰੀਲੰਕਾ ਦੀ ਬਰਬਾਦੀ ਦਾ ਇੱਕੋ ਇੱਕ ਕਾਰਨ ਰਾਜਪਕਸ਼ਾ ਪਰਿਵਾਰ ਦੀ ਕੁਨਬਾਪਰਵਰੀ ਅਤੇ ਸਿਰੇ ਦਾ ਭ੍ਰਿਸ਼ਟਾਚਾਰ ਹੈ। ਲੰਕਾ ਸਰਕਾਰ ਦੇ ਜ਼ਿਆਦਾਤਰ ਮਹੱਤਵਪੂਰਨ ਅਹੁਦਿਆਂ 'ਤੇ ਇਸ ਪਰਿਵਾਰ ਦਾ ਹੀ ਕਬਜ਼ਾ ਹੈ।

ਮਹਿੰਦਾ ਰਾਜਪਕਸ਼ਾ - ਇਸ ਪਰਿਵਾਰ ਦਾ ਮੁਖੀਆ 76 ਸਾਲਾ ਮਹਿੰਦਾ ਰਾਜਪਕਸ਼ਾ ਹੈ। ਇੱਕ ਰਸੂਖਵਾਨ ਰਾਜਨੀਤਕ ਪਰਿਵਾਰ ਵਿੱਚ ਪੈਦਾ ਹੋਇਆ ਮਹਿੰਦਾ ਰਾਜਪਕਸ਼ਾ ਬਹੁਤ ਤੇਜ਼ੀ ਨਾਲ ਸਫਲਤਾ ਦੀਆਂ ਪੌੜੀਆਂ ਚੜ੍ਹਿਆ ਹੈ। ਉਹ ਪੇਸ਼ੇ ਤੋਂ ਵਕੀਲ ਸੀ ਤੇ 1970 ਵਿੱਚ ਉਸ ਨੇ ਪਹਿਲੀ ਵਾਰ ਪਾਰਲੀਮੈਂਟ ਦੀ ਚੋਣ ਜਿੱਤੀ। 2005 ਵਿੱਚ ਰਾਸ਼ਟਰਪਤੀ ਚੁਣਿਆ ਗਿਆ ਤੇ ਇਸ ਅਹੁਦੇ 'ਤੇ 2015 ਤੱਕ ਰਿਹਾ। ਉਸ ਦੀ ਅਗਵਾਈ ਹੇਠ ਹੀ ਸ੍ਰੀਲੰਕਾ ਦੀ ਫੌਜ ਨੇ 39 ਸਾਲ ਦੀ ਜੰਗ ਤੋਂ ਬਾਅਦ 18 ਮਈ 2009 ਨੂੰ ਤਾਮਿਲ ਬਾਗੀਆਂ ਦੀ ਅੱਤਵਾਦੀ ਜਥੇਬੰਦੀ ਲਿੱਟੇ ਦਾ ਖਾਤਮਾ ਕੀਤਾ ਸੀ। ਇਸ ਜੰਗ ਵਿੱਚ ਜੇਤੂ ਹੋਣ ਕਾਰਨ ਉਹ ਘਰ ਘਰ ਵਿੱਚ ਮਸ਼ਹੂਰ ਹੋ ਗਿਆ ਤੇ 2010 ਵਿੱਚ ਦੁਬਾਰਾ ਰਾਸ਼ਟਰਪਤੀ ਚੁਣ ਲਿਆ ਗਿਆ। ਪਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਉਹ ਐਨਾ ਬਦਨਾਮ ਹੋ ਗਿਆ ਸੀ ਕਿ 2015 ਵਿੱਚ ਮੈਥਰੀਪਾਲਾ ਸਿਰੀਸੇਨਾ ਹੱਥੋਂ ਬੁਰੀ ਤਰਾਂ ਹਾਰ ਗਿਆ। 2019 ਵਿੱਚ ਉਸ ਨੇ ਖੁਦ ਰਾਸ਼ਟਰਪਤੀ ਦੀ ਚੋਣ ਲੜਨ ਦੀ ਬਜਾਏ ਆਪਣੇ ਭਰਾ ਗੋਟਾਬਾਏ ਰਾਜਪਕਸ਼ਾ ਨੂੰ ਚੋਣ ਲੜਵਾ ਕੇ ਰਾਸ਼ਟਰਪਤੀ ਬਣਾ ਦਿੱਤਾ ਤੇ ਖੁਦ ਪ੍ਰਧਾਨ ਮੰਤਰੀ ਬਣ ਗਿਆ। ਉਸ ਨੇ ਕੁਨਬਾਪਰਵਰੀ ਅਤੇ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਰਾਜਪਕਸ਼ਾ ਪਰਿਵਾਰ ਦਾ ਕੋਈ ਬਦਕਿਸਮਤ ਮੈਂਬਰ ਹੀ ਹੋਵੇਗਾ ਜਿਸ ਨੂੰ ਉਸ ਨੇ ਕੋਈ ਸਰਕਾਰੀ ਅਹੁਦਾ ਨਾ ਦਿੱਤਾ ਹੋਵੇ। ਇਸਦਾ ਖੁਦ ਦਾ ਵੱਡਾ ਲੜਕਾ ਨਾਮਾਲ ਮੰਤਰੀ ਅਤੇ ਛੋਟਾ ਯੋਸ਼ੀਤਾ ਪ੍ਰਧਾਨ ਮੰਤਰੀ ਦਫਤਰ ਦਾ ਚੀਫ ਆਫ ਸਟਾਫ ਸੀ।।

ਗੋਟਾਬਾਏ ਰਾਜਪਕਸ਼ਾ- 72 ਸਾਲਾ ਗੋਟਾਬਾਏ, ਮਹਿੰਦਾ ਰਾਜਪਕਸ਼ਾ ਦਾ ਛੋਟਾ ਭਰਾ ਅਤੇ ਸਭ ਤੋਂ ਭਰੋਸੇਯੋਗ ਸਾਥੀ ਹੈ। ਜਦੋਂ ਮਹਿੰਦਾ ਰਾਜਪਕਸ਼ਾ ਰਾਸ਼ਟਰਪਤੀ ਸੀ ਤਾਂ ਗੋਟਾਬਾਇਆ ਕੋਲ ਰੱਖਿਆ ਅਤੇ ਗ੍ਰਹਿ ਮੰਤਰੀ ਵਰਗੇ ਤਾਕਤਵਰ ਮਹਿਕਮੇ ਸਨ। 2019 ਵਿੱਚ ਉਸ ਨੇ ਪਰਿਵਾਰ ਦੀ ਮਰਜ਼ੀ ਨਾਲ ਰਾਸ਼ਟਰਪਤੀ ਦੀ ਚੋਣ ਲੜੀ ਕਿਉਂਕਿ ਮਹਿੰਦਾ ਰਾਜਪਕਸ਼ਾ ਬਹੁਤ ਬਦਨਾਮ ਹੋ ਚੁੱਕਾ ਸੀ। ਉਸ ਦੇ ਰਾਸ਼ਟਰਪਤੀ ਬਣਦੇ ਸਾਰ ਸ੍ਰੀਲੰਕਾ ਦੇ ਬੁਰੇ ਦਿਨ ਸ਼ੁਰੂ ਹੋ ਗਏ। ਸਭ ਤੋਂ ਪਹਿਲਾਂ ਕੋਰੋਨਾ ਮਹਾਂਮਾਰੀ ਨੇ ਦੇਸ਼ ਦਾ ਬੇਹੱਦ ਮੁਨਾਫਾਬਖਸ਼ ਸੈਰ ਸਪਾਟਾ ਉਦਯੋਗ ਤਬਾਹ ਕਰ ਕੇ ਰੱਖ ਦਿੱਤਾ। ਜਿੱਤਣ ਸਮੇਂ ਲੋਕਾਂ ਨਾਲ ਕੀਤੇ ਚੋਣ ਵਾਅਦੇ ਅਨੁਸਾਰ 2019 ਵਿੱਚ ਉਸ ਨੇ ਟੈਕਸਾਂ ਨੂੰ ਅੱਧਾ ਕਰ ਦਿੱਤਾ ਜਿਸ ਕਾਰਨ ਦੇਸ਼ ਦਾ ਖਜ਼ਾਨਾ ਖਾਲੀ ਹੋ ਗਿਆ। 2021 ਵਿੱਚ ਉਸ ਨੇ ਸ੍ਰੀ ਲੰਕਾ ਦੇ ਕਿਸਾਨਾਂ ਨੂੰ ਇੱਕ ਤੁਗਲਕੀ ਹੁਕਮ ਜਾਰੀ ਕਰ ਦਿੱਤਾ ਕਿ ਉਹ ਸਿਰਫ ਆਰਗੈਨਿਕ ਖਾਦਾਂ ਅਤੇ ਰੂੜੀ ਦੀ ਵਰਤੋਂ ਕਰਨ ਕਿਉਂਕਿ ਉਹ ਦੇਸ਼ ਨੂੰ ਸੰਸਾਰ ਦਾ ਪਹਿਲਾ 100% ਆਰਗੈਨਿਕ ਖੇਤੀਬਾੜੀ ਦੇਸ਼ ਬਣਾਉਣਾ ਚਾਹੁੰਦਾ ਸੀ। ਜਦੋਂ ਕਿਸਾਨ ਨਾ ਮੰਨੇ ਤਾਂ ਉਸ ਨੇ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਇੰਪੋਰਟ ਹੀ ਬੰਦ ਕਰ ਦਿੱਤੀ। ਉਸ ਦੇ ਇਸ ਮੂਰਖਾਨਾ ਫੈਸਲੇ ਕਾਰਨ ਫਸਲਾਂ ਬਰਬਾਦ ਹੋ ਗਈਆਂ ਤੇ ਕਿਸਾਨ ਸੜਕਾਂ 'ਤੇ ਆ ਗਏ। ਇੱਥੋਂ ਤਕ ਕਿ ਸਭ ਤੋਂ ਵੱਧ ਵਿਦੇਸ਼ੀ ਮੁਦਰਾ ਕਮਾਉਣ ਵਾਲੇ ਚਾਹ ਦੇ ਬਾਗ ਵੀ ਦਿਵਾਲੀਆ ਹੋ ਗਏ।

ਉਹ ਭਾਰਤ ਦਾ ਕੱਟੜ ਵਿਰੋਧੀ ਹੈ ਤੇ ਉਸ ਦੇ ਰਾਜ ਕਾਲ ਦੌਰਾਨ ਲੰਕਾ ਚੀਨ ਦੇ ਨਜ਼ਦੀਕ ਹੁੰਦਾ ਚਲਾ ਗਿਆ। ਉਸ ਨੇ ਫਜ਼ੂਲ ਦੇ ਪ੍ਰੋਜੈਕਟਾਂ ਲਈ, ਜੋ ਬਾਅਦ ਵਿੱਚ ਚਿੱਟੇ ਹਾਥੀ ਸਾਬਤ ਹੋਏ, 70 ਕਰੋੜ ਡਾਲਰ (ਕਰੀਬ 5000 ਕਰੋੜ ਰੁਪਏ) ਚੀਨ ਤੋਂ ਕਰਜ਼ਾ ਲਿਆ ਜਿਸ ਵਿੱਚੋਂ ਜ਼ਿਆਦਾਤਰ ਪੈਸਾ ਰਾਜਪਕਸ਼ਾ ਪਰਿਵਾਰ ਦੀਆਂ ਜੇਬਾਂ ਵਿੱਚ ਚਲਾ ਗਿਆ। ਰੱਖਿਆ ਮੰਤਰੀ ਹੁੰਦੇ ਸਮੇਂ ਗੋਟਾਬਾਏ ਆਪਣੇ ਵਿਰੋਧੀਆਂ ਨੂੰ ਅਗਵਾ ਕਰ ਕੇ ਗਾਇਬ ਕਰਨ ਲਈ ਚਿੱਟੇ ਰੰਗ ਦੀਆਂ ਕਾਲੇ ਸ਼ੀਸ਼ਿਆਂ ਵਾਲੀਆਂ ਵੈਨਾਂ ਵਰਤਦਾ ਹੁੰਦਾ ਸੀ। ਇਹ ਵੈਨਾਂ ਸ੍ਰੀਲੰਕਾ ਵਿੱਚ ਐਨੀਆਂ ਬਦਨਾਮ ਸਨ ਕਿ ਜਿਸ ਘਰ ਅੱਗੇ ਰੁਕ ਜਾਂਦੀਆਂ ਸਨ, ਉਸ ਘਰ ਦੇ ਕਿਸੇ ਨਾ ਕਿਸੇ ਮੈਂਬਰ ਦੀ ਮੌਤ ਨਿਸ਼ਚਿਤ ਸੀ। ਉਸ ਦੁਆਰਾ ਕੀਤੇ ਗਏ ਇਸ ਕਤਲੇਆਮ ਕਾਰਨ ਉਸ ਨੂੰ ਟਰਮੀਨੇਟਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਹੁਣ ਉਸ ਨੇ ਵਿਰੋਧੀ ਧਿਰ ਦੇ ਇੱਕ ਨੇਤਾ ਰਾਨਿਲ ਵਿਕਰਮਸਿੰਘੇ ਨੂੰ ਪ੍ਰਧਾਨ ਮੰਤਰੀ ਥਾਪ ਦਿੱਤਾ ਹੈ ਪਰ ਉਸ ਦੇ ਇਸ ਕਦਮ ਨਾਲ ਵੀ ਜਨਤਾ ਦਾ ਗੁੱਸਾ ਸ਼ਾਂਤ ਨਹੀਂ ਹੋਇਆ। ਲੱਗਦਾ ਹੈ ਕਿ ਅਖੀਰ ਗੋਟਾਬਾਏ ਨੂੰ ਵੀ ਅਸਤੀਫਾ ਦੇਣਾ ਹੀ ਪਏਗਾ ਕਿਉਂਕਿ ਉਸ ਵੱਲੋਂ ਫੌਜ ਨੂੰ ਦੰਗਾਕਾਰੀਆਂ ਨੂੰ ਗੋਲੀ ਮਾਰਨ ਦੇ ਦਿੱਤੇ ਨਿਰਦੇਸ਼ਾਂ ਤੋਂ ਬਾਅਦ ਵੀ ਸੁਰੱਖਿਆ ਸੈਨਾਵਾਂ ਇਸ ਹੁਕਮ 'ਤੇ ਅਮਲ ਕਰਨ ਵਿੱਚ ਹਿਚਕਿਚਾ ਰਹੀਆਂ ਹਨ।

ਬਾਸਿਲ ਰਾਜਪਕਸ਼ਾ- 6 ਵਾਰ ਦਾ ਮੈਂਬਰ ਪਾਰਲੀਮੈਂਟ ਬਾਸਿਲ ਰਾਜਪਕਸ਼ਾ ਉਰਫ ਮਿਸਟਰ 10% (ਉਮਰ 70 ਸਾਲ) ਵੀ ਮਹਿੰਦਾ ਰਾਕਪਕਸ਼ਾ ਦਾ ਭਰਾ ਹੈ। ਗੋਟਾਬਾਏ ਸਰਕਾਰ ਵਿੱਚ ਵਿੱਤ ਮੰਤਰੀ ਬਾਸਿਲ ਨੇ ਚੱਲ ਰਹੇ ਅੰਦੋਲਨ ਕਾਰਨ 3 ਅਪਰੈਲ 2022 ਨੂੰ ਅਸਤੀਫਾ ਦੇ ਦਿੱਤਾ। ਇਸ ਤੋਂ ਪਹਿਲਾਂ ਮਹਿੰਦਾ ਰਾਜਪਕਸ਼ਾ ਦੇ ਰਾਸ਼ਟਰਪਤੀ ਕਾਲ ਸਮੇਂ ਵੀ ਉਹ 2010 ਤੋਂ ਲੈ ਕੇ 2015 ਤੱਕ ਵਿੱਤ ਮੰਤਰੀ ਰਹਿ ਚੁੱਕਾ ਹੈ। 2005 ਤੋਂ ਲੈ ਕੇ 2010 ਤੱਕ ਉਹ ਮਹਿੰਦਾ ਰਾਜਪਕਸ਼ਾ ਦਾ ਮੁੱਖ ਸਲਾਹਕਾਰ ਸੀ। ਸਰਕਾਰੀ ਠੇਕਿਆਂ ਵਿੱਚੋਂ ਭਾਰੀ ਕਮਿਸ਼ਨ ਲੈਣ ਕਾਰਨ ਉਸ ਦਾ ਨਾਮ ਮਿਸਟਰ 10% ਪੱਕ ਗਿਆ ਹੈ ਤੇ ਉਹ ਸ੍ਰੀਲੰਕਾ ਦੀ ਜਨਤਾ ਵਿੱਚ ਬੇਹੱਦ ਬਦਨਾਮ ਹੈ। ਉਸ ਦੇ ਖਿਲਾਫ ਭ੍ਰਿਸ਼ਟਾਚਾਰ ਤੇ ਸਰਕਾਰੀ ਪੈਸਾ ਗਬਨ ਕਰਨ ਦੇ ਅਨੇਕਾਂ ਕੇਸ ਅਦਾਲਤਾਂ ਵਿੱਚ ਚੱਲ ਰਹੇ ਹਨ ਜਿਨਾਂ ਨੂੰ ਉਸ ਦੇ ਤਾਕਤਵਰ ਰਾਸ਼ਟਰਪਤੀ ਭਰਾ ਵੀ ਖਤਮ ਨਹੀਂ ਕਰਵਾ ਸਕੇ। ਅਸਤੀਫਾ ਦੇਣ ਤੋਂ ਬਾਅਦ ਉਹ ਕਿਸੇ ਅਗਿਆਤ ਜਗਾ 'ਤੇ ਲੁਕਿਆ ਬੈਠਾ ਹੈ ਤੇ ਉਸ ਦਾ ਘਰ ਘਾਟ ਅਤੇ ਮਹਿੰਗੀਆਂ ਗੱਡੀਆਂ ਅੰਦੋਲਨਕਾਰੀਆਂ ਨੇ ਫੂਕ ਦਿੱਤੀਆਂ ਹਨ। ਉਸ ਦਾ ਲੜਕਾ ਸ਼ਾਸ਼ੀਂਦਰਾ ਰਾਜਪਕਸ਼ਾ ਵੀ ਗੋਟਾਬਾਇਆ ਸਰਕਾਰ ਵਿੱਚ ਮੰਤਰੀ ਸੀ।

ਚਮਾਲ ਰਾਜਪਕਸ਼ਾ-ਚਮਾਲ ਰਾਜਪਕਸ਼ਾ ਇਸ ਪਰਿਵਾਰ ਦਾ ਸਭ ਤੋਂ ਵੱਡਾ ਭਰਾ ਹੈ। ਮਹਿੰਦਾ ਰਾਜਪਕਸ਼ਾ ਦੇ ਰਾਸ਼ਟਰਪਤੀ ਕਾਲ ਸਮੇਂ ਉਹ ਪਾਰਲੀਮੈਂਟ ਦਾ ਸਪੀਕਰ ਅਤੇ ਜਹਾਜ਼ਰਾਨੀ ਅਤੇ ਹਵਾਬਾਜ਼ੀ ਮੰਤਰੀ ਰਿਹਾ ਹੈ। ਉਹ ਗੋਟਾਬਾਇਆ ਦੇ ਰਾਜ ਸਮੇਂ 22 ਨਵੰਬਰ 2019 ਤੋਂ ਲੈ ਕੇ 3 ਅਪ੍ਰੈਲ 2022 ਨੂੰ ਅਸਤੀਫਾ ਦੇਣ ਤੱਕ, ਮੰਤਰੀ ਸੀ ਤੇ ਉਸ ਕੋਲ ਸਿੰਚਾਈ, ਉਦਯੋਗ, ਖੇਤੀਬਾੜੀ, ਸਿੰਚਾਈ ਅਤੇ ਪੇਂਡੂ ਵਿਕਾਸ ਸਮੇਤ ਅਨੇਕਾਂ ਮਹੱਤਵਪੂਰਣ ਮਹਿਕਮੇ ਸਨ। ਮਹਿੰਦਾ ਅਤੇ ਗੋਟਬਾਇਆ ਰਾਜਪਕਸ਼ਾ ਦੀ ਨਿੱਜੀ ਸੁਰੱਖਿਆ ਦਾ ਇੰਚਾਰਜ ਹੋਣ ਕਾਰਨ ਉਸ ਨੂੰ ਸ੍ਰੀਲੰਕਾ ਵਿੱਚ ਬਾਡੀਗਾਰਡ ਕਹਿ ਕੇ ਪੁਕਾਰਿਆ ਜਾਂਦਾ ਹੈ।

ਨਾਮਾਲ ਰਾਜਪਕਸ਼ਾ-ਨਾਮਾਲ ਰਾਜਪਕਸ਼ਾ, ਮਹਿੰਦਾ ਰਾਜਪਕਸ਼ਾ ਦਾ ਸਭ ਤੋਂ ਵੱਡਾ ਲੜਕਾ ਸੀ ਜਿਸ ਨੂੰ ਭਵਿੱਖ ਦੇ ਰਾਸ਼ਟਰਪਤੀ ਵਜੋਂ ਤਿਆਰ ਕੀਤਾ ਜਾ ਰਿਹਾ ਸੀ। ਉਹ 2010 ਵਿੱਚ ਸਿਰਫ 24 ਸਾਲ ਦੀ ਉਮਰ ਵਿੱਚ ਪਾਰਲੀਮੈਂਟ ਲਈ ਚੁਣਿਆ ਗਿਆ ਤੇ ਇਸ ਵੇਲੇ ਖੇਡ ਅਤੇ ਯੁਵਕ ਭਲਾਈ ਮੰਤਰੀ ਵਜੋਂ (12 ਅਗਸਤ 2020 ਤੋਂ 3 ਅਪ੍ਰੈਲ 2022 ਤੱਕ) ਕੰਮ ਕਰਦਾ ਰਿਹਾ ਸੀ। ਇਸ ਅੰਦੋਲਨ ਕਾਰਨ ਉਸ ਨੂੰ ਵੀ ਅਸਤੀਫਾ ਦੇਣਾ ਪਿਆ ਅਤੇ ਇਸ ਵੇਲੇ ਉਹ ਆਪਣੇ ਪਿਤਾ ਨਾਲ ਜਲ ਸੈਨਾ ਦੀ ਛਾਉਣੀ ਵਿੱਚ ਸ਼ਰਨ ਲਈ ਬੈਠਾ ਹੈ। ਆਪਣੇ ਮੰਤਰੀ ਕਾਲ ਦੇ ਥੋੜੇ ਜਿਹੇ ਸਮੇਂ ਵਿੱਚ ਹੀ ਉਸ 'ਤੇ ਭ੍ਰਿਸ਼ਟਾਚਾਰ ਦੇ ਅਨੇਕ ਦੋਸ਼ ਲੱਗ ਗਏ ਸਨ ਤੇ ਉਸ ਦੇ ਖਿਲਾਫ ਸ੍ਰੀਲੰਕਾ ਦੇ ਪ੍ਰਸਿੱਧ ਰਗਬੀ ਖਿਡਾਰੀ ਵਾਸੀਮ ਤਾਜੁਦੀਨ ਦੇ ਕਤਲ ਦੀ ਜਾਂਚ ਵੀ ਚੱਲ ਰਹੀ ਹੈ।

# 19 ਮਈ 1926 ਨੂੰ ਥੋਮਸ ਅਲਵਾ ਐਡੀਸਨ ਦੁਆਰਾ ਅਟਲਾਂਟਿਕ ਸ਼ਹਿਰ ਨਿਊਜਰਸੀ ਵਿੱਚ ਰੇਡੀਓ ਤੋਂ ਬੋਲਣ ਦਾ ਪਹਿਲੀ ਵਾਰ ਤਜਰਬਾ

**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**
**ਝਲੂਰ ਬਰਨਾਲਾ**

ਥੋਮਸ ਅਲਵਾ ਐਡੀਸਨ ਦਾ ਜਨਮ 11 ਫ਼ਰਵਰੀ 1847 ਨੂੰ ਅਮਰੀਕਾ ਵਿੱਚ ਓਹਿਓ ਰਾਜ ਦੇ ਮਿਲਨ ਸ਼ਹਿਰ ਵਿੱਚ ਹੋਇਆ। ਥੋਮਸ ਦੇ ਮਾਤਾ ਪਿਤਾ ਸੈਮੂਏਲ ਅਗਡਿਨ ਐਡੀਸਨ ਜੂਨੀਅਰ ਨੈਨਸੀ ਮੈਥਿਊ ਐਲਿਊਟ ਸਨ। ਉਨਾਂ ਦਾ ਇਹ ਸੱਤਵਾਂ ਬੱਚਾ ਸੀ।ਬਚਪਨ ਵਿੱਚ ਐਡੀਸਨ ਨੂੰ ਘੱਟ ਸੁਣਨ ਦੀ ਸਮੱਸਿਆ ਸੀ।ਉਹ ਹੌਲੀ ਹੌਲੀ ਬੋਲਣਾ ਸਿੱਖਿਆ ਸੀ।ਉਸ ਸਮੇਂ ਸਕੂਲ ਬਹੁਤ ਘੱਟ ਹੋਇਆ ਕਰਦੇ ਸਨ।ਉਸ ਸਮੇਂ ਇੱਕ ਐਂਗਲ ਨਾਂ ਦਾ ਇੱਕ ਪਾਦਰੀ ਸਕੂਲ ਚਲਾਇਆ ਕਰਦਾ ਸੀ। ਇੱਕ ਵਾਰ ਥਾਮਸ ਐਡੀਸਨ ਨੇ ਅਧਿਆਪਕ ਨੂੰ ਪੁੱਛ ਲਿਆ, 'ਗੁਰੂਤਾ ਆਕਰਸ਼ਣ ਦਾ ਨਿਯਮ ਕੀ ਹੈ?' ਅਧਿਆਪਕ ਨੇ ਐਡੀਸਨ ਦੀ ਕੁੱਟਮਾਰ ਕਰਕੇ ਉਸ ਨੂੰ ਸਕੂਲੋਂ ਕੱਢ ਦਿੱਤਾ। ਆਖਰ ਮਾਂ ਨੇ ਐਡੀਸਨ ਨੂੰ ਖੁਦ ਪੜ੍ਹਾਉਣ ਲੱਗੀ। ਐਡੀਸ਼ਨ ਦੀ ਮਾਂ ਜਿੱਥੋਂ ਵੀ ਹੋ ਸਕਦਾ ਚਾਹੇ ਬਾਜ਼ਾਰ ਵਿੱਚੋਂ ਜੋ ਵੀ ਪੁਰਾਣੀਆਂ ਬਾਲ ਪੁਸਤਕਾਂ ਮਿਲਣੀਆਂ ਓਹੀ ਖਰੀਦ ਕੇ ਲੈ ਆਉਂਦੀ ਤੇ ਐਡੀਸ਼ਨ ਨੂੰ ਪੜਾਉਂਦੀ। ਆਪਣੀ ਛੋਟੀ ਉਮਰ ਵਿੱਚ ਹੀ ਉਸ ਨੇ ਬਹੁਤ ਸਾਰੀਆਂ ਕਿਤਾਬਾਂ ਪੜ ਲਈਆਂ ਸਨ। ਘਰ ਦੇ ਕੋਨੇ ਵਿੱਚ ਕਮਰੇ ਵਿੱਚ ਹੀ ਐਡੀਸ਼ਨ ਨੇ ਇੱਕ ਪ੍ਰਯੋਗਸ਼ਾਲਾ ਬਣਾ ਲਈ। ਸੌ ਤੋਂ ਵੱਧ ਰਸਾਇਣਾਂ ਦੀਆਂ ਬੋਤਲਾਂ ਉਸ ਨੇ ਆਪਣੀ ਪ੍ਰਯੋਗਸ਼ਾਲਾ ਦੀਆਂ ਸੈਲਫਾਂ 'ਤੇ ਸਜਾ ਲਈਆਂ। ਅਜਿਹਾ ਉਹ ਪੰਜ ਸਾਲ ਕਰਦਾ ਰਿਹਾ। ਪੰਜ ਸਾਲ ਦੇ ਅਨੁਭਵ ਤੋਂ ਬਾਅਦ ਉਸਨੇ ਬਹੁਤ ਡੂੰਘਾ ਗਿਆਨ ਪ੍ਰਾਪਤ ਕਰ ਲਿਆ ਸੀ। ਕੱਚ ਦੀਆਂ ਟਿਊਬਾਂ ਵਿੱਚੋਂ ਹੁੰਦੀਆਂ ਰਸਾਇਣਕ ਕਿਰਿਆਵਾਂ ਨੂੰ ਉਹ ਰੋਜ ਦੇਖਦਾ ਰਹਿੰਦਾ ਤੇ ਆਪਣੇ ਮਨ ਅੰਦਰ ਹੋਰ ਕਿਰਿਆਵਾਂ ਪੈਦਾ ਕਰਦਾ ਗਿਆ। ਸਮਾਂ ਪੈਣ 'ਤੇ ਐਡੀਸ਼ਨ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। 1860 ਵਿੱਚ ਉਹ ਅਮਰੀਕਾ ਦੇ ਸ਼ਹਿਰ ਹੂਰੋਂ ਤੋਂ ਡੇਟਰਾਇਟ ਲਈ ਇੱਕ ਸਵਾਰੀ ਗੱਡੀ ਵਿੱਚ ਅਖ਼ਬਾਰ, ਟਾਫੀਆਂ ਤੇ ਫਲ ਵੇਚਣ ਲੱਗਾ।ਉਸਨੇ ਓਥੇ ਹੀ ਉਸ ਨੇ ਗੱਡੀ ਦੇ ਇੰਜਣ ਦੇ ਨਾਲ ਲੱਗਦੇ ਡੱਬੇ ਵਿੱਚ ਜਿੱਥੇ ਧੂੰਆਂ ਜਿਆਦਾ ਹੁੰਦਾ ਸੀ ਵਿੱਚ ਆਪਣੀ ਪ੍ਰਯੋਗਸ਼ਾਲਾ ਬਣਾ ਲਈ। ਅਚਾਨਕ ਇੱਕ ਦਿਨ ਉਸ ਦੀ ਟਿਊਬ ਵਿੱਚੋਂ ਡਿੱਗੋ ਫਾਸਫੋਰਸ ਦਾ ਟੁਕੜਾ ਡਿੱਗ ਗਿਆ। ਇਸ ਟੁਕੜੇ ਨੇ ਅੱਗ ਫੜ ਲਈ। ਮੁਸਾਫਰਾਂ ਵਿਚ ਹਫੜਾ ਦਫੜੀ ਮੱਚ ਗਈ ਸੀ। ਉਨਾਂ ਵੱਲੋਂ 'ਅੱਗ ਬੁਝਾਓ' ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਥੋੜੇ ਜਿਹੇ ਯਤਨਾਂ ਨਾਲ ਅੱਗ 'ਤੇ ਕਾਬੂ ਪਾ ਲਿਆ ਗਿਆ। ਗਾਰਡ ਨੇ ਐਡੀਸ਼ਨ ਦੇ ਥੱਪੜ ਮਾਰਿਆ, ਜਿਸ ਕਾਰਨ ਉਹ ਕੰਨਾਂ ਤੋਂ ਅਪਾਹਜ ਬਣ ਗਿਆ। ਕੁੱਝ ਸਮੇਂ ਬਾਅਦ ਕਮਾਈ ਕਰਨ ਤੋਂ ਬਾਅਦ ਉਸਨੇ 'ਹਿਰਾਲਡ' ਨਾਂ ਦਾ ਹਫ਼ਤਾਵਾਰੀ ਅਖਬਾਰ ਕੱਢਣਾ ਸ਼ੁਰੂ ਕੀਤਾ ਤੇ ਆਪ ਹੀ ਵੇਚਣਾ ਸ਼ੁਰੂ ਕਰ ਦਿੱਤਾ। ਇੱਕ ਵਾਰ ਅਖਬਾਰ ਵੇਚਦਿਆਂ ਸਮੇਂ ਇੱਕ ਘਟਨਾ ਵਾਪਰੀ। ਐਡੀਸਨ ਸਟੇਸ਼ਨ 'ਤੇ ਅਖ਼ਬਾਰ ਵੇਚ ਰਿਹਾ ਸੀ ਤੇ ਉਸ ਨੇ ਸਟੇਸ਼ਨ ਮਾਸਟਰ ਦੇ ਬੱਚੇ ਨੂੰ ਬਚਾ ਲਿਆ ਅਤੇ ਖੁਸ਼ ਹੋ ਕਿ ਸਟੇਸ਼ਨ ਮਾਸਟਰ ਨੇ ਟੈਲੀਗ੍ਰਾਫ ਵਾਲੀ ਮਸ਼ੀਨ ਵਿਖਾ ਦਿੱਤੀ। ਇੱਕ ਵਾਰ ਐਡੀਸਨ ਨੇ ਆਪਣੇ ਇੱਕ ਦੋਸਤ ਦੇ ਘਰ ਦਾ ਸਬੰਧ, ਸਟੋਵ ਦੀ ਫਾਲਤੂ ਤਾਰ ਨਾਲ ਹੀ ਜੋੜ ਲਿਆ। ਉਨਾਂ ਨੇ ਟੈਲੀਗ੍ਰਾਫ ਦੀ ਵਰਤੋਂ ਵਿੱਚ ਆਉਣ ਵਾਲੀਆਂ ਕੁੰਜੀਆਂ ਵੀ ਖੁਦ ਹੀ ਕਬਾੜ ਦੇ ਸਾਮਾਨ ਤੋਂ ਬਣਾ ਲਈਆਂ। ਦੋਵੇਂ ਦੋਸਤ ਘੰਟਿਆਂਬੱਧੀ ਇੱਕ-ਦੂਜੇ ਨੂੰ ਟੈਲੀਗ੍ਰਾਫ ਰਾਹੀਂ ਸੁਨੇਹੇ ਭੇਜਣ 'ਚ ਲੱਗੇ ਰਹਿੰਦੇ। 1877-78 ਵਿੱਚ ਐਡੀਸਨ ਨੇ ਕਾਰਬਨ ਮਾਈਕਰੋਫੋਨ ਜੋ ਸਾਰੇ ਟੈਲੀਫੋਨ ਵਿਚ ਘੰਟੀ ਨਾਲ ਹੁੰਦਾ ਹੈ ਦੀ ਵਰਤੋਂ ਹੁੰਦੀ ਹੈ, ਦੀ ਖੋਜ ਅਤੇ ਸੁਧਾਰ ਕੀਤੀ। ਐਡੀਸਨ 16 ਸਾਲਾਂ ਦੀ ਉਮਰ ਵਿੱਚ ਟੈਲੀਗ੍ਰਾਫਰ ਦੇ ਤੌਰ 'ਤੇ ਰੇਲਵੇ ਮਹਿਕਮੇ ਵਿੱਚ ਭਰਤੀ ਹੋ ਗਿਆ। ਉਸ ਨੇ ਰੇਲਵੇ ਦੇ ਕਲਾਕ ਦੀ ਵੱਡੀ ਸੂਈ ਦਾ ਸਬੰਧ ਟੈਲੀਗ੍ਰਾਫ ਨਾਲ ਜੋੜ ਦਿੱਤਾ। ਜਦੋਂ ਕਲਾਕ ਦੀ ਵੱਡੀ ਸੂਈ 12 ਦੇ ਨਿਸ਼ਾਨ 'ਤੇ ਪੁੱਜ ਜਾਂਦੀ ਤਾਂ ਘੰਟੀ ਮਾਰਨ ਵਾਲੀ ਮਸ਼ੀਨ ਦਾ ਬਟਨ ਆਪਣੇ



ਆਪ ਔਨ ਹੋ ਜਾਂਦਾ ਸੀ ਤੇ ਸਾਰੇ ਸਟੇਸ਼ਨਾਂ 'ਤੇ ਇੱਕੋ ਸਮੇਂ ਘੰਟੀ ਆਪਣੇ ਆਪ ਵੱਜ ਜਾਂਦੀ।

ਉਸ ਤੋਂ ਬਾਅਦ ਉਸ ਨੇ 1868 ਵਿੱਚ ਆਪਣੀ ਖੋਜ ਦਾ ਪਹਿਲਾ ਪੇਟੈਂਟ ਕਰਵਾਇਆ। ਦੁਨੀਆ ਵਿੱਚ ਸਭ ਤੋਂ ਵੱਧ ਖੋਜਾਂ ਦੇ ਪੇਟੈਂਟ ਉਸ ਦੇ ਹੀ ਨਾਂ ਹੋਏ। ਉਸ ਨੇ ਆਪਣੀ ਪੂਰੀ ਜ਼ਿੰਦਗੀ ਵਿੱਚ 1093 ਖੋਜਾਂ ਦੇ ਪੇਟੈਂਟ ਕਰਵਾਏ। ਐਡੀਸਨ ਨੇ ਪਲੈਟੀਨਮ ਅਤੇ ਹੋਰ ਧਾਂਤਾਂ ਦੇ ਫਿਲਾਮੈਂਟ ਬਣਾਉਣ ਦੇ ਤਜਰਬੇ ਕੀਤੇ ਅਖੀਰ ਵਿਚ ਕਾਰਬਨ ਫਿਲਾਮੈਂਟ ਦੀ ਵਰਤੋਂ ਕੀਤੀ ਗਈ। ਉਸ ਦਾ ਪਹਿਲਾ ਤਜਰਬਾ 22 ਅਕਤੂਬਰ, 1879 ਨੂੰ ਕੀਤਾ ਜੋ 13.5 ਘੰਟੇ ਚੱਲਿਆ। 4 ਨਵੰਬਰ, 1879 ਨੂੰ ਉਸ ਨੇ ਅਮਰੀਕਾ ਵਿੱਚ ਬਿਜਲੀ ਬੱਲਬ ਪੇਟੈਂਟ ਕਰਵਾਇਆ। ਐਡੀਸਨ ਪਹਿਲਾ ਸਫਲਤਾ ਪੂਰਵਕ ਬੱਲਬ ਜੋ ਲੋਕਾਂ ਨੂੰ ਦਸੰਬਰ 1879 ਵਿੱਚ ਮੈਨਲੋ ਪਾਰਕ ਵਿਚ ਪ੍ਰਦਰਸ਼ਨ ਕੀਤਾ ਗਿਆ। 1904 ਵਿਚ, ਯੂ. ਐਸ. ਪੇਟੈਂਟ ਆਫਿਸ ਨੇ ਇਸ ਦੇ ਫੈਸਲੇ ਦਾ ਉਲਟਾ ਬਦਲ ਦਿੱਤਾ। ਮਾਰਕੋਨੀ ਨੂੰ ਰੇਡੀਓ ਦੀ ਖੋਜ ਲਈ ਇੱਕ ਪੇਟੈਂਟ ਐਵਾਰਡ ਦਿੱਤਾ ਜੋ ਸ਼ਾਇਦ ਅਮਰੀਕਾ ਵਿੱਚ ਮਾਰਕੋਨੀ ਦੇ ਵਿੱਤੀ ਸਹਿਯੋਗੀਆਂ ਦੁਆਰਾ ਪ੍ਰਭਾਵਿਤ ਸੀ, ਜਿਸ ਵਿੱਚ ਥਾਮਸ ਐਡੀਸਨ ਅਤੇ ਐਂਡਰਿਊ ਕਾਰਨੇਗੀ ਸ਼ਾਮਿਲ ਸਨ।

19 ਮਈ 1926 ਈ. ਨੂੰ ਥੋਮਸ ਅਲਵਾ ਐਡੀਸਨ ਨੇ ਅਟਲਾਂਟਿਕ ਸ਼ਹਿਰ ਨਿਊਜਰਸੀ ਵਿੱਚ ਰੇਡੀਓ ਤੋਂ ਬੋਲਣ ਦਾ ਪਹਿਲੀ ਵਾਰ ਤਜਰਬਾ ਕੀਤਾ ।

ਫਿਰ ਐਡੀਸ਼ਨ ਨੇ ✓-ਰੇਅ ਦੀ ਵਰਤੋਂ ਵਾਲੀ ਮਸ਼ੀਨ ਤਿਆਰ ਕੀਤੇ ਜਿਸ ਵਿੱਚ ਫਲੋਰੋਸਕੋਟ ਦੀ ਵਰਤੋਂ ਹੁੰਦੀ ਸੀ। ਬੱਲਬ ਦੀ 75ਵੀਂ ਬਰਸੀ ਨੂੰ ਸਮਰਪਤ ਕੈਲੀਫੋਰਨੀਆ ਨੇ ਝੀਲ ਦਾ ਨਾਮ ਥੋਮਸ ਅਲਵਾ ਐਡੀਸਨ ਰੱਖਿਆ। 1931 ਵਿੱਚ ਨਿਊਯਾਰਕ ਸ਼ਹਿਰ ਦੇ ਹੋਟਲ ਨੇ ਆਪਣਾ ਨਾਮ ਹੋਟਲ ਐਡੀਸਨ ਰੱਖਿਆ। ਐਡੀਸਨ ਦੇ ਨਾਮ ਤੇ ਤਿੰਨ ਪੁੱਲਾਂ ਦਾ ਨਾਮ ਵੀ ਅਮਰੀਕਾ ਵਿਚ ਰੱਖਿਆ ਗਿਆ ਹੈ। ਅਸਮਾਨ ਵਿਚ ਵੀ ਇੱਕ ਉਲਕਾ ਦਾ ਨਾਮ 742 ਐਡੀਸੋਨਾ ਰੱਖਿਆ ਗਿਆ ਹੈ। ਸਭ ਤੋਂ ਮਹਾਨ ਖੋਜਕਰਤਾ ਐਡੀਸਨ ਦੀ ਮੌਤ 18 ਅਕਤੂਬਰ 1931 ਨੂੰ (84 ਸਾਲ ਦੀ ਉਮਰ ਵਿੱਚ) ਹੋਈ।

# ਕਾਨੂੰਨਾਂ ਤੇ ਅਦਾਲਤਾਂ ਰਾਹੀਂ ਪਸਰਦਾ ਭਗਵਾਂ ਫਾਸ਼ੀਵਾਦ ਬਨਾਮ ਬੁੱਧ ਧਰਮ

**ਅਭੈ ਕੁਮਾਰ**

ਭਾਜਪਾ ਅਤੇ ਸੰਘ ਪਰਿਵਾਰ ਦੀ ਆਲੋਚਨਾ ਕਰਨ ਵਾਲੇ ਬੁੱਧੀਜੀਵੀਆਂ ਅਤੇ ਉਨਾਂ ਖ਼ਿਲਾਫ਼ ਖੜੀਆਂ ਰਾਜਨੀਤਕ ਸ਼ਕਤੀਆਂ ਨੂੰ ਇਹ ਸਮਝ ਵਿਚ ਨਹੀਂ ਆ ਰਿਹਾ ਕਿ ਉਹ ਬਨਾਰਸ ਦੇ ਗਿਆਨਵਾਪੀ ਘਟਨਾਕ੍ਰਮ ਜਾਂ ਮਥੁਰਾ ਦੇ ਕ੍ਰਿਸ਼ਨ ਜਨਮ ਅਸਥਾਨ ਨਾਲ ਜੁੜੇ ਵਿਵਾਦਾਂ ਨਾਲ ਕਿਵੇਂ ਨਜਿੱਠਣ? ਉੱਪਰੋਂ ਦੇਖਣ 'ਤੇ ਸਰਕਾਰ ਅਤੇ ਭਾਜਪਾ ਇਨਾਂ ਘਟਨਾਕ੍ਰਮਾਂ 'ਚ ਅਧਿਕਾਰਤ ਤੌਰ 'ਤੇ ਸ਼ਾਮਿਲ ਨਹੀਂ ਹੈ। ਅਯੁੱਧਿਆ ਮਾਮਲੇ 'ਤੇ ਸੁਪਰੀਮ ਕੋਰਟ ਦਾ ਫ਼ੈਸਲਾ ਆਉਣ ਤੋਂ ਬਾਅਦ ਨਰਿੰਦਰ ਮੋਦੀ ਅਤੇ ਮੋਹਨ ਭਾਗਵਤ ਨੇ ਸਪਸ਼ਟ ਤੌਰ 'ਤੇ ਕਿਹਾ ਸੀ ਕਿ ਰਾਮ ਮੰਦਰ ਦੇ ਮਾਮਲੇ ਤੋਂ ਇਲਾਵਾ ਉਨਾਂ ਦੀ ਦਿਲਚਸਪੀ ਹੋਰ ਕਿਸੇ ਧਰਮ ਅਸਥਾਨ ਨਾਲ ਜੁੜੇ ਵਿਵਾਦ 'ਵਿਚ ਨਹੀਂ ਹੈ। ਭਾਵ, ਇਹ ਰਾਜਨੀਤੀ ਅਤੇ ਉਸ ਦੀ ਦਾਅਵੇਦਾਰੀ ਅਯੁੱਧਿਆ ਦੇ ਦਾਇਰੇ ਤੋਂ ਬਾਹਰ ਨਹੀਂ ਜਾਵੇਗੀ। ਹੁਣ ਜਦੋਂ ਇਹ ਦੋਵੇਂ ਘਟਨਾਕ੍ਰਮ ਕਾਨੂੰਨੀ ਜ਼ਮੀਨ 'ਤੇ ਵਾਪਰ ਰਹੇ ਹਨ ਅਤੇ ਸੰਘ ਪਰਿਵਾਰ ਵੱਲੋਂ ਇਹ ਕਿਹਾ ਜਾਣ ਲੱਗਾ ਹੈ ਕਿ ਸਚਾਈ ਸਾਹਮਣੇ ਆਉਣੀ ਚਾਹੀਦੀ ਹੈ, ਤਾਂ ਇਸ ਸੰਭਾਵਨਾ 'ਤੇ ਗ਼ੌਰ ਕਰਨਾ ਜ਼ਰੂਰੀ ਹੈ ਕਿ, ਕੀ ਇਹ ਭਗਵੇਂਵਾਦੀਆਂ ਦੀ ਕੋਈ ਖ਼ਾਸ ਰਣਨੀਤੀ ਤਾਂ ਨਹੀਂ ਹੈ? ਦਰਅਸਲ, ਸਮੱਸਿਆ ਸਿਰਫ਼ ਕਾਸ਼ੀ ਅਤੇ ਮਥੁਰਾ ਤੱਕ ਸੀਮਤ ਨਹੀਂ ਹੈ। ਕੋਈ ਕਹਿੰਦਾ ਹੈ ਕਿ ਇਸ ਤਰਾਂ ਦੇ ਧਾਰਮਿਕ ਵਿਵਾਦ ਦਸ ਹਜ਼ਾਰ ਤੋਂ ਵੱਧ ਹਨ, ਤਾਂ ਕੋਈ ਕਹਿੰਦਾ ਹੈ ਕਿ ਇਨਾਂ ਦੀ ਗਿਣਤੀ ਤੀਹ ਹਜ਼ਾਰ ਜਾਂ ਸੱਠ ਹਜ਼ਾਰ ਤੋਂ ਉੱਪਰ ਹੈ। ਜ਼ਾਹਿਰ ਹੈ ਕਿ ਇਹ ਅਸਮਾਨ ਦਾ ਸਿਰਾ ਲੱਭਣ ਵਾਂਗ ਹੈ। ਜੇਕਰ ਭਗਵੇਂਵਾਦੀ ਚਾਹੁਣ ਤਾਂ ਉਹ ਰਹਿੰਦੀ ਦੁਨੀਆ ਤੱਕ ਇਸ ਤਰਾਂ ਦੇ ਵਿਵਾਦਾਂ ਨੂੰ ਹਵਾ ਦਿੰਦੇ ਰਹਿ ਸਕਦੇ ਹਨ।

ਸਪਸ਼ਟ ਤੌਰ 'ਤੇ ਇਨਾਂ ਮਸਲਿਆਂ 'ਤੇ ਕੋਈ ਲੋਕਪ੍ਰਿਆ ਜਨਤਕ ਲਾਮਬੰਦੀ ਨਹੀਂ ਕੀਤੀ ਜਾ ਰਹੀ। ਇਨਾਂ ਨੂੰ ਚੋਣਾਵੀ ਮੁੱਦਾ ਬਣਾਉਣ ਦੀ ਕੋਸ਼ਿਸ਼ ਨਹੀਂ ਹੈ। ਜੇਕਰ ਹੁੰਦਾ ਤਾਂ ਹਾਲ ਹੀ ਵਿਚ ਹੋਈਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ 'ਚ ਇਨਾਂ ਮੁੱਦਿਆਂ ਨੂੰ ਅਜ਼ਮਾਇਆ ਜਾ ਸਕਦਾ ਸੀ। ਇਹ ਵੀ ਇਕ ਹਕੀਕਤ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਸੰਘ ਪਰਿਵਾਰ ਨੇ ਮੋਦੀ ਸਰਕਾਰ 'ਤੇ ਦਬਾਅ ਪਾਇਆ ਸੀ ਕਿ ਉਹ ਸੰਸਦ ਵਿਚ ਕਾਨੂੰਨ ਬਣਾ ਕੇ ਰਾਮ ਮੰਦਰ ਬਣਵਾਉਣ ਦਾ ਰਾਹ ਪੱਧਰਾ ਕਰਨ। ਸੰਘ ਪਰਿਵਾਰ ਨੇ ਇਸ ਸਵਾਲ 'ਤੇ ਸੁਪਰੀਮ ਕੋਰਟ 'ਤੇ ਦਬਾਅ ਬਣਾਉਣ ਲਈ ਰਾਮ ਲੀਲਾ ਮੈਦਾਨ 'ਚ ਗੋਲਬੰਦੀ ਵੀ ਕੀਤੀ ਸੀ। ਪਰ 2020 ਦੀ ਸ਼ਾਮ ਨਰਿੰਦਰ ਮੋਦੀ ਨੇ ਦਬਾਅ 'ਚ ਆਉਣ ਤੋਂ ਇਨਕਾਰ ਕਰਦਿਆਂ ਕਹਿ ਦਿੱਤਾ ਸੀ ਕਿ ਸੰਸਦ ਇਸ ਮਾਮਲੇ 'ਤੇ ਦਖ਼ਲ ਨਹੀਂ ਦੇਵੇਗੀ। ਇਸ ਨੂੰ ਸਰਬਉੱਚ ਅਦਾਲਤ ਹੀ ਹੱਲ ਕਰੇਗੀ, ਭਾਵੇਂ ਇਸ ਵਿਚ ਕੁਝ ਦੇਰ ਕਿਉਂ ਨਾ ਹੋਵੇ। ਕੁੱਲ ਮਿਲਾ ਕੇ ਇਸ ਸਵਾਲ 'ਤੇ ਪ੍ਰਧਾਨ ਮੰਤਰੀ ਦੀ ਹੀ ਚੱਲੀ। ਸੰਘ ਪਰਿਵਾਰ ਨੇ ਆਪਣਾ ਅੰਦੋਲਨ ਵਾਪਸ ਲੈ ਲਿਆ। ਸਮੀਖਿਅਕਾਂ ਨੇ ਇਸ ਨੂੰ ਭਾਗਵਤ ਉੱਪਰ ਮੋਦੀ ਦੀ ਜਿੱਤ ਦੱਸਿਆ। ਜੋ ਵੀ ਹੋਵੇ, ਇਸ ਘਟਨਾਕ੍ਰਮ ਨਾਲ ਇਹ ਸਥਾਪਤ ਹੋ ਗਿਆ ਹੈ ਕਿ ਇਸ ਤਰਾਂ ਦੇ ਮਾਮਲਿਆਂ 'ਤੇ ਹਿੰਦੂਤਵਵਾਦੀ ਪੱਖ ਅਦਾਲਤਾਂ ਅਤੇ ਧਰਮ-ਨਿਰਪੱਖ ਕਾਨੂੰਨ ਜ਼ਰੀਏ ਜਿੱਤ ਹਾਸਲ ਕਰ ਸਕਦਾ ਹੈ। ਕਿਉਂਕਿ ਇਸ ਸਮੇਂ ਦੇਸ਼ ਵਿਚ ਹਿੰਦੂਤਵਵਾਦੀਆਂ ਦੀ ਹੀ ਸਰਕਾਰ ਹੈ, ਉਸ ਦਾ ਸਿੱਕਾ ਪੂਰੀ ਤਰਾਂ ਜੰਮ ਚੁੱਕਾ ਹੈ ਅਤੇ ਨੇੜ ਭਵਿੱਖ 'ਚ ਚੋਣਾਵੀ ਜ਼ਮੀਨ 'ਤੇ ਉਨਾਂ ਦੀ ਹਾਰ ਹੋਣ ਦੀ ਕੋਈ ਸੰਭਾਵਨਾ ਨਹੀਂ ਦਿਸਦੀ, ਇਸ ਲਈ ਮੋਦੀ ਦੀ ਅਗਵਾਈ 'ਚ ਭਾਜਪਾ ਅਤੇ ਭਾਗਵਤ ਦੀ ਅਗਵਾਈ 'ਚ ਸੰਘ ਅਜਿਹੇ ਵਿਵਾਦਾਂ 'ਤੇ ਰਾਜਨੀਤਕ ਗੋਲਬੰਦੀ ਕਰਨ ਤੋਂ ਪਰਹੇਜ਼ ਕਰਦੇ ਹੋਏ ਦਿਖਾਈ ਦੇ ਰਹੇ ਹਨ। ਉਨਾਂ ਦਾ ਧਿਆਨ ਇਨਾਂ ਸਵਾਲਾਂ ਨੂੰ ਅਦਾਲਤ ਅਤੇ ਕਾਨੂੰਨ ਰਾਹੀਂ ਨਿਪਟਾਉਣ 'ਤੇ ਪ੍ਰਤੀਤ ਹੋ ਰਿਹਾ ਹੈ। ਚੇਤੇ ਰਹੇ ਕਿ ਨਾ ਤਾਂ ਅਦਾਲਤਾਂ ਨੂੰ ਧਾਰਮਿਕ ਸ਼੍ਰੇਣੀ 'ਚ ਪਾਇਆ ਜਾ ਸਕਦਾ ਹੈ ਅਤੇ ਨਾ ਹੀ ਕਾਨੂੰਨ ਨੂੰ। ਰਸਮੀ ਤੌਰ 'ਤੇ ਕਹੀਏ ਤਾਂ ਇਹ ਦੋਵੇਂ ਧਰਮ-ਨਿਰਪੱਖ ਜਾਂ ਗ਼ੈਰ-ਧਾਰਮਿਕ ਸ਼੍ਰੇਣੀ 'ਚ ਹੀ ਆਉਂਦੇ ਹਨ। ਪਰ ਹਿੰਦੂਤਵਵਾਦੀ ਧਿਰਾਂ ਨੂੰ ਪੱਕਾ ਭਰੋਸਾ ਹੈ ਕਿ ਅਖੀਰ ਅਦਾਲਤ ਅਤੇ ਕਾਨੂੰਨ ਵੱਲੋਂ ਉਨਾਂ ਦੀ ਗੱਲ ਹੀ ਸਹੀ ਮੰਨੀ ਜਾਵੇਗੀ। ਉਨਾਂ ਦਾ ਇਹ ਵਿਸ਼ਵਾਸ ਐਵੇਂ ਹੀ ਨਹੀਂ ਹੈ। ਇਸ ਦੇ ਪਿੱਛੇ ਇਕ ਇਤਿਹਾਸਕ ਬਿਰਤਾਂਤ ਹੈ। ਇਕ ਅਜਿਹਾ ਇਤਿਹਾਸ ਜਿਸ ਤਹਿਤ ਹਿੰਦੂਤਵਵਾਦੀ ਰਾਜਨੀਤੀ ਅਤੇ ਵਿਚਾਰਧਾਰਾ ਦਾ ਧੁਰਾ ਧਰਮ-ਨਿਰਪੱਖ ਕਾਨੂੰਨ ਦੁਆਰਾ ਕੀਤੀਆਂ ਗਈਆਂ ਪ੍ਰਕਿਰਿਆਵਾਂ ਦੀ ਪੁਸ਼ਟੀ ਕਰਦਾ ਪ੍ਰਤੀਤ ਹੁੰਦਾ ਹੈ। ਵਿਧੀ ਦਾ ਖੇਤਰ ਕਿਸ ਤਰਾਂ ਹਿੰਦੂ ਬਹੁਗਿਣਤੀ ਨੂੰ ਬਹੁਗਿਣਤੀ ਵਾਦੀ ਦਾ ਰੂਪ ਦਿੰਦਾ ਹੈ, ਇਸ ਦਾ ਇਕ ਬਹੁਤ ਵੱਡਾ ਸਬੂਤ ਅਯੁੱਧਿਆ ਘਟਨਾਕ੍ਰਮ ਨਾਲ ਜੁੜੇ ਮੁਕੱਦਮਿਆਂ ਨਾਲ ਹੀ ਮਿਲ ਸਕਦਾ ਹੈ। ਰਤਨਾ ਕਪੂਰ ਨੇ ਆਪਣੀਆਂ ਦੋ ਵਿਸ਼ਲੇਸ਼ਣਾਤਮਿਕ ਰਚਨਾਵਾਂ ਵਿਚ ਦਿਖਾਇਆ ਹੈ ਕਿ ਭਾਰਤੀ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਦੇ ਕਈ ਫ਼ੈਸਲੇ ਸੱਠ ਦੇ ਦਹਾਕੇ ਤੋਂ ਬਾਅਦ ਤੋਂ ਹੀ ਦੋ ਰਸਤੇ ਖੋਲਦੇ ਹੋਏ ਦਿਖਾਈ ਦਿੰਦੇ ਹਨ: ਪਹਿਲਾ, ਉਹ ਹਿੰਦੂ ਧਰਮ ਨੂੰ ਇਕ ਸਮਰੂਪ ਅਧਿਆਤਮ ਕਾਨੂੰਨ ਤਹਿਤ ਪਰਿਭਾਸ਼ਤ ਕਰਨ ਦੀਆਂ ਗੁੰਜਾਇਸ਼ਾਂ ਬਣਾਉਂਦੇ ਹਨ ਅਤੇ ਅਯੁੱਧਿਆ ਘਟਨਾਕ੍ਰਮ ਆਉਂਦੇ-ਆਉਂਦੇ ਇਹ ਪ੍ਰਕਿਰਿਆ ਆਪਣੇ ਸਿਖਰ 'ਤੇ ਪਹੁੰਚ ਕੇ ਹਿੰਦੂਤਵਵਾਦੀ ਦਾਅਵੇਦਾਰੀ ਨੂੰ ਮਜ਼ਬੂਤ ਕਰਦੀ ਦਿਸਦੀ ਹੈ। ਦੂਜਾ, ਸਾਡੀਆਂ ਉੱਚ ਅਦਾਲਤਾਂ ਧਰਮ ਦੀ ਸੁਤੰਤਰਤਾ ਦੇ ਸਵਾਲ 'ਤੇ ਹੋਣ ਵਾਲੀ ਬਹਿਸ 'ਚ ਜਾਣੇ-ਅਨਜਾਣੇ ਹਿੰਦੂਤਵਵਾਦੀ ਏਜੰਡੇ ਨੂੰ ਮਜ਼ਬੂਤ ਕਰਦੀਆਂ ਹਨ। ਬਹੁਚਰਚਿਤ ਹਿੰਦੂਤਵ ਮੁਕੱਦਮਿਆਂ 'ਚ ਉਹ 'ਹਿੰਦੂਤਵ' ਅਤੇ 'ਹਿੰਦੂ ਧਰਮ' ਵਿਚਾਲੇ ਫ਼ਰਕ ਕਰਨ ਤੋਂ ਇਨਕਾਰ ਕਰਦੀਆਂ ਹਨ ਅਤੇ ਫਿਰ ਅਯੁੱਧਿਆ ਦੇ ਮਸਲੇ 'ਤੇ ਹਿੰਦੂਤਵਵਾਦੀ ਪੱਖ ਦੀ ਇਹ ਦਲੀਲ ਮੰਨ ਲੈਂਦੀਆਂ ਹਨ ਕਿ ਹਿੰਦੂਆਂ ਲਈ ਧਾਰਮਿਕ ਸੁਤੰਤਰਤਾ ਦਾ ਮਤਲਬ ਪੂਜਾ-ਅਰਚਨਾ ਦੀ ਨਿੱਜੀ ਸੁਤੰਤਰਤਾ ਹੀ ਨਹੀਂ ਹੈ, ਸਗੋਂ ਇਕ ਖ਼ਾਸ ਥਾਂ 'ਤੇ ਸਮੂਹਿਕ ਤੌਰ 'ਤੇ ਪੂਜਾ ਕਰਨ ਦਾ ਅਧਿਕਾਰ ਵੀ ਉਨਾਂ ਦੇ ਧਰਮ ਦਾ ਜ਼ਰੂਰੀ ਅੰਗ ਹੈ। ਖ਼ਾਸ ਗੱਲ ਇਹ ਹੈ ਕਿ ਘੱਟ-ਗਿਣਤੀ ਭਾਈਚਾਰਿਆਂ ਦੇ ਸੰਦਰਭ 'ਚ ਹਿੰਦੂਤਵ ਦੀ ਅਪੀਲ ਇਹ ਹੁੰਦੀ ਹੈ ਕਿ ਧਾਰਮਿਕ ਸੁਤੰਤਰਤਾ ਦਾ ਅਧਿਕਾਰ ਸਮੂਹਿਕ ਨਹੀਂ ਸਗੋਂ ਨਿੱਜੀ ਹੋਣਾ ਚਾਹੀਦਾ ਹੈ। ਭਾਜਪਾ ਆਪਣੇ ਸੰਵਿਧਾਨ 'ਚ ਧਾਰਮਿਕ ਸੁਤੰਤਰਤਾ ਦੀ ਪਰਿਭਾਸ਼ਾ ਇਸੇ ਤਰਾਂ ਨਾਲ ਕਰਦੀ ਹੈ, ਪਰ ਅਯੁੱਧਿਆ ਮਾਮਲੇ 'ਤੇ ਉਸ ਪੱਖੀ ਧਿਰਾਂ ਆਪਣਾ ਰਵੱਈਆ ਬਦਲ ਕੇ ਸਮੂਹਿਕ ਤੌਰ 'ਤੇ ਪੂਜਾ ਕਰਨ ਦੇ ਅਧਿਕਾਰ ਦੀ ਹਮਾਇਤ ਕਰਨ ਲਗਦੀਆਂ ਹਨ। ਇਸ ਤਬਦੀਲੀ 'ਤੇ ਸਵਾਲੀਆ ਨਿਸ਼ਾਨ ਲੱਗਣ ਦੀ ਬਜਾਏ ਕਾਨੂੰਨ ਹਿੰਦੂਤਵਵਾਦੀ ਹੱਥਾਂ 'ਚ ਖੇਡਦਾ ਨਜ਼ਰ ਆਉਂਦਾ ਹੈ।



ਇਹ ਉਦਾਹਰਨ ਕਾਸ਼ੀ ਅਤੇ ਮਥੁਰਾ ਦੇ ਵਿਵਾਦਾਂ ਨਾਲ ਸਿੱਧੀ ਜੁੜਦੀ ਹੈ, ਪਰ ਜੇਕਰ ਅਸੀਂ ਆਪਣੀ ਸਲਾਹ ਨੂੰ ਇੱਥੋਂ ਤੱਕ ਹੀ ਸੀਮਤ ਰੱਖਾਂਗੇ ਤਾਂ ਪੂਰੀ ਗੱਲ ਸਮਝ 'ਚ ਨਹੀਂ ਆਵੇਗੀ। ਮਸਲਾ ਬਹੁਤ ਗੁੰਝਲਦਾਰ ਹੈ, ਜਿਵੇਂ ਡਾ. ਭੀਮ ਰਾਓ ਅੰਬੇਡਕਰ ਕਿਸੇ ਵੀ ਮਾਅਨੇ ਵਿਚ ਹਿੰਦੂ ਰਾਸ਼ਟਰਵਾਦੀ ਨਹੀਂ ਸਨ, ਪਰ ਕਾਨੂੰਨ ਮੰਤਰੀ ਦੇ ਤੌਰ 'ਤੇ ਉਨਾਂ ਦੇ ਬਣਾਏ ਗਏ ਹਿੰਦੂ ਵਿਆਹ ਕਾਨੂੰਨ ਕਾਰਨ ਹਿੰਦੂਤਤਵਾਦੀਆਂ ਨੂੰ ਅੱਜ 'ਹਿੰਦੂ' ਦਾਇਰੇ ਦਾ ਜ਼ਬਰਦਸਤ ਵਿਸਥਾਰ ਕਰਨ ਦਾ ਮੌਕਾ ਮਿਲ ਗਿਆ ਹੈ। ਸਾਵਰਕਰ ਦਾ ਇਹ ਸਿਧਾਂਤ ਕਿ ਜਿਨਾਂ ਦੀ ਜਨਮ ਭੂਮੀ ਅਤੇ ਪਿਤਰ ਭੂਮੀ ਭਾਰਤ ਹੈ, ਉਹ ਸਾਰੇ ਹਿੰਦੂ ਹਨ ਇਹ ਹਿੰਦੂ ਹੋਣ ਦੀ ਕਾਨੂੰਨੀ ਪਰਿਭਾਸ਼ਾ 'ਚ ਸਾਕਾਰ ਹੁੰਦੀ ਹੋਈ ਦਿੱਖ ਰਹੀ ਹੈ। 1955 ਦੇ ਹਿੰਦੂ ਵਿਆਹ ਕਾਨੂੰਨ ਅਤੇ 1956 ਦੇ ਹਿੰਦੂ ਉੱਤਰਾਧਿਕਾਰ ਕਾਨੂੰਨ ਦੇ ਦਾਇਰੇ 'ਚ ਨਾ ਸਿਰਫ਼ ਖ਼ੁਦ ਨੂੰ ਸਨਾਤਨੀ, ਆਰੀਆ ਸਮਾਜੀ, ਵੈਸ਼ਨਵ, ਸ਼ਾਸਤ, ਸ਼ੈਵ ਮੰਨਣ ਵਾਲਿਆਂ ਦੇ ਨਾਲ-ਨਾਲ ਦਵਿੱਜ ਅਤੇ ਸ਼ੂਦਰ ਜਾਤੀਆਂ ਵੀ ਆਉਂਦੀਆਂ ਹਨ, ਸਗੋਂ ਇਸ ਦਾਇਰੇ ਵਿਚ ਸਾਰੀਆਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਵੀ ਆਉਂਦੀਆਂ ਹਨ। ਸਿਰਫ਼ ਏਨਾ ਹੀ ਨਹੀਂ ਇਹ ਦਾਇਰਾ ਬੋਧੀਆਂ, ਜੈਨੀਆਂ ਅਤੇ ਸਿੱਖਾਂ ਨੂੰ ਵੀ ਆਪਣੇ ਕਲਾਵੇ 'ਚ ਲੈ ਲੈਂਦਾ ਹੈ। ਇਨਾਂ ਗ਼ੈਰ-ਹਿੰਦੂ ਧਰਮਾਂ (ਜਿਨਾਂ ਦੀ ਜਨਮ ਭੂਮੀ ਅਤੇ ਪਿਤਰ ਭੂਮੀ ਭਾਰਤ ਹੈ) ਦਾ ਪਰਿਵਾਰਕ ਜੀਵਨ ਹਿੰਦੂ ਕਾਨੂੰਨ ਨਾਲ ਹੀ ਸੰਚਾਲਿਤ ਹੁੰਦਾ ਹੈ।

ਇੱਥੇ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਡਾ. ਅੰਬੇਡਕਰ ਨੇ ਇਸ ਵਿਸ਼ੇ 'ਤੇ ਕੀ ਕਿਹਾ ਸੀ: 'ਜਦੋਂ ਕਾਨੂੰਨ ਮੰਤਰੀ ਡਾ. ਅੰਬੇਡਕਰ ਨੇ ਪਹਿਲੀ ਵਾਰ 1951 'ਚ ਹਿੰਦੂ ਕੋਡ ਬਿੱਲ ਪੇਸ਼ ਕੀਤਾ ਤਾਂ ਸਿੱਖਾਂ ਦੇ ਬੁਲਾਰੇ ਸਰਦਾਰ ਹੁਕਮ ਸਿੰਘ ਨੇ ਉਸ ਬਿੱਲ ਨੂੰ 'ਹਿੰਦੂਆਂ ਵੱਲੋਂ ਸਿੱਖਾਂ ਨੂੰ ਵੀ ਆਪਣੇ ਕਲਾਵੇ 'ਚ ਸਮਾ ਲੈਣ ਵਾਲੀ ਸ਼ੱਕੀ ਕੋਸ਼ਿਸ਼ ਦੇ ਰੂਪ 'ਚ ਦੇਖਿਆ'। ਇਸ 'ਤੇ ਡਾ. ਅੰਬੇਡਕਰ ਦਾ ਜਵਾਬ ਸੀ: 'ਸਿੱਖਾਂ, ਬੋਧੀਆਂ ਅਤੇ ਜੈਨੀਆਂ 'ਤੇ ਹਿੰਦੂ ਕੋਡ ਲਾਗੂ ਕਰਨਾ ਇਕ ਇਤਿਹਾਸਕ ਵਿਕਾਸ ਕ੍ਰਮ ਦਾ ਨਤੀਜਾ ਹੈ ਅਤੇ ਇਸ 'ਤੇ ਸਮਾਜ ਸ਼ਾਸਤਰੀ ਨਜ਼ਰੀਏ ਨਾਲ ਇਤਰਾਜ਼ ਬਹੁਤ ਦੇਰ ਨਾਲ ਕੀਤਾ ਜਾ ਰਿਹਾ ਹੈ। ਜਦੋਂ ਬੁੱਧ ਨੇ ਵੈਦਿਕ ਬ੍ਰਾਹਮਣਾਂ ਨਾਲ ਅਸਹਿਮਤੀ ਜਤਾਈ ਸੀ ਤਾਂ ਉਨਾਂ ਨੇ ਅਜਿਹਾ ਸਿਰਫ਼ ਧਰਮਸਾਰ (ਕਰੀਡ) ਦੇ ਸੰਦਰਭ 'ਚ ਕੀਤਾ ਸੀ। ਉਨਾਂ ਨੇ ਹਿੰਦੂ ਕਾਨੂੰਨੀ ਢਾਂਚੇ ਨੂੰ ਓਵੇਂ ਦਾ ਓਵੇਂ ਹੀ ਰਹਿਣ ਦਿੱਤਾ ਸੀ। ਉਨਾਂ ਨੇ ਆਪਣੇ ਪੈਰੋਕਾਰਾਂ ਲਈ ਵੱਖਰੇ ਤੌਰ 'ਤੇ ਕਾਨੂੰਨ ਦਾ ਪਰਿਵਰਤਨ ਨਹੀਂ ਕੀਤਾ। ਮਹਾਂਵੀਰ ਅਤੇ ਦਸ ਸਿੱਖ ਗੁਰੂਆਂ ਦੇ ਮਾਮਲੇ 'ਚ ਵੀ ਅਜਿਹਾ ਹੀ ਮੰਨਿਆ ਜਾ ਰਿਹਾ ਹੈ। 1830 ਵਿਚ ਪ੍ਰਿਵੀ ਕਾਊਂਸਿਲ ਨੇ ਵੀ ਫ਼ੈਸਲਾ ਦਿੱਤਾ ਸੀ ਕਿ ਸਿੱਖ ਹਿੰਦੂ ਕਾਨੂੰਨ ਨਾਲ ਹੀ ਸ਼ਾਸਿਤ ਹੋਣਗੇ।'

ਇਹੀ ਕਾਰਨ ਹੈ ਕਿ ਅੰਬੇਡਕਰ ਦੇ ਨਵ-ਬੋਧੀ ਪੈਰੋਕਾਰਾਂ ਨੇ ਧਰਮ-ਪਰਿਵਰਤਨ ਤੋਂ ਬਾਅਦ ਹਿੰਦੂ ਹੋਣ ਦੀ ਕਾਨੂੰਨ ਸ਼੍ਰੇਣੀ 'ਤੇ ਕਦੇ ਕੋਈ ਵੀ ਇਤਰਾਜ਼ ਨਹੀਂ ਕੀਤਾ। ਇਸ ਦੇ ਪਿੱਛੇ ਦੀ ਸਿਆਸਤ ਨੂੰ ਵੀ ਸਮਝਣ ਦੀ ਜ਼ਰੂਰਤ ਹੈ। ਨਵ-ਬੋਧੀਆਂ ਨੂੰ ਅੱਸੀ ਦੇ ਦਹਾਕੇ ਤੱਕ ਅਨੁਸੂਚਿਤ ਜਾਤੀ ਦਾ ਦਰਜਾ ਪ੍ਰਾਪਤ ਨਹੀਂ ਸੀ ਅਤੇ ਨਾ ਹੀ ਉਨਾਂ ਨੂੰ ਰਾਖਵਾਂਕਰਨ ਦੇ ਲਾਭ ਮਿਲਦੇ ਸਨ। ਸਿੱਖ ਧਰਮ ਸਵੀਕਾਰ ਕਰਨ ਵਾਲੇ ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਪੰਜਾਹ ਦੇ ਦਹਾਕੇ ਤੋਂ ਹੀ ਰਾਖਵਾਂਕਰਨ ਦੇ ਲਾਭ ਮਿਲ ਰਹੇ ਸਨ। ਇਹ ਇਕ ਅਜਿਹੀ ਉਦਾਹਰਨ ਸੀ, ਜਿਸ ਨਾਲ ਬੋਧੀ ਬਣੇ ਅੰਬੇਡਕਰ ਦੇ ਪੈਰੋਕਾਰਾਂ ਨੂੰ ਉਮੀਦ ਬੱਝੀ ਰਹਿੰਦੀ ਸੀ ਕਿ ਅਖੀਰ ਉਨਾਂ ਨੂੰ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਕਰ ਲਿਆ ਜਾਵੇਗਾ। ਦੇਰ ਨਾਲ ਸਹੀ, ਪਰ ਹੋਇਆ ਇਸੇ ਤਰਾਂ ਹੀ। ਨੱਬੇ ਦੇ ਦਹਾਕੇ ਵਿਚ ਸੰਵਿਧਾਨ 'ਚ ਸੋਧ ਕਰਕੇ ਉਨਾਂ ਨੂੰ ਅਨੁਸੂਚਿਤ ਜਾਤੀ ਮੰਨ ਕੇ ਰਾਖਵਾਂਕਰਨ ਦੇਣ ਦਾ ਫ਼ੈਸਲਾ ਕੀਤਾ ਗਿਆ। ਅਜਿਹਾ ਕਰਦਿਆਂ ਹੀ ਕਾਨੂੰਨੀ ਤੌਰ 'ਤੇ ਉਨਾਂ ਦੀ ਸ਼ਮੂਲੀਅਤ ਹਿੰਦੂ ਜਾਤੀਆਂ ਵਿਚ ਹੋ ਗਈ, ਜਿਨਾਂ ਬਾਰੇ ਮੰਨਿਆ ਜਾਂਦਾ ਹੈ ਕਿ ਉਨਾਂ 'ਤੇ ਪਰੰਪਰਾ ਨੇ ਅਣਚਾਹੇ ਪੇਸ਼ੇ ਥੋਪ ਦਿੱਤੇ ਸਨ। ਇਸੇ ਤਰਾਂ ਨਵ-ਬੋਧੀਆਂ ਨੇ ਕਾਨੂੰਨੀ ਨਜ਼ਰੀਏ ਨਾਲ ਹਿੰਦੂ ਹੋਣਾ ਸਵੀਕਾਰ ਕਰਕੇ ਧਰਮ ਪਰਿਵਰਤਨ ਦੇ ਬਾਵਜੂਦ ਹਿੰਦੂ ਦਾਇਰੇ ਵਿਚ ਆਪਣਾ ਰਲੇਵਾਂ ਹੋਣ ਦਿੱਤਾ।

ਇਹ ਜਾਣਨਾ ਵੀ ਦਿਲਚਸਪ ਹੈ ਕਿ ਖ਼ੁਦ ਅੰਬੇਡਕਰ ਨੇ ਇਸਲਾਮ ਅਤੇ ਈਸਾਈ ਧਰਮ ਅਪਣਾਉਣ ਦੇ ਪ੍ਰਸਤਾਵ ਨੂੰ ਠੁਕਰਾਉਂਦਿਆਂ ਬੁੱਧ ਧਰਮ ਚੁਣਨ ਤੋਂ ਬਾਅਦ ਕੀ ਕਿਹਾ ਸੀ? ਉਨਾਂ ਦੇ ਜੀਵਨੀਕਾਰ ਧਨੰਜੈ ਕੀਰ ਉਨਾਂ ਦੇ ਇਸ ਕਥਨ ਦਾ ਹਵਾਲਾ ਦਿੰਦੇ ਹਨ: 'ਮੈਂ ਦੇਸ਼ ਲਈ ਸਭ ਤੋਂ ਘੱਟ ਹਾਨੀਕਾਰਕ ਰਸਤੇ ਦੀ ਚੋਣ ਕਰਾਂਗਾ। ਬੁੱਧ ਧਰਮ ਅਪਣਾ ਕੇ ਮੈਂ ਦੇਸ਼ ਦਾ ਸਭ ਤੋਂ ਜ਼ਿਆਦਾ ਭਲਾ ਕਰ ਰਿਹਾ ਹਾਂ, ਕਿਉਂਕਿ ਬੁੱਧ ਧਰਮ ਭਾਰਤੀ ਸੱਭਿਆਚਾਰ ਦਾ ਹੀ ਹਿੱਸਾ ਹੈ। ਮੈਂ ਧਿਆਨ ਰੱਖਿਆ ਹੈ ਕਿ ਮੇਰੇ ਧਰਮ ਪਰਿਵਰਤਨ ਨਾਲ ਇਸ ਧਰਤੀ ਦੇ ਸੱਭਿਆਚਾਰ ਅਤੇ ਇਤਿਹਾਸ ਨੂੰ ਕੋਈ ਨੁਕਸਾਨ ਨਾ ਪਹੁੰਚੇ।' ਯਕੀਨੀ ਤੌਰ 'ਤੇ ਅੰਬੇਡਕਰ ਦੇ ਇਸ ਬਿਆਨ ਦਾ ਘੱਟ ਤੋਂ ਘੱਟ ਇਕ ਮਤਲਬ ਤਾਂ ਇਹ ਕੱਢਿਆ ਹੀ ਜਾ ਸਕਦਾ ਹੈ ਕਿ ਇਸਲਾਮ ਅਤੇ ਈਸਾਈਅਤ ਦੇ ਭਾਰਤੀ ਧਰਮ ਨਾ ਹੋਣ ਦੇ ਸਾਵਰਕਰ ਦੇ ਸੂਤਰੀਕਰਨ 'ਤੇ ਉਨਾਂ ਨੂੰ ਕੋਈ ਇਤਰਾਜ਼ ਨਹੀਂ ਸੀ। ਕਾਨੂੰਨੀ ਤੌਰ 'ਤੇ ਹਿੰਦੂ ਦਾਇਰੇ ਵਿਚ ਜਿਵੇਂ ਹੀ ਹਿੰਦੂ ਪਰੰਪਰਾ ਵਿਰੁੱਧ ਵਿਦਰੋਹ ਕਰਨ ਵਾਲੇ ਧਾਰਮਿਕ ਭਾਈਚਾਰੇ ਆਉਂਦੇ ਹਨ, ਉਵੇਂ ਹੀ ਹਿੰਦੂ ਬਹੁਮਤ ਦੀ ਰਚਨਾ-ਪ੍ਰਕਿਰਿਆ ਹੋਰ ਮਜ਼ਬੂਤ ਹੋ ਜਾਂਦੀ ਹੈ। ਆਜ਼ਾਦ ਭਾਰਤ 'ਚ ਧਰਮ ਅਤੇ ਕਾਨੂੰਨੀ ਗੱਲਬਾਤਾਂ ਦਾ ਅਧਿਐਨ ਕਰਨ ਵਾਲੇ ਦੋ ਵਿਦਵਾਨਾਂ ਅਨੁਸਾਰ ਸੰਵਿਧਾਨ ਦੀ ਭਾਸ਼ਾ ਅਤੇ ਬਾਅਦ 'ਚ ਬਣੇ ਕਾਨੂੰਨਾਂ ਦੀ ਭਾਸ਼ਾ 'ਤੇ ਜੇਕਰ ਗ਼ੌਰ ਕੀਤਾ ਜਾਵੇ ਤਾਂ ਭਾਰਤ ਦੀ ਸਰਕਾਰ ਨੇ ਹਿੰਦੂ ਹੋਣ ਦੀ ਪਰਿਭਾਸ਼ਾ ਉਹੀ ਮੰਨੀ ਹੈ, ਜੋ ਸਾਵਰਕਰ ਨੇ ਦਿੱਤੀ ਹੈ: ਹਿੰਦੂ ਉਹ ਹੈ, ਜੋ ਭਾਰਤ 'ਚ ਜਨਮੇ ਧਰਮਾਂ ਦਾ ਪੈਰੋਕਾਰ ਹੈ।

ਇਸ ਤਰਾਂ ਹਿੰਦੂ ਹੋਣ ਦੀਆਂ ਦੋ ਪਰਿਭਾਸ਼ਾਵਾਂ ਸਾਹਮਣੇ ਆਉਂਦੀਆਂ ਹਨ: ਇਕ ਉਹ ਜੋ ਧਰਮ ਪੱਖੋਂ ਹਿੰਦੂ ਹੈ ਅਤੇ ਇਕ ਉਹ ਜੋ ਕਾਨੂੰਨਨ ਹਿੰਦੂ ਹੈ।

ਜਿਸ ਹਿੰਦੂ ਬਹੁਮਤ ਦੀ ਅਪੀਲ ਸੰਘ ਪਰਿਵਾਰ ਕਰਦਾ ਹੈ, ਉਸ ਨੂੰ ਬਣਾਉਣ ਵਿਚ ਕਿਸ ਤਰਾਂ ਭਾਰਤ ਦੇ ਉਦਾਰਵਾਦੀ ਲੋਕਤੰਤਰ ਦਾ ਹੱਥ ਹੈ, ਇਸ ਨੂੰ ਸਮਾਜ ਸ਼ਾਸਤਰੀ ਦੀਪੰਕਰ ਗੁਪਤਾ ਨੇ ਇਸ ਤਰਾਂ ਦੱਸਿਆ ਹੈ: 'ਜਿਸ ਨੂੰ ਅਸੀਂ ਹਿੰਦੂ 'ਬਹੁਮਤ' ਕਹਿੰਦੇ ਹਾਂ, ਉਹ ਦਰਅਸਲ ਆਜ਼ਾਦੀ ਤੋਂ ਬਾਅਦ ਬਣੇ ਇਨਾਂ ਕਾਨੂੰਨਾਂ ਦੀ ਦੇਣ ਹੈ। ਇਨਾਂ ਦੇ ਬਣਨ ਤੋਂ ਪਹਿਲਾਂ ਨਾ ਸਿਰਫ਼ ਵਿਆਹ, ਸਗੋਂ ਉੱਤਰਾਧਿਕਾਰ ਅਤੇ ਸਰਪ੍ਰਸਤੀ ਦੇ ਮਾਪਦੰਡ ਭਾਰਤ 'ਚ ਇਕ ਥਾਂ ਤੋਂ ਦੂਜੀ ਥਾਂ ਅਤੇ ਇਕ ਭਾਈਚਾਰੇ ਦੇ ਦੂਜੇ ਭਾਈਚਾਰੇ ਨਾਲੋਂ ਵੱਖ ਹੁੰਦੇ ਸਨ। ਕਿਤੇ ਉੱਤਰਾਧਿਕਾਰ ਵਿਰਾਸਤ (ਮਿਤਾਕਸ਼ਰਾ) ਪ੍ਰਣਾਲੀ ਨਾਲ ਤੈਅ ਹੁੰਦਾ ਸੀ ਤਾਂ ਕਿਤੇ ਦਿਆਂ ਭਾਗ ਨਾਲ ਅਤੇ ਇਨਾਂ 'ਚੋਂ ਹਰ ਪ੍ਰਣਾਲੀ ਦੇ ਕੋਲ ਵੱਖ-ਵੱਖ ਵਿਚਾਰਕ ਸੰਪਰਦਾਵਾਂ ਸਨ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਈ ਮਾਤਰਵੰਸ਼ੀ ਭਾਈਚਾਰਿਆਂ ਨੂੰ ਵੀ ਇਸ ਨਵੇਂ ਬਣੇ ਇਕ ਸਮਾਨ ਮਾਪਦੰਡ ਨੂੰ ਸਵੀਕਾਰ ਕਰਨਾ ਪਿਆ। ਪੰਜਾਹ ਦੇ ਦਹਾਕੇ ਦੇ ਮੱਧ ਤੋਂ ਪਹਿਲਾਂ ਹਿੰਦੂ ਜੇਕਰ ਵੱਖ-ਵੱਖ ਤਰਾਂ ਦੇ ਰੀਤੀ-ਰਿਵਾਜਾਂ ਦੇ ਨਾਲ ਵੰਡੇ ਹੋਏ ਨਹੀਂ ਸਨ ਤਾਂ ਹੋਰ ਕੀ ਸਨ? ਅੱਜ ਜਿਸ ਭਾਈਚਾਰੇ ਨੂੰ ਅਸੀਂ ਵਿਸ਼ਾਲ 'ਬਹੁਮਤ' ਮੰਨਦੇ ਹਾਂ, ਉਹ ਇਨਾਂ ਕਾਨੂੰਨਾਂ ਦੀ ਦੇਣ ਹੈ ਅਤੇ ਇਨਾਂ ਤੋਂ ਪਹਿਲਾਂ ਉਸ ਦਾ ਵਜੂਦ ਨਹੀਂ ਸੀ। ਦੂਜੇ ਸ਼ਬਦਾਂ 'ਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ 'ਬਹੁਮਤ' ਉਦਾਰਤਾਵਾਦੀ ਲੋਕਤੰਤਰ ਦੀ ਰਚਨਾ ਹੈ। ਸੰਵਿਧਾਨ ਦੀ ਚੌਕਸ ਨਜ਼ਰ ਤਹਿਤ ਬਹੁਤ ਸਾਰੇ ਧਰਮ ਮਿਲ ਕੇ ਇਕ ਹੋ ਗਏ ਹਨ।

ਦੀਪੰਕਰ ਗੁਪਤਾ ਦੇ ਇਸ ਨਿਰੀਖਣ ਅਤੇ ਅੰਬੇਡਕਰ ਅਤੇ ਸਰਦਾਰ ਹੁਕਮ ਸਿੰਘ ਵਿਚਾਲੇ ਹੋਈ ਬਹਿਸ ਦਾ ਸਬੂਤ ਸਾਨੂੰ ਕੁਮਕੁਮ ਸੰਗਾਰੀ ਵੱਲੋਂ ਬਹੁ-ਸੱਭਿਆਚਾਰਵਾਦ ਉੱਤੇ ਪ੍ਰਗਟਾਏ ਵਿਚਾਰਾਂ ਤੋਂ ਮਿਲਦਾ ਹੈ। ਉਹ ਧਿਆਨ ਦਿਵਾਉਂਦੀ ਹੈ ਕਿ ਧਾਰਮਿਕ ਬਹੁਗਿਣਤੀ ਨੂੰ ਬੁਲੰਦ ਕਰਨ ਦੇ ਨਾਂਅ 'ਤੇ ਬਣੇ ਕਾਨੂੰਨਾਂ ਨੇ ਕਿਸ ਤਰਾਂ ਧਰਮਾਂ, ਖ਼ਾਸਕਰ ਹਿੰਦੂਆਂ ਦੇ ਸਮਰੂਪੀ ਕਰਨ ਦਾ ਰਾਹ ਪੱਧਰ ਕੀਤਾ ਹੈ ਅਤੇ ਇਸ ਨਾਲ ਜੋ ਨਤੀਜਾ ਨਿਕਲਿਆ ਹੈ, ਉਹ ਆਪਣੇ ਕਿਰਦਾਰ 'ਚ ਬਿਲਕੁਲ ਹਿੰਦੂਤਵ ਵਰਗਾ ਹੀ ਲਗਦਾ ਹੈ। ਸੰਗਾਰੀ ਅਨੁਸਾਰ ਧਾਰਮਿਕ ਸਮੂਹਾਂ ਨੂੰ ਨਿਯਮਿਤ ਕਰਨ ਵਾਲੇ ਉਨਾਂ ਵਿਆਹ ਕਾਨੂੰਨਾਂ 'ਤੇ ਗ਼ੌਰ ਕਰੋ, ਜਿਨਾਂ ਨੂੰ ਧਾਰਮਿਕ ਬਹੁਲਤਾਵਾਦ ਦੀ ਮਿਸਾਲ ਮੰਨਿਆ ਜਾਂਦਾ ਹੈ। ਹਕੀਕਤ 'ਚ ਇਨਾਂ ਕਾਨੂੰਨਾਂ ਨੇ ਪੰਜ ਤੈਅਸ਼ੁਦਾ ਧਾਰਮਿਕ ਪਛਾਣਾਂ ਦਾ ਸਮਰੂਪੀਕਰਨ ਕਰਨ 'ਚ ਮਦਦ ਕੀਤੀ ਹੈ। ਇਹ ਹਨ ਹਿੰਦੂ, ਇਸਲਾਮਿਕ, ਈਸਾਈ, ਯਹੂਦੀ ਅਤੇ ਪਾਰਸੀ। ਹਿੰਦੂ ਵਿਆਹ ਕਾਨੂੰਨ ਨੇ ਤਾਂ ਅਗਿਆਨੀਆਂ, ਅਧੂਰੇ ਰੂਪ 'ਚ ਧਰਮ ਬਦਲਣ ਵਾਲਿਆਂ, ਨਾਸਤਿਕਾਂ ਜਾਂ ਖ਼ੁਦ ਨੂੰ ਹਿੰਦੂ ਦੀ ਤਰਾਂ ਪਰਿਭਾਸ਼ਤ ਕਰਨਾ ਨਾ ਪਸੰਦ ਕਰਨ ਵਾਲਿਆਂ ਲਈ ਦਰਵਾਜ਼ੇ ਪੂਰੀ ਤਰਾਂ ਨਾਲ ਬੰਦ ਕਰ ਦਿੱਤੇ ਹਨ। ਇਹ ਸਭ ਤਾਂ ਉਸ ਹਿੰਦੂਤਵ ਵਾਂਗ ਲਗਦਾ ਹੈ ਜੋ ਅਤੀਤ ਦੇ ਸਾਰੇ ਧਾਰਮਿਕ ਮਤਭੇਦਾਂ ਅਤੇ ਅਸਹਿਮਤੀਆਂ ਨੂੰ ਹਿੰਦੂਆਂ ਦੇ ਅੰਦਰੂਨੀ ਮਤਭੇਦਾਂ ਅਤੇ ਅਸਹਿਮਤੀਆਂ ਦੀ ਸ਼੍ਰੇਣੀ 'ਚ ਪਾ ਦਿੰਦਾ ਹੈ ਜਿਵੇਂ ਕਿ ਆਦਿ-ਵਾਸੀ ਅਧੂਰੇ ਹਿੰਦੂ ਹੋਣ, ਬੋਧੀ ਅਤੇ ਸਿੱਖ ਵੱਖ ਹੋਏ ਹਿੰਦੂ ਹੋਣ, ਜਿਨਾਂ ਨੂੰ ਕਦੇ ਵੀ ਇਸ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ ਅਤੇ ਇਸ ਤਰਾਂ ਇਕ ਅਜਿਹਾ ਹਿੰਦੂ ਧਰਮ ਪੇਸ਼ ਕੀਤਾ ਜਾ ਸਕਦਾ ਹੈ, ਜਿਸ 'ਚ ਆਤਮਸਾਤ ਕਰਨ ਦੀ ਮਹਾਨ ਸ਼ਕਤੀ ਹੈ ਅਤੇ ਜੋ ਵਿਰੋਧੀ ਪਰੰਪਰਾਵਾਂ ਅਤੇ ਰਿਵਾਜ਼ਾਂ ਨੂੰ ਪਚਾਉਣ ਦੇ ਸਮਰੱਥ ਹੈ। ਹਿੰਦੂਆਂ ਦੀ ਇਸ ਅਤਿ-ਖੁੱਲੀ ਅਤੇ ਅਤਿ-ਲਚਕੀਲੀ ਕਾਨੂੰਨੀ ਪਰਿਭਾਸ਼ਾ ਹੀ ਅਨੁਸੂਚਿਤ ਜਾਤੀਆਂ ਨੂੰ ਪਰਿਭਾਸ਼ਿਤ ਕਰਨ ਦੇ ਕੇਂਦਰ ਵਿਚ ਹੈ।

ਜ਼ਾਹਿਰ ਹੈ ਕਿ ਧਰਮ-ਨਿਰਪੱਖ ਕਾਨੂੰਨ ਅਤੇ ਅਦਾਲਤਾਂ ਦਾ ਪਹਿਲਾ ਅਤੇ ਪ੍ਰਤੱਖ ਮਕਸਦ ਹਿੰਦੂ ਬਹੁਗਿਣਤੀ ਵਾਦ ਨੂੰ ਉਤਸ਼ਾਹਿਤ ਕਰਨਾ ਨਹੀਂ ਸੀ। ਜਦੋਂ ਇਨਾਂ ਦੀ ਸਥਾਪਨਾ ਹੋਈ ਤਾਂ ਉਸ 'ਚ ਤਤਕਾਲੀ ਹਿੰਦੂ ਰਾਸ਼ਟਰਵਾਦੀਆਂ ਦੀ ਭੂਮਿਕਾ ਲਗਭਗ ਨਾਂਹ ਦੇ ਬਰਾਬਰ ਸੀ।

**ਬਾਕੀ ਸਫ਼ਾ 30 'ਤੇ**

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ

ਪ੍ਰੋ. ਪੂਰਨ ਸਿੰਘ

**ਜਗ ਰਚਨਾ ਸਭ ਝੂਠ ਹੈ**
**ਜਾਨਿ ਲੇਹੁ ਰੇ ਮੀਤ ॥**
**ਕਹਿ ਨਾਨਕ ਥਿਰੁ ਨਾ ਰਹੈ**
**ਜਿਉ ਬਾਲੂ ਕੀ ਭੀਤਿ**

'ਬਾਬਾ ਬਕਾਲਾ' ਤੋਂ ਭਾਵ ਇਹ ਸੀ ਕਿ ਗੁਰੂ ਪਿੰਡ ਬਕਾਲੇ ਵਿਚ ਹੈ, ਬਹੁਤ ਸਾਰੇ ਗੁਰੂ ਸਾਹਿਬ ਦੇ ਦੂਰ ਦੇ ਰਿਸ਼ਤੇਦਾਰਾਂ ਤੇ ਝੂਠੇ ਦਾਅਵੇਦਾਰਾਂ ਨੇ ਆਪਣੇ ਆਪ ਦੇ ਨਵੇਂ ਗੁਰੂ ਹੋਣ ਦਾ ਐਲਾਨ ਕੀਤਾ। ਪਰ ਸਚੇ ਸ਼ਰਧਾਵਾਨ ਸਿਖ, ਗੁਰੂ ਪ੍ਰੀਤਮ ਦੀ ਆਤਮਾ ਦੀ ਭਿੰਨੀ ਸੁਗੰਧੀ ਤੋਂ ਜਾਣੂ ਸਨ। ਉਨਾਂ ਨੇ ਛੇਤੀ ਹੀ ਆਪਣੇ ਗੁਰੂ ਨੂੰ ਢੂੰਡ ਲਿਆ। ਉਨਾਂ ਦੀ ਖੁਸ਼ੀ ਦਾ ਇਹ ਹਾਲ ਸੀ ਕਿ ਇਕ ਸਿੱਖ ਭਾਈ ਮੱਖਣ ਸ਼ਾਹ ਕੋਠੇ ਦੀ ਛੱਤ ਉਪਰ ਚੜ ਗਿਆ ਤੇ ਖ਼ੁਸ਼ੀ ਵਿਚ ਉਚੀ ਉਚੀ ਕੂਕ ਕੂਕ ਕੇ ਕਹਿਣ ਲਗਾ, 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ', ਗੁਰੂ ਲੱਭ ਪਿਆ ਹੈ। ਗੁਰੂ ਲੱਭ ਪਿਆ ਹੈ। ਹੁਣ ਤੱਕ ਤੇਗ ਬਹਾਦਰ ਜੀ ਗੂੜੀ ਲਿਵ-ਲੀਨਤਾ ਤੇ ਅਤਿ ਦੇ ਇਕਾਂਤਵਾਸ ਵਿਚ ਰਹੇ ਸਨ । ਉਹ ਏਨੇ ਸੰਕੋਚਵਾਨ ਤੇ ਆਤਮ ਮੁਖੀ ਸਨ ਕਿ ਉਚੀ ਪਰਬਤ ਚੋਟੀ ਉਤੇ ਪੁਜਣ ਸਮਾਨ ਕੋਈ ਘਟ ਹੀ ਉਨਾਂ ਤਕ ਪੁਜਦਾ ਸੀ ਉਨਾਂ ਦੀ ਧਿਆਨ ਮਗਨ ਤੇ ਲਿਵਲੀਨ ਬਿਰਤੀ ਤੋਂ ਲੋਕਾਂ ਨੂੰ ਭਰਮ ਜਿਹਾ ਹੋ ਜਾਂਦਾ ਸੀ ਤੇ ਉਹ 'ਤੇਗਾ ਕਮਲਾ' ਕਹਿਕੇ ਕੋਲੋਂ ਦੀ ਲੰਘ ਜਾਂਦੇ ਸਨ।

ਹੁਣ ਤਕ, ਅਸਾਂ ਦੇਖਿਆ ਹੈ ਕਿ ਗੁਰੂ ਨਾਨਕ ਦਾ ਹਰ ਸਰੂਪ (ਅਵਤਾਰ) ਭਾਵੇਂ ਵਖਰੇ ਵਖਰੇ ਜਾਮੇ ਵਿਚ ਸੀ ਪਰ ( ਜੋਤ ਵਜੋਂ) ਇਕ ਸਮਾਨ ਸੀ। ਤੇਗ ਬਹਾਦਰ ਜੀ ਵੀ ਇਸ ਗੁਰੂ-ਤਵ ਦੀ ਪ੍ਰਾਪਤੀ ਨੂੰ ਆਤਮਾ ਦੀ ਡੂੰਘੀ ਸੰਵੇਦਨਾ ਤੋਂ ਬਿਨਾਂ ਕਿਵੇਂ ਪ੍ਰਾਪਤ ਕਰ ਸਕਦੇ ਸਨ। ਇਸ ਨੀਵੇ ਅਕਾਸ਼ ਦੇ ਉਲਟੇ ਪਿਆਲੇ ਹੇਠਾਂ ਕੈਦ, ਮਨੁੱਖੀ ਜੀਵਨ ਦੀ ਸੋਗੀ ਹੋਣੀ ਤੇ ਦੁਖੀਆਂ ਵਾਲੀ ਦੀਨਤਾ, ਅਤੇ ਆਤੁਰਤਾ ਨੂੰ ਵੇਖਕੇ ਉਹ ਡੂੰਘੀ ਉਪਰਾਮਤਾ ਤੋਂ ਕਿਵੇਂ ਬਚ ਸਕਦੇ ਸਨ । ਉਹ ਸਦਾ ਸਭ ਕੁਝ ਭੁਲਾ ਕੇ ਪ੍ਰਭੂ ਪੀਤਮ ਦੇ ਧਿਆਨ ਵਿਚ ਮਗਨ ਤਾਂ ਰਹਿ ਸਕਦੇ ਸਨ। ਸੰਸਾਰ ਦੇ ਦੁਖਾਂ ਪ੍ਰਤੀ ਏਨੇ ਦਿਆਲ ਤੇ ਗਮਗੀਨ: ਕਿ ਜੇ ਉਹ ਉਸ ਕੇਂਦਰ ਧਾਮ ਤੇ ਬਿਰਾਜਮਾਨ ਨਾ ਹੁੰਦੇ ਜਿਥੋਂ ਕਿ ਪ੍ਰਭੂ ਪ੍ਰੀਤਮ ਦਾ ਪ੍ਰਕਾਸ਼ ਲੱਗਦਾ ਹੈ ਤਾਂ ਉਹ ਇਸ ਹਮਦਰਦੀ ਵਿਚ ਹੀ ਪ੍ਰਾਣ ਤਿਆਗ ਦੇਂਦੇ। ਜੇ ਪ੍ਰਮਾਤਮਾ ਨੇ ਆਪ ਉਨਾਂ ਦੇ ਮਨ ਨੂੰ ਆਪਣੀ ਤੇਜੱਸਵੀ ਅਦਭੁੱਤ ਕਲਾ ਨਾਲ ਨਾ ਜੋੜ ਲਿਆ ਹੁੰਦਾ, ਜੇ ਤੇਗ ਬਹਾਦਰ ਜੀ ਦੀ ਆਤਮਾ ਵਿੱਚੋਂ ਸ਼ਾਤੀ ਨਾ ਮਿਲਦੀ ਤਾਂ ਉਨਾਂ ਦਾ ਆਪਣਾ ਸੁਭਾਵ ਉਨਾਂ ਨੂੰ ਅਵੱਸ਼ ਹੀ ਉਹਨਾਂ ਮਹਾਂਪੁਰਸ਼ਾਂ ਨਾਲ ਜੋੜ ਦੇਂਦਾ ਜਿਨਾਂ ਨੇ ਆਪਣੇ ਜੀਵਨ ਦਾ ਬਲੀਦਾਨ ਉਨਾਂ ਮਹਾਂ ਪੁਰਸ਼ਾਂ ਨਾਲ ਜੋੜ ਦੇਂਦਾ ਜਿਨਾਂ ਨੇ ਆਪਣੇ ਜੀਵਨ ਦਾ ਬਲੀਦਾਨ ਦੇ ਦਿੱਤਾ ਸੀ।ਭਵਸਾਗਰ ਦੀ ਪੀੜਾ ਤੋਂ ਬਚਣ ਲਈ ਉਹ ਕਿਸੇ ਕਤਲਗਾਹ ਲਿਜਾਈ ਜਾ ਰਹੀ ਬੇਦੋਸ਼ੀ ਗਊ ਰੂਹ ਦੀ ਰਖਿਆ ਕਰਨ ਲਈ ਜਾਨ ਵਾਰ ਦੇਂਦੇ।

ਗੁਰ ਤੇਗ ਬਹਾਦਰ ਜੀ ਸਿਰਜੇ ਗਏ ਸੰਸਾਰ ਦੇ ਗਮਾਂ ਦੇ ਗੀਤ ਗਾਉਂਦੇ ਹਨ ਅਤੇ ਉਨਾਂ ਨੂੰ ਉਹ ਅਨੰਤ-ਦ੍ਰਿਸ਼ਟੀ ਪ੍ਰਦਾਨ ਕਰਦੇ ਹਨ ਜੋ ਕੇਵਲ ਉਚੇਰੇ ਆਤਮ-ਅਨੁਭਵ ਦੇ ਅਨੰਦ ਵਿਚੋਂ ਹੀ ਪ੍ਰਗਟ ਹੁੰਦੀ ਹੈ । ਉਹ ਖੁਸ਼ੀ ਕੇਵਲ ਹਰੀ ਨਾਮ ਤੇ ਪ੍ਰਭੂ ਦੀ ਸਿਫ਼ਤ ਸਲਾਹ ਵਿਚੋਂ ਹੀ ਲੱਭਦੇ ਹਨ ਅਤੇ ਸਭ ਨੂੰ ਅਜਿਹੀ ਆਤਮਿਕ ਪ੍ਰਾਪਤੀ ਦਾ ਉਪਦੇਸ਼ ਦੇਂਦੇ ਹਨ। ਜੋ ਸੰਸਾਰ ਦੇ ਧੰਨ ਪਦਾਰਥ ਨੂੰ ਅਪਾਰ ਬਣਾਉਂਦੇ ਹਨ ਉਹ ਕੇਵਲ ਨਦੀ ਕੰਢੇ ਰੇਤ ਦੀ ਕੰਧ ਹੀ ਉਸਾਰਦੇ ਹਨ। ਪਾਣੀ ਉਤੇ ਪਾਏ ਗਏ ਚਿਤਰ ਅਤੇ ਲਹਿਰ ਉਤੇ ਉਪਜੇ ਬੁਲਬੁਲੇ ਸਮਾਨ ਇਹ ਛਿਣ ਭੰਗਣ ਤੇ ਅਸਥਿਰ ਮਾਇਆ ਜਾਲ ਧੀਰ ਨਹੀਂ ਬਨਾ ਸਕਦਾ ? ਪ੍ਰਾਣੀ, ਤੇਰਾ ਸਰਵੋਤਮ ਕਰਮ ਪ੍ਰਭੂ ਪ੍ਰੀਤਮ ਨਾਲ ਜੁੜੇ ਰਹਿਣਾ ਹੈ। ਉਸਦਾ ਧਿਆਨ ਧਰਨਾ ਹੈ। ਗੁਰੂ ਤੇਗ ਬਹਾਦਰ ਜੀ ਦਾ ਪ੍ਰਧਾਨ ਸਰ ਤਿਆਗ ਦਾ ਹੈ। ਉਹ ਪ੍ਰੀਤਮ ਦੀ ਨਿਕਟਤਾ ਲੋਚਦੇ ਹਨ ਤੇ ਮਨੁੱਖੀ ਜੀਵਨ ਵਿਚ ਦੈਵੀ ਆਦਰਸ਼ ਦਾ ਵਿਸਥਾਰ ਕਰਦੇ ਹਨ। ਜੀਵਨ ਦੇ ਸੁਖ ਵਾਸਤਵ ਵਿਚ ਦੁਖ ਹਨ ਪਰ ਜਿਵੇਂ ਗੁਰੂ ਤੇਗ ਬਹਾਦਰ ਜੀ ਫਰਮਾਉਂਦੇ ਹਨ, ਆਤਮਿਕ ਅਨੁਭਵ ਇਨਾਂ ਦੁੱਖਾਂ ਦੇ ਇਹਸਾਸ ਵਿਚੋਂ ਹੀ ਪ੍ਰਗਟ ਹੁੰਦਾ ਹੈ । ਸੰਸਾਰ ਦੇ ਸੋਗਾਂ ਤੇ ਅੱਥਰੂ ਵਹਾਉ ਪਰ ਇਨਾਂ ਨੂੰ ਪ੍ਰਭੂ ਦੇ ਨਾਮ ਸਿਮਰਨ ਲਈ ਸਿਮਰਣੀ (ਮਾਲਾ) ਬਣਾ ਲਵੋ।

ਗ਼ਮ ਤੁਹਾਡੀ ਸੰਪਤੀ ਹਨ, ਦੁੱਖ ਤੁਹਾਡੀ ਆਤਮਾ ਦੀ ਪ੍ਰਸੰਨਤਾ ਹੈ ਇਹ ਪ੍ਰਭੂ ਸਮਾਨ ਮਹਾਨ ਹੋਣ ਦੀ ਅਸਲੀ ਨਿਸ਼ਾਨੀ ਹੈ।

ਤੁਹਾਡਾ ਆਸ਼ਾਵਾਦ ਤਿਆਗੀ ਵਾਲਾ ਸਾਦ ਮੁਰਾਦਾ ਰੂਪ ਵਾਲਾ ਹੈ ਇਸ ਸੰਸਾਰ ਵਿਚੋਂ ਨਹੀਂ, ਪ੍ਰਭੂ-ਪ੍ਰੇਮ ਵਿਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਦਾ ਮਨ ਸਦਾ ਜਾਗਦਾ ਹੈ। ਕੇਵਲ ਉਹੋ ਹੀ ਹਰ ਮਨੁੱਖ ਨੂੰ ਮਾਇਆ ਦੇ ਮੋਹ ਜਾਲ ਵਿਚ ਭਰਮ ਜਾਣ ਵਾਲੀ ਨੀਂਦਰਾ ਤੋਂ ਸਦਾ ਮੁਕਤ ਹੈ। ਗੁਰੂ ਜੀ ਕਹਿੰਦੇ ਹਨ 'ਇਕ ਪ੍ਰਭੂ ਨੂੰ ਭੁਲਾਕੇ ਦੂਜੇ ਭਾਵ ਵਿਚ ਫਸ ਜਾਣਾ ਇਹੋ ਹੀ ਮਾਇਆ ਹੈ।' ਹੇ ਧਨ, ਜੇ ਤੂੰ ਅੱਜ ਆਪਣੇ ਪੀਤਮ ਨਾਲ ਮਿਲਾਪ ਕਰਨਾ ਹੈ ਤਾਂ ਅੱਜ ਦੀ ਰਾਤ ਨੀਂਦਰ ਨੂੰ ਤਿਆਗ ਦੇ।' ਬਾਣੀ ਦੇ ਅਧਿਐਨ ਤੋਂ ਇਹ ਗਲ ਸਿੱਧ ਹੋ ਜਾਂਦੀ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਭਗਤੀ ਭਾਵਨਾ ਅਤੇ ਧਿਆਨ ਉਤੇ ਵਧੇਰੇ ਬਲ ਦੇਣਾ ਉਨਾਂ ਦੀ ਰਚਨਾ ਨੂੰ ਪਹਿਲੇ ਗੁਰੂ ਸਹਿਬਾਨ ਨਾਲ ਹੀ ਜਾ ਜੋੜਦੀ ਹੈ।

**ਜਗ ਰਚਨਾ ਸਭ ਝੂਠ ਹੈ**
**ਜਾਨਿ ਲੇਹੁ ਰੇ ਮੀਤ ॥**
**ਕਹਿ ਨਾਨਕ ਥਿਰੁ ਨਾ ਰਹੈ**
**ਜਿਉ ਬਾਲੂ ਕੀ ਭੀਤਿ ॥**

ਗੁਰੂ ਤੇਗ ਬਹਾਦਰ ਜੀ ਦੀ ਸਖਸ਼ੀਅਤ ਇੰਨੀ ਕੋਮਲ ਸੀ ਕਿ ਉਨਾਂ ਦਾ ਤਾਂ ਇਸ ਸੰਸਾਰ ਦੇ ਲੋਕਾਂ ਦੇ ਦੁਖਾਂ ਨਾਲ ਵਾਹ ਨਹੀਂ ਸੀ ਪੈਣਾ ਚਾਹੀਦਾ ਹਿਰਦੇ ਦੇ ਮੌਨ ਵਿਚੋਂ ਉਪਜੀਆਂ ਉਨਾਂ ਦੀਆਂ ਰਚਨਾਵਾਂ ਲੋਕਾਂ ਲਈ ਵਹਾਏ ਗਏ ਹੰਝੂ ਸਨ। ਬਰਸਾਤ ਦੇ ਬੱਦਲਾਂ ਸਮਾਨ ਨਰਮ ਉਨਾਂ ਦੀ ਬਾਣੀ ਸੁੱਕੇ ਦਿਲਾਂ ਨੂੰ ਹਰਾ ਕਰ ਦਿੰਦੀ ਹੈ।

ਲੋਕੋ ਆਪਣੇ ਆਪ ਨੂੰ ਤਾਂ ਭੁਲ ਜਾਉ, ਪਰ ਪ੍ਰੀਤਮ ਨੂੰ ਨਾ ਭੁਲਾਓ। ਦਾਤਾਂ ਦੇਣ ਵਾਲੇ ਦਾਤਾਰ ਨੂੰ ਨਾ ਵਿਸਾਰੋ। ਇਹ ਗੁਰੂ ਤੇਗ ਬਹਾਦਰ ਜੀ ਦਾ ਸੰਦੇਸ਼ ਹੈ ਜੋ ਦਿਲ ਵਿਚ ਡੂੰਘਾ ਉਤਰਕੇ ਜੀਵਨ ਨੂੰ ਦੁਖਦਾਈ ਪਰ ਸੁਆਦਲਾ ਬਣਾ ਦਿੰਦਾ ਹੈ। ਇਹ ਮਨੁੱਖਾਂ ਨੂੰ ਨਿੰਦਰਾਹੀਣ ਪਰ ਅਨੰਤ ਦੀ ਸ਼ਾਂਤੀ ਨਾਲ ਭਰਪੂਰ ਕਰ ਦਿੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਸਾਨੂੰ ਉਹ ਸੁਖ ਚੈਨ ਬਖਸ਼ਦੇ ਹਨ ਜਿਸ ਨੂੰ ਮੌਤ ਵੀ ਨਹੀਂ ਹਿਲਾ ਸਕਦੀ। ਸਿੱਖ ਸ਼ਹੀਦਾਂ ਲਈ ਇਹ ਇਕੋ ਇੱਕ ਸਭ ਤੋਂ ਸੁਖਦਾਈ ਸ਼ਬਦ ਹਨ। ਇਸ ਸੰਸਾਰਕ ਜੀਵਨ ਨੇ ਸਾਨੂੰ ਕਿਨਾਂ ਤਬਾਹ ਕਰ ਦਿਤਾ ਹੈ ਅਸੀਂ ਉਸ ਉਚੇਰੇ ਆਤਮਿਕ ਜੀਵਨ ਲਈ ਇਸ ਨੂੰ ਬਲੀਦਾਨ ਕਰ ਦਿੰਦੇ ਹਾਂ। ਜੋ ਆਤਮਾ ਦੇ ਝਰੋਖਿਆਂ ਵਿਚ ਖੇੜੇ ਵਿਚ ਵਿਗਸ ਰਿਹਾ ਹੈ ਸਾਡੇ ਲਈ ਸਭ ਕੁਝ ਤੁਛ ਹੈ ਇਹ ਪੈਰਾਂ ਨੂੰ ਪੱਕੀਆਂ ਬੇੜੀਆਂ ਕੀ ਅਰਥ ਰੱਖਦੀਆਂ ਹਨ, ਜਦੋਂ ਕਿ ਪ੍ਰੀਤਮ ਤੱਕ ਪੁੱਜਣ ਨੂੰ ਆਤਮਾ ਦੀ ਉਡਾਰੀ ਲਈ ਖੰਭ ਪਹਿਲਾਂ ਹੀ ਖਿਲਾਰੇ ਪਏ ਦਿਖਾਈ ਦੇਂਦੇ ਹਨ। ਕਸ਼ਟ, ਤਸੀਹੇ, ਮੌਤ ਤੇ ਬਾਦਸ਼ਾਹਾਂ ਦਾ ਕਰੋਧ ਕੀ ਹੈ ਜਦੋਂ ਕਿ ਸਾਡੇ ਅੰਦਰਲੇ ਕੰਨਾਂ ਵਿਦ ਫਰਿਸ਼ਤੇ ਪਹਿਲਾਂ ਹੀ ਫ਼ਤਹਿ ਦਾ ਗੀਤ ਗਾ ਰਹੇ ਹਨ? ਸਾਂਝਾਂ, ਚੋਟ, ਅੱਗ, ਪਾਣੀ, ਤਲਵਾਰਾਂ ਕੀ ਵਗਾੜ ਸਕਦੀਆਂ ਸਨ ਜਦੋਂ ਕਿ ਅਸੀਂ ਦੇਖਦੇ ਹਾਂ ਕਿ ਚਾਨਣ ਦੀਆਂ ਹਸਤੀਆਂ ਸਾਨੂੰ ਆਪਣੀ ਗਲਵਕੜੀ ਵਿਚ ਘੁਟ ਰਹੀਆਂ ਹਨ, ਅਤੇ ਸਾਡੇ ਇਸੇ ਵਿਸ਼ਵਾਸ਼ ਨੂੰ ਪਕਾ ਕਰ ਰਹੀਆਂ ਹਨ ਕਿ ਅਸੀਂ ਉਸ ਪ੍ਰਮਾਤਮਾ ਦੇ ਹਾਂ ਅਤੇ ਉਹ ਪ੍ਰਭੂ ਸਾਡਾ ਹੈ ਸਭ ਕੁਝ ਚਾਨਣ ਸੰਗੀਤ ਤੇ ਅਨੰਦ ਦੇ ਵਜੂਦ ਵਾਲਾ ਹੈ।

ਗੁਰੂ ਤੇਗ਼ ਬਹਾਦਰ ਅਤੇ ਅੰਮ੍ਰਿਤਸਰ :- ਜਿਵੇਂ ਪਹਿਲਾਂ ਕਿਹਾ ਜਾ ਚੁਕਾ ਹੈ ਹੁਣ ਗੁਰੂਧਾਮ ਤੇ ਸਿਖਾਂ ਦਾ ਯਾਤਰਾ ਸਥਾਨ ਕੀਰਤਪੁਰ ਵਿਖੇ ਬਦਲ ਚੁੱਕਾ ਸੀ, ਅੰਮ੍ਰਿਤਸਰ ਆਪੋ ਬਣੇ ਉਨਾਂ ਪੁਜਾਰੀਆਂ ਦੇ ਹੱਥਾਂ ਵਿਚ ਜਾ ਚੁੱਕਾ ਸੀ ਜਿਹੜੇ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੂੰ ਮਿਲਦੇ ਚੜਾਵੇ ਨੂੰ ਵੇਖਕੇ ਲਾਲਸਾ ਨਾਲ ਭਰ ਗਏ ਸਨ। ਜਦੋਂ ਗੁਰੂ ਸਾਹਿਬ ਪਰਬਤ ਖੰਡ ਵੱਲ ਨੂੰ ਚਲੇ ਗਏ ਤਾਂ ਸਿੱਖ ਸੰਗਤਾਂ ਨੇ ਵੀ ਉਧਰ ਨੂੰ ਵਹੀਰਾਂ ਘੱਤ ਲਈਆਂ। ਪਿਛੇ ਪੁਜਾਰੀ ਹੀ ਰਹਿ ਗਏ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਇਕ ਨਾਗਰਿਕ ਪ੍ਰਬੰਧ ਹੋਂਦ ਵਿਚ ਆ ਚੁੱਕਾ ਸੀ ਜੋ ਲੋਕਾਂ ਵਲੋਂ ਅਰਪਨ ਕੀਤੀ ਗਈ ਭੇਟਾ ਦੀ ਉਗਰਾਹੀ ਕਰਦਾ ਸੀ ਜਿਸਨੂੰ ਕਿ ਨਵੇਂ ਬਣੇ ਸਿਖ ਸ਼ਹਿਰਾਂ, ਤਲਾਬਾਂ ਤੇ ਗੁਰਧਾਮਾਂ ਦੇ ਸੁਧਾਰ ਤੇ ਵਾਧੇ ਲਈ ਵਰਤਿਆ ਜਾਂਦਾ ਸੀ। ਬਹੁਤ ਵਾਰ ਇਹ ਪ੍ਰਬੰਧ ਸਿਖਾਂ ਤੋਂ ਵਖਰੇ ਹੋਰ ਹੱਥਾਂ ਵਿਚ ਚਲਿਆ ਜਾਂਦਾ ਸੀ। ਉਨਾਂ ਦਿਨਾਂ ਵਿਚ ਹਰ ਕੋਈ ਆਪਣੇ ਆਪ ਨੂੰ ਸਿੱਖ ਅਖਵਾਉਣ ਦਾ ਚਾਹਵਾਨ ਹੁੰਦਾ ਸੀ। ਕੁਝ ਸਮੇਂ ਤਕ ਇਹ ਨਾਗਰਿਕ ਪ੍ਰਬੰਧ ਬਹੁਤ ਸੁਹਣੀ ਤਰਾਂ ਚਲਦਾ ਰਿਹਾ ਪਰ ਪਿਛੋਂ ਇਸ ਵਿਚ ਗੁਰੂ ਘਰ ਦੇ ਦੋਖੀ ਦਾਖਲ ਹੋ ਗਏ, ਜਿਨਾਂ ਨੇ ਆਪਣੇ ਆਪ ਨੂੰ ਮਸੰਦ ਜਾਂ ਉਗਰਾਹਕ ਦੇ ਰੂਪ ਵਿਚ ਭਰਤੀ ਕਰਵਾ ਲਿਆ ਅਤੇ ਇਸ ਸਾਰੇ ਪ੍ਰਬੰਧ ਨੂੰ ਸਿੱਖਾਂ ਦਾ ਵਿਰੋਧੀ ਬਣ ਦਿੱਤਾ ।

ਇਹ ਪ੍ਰਬੰਧਕ ਸਿਖਾਂ ਨੂੰ ਕਈ ਤਰਾਂ ਨਾਲ ਦੁਖੀ ਕਰਨ ਲਗੇ ਪਰ ਗੁਰੂ ਦੇ ਸਿਖ ਉਨਾਂ ਨੂੰ ਗੁਰੂ ਪ੍ਰੀਤਮ ਵਲੋਂ ਭੇਜੇ ਗਏ ਸਮਝਕੇ ਹਰ ਗਲ ਨੂੰ ਬਿਨਾਂ ਕੁਝ ਕਹਿਣ ਤੇ ਗਿਲੇ ਸ਼ਿਕਵੇ ਦੇ ਜਰ ਲੈਂਦੇ ਸਨ। ਇਨਾਂ ਦਾ ਸਭ ਕੱਚਾ ਚਿੱਠਾ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁੱਖ ਅਨੰਦਪੁਰ ਸਾਹਿਬ ਵਿਖੇ ਇਕ ਨਾਟਕ ਦੇ ਰੂਪ ਵਿਚ ਉਘਾੜਿਆ ਗਿਆ ਤਾਂ ਅਸਲੀਅਤ ਤੋਂ ਪਰਦਾ ਚੁੱਕਿਆ ਗਿਆ। ਇਸ ਪਿਛੋਂ ਉਨਾਂ ਨੇ ਮਸੰਦ ਪ੍ਰਬੰਧ ਦਾ ਅੰਤ ਕਰ ਦਿੱਤਾ ਅਤੇ ਮਸੰਦਾਂ ਦੇ ਜਬਰ ਨੂੰ ਵੀ ਠੱਲ ਪਾ ਦਿੱਤੀ।

ਜਦੋਂ ਗੁਰੂ ਤੇਗ ਬਹਾਦਰ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ ਇਸ ਜਬਰ ਦੇ ਚਿੰਨ ਪ੍ਰਗਟ ਹੋ ਚੁੱਕੇ ਸਨ। ਪੁਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਅੰਦਰੋਂ ਬੰਦ ਕਰ ਦਿੱਤੇ ਤੇ ਗੁਰੂ ਜੀ ਨੂੰ ਅੰਦਰ ਨਾ ਜਾਣ ਦਿੱਤਾ। ਇਸ ਉਤੇ ਉਨਾਂ ਵਚਨ ਕੀਤਾ, 'ਅੰਮ੍ਰਿਤਸਰ ਦੇ ਪੁਜਾਰੀ ਦਿਲਾਂ ਦੇ ਅੰਨੇ ਹਨ ਅਤੇ ਆਪਣੀ ਤ੍ਰਿਸ਼ਨਾ ਦੀ ਅਗਨੀ, ਵਿਚ ਸੜ ਰਹੇ ਹਨ।' ਪਰ ਜਦੋਂ ਇਹ ਖਬਰ ਸ਼ਹਿਰ ਪੁੱਜੀ ਤਾਂ ਸਾਰਾ ਅੰਮ੍ਰਿਤਸਰ ਗੁਰੂ ਜੀ ਦੇ ਚਰਨਾਂ 'ਤੇ ਆ ਢੱਠਾ। ਇਸ ਰੱਬੀ ਗੀਤਾਂ ਵਾਲੀ ਪਵਿੱਤਰ ਨਗਰੀ ਦੀਆਂ ਮਾਈਆਂ ਨੇ ਗੁਰੂ ਜੀ ਦਾ ਗੁਰ ਸ਼ਬਦਾਂ ਦੀਆਂ ਮਿਠੀਆਂ ਧੁਨਾਂ ਨਾਲ ਸਵਾਗਤ ਕੀਤਾ ਅਤੇ ਉਨਾਂ ਦੇ ਨਾਲ ਵਾਲੇ ਪਿੰਡ ਤੱਕ ਜਿਥੇ ਗੁਰੂ ਜੀ ਆਪਣੇ ਇਕ ਸ਼ਰਧਾਵਾਨ ਸਿੱਖ ਕੋਲ ਠਹਿਰੇ ਹੋਏ ਸਨ ਬਾਣੀ ਦਾ ਕੀਰਤਨ ਕਰਦੀਆਂ ਗਈਆਂ।

ਗੁਰੂ ਤੇਗ਼ ਬਹਾਦਰ ਜੀ ਇਕ ਥਾਂ ਟਿਕ ਕੇ ਨਹੀਂ ਬੈਠ ਸਕੇ ਕਿਉਂ ਜੋ ਲੋਕਾਂ ਦੇ ਸਮੂਹਿਕ ਦੁਖੜੇ ਉਨਾਂ ਲਈ ਅਸਿਹ ਹੁੰਦੇ ਰਹੇ ਸਨ। ਉਹ ਲਗਾਤਾਰ ਦੌਰਾ ਹੀ ਕਰਦੇ ਰਹੇ, ਆਪਣੇ ਸੇਵਕਾਂ ਨੂੰ ਪਿੰਡਾਂ ਦੇ ਬਣਾਂ ਦੀਆਂ ਕੁਟੀਆਂ ਵਿਚ ਨਿਵਾਜਦੇ ਰਹੇ। ਉਨਾਂ ਨੇ ਪੂਰਬੀ ਭਾਰਤ ਵਿਚ ਢਾਕਾ ਤੇ ਅਸਾਮ ਤਕ ਯਾਤਰਾ ਕੀਤੀ ਜਿਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਗਏ ਸਨ। ਉਨਾਂ ਨੇ ਗੁਰੂ ਦੀ ਜੋਤ ਨੂੰ ਥਾਂ ਥਾਂ ਤੇ ਮੁੜ ਜਗਾ ਦਿੱਤਾ। ਧੁਬਰੀ ਵਿਖੇ ਉਨਾਂ ਨੇ ਆਸਾਮ ਵਿਚ ਸੰਗਤ ਕਾਇਮ ਕੀਤੀ ਅਤੇ ਆਪਣੇ ਪਵਿਤਰ ਦਰਸ਼ਨਾਂ ਨਾਲ ਕਈ ਪਰਿਵਾਰਾਂ ਦੇ ਭਾਗ ਚਮਕਾਏ।

ਸ੍ਰੀ ਗੋਬਿੰਦ ਰਾਏ ਜੀ ਦਾ ਜਨਮ :- ਪੂਰਬ ਵੱਲ ਕੀਤੀ ਗਈ ਯਾਤਰਾ ਸਮੇਂ ਗੁਰੂ ਜੀ ਦੀ ਮਾਤਾ ਤੇ ਮਹਲ ਵੀ ਨਾਲ ਸਨ। ਇਸ ਸਮੇਂ ਹੀ ਉਨਾਂ ਦੇ ਸਪੁੱਤਰ ਸ੍ਰੀ ਗੋਬਿੰਦ ਰਾਇ ਜੀ ਦਾ ਜਨਮ ਹੋਇਆ। ਜਦੋਂ ਉਹ ਅਸਾਮ ਨੂੰ ਗਏ ਤਾਂ ਗੁਰੂ ਕੇ ਮਹੱਲ ਪਟਨਾ ਵਿਖੇ ਹੀ ਟਿਕੇ ਰਹੇ । ਉਨਾਂ ਦੇ ਪਿਛੋਂ ਹੀ ਬਾਲਾ ਪ੍ਰੀਤਮ ਗੋਬਿੰਦ ਰਾਇ ਜੀ ਦਾ ਜਨਮ ਪਟਨਾ ਵਿਖੇ ਹੋਇਆ। ਜਦੋਂ ਗੁਰੂ ਜੀ ਅਸਾਮ ਤੋਂ ਵਾਪਸ ਪਰਤੇ ਤਾਂ ਉਹ ਕੁਝ ਚਿਰ ਪਟਨੇ ਰਹੇ ਪਿਛੋਂ ਜਦੋਂ ਉਹ ਆਪਣੇ ਪੰਜਾਂ ਸੇਵਕਾਂ ਨਾਲ ਅਨੰਦਪੁਰ ਸਾਹਿਬ (ਪੰਜਾਬ) ਵੱਲ ਨੂੰ ਚਲੇ ਤਾਂ ਗੋਬਿੰਦ ਰਾਇ ਜੀ ਤੇ ਬਾਕੀ ਪਰਿਵਾਰ ਉਥੇ ਹੀ ਰਿਹਾ। ਉਹ ਚਾਹੁੰਦੇ ਸਨ ਕਿ ਜਦੋਂ ਤਕ ਬਚਾ ਪੰਜਾਬ ਲਈ ਸਫਰ ਕਰਨ ਦੇ ਯੋਗ ਹੋ ਜਾਵੇ ਉਨਾਂ ਚਿਰ ਉਸ ਦੀ ਮਾਤਾ ਸਫਰ ਨਾ ਕਰੇ। ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਨ ਤੇ ਬਾਲ ਗੋਬਿੰਦ ਰਾਇ ਤੇ ਬਾਕੀ ਪਰਿਵਾਰ ਪਟਨੇ ਵਿਚ। ਇਥੇ ਹੀ ਗੋਬਿੰਦ ਰਾਇ ਜੀ ਨੇ ਆਪਣਾ ਬਾਲਪਨ ਤੇ ਲੜਕਪਣ ਗੁਜ਼ਾਰਿਆ। ਗੁਰੂ ਤੇਗ ਬਹਾਦਰ ਜੀ ਦਾ ਵਿਛੋੜਾ ਉਨਾਂ ਦੀ ਮਾਤਾ ਸੁਪੱਤਨੀ ਤੇ ਹੁਣ ਬਾਲ ਲਈ ਬੜਾ ਦਿਲ ਚੀਰਵਾਂ ਸੀ। ਪਰ ਵਿਛੜਣ ਸਮੇਂ ਗੁਰੂ ਜੀ ਸਦਾ ਹੀ ਇਹ ਫੁਰਮਾਉਂਦੇ ਰਹੇ ਕਿ ਇਹ ਅਕਾਲ ਪੁਰਖ ਦੀ ਰਜ਼ਾ ਹੈ। ਜਿਵੇਂ ਪਟਨੇ ਉਹ ਅਸਧਾਰਨ ਰੂਪ ਵਿਚ ਲੰਮੇ ਸਮੇਂ ਲਈ ਵਿਛੜੇ ਸਨ ਤਿਵੇਂ ਹੁਣ ਉਹ ਉਸਤੋਂ ਵੀ ਵਧੀਕ ਲੰਮੇਂ ਸਮੇਂ ਲਈ ਵਿਛੜ ਗਏ।

ਬਾਲਾ ਪ੍ਰੀਤਮ :- ਬਾਲ ਗੁਰੂ ਗੋਬਿੰਦ ਸਿੰਘ ਜੀ ਦੀ ਅਝੁਕ ਆਤਮਾ ਦਾ ਵਰਣਨ ਉਨਾਂ ਦੇ ਇਕ ਸਚੇ ਸੇਵਕ ਦੀ ਖਾਲਸਾ ਟਰੈਕਟ ਸੁਸਾਇਟੀ ਅੰਮ੍ਰਿਤਸਰ ਵਲੋਂ ਛਪੀ ਪੁਸਤਕ (ਬਾਲਾ ਪ੍ਰੀਤਮ) ਵਿਚ ਮਿਲਦਾ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਪਟਨੇ ਵਿਚ ਬਤੀਤ ਕੀਤੇ ਗਏ ਜੀਵਨ ਦੇ ਡੂੰਘੇ ਅਧਿਐਨ ਪਿਛੋਂ ਰਚੀ ਗਈ ਹੈ ਜਿਸਦੇ ਸਮਾਚਾਰ ਅਤੇ ਪ੍ਰਸੰਗ ਸ੍ਰੀ ਕ੍ਰਿਸ਼ਨ ਜੀ ਦੀ ਬਾਲ ਲੀਲਾ ਦੇ ਸਮਰੂਪ ਪ੍ਰਤੀਤ ਹੁੰਦੇ ਹਨ। ਪਟਨਾ ਵਿਖੇ ਉਨਾਂ ਨੇ ਸਾਰੇ ਦਿਲਾਂ ਨੂੰ ਮੋਹ ਲਿਆ ਸੀ ਅਤੇ ਆਪ ਸ਼ਰਧਾਲੂਆਂ ਦੇ ਧਿਆਨ ਦੇ ਕੇਂਦਰ ਬਣ ਗਏ ਸਨ । ਉਨਾਂ ਨੂੰ ਬਾਲ ਗੋਬਿੰਦ ਰਾਇ ਜੀ ਤੋਂ ਅਧਿਆਤਮਕ ਤਰਾਂ ਦੇ ਸਾਰੇ ਚਿੰਨ ਪ੍ਰਤਖ ਹੋ ਗਏ ਸਨ, ਪਟਨੇ ਦੇ ਲੋਕਾਂ ਦੀ ਮਨੋ-ਭਾਵਨਾ ਅਨੁਸਾਰ ਉਹ ਉਨਾਂ ਨੂੰ ਰਾਮ ਜਾਂ ਕ੍ਰਿਸ਼ਨ ਦੇ ਰੂਪ ਵਿਚ ਦਰਸ਼ਨ ਦੇਂਦੇ ਸਨ। ਸੂਰਜ ਉਦੇ ਹੋਣ ਸਮੇਂ ਗੰਗਾ ਜੀ ਦੇ ਕੰਢੇ ਨੇਤਰ ਮੁੰਧ ਕੇ ਬੈਠੇ ਸ਼ਰਧਾਲੂ ਭਗਤਾਂ ਨੇ ਗੋਬਿੰਦ ਜੀ ਨੂੰ ਆਪਣੀ ਨੀਲੀ ਕਮਾਨ ਵਿਚੋਂ ਸੁਨਿਹਰੀ ਤੀਰ ਮਾਰ ਰਹੇ ਤਕਿਆ ਸੀ ਉਹ ਪਟਨੇ ਦੀਆਂ ਸੁਆਣੀਆਂ ਤੇ ਕੁੜੀਆਂ ਚਿੜੀਆਂ ਨਾਲ ਚੋਜ ਕਰਦੇ ਸਨ ਅਤੇ ਖੁਸ਼ੀ ਦੇ ਵਹਿੰਦੇ ਪ੍ਰਵਾਹ ਰਾਹੀਂ ਉਨਾਂ ਨੂੰ ਮੋਹ ਲੈਂਦੇ ਸਨ। ਉਨਾਂ ਦੇ ਸਿਰ ਉਤੇ ਰੱਖੇ ਮਿਟੀ ਦੇ ਘੜਿਆਂ ਨੂੰ ਉਹ ਆਪਣੇ ਤੀਰਾਂ ਨਾਲ ਵਿੰਨ ਦੇਂਦੇ ਤੇ ਸਭ ਦਾ ਧਿਆਨ ਖਿੱਚ ਲੈਂਦੇ, ਸਭ ਖੁਸ਼ ਹੋ ਜਾਂਦੇ। ਮਾਤਾ ਗੁਜਰੀ ਜੀ ਤੇ ਗੁਰੂ ਜੀ ਦੀ ਦਾਦੀ ਜੀ ਉਨਾਂ ਨੂੰ ਹਰ ਵਾਰ ਨਵੇਂ ਘੜੇ ਦੇ ਦੇਂਦੇ।

ਰਾਜਾ ਫਤਹਿ ਚੰਦ ਮੈਣੀ ਤੇ ਉਸਦੀ ਰਾਣੀ ਪੁੱਤਰ ਦੀ ਦਾਤ ਤੋਂ ਵਿਹੂਣੇ ਸਨ। ਸੇਵਕ, ਪੰਡਤ ਸ਼ਿਵ ਦੱਤ ਨੇ ਇਨਾਂ ਦੀਆਂ ਸਖਣੀਆਂ ਅੱਖਾਂ ਨੂੰ ਗੋਬਿੰਦ ਜੀ ਦੀ ਦੱਸ ਪਾਈ। ਰਾਜਾ ਤੇ ਰਾਣੀ ਨੇ ਇਸ ਚੋਜੀ ਬਾਲ ਵਲ ਧਿਆਨ ਧਰਿਆ ਅਤੇ ਪੁੱਤਰ ਲਈ ਅਰਦਾਸ ਕੀਤੀ। ਬਾਲਾ ਪ੍ਰੀਤਮ ਜੀ ਇਕ ਦਿਨ ਚੋਰੀ ਚੋਰੀ ਰਾਜ ਮਹਲ ਵਿਚ ਗਏ ਅਤੇ ਰਾਣੀ ਨੂੰ ਨੈਨ-ਮੁੰਦਕੇ ਧਿਆਨ ਮਗਨ ਬੈਠੀ ਤੱਕਿਆ ਉਸ ਕੋਲ ਚੁਪ ਚਾਪ ਪੁੱਜ ਗਏ ਅਤੇ ਚਾਣਚੱਕ ਆਪਣੀਆਂ ਨਿੱਕੀਆਂ ਬਾਹਵਾਂ ਉਸਦੀ ਧੌਣ ਦੁਆਲੇ ਵੱਲ ਦਿਤੀਆਂ । ਜਦੋਂ ਉਸਨੇ ਪੋਲੇ ਜਿਹੇ ਆਪਣੀਆਂ ਖੁਸ਼ੀ ਵਿਚ ਰਤੀਆਂ ਅੱਖਾਂ ਖੋਹਲੀਆਂ ਤਾਂ ਸ੍ਰੀ ਗੋਬਿੰਦ ਜੀ ਨੇ ਉਨਾਂ ਵੱਲ ਤੱਕ ਕੇ ਕਿਹਾ ਮਾਤਾ, ਇਸ ਇਕੋ ਸ਼ਬਦ ਨੇ ਉਸਦੇ ਸਾਰੇ ਦੁਖੜੇ ਨਿਵਿਰਤ ਕਰ ਦਿੱਤੇ। ਗੋਬਿੰਦ ਜੀ ਨੇ ਰਾਣੀ ਤੇ ਰਾਜੇ ਫਤਹਿ ਚੰਦ ਦੇ ਦਿਲਾਂ ਨੂੰ ਆਪਣੇ ਆਪੇ ਨਾਲ ਭਰਪੂਰ ਕਰ ਦਿੱਤਾ, ਪ੍ਰਭੂ ਆਪ ਉਨਾਂ ਦੇ ਘਰ ਬਾਲਕ ਦੇ ਰੂਪ ਵਿਚ ਆਇਆ ਸੀ ਕਿਉਂ ਜੋ ਇਕ ਬਾਲ ਦੇ ਹੀ ਉਹ ਜਾਚਕ ਸਨ।

ਸਾਰਾ ਪਟਨਾ ਹੀ ਬਾਲ ਗੋਬਿੰਦ ਜੀ ਦਾ ਹੋ ਚੁੱਕਾ ਸੀ। ਉਹ ਇੱਕ ਚਮਕਦਾ ਨੁਕਤਾ ਸਨ ਜਿਸ ਵਿਚੋਂ ਲੁਕਾਈ ਨੂੰ ਪ੍ਰਮਾਤਮਾ ਦਾ ਦਰਸ਼ਨ ਹੁੰਦਾ ਸੀ, ਜਦੋਂ ਉਹ ਉਸਨੂੰ ਵੇਖਦੇ, ਉਸਨੂੰ ਛੂੰਹਦੇ ਉਸ ਨਾਲ ਗਲਾਂ ਕਰਦੇ, ਅਤੇ ਜਦੋਂ ਉਹ ਉਨਾਂ ਨੂੰ ਹਸਦਿਆਂ ਖੇਡਦਿਆਂ ਛੇੜ ਰਿਹਾ ਹੁੰਦਾ ਤਾਂ ਉਨਾਂ ਵਿਚ ਖੁਸ਼ੀ ਦੇ ਹੜ ਆ ਜਾਂਦੇ। ਸ੍ਰੀ ਗੋਬਿੰਦ ਰਾਇ ਜੀ ਨਾਨਾ ਪ੍ਰਕਾਰ ਦੀਆਂ ਸ਼ਰਾਰਤਾਂ ਕਰਦੇ ਪਰ ਉਨਾਂ ਦੇ ਮਾਤਾ ਜੀ ਤੇ ਦਾਦੀ ਜੀ ਉਨਾਂ ਨੂੰ ਇਕ ਬਣ ਰਹੀ ਮਹਾਨ ਸ਼ਖਸੀਅਤ ਦੇ ਚਿੰਨ ਸਮਝਕੇ ਅਖ ਪਰੋਖੇ ਕਰ ਦਿੰਦੇ। ਕਈ ਸਾਲ ਪਿਛੋਂ ਜਦੋਂ ਬਾਲਾ ਪ੍ਰੀਤਮ ਜੀ ਅਨੰਦਪੁਰ ਚਲੇ ਗਏ ਤਾਂ ਉਨਾਂ ਦੇ ਪਟਨੇ ਦੇ ਪੈਰੋਕਾਰ ਉਨਾਂ ਦੇ ਪਵਿਤਰ ਚਰਸ਼ਨਾਂ ਲਈ ਪੁੱਜੇ। ਸੇਵਕਾਂ ਦੇ ਇਸ ਜਥੇ ਦੀ ਅਗਵਾਈ ਰਾਜਾ ਫਤਹਿ ਚੰਦ ਤੇ ਉਸਦੀ ਰਾਣੀ ਕਰ ਰਹੇ ਸਨ। ਇਸ ਨਾਲ ਕਮਜ਼ੋਰ ਸਰੀਰ ਵਾਲਾ ਪੰਡਤ ਸ਼ਿਵ ਦੱਤ ਵੀ ਸੀ। ਗੁਰੂ ਜੀ ਨੇ ਕਈ ਮੀਲ ਅਗਲਵਾਂਢੀ ਆ ਕੇ ਉਨਾਂ ਦਾ ਸਵਾਗਤ ਕੀਤਾ। ਹਾਲ ਹੀ ਵਿਚ ਉਸੇ ਸ਼ਰਾਰਤੀ ਅੰਦਾਜ਼ ਵਿਚ ਉਹ ਲੁਕ ਗਏ ਤੇ ਜਥੇ ਨੂੰ ਅਗੇ ਲੰਘ ਲੈਣ ਅਤੇ ਫਿਰ ਪੰਡਿਤ ਸ਼ਿਵ ਦੱਤ ਰਾਜਾ ਫਤਹਿ ਚੰਦ ਤੇ ਰਾਣੀ ਦੀਆਂ ਪਾਲਕੀਆਂ ਹੋ ਪਿਛੇ ਆਕੇ ਉਨਾਂ ਨੂੰ ਆਪਣੇ ਪੁਰਾਣੇ ਪਟਨੇ ਵਾਲੇ ਖੰਘੂਰੇ ਨਾਲ ਹੱਕਾ-ਬੱਕਾ ਕਰ ਦਿੱਤਾ। ਇੰਜ ਉਨਾਂ ਨੇ ਸਾਰਿਆਂ ਨੂੰ ਇਕ ਤਰਾਂ ਦੇ ਭੰਬਲਭੂਸੇ ਵਿਚ ਪਾ ਦਿੱਤਾ ਤੇ ਉਹ ਸਾਰੇ ਆਪਣੇ ਆਪ ਨੂੰ ਭੁੱਲ ਗਏ ਤੇ ਖੁਸ਼ੀ ਵਿਚ ਖੀਵੇ ਹੋ ਗਏ। ਇਉਂ ਬਾਲਾ ਪ੍ਰੀਤਮ ਜੀ ਆਪਣੇ ਪੁਰਾਣੇ ਸ਼ਰਧਾਲੂਆਂ ਨੂੰ ਮੁੜਕੇ ਦੂਜੀ ਵਾਰ ਮਿਲੇ ਸਨ। ਗੁਰੂ ਤੇਗ ਬਹਾਦਰ ਜੀ ਹੁਣ ਥੋੜਾ ਸਮਾਂ ਅਨੰਦਪੁਰ ਸਾਹਿਬ ਵਿਚ ਟਿਕੇ। ਇੱਥੇ ਹੀ ਹੁਣ ਉਨਾਂ ਦੇ ਪ੍ਰਵਾਰ ਦੇ ਬਾਕੀ ਜੀਅ ਪਟਨੇ ਤੋਂ ਆ ਗਏ ਸਨ। ਸ੍ਰੀ ਗੋਬਿੰਦ ਜੀ ਇਸ ਸਮੇਂ ਅੱਠ ਸਾਲ ਦੇ ਸਨ। ਇਸ ਸੰਖੇਪ ਰਾਹ ਮੁਕਾਮ ਵਿਚ ਅਨੰਦਪੁਰ ਸ਼ਰਧਾਲੂਆਂ ਦਾ ਸ਼ਹਿਰ ਬਣ ਗਿਆ। ਜਦੋਂ ਉਨਾਂ ਨੂੰ ਸ਼ਰਨ ਲੈਣ ਦੀ ਲੋੜ ਪੈਂਦੀ ਤਾਂ ਇਹ ਉਨਾਂ ਦੀ ਕੁਦਰਤੀ ਗੜੀ ਸੀ। ਸਮੇਂ ਦੇ ਬਾਦਸ਼ਾਹ ਉਨਾਂ ਦੇ ਕੱਟੜ ਵੈਰੀ ਬਣ ਗਏ ਸਨ ਅਤੇ ਉਹ ਵੀ ਸੱਚ ਦੀ ਖਾਤਰ ਜਾਨ ਵਾਰ ਦੇਣ ਲਈ ਤਿਆਰ ਸਨ। ਗੁਰੂ ਤੇਗ ਬਹਾਦਰ ਜੀ ਦੇ ਰਚੇ ਸ਼ਬਦਾਂ ਨੇ ਸਿੱਖਾਂ ਵਿਚ ਨਿਰਭੈਤਾ ਦੀ ਰੂਹ ਭਰ ਦਿੱਤੀ ਸੀ। ਕਿਉਂ ਜੋ ਅਜਿਹਾ ਸਮਾਂ ਨੇੜੇ ਹੀ ਆਉਣ ਵਾਲਾ ਸੀ ਜਦੋਂ ਕਿ ਸਿੱਖਾਂ ਨੂੰ ਮੌਤ ਨੂੰ ਲਾੜੀ ਸਮਝ ਕੇ ਪਰਨਾਉਣਾ ਪੈਣਾ ਸੀ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਆਪ ਨੂੰ ਕੁਰਬਾਨ ਕਰ ਦੇਣ ਦਾ ਫੈਸਲਾ ਕੀਤਾ, ਕਿਉਂ ਜੋ ਕੁਰਬਾਨੀ ਦੇ ਉਚੇ ਆਦਰਸ਼ ਨੇ ਹਰ ਸਿੱਖ ਇਸਤਰੀ ਪੁਰਸ਼ ਨੂੰ ਇਕ ਵਾਰ ਫਿਰ ਜਾਨ ਉਤੇ ਖੇਲ ਜਾਣ ਲਈ ਵੰਗਾਰ ਪਾ ਦਿੱਤੀ ਸੀ।

ਸ਼ਹਿਨਸ਼ਾਹ ਔਰੰਗਜ਼ੇਬ ਨੇ ਸਿੱਖਾਂ ਨੂੰ ਮਾਰ ਮੁਕਾਉਣ ਦੀ ਜਾਬਰ ਨੀਤੀ ਅਪਣਾ ਲਈ ਸੀ। ਇਨਾਂ ਨੂੰ ਉਹ ਆਪਣੀ ਕੇਂਦਰਗਤ ਸਲਤਨਤ ਲਈ ਵਡਾ ਰਾਜਨੀਤਕ ਖਤਰਾ ਖਿਆਲ ਕਰਦਾ ਸੀ। ਇਹ ਗੱਲ ਹੁਣ ਪੂਰੀ ਤਰਾਂ ਪ੍ਰਗਟ ਹੋ ਚੁੱਕੀ ਹੈ **ਬਾਕੀ ਸਫ਼ਾ 28 'ਤੇ**

## ਇਤਿਹਾਸ ਬਾਰੇ ਜਾਣਕਾਰੀ

ਲੜੀ ਨੰਬਰ-7



ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ

### ਪੰਜਾਬ ਦੇ ਇਤਿਹਾਸਿਕ ਸੋਮੇ

ਪ੍ਰਸ਼ਨ-1. ਪੰਜਾਬ ਦੇ ਇਤਿਹਾਸ ਦੇ ਮੁੱਖ ਸੋਮੇ ਕਿਹੜੇ ਹਨ ?
(ੳ) ਭੱਟ ਵਹੀਆਂ (ਅ) ਖਾਲਸਾ ਦਰਬਾਰ ਰਿਕਾਰਡ (ੲ) ਇਤਿਹਾਸਿਕ ਭਵਨ (ਸ) ਚਿੱਤਰ, ਸਿੱਕੇ (ਹ) ਉਪਰੋਕਤ ਸਾਰੇ

ਪ੍ਰਸ਼ਨ-2. ਪੰਜਾਬ ਦੇ ਇਤਿਹਾਸ ਲਈ ਸਭ ਤੋਂ ਮਹੱਤਵਪੂਰਨ ਤੇ ਬਹੁਮੁੱਲਾ ਸੋਮਾ ਕਿਹੜਾ ਹੈ ?
(ੳ) ਗੁਰਸੋਭਾ (ਅ)ਗਿਆਨ ਰਤਨਾਵਲੀ
(ੲ) ਭਾਈ ਗੁਰਦਾਸ ਦੀਆਂ ਵਾਰਾਂ (ਸ) ਆਦਿ ਗ੍ਰੰਥ ਸਾਹਿਬ ਜੀ

ਪ੍ਰਸ਼ਨ-3. ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਦੋਂ ਕੀਤਾ ਸੀ ?
(ੳ) 1600 (ਅ) 1603 (ੲ) 1604 (ਸ) 1605

ਪ੍ਰਸ਼ਨ -4. ਦਸਮ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਿਸਨੇ ਕੀਤਾ ਸੀ ?
(ੳ) ਭਾਈ ਮਨੀ ਸਿੰਘ (ਅ) ਭਾਈ ਗੁਰਦਿੱਤਾ (ੲ) ਭਾਈ ਗੁਰਦਾਸ (ਸ) ਸੈਨਾਪਤ

ਪ੍ਰਸ਼ਨ-5. ਦਸਮ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਦੋਂ ਕੀਤਾ ਗਿਆ ਸੀ ?
(ੳ) 1665 (ਅ) 1675 (ੲ) 1721 (ਸ) 1725

ਪ੍ਰਸ਼ਨ -6. ਭਾਈ ਗੁਰਦਾਸ ਜੀ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ ?
(ੳ) 35 (ਅ) 39 (ੲ) 40 (ਸ) 455

ਪ੍ਰਸ਼ਨ-7. ਦਸਮ ਗ੍ਰੰਥ ਸਾਹਿਬ ਜੀ ਕਿੰਨੇ ਗ੍ਰੰਥਾਂ ਦਾ ਸੰਗ੍ਰਹਿ ਹੈ ?
(ੳ) 12 (ਅ) 15 (ੲ) 17 (ਸ) 18

ਪ੍ਰਸ਼ਨ-8. ਹੁਕਮਨਾਮੇ ਤੋਂ ਕੀ ਭਾਵ ਹੈ ?
(ੳ) ਅਭੁੱਲ ਪੱਤਰ (ਅ) ਆਗਿਆ ਪੱਤਰ (ੲ) ਦੋਨੋਂ (ਸ) ਕੋਈ ਨਹੀਂ

ਪ੍ਰਸ਼ਨ -9. ਗੁਰੂ ਤੇਗ ਬਹਾਦਰ ਜੀ ਦੇ ਕਿੰਨੇ ਹੁਕਮਨਾਮੇ ਪ੍ਰਾਪਤ ਹੋਏ ਹਨ ?
(ੳ) 23 (ਅ) 25 (ੲ) 95 (ਸ) 100

ਪ੍ਰਸ਼ਨ -10. ਸ੍ਰੀ ਗੁਰਸੋਭਾ ਦਾ ਰਚਨਾਕਾਰ ਕੌਣ ਹੈ ?
(ੳ) ਸੰਤੋਖ ਸਿੰਘ (ਅ) ਸੈਨਾਪਤ (ੲ) ਰਤਨ ਸਿੰਘ ਭੰਗੂ (ਸ) ਕੋਈ ਨਹੀਂ

ਪ੍ਰਸ਼ਨ-11. ਬੰਸਾਵਲੀ ਨਾਮਾ ਦੀ ਰਚਨਾ ਕਿਸਨੇ ਕੀਤੀ ਸੀ ?
(ੳ) ਸੰਤੋਖ ਸਿੰਘ (ਅ) ਕੇਸਰ ਸਿੰਘ ਛਿੱਬੜ (ੲ) ਰਤਨ ਸਿੰਘ ਭੰਗੂ (ਸ) ਕੋਈ ਨਹੀਂ

ਪ੍ਰਸ਼ਨ-12. ਭੱਟ ਵਹੀਆਂ ਦੀ ਖੋਜ ਕਿਸਨੇ ਕੀਤੀ ?
ੳ) ਗਣੇਸ ਦਾਸ ਵਡੇਹਰਾ (ਅ) ਗਿਆਨੀ ਗਿਰਜਾ ਸਿੰਘ (ੲ) ਰਤਨ ਸਿੰਘ ਭੰਗੂ (ਸ) ਕੋਈ ਨਹੀਂ

ਪ੍ਰਸ਼ਨ -13. ਉਮਦਤ-ਉਤ -ਤਵਾਰੀਖ ਦਾ ਲੇਖਕ ਕੌਣ ਸੀ ?
ੳ) ਗਣੇਸ ਦਾਸ ਵਡੇਹਰਾ (ਅ) ਗਿਆਨੀ ਗਿਰਜਾ ਸਿੰਘ (ੲ) ਸੋਹਣ ਲਾਲ ਸੂਰੀ (ਸ) ਕੋਈ ਨਹੀਂ

ਪ੍ਰਸ਼ਨ-14.ਪ੍ਰਾਚੀਨ ਪੰਥ ਪ੍ਰਕਾਸ਼ ਦੀ ਰਚਨਾ ਕਿਸਨੇ ਕੀਤੀ ?
ੳ) ਗਣੇਸ ਦਾਸ ਵਡੇਹਰਾ (ਅ) ਰਤਨ ਸਿੰਘ ਭੰਗੂ
(ੲ) ਗਿਆਨੀ ਗਿਰਜਾ ਸਿੰਘ (ਸ) ਕੋਈ ਨਹੀਂ

ਪ੍ਰਸ਼ਨ-15. ਸਿੱਖਾਂ ਦੀ ਭਗਤ ਮਾਲਾ ਪੁਸਤਕ ਦੀ ਰਚਨਾ ਕਿਸਨੇ ਕੀਤੀ ?
ੳ) ਸੰਤੋਖ ਸਿੰਘ (ਅ) ਸੈਨਾਪਤ (ੲ) ਰਤਨ ਸਿੰਘ ਭੰਗੂ (ਸ) ਭਾਈ ਮਨੀ ਸਿੰਘ

ਪ੍ਰਸ਼ਨ-16. ਅਕਬਰਨਾਮਾ ਅਤੇ ਆਇਨ ਏ ਅਕਬਰ ਦੀ ਰਚਨਾ ਕਿਸਨੇ ਕੀਤੀ ?
ੳ) ਡਾ. ਮਰੇ (ਅ) ਮੈਲਕੋਮ (ੲ) ਅਬੁਲ ਫ਼ਜ਼ਲ
(ਸ) ਭਾਈ ਮਨੀ ਸਿੰਘ

ਪ੍ਰਸ਼ਨ-17. ਜੰਗਨਾਮਾ ਦੀ ਰਚਨਾ ਕਿਸਨੇ ਕੀਤੀ ?
ੳ) ਡਾ. ਮਰੇ (ਅ) ਮੈਲਕੋਮ (ੲ) ਅਬੁਲ ਫ਼ਜ਼ਲ
(ਸ) ਕਾਂਜੀ ਨੂਰ ਮੁਹੰਮਦ

ਪ੍ਰਸ਼ਨ -18. ਸਕੈਚ ਆਫ ਸਿੱਖਜ ਦਾ ਲੇਖਕ ਕੌਣ ਸੀ ?
ੳ) ਮੈਲਕੋਮ (ਅ) ਡਾ. ਮਰੇ (ੲ) ਅਬੁਲ ਫ਼ਜ਼ਲ
(ਸ) ਕਾਂਜੀ ਨੂਰ ਮੁਹੰਮਦ

ਪ੍ਰਸ਼ਨ-19. ਤੁਜਕ ਏ ਬਾਬਰੀ ਦੀ ਰਚਨਾ ਕਿਸਨੇ ਕੀਤੀ ?
ੳ) ਡਾ.ਮਰੇ (ਅ) ਬਾਬਰ (ੲ) ਅਬੁਲ ਫ਼ਜ਼ਲ
(ਸ) ਭਾਈ ਮਨੀ ਸਿੰਘ

ਪ੍ਰਸ਼ਨ-20. ਮੁੰਤਖਿਬ ਉਲ ਲੁਬਾਬ ਕਿਸ ਦਾ ਰਚਿਤ ਗ੍ਰੰਥ ਹੈ ?
ੳ) ਖਾਫੀ ਖਾਂ (ਅ) ਰਤਨ ਸਿੰਘ ਭੰਗੂ
(ੲ) ਗਿਆਨੀ ਗਿਰਜਾ ਸਿੰਘ (ਸ) ਕੋਈ ਨਹੀਂ

ਉੱਤਰ ਮਾਲਾ -1. ਹ 2. ਸ 3. ੲ 4. ੳ 5. ੲ 6. ਅ 7. ਸ 8.ਅ 9.ੳ 10.ਅ 11. ਅ 12. ਅ 13. ੲ 14.ਅ 15.ਸ 16.ੲ 17.ਸ 18. ੳ 19.ਅ 20.ੳ



# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

## ਆਖ਼ਰੀ ਕਿਸ਼ਤ

ਰਾਜਧਾਨੀ ਲਾਹੌਰ ਦੀ ਜਿੱਤ ਤੋਂ ਬਾਅਦ ਪੂਰਾ ਪੰਜਾਬ ਖਾਲਸੇ ਦੇ ਅਧਿਕਾਰ ਵਿਚ ਆ ਗਿਆ। ਜਿਸ ਤਰਾਂ 'ਸੁਲਤਾਨੁਲ ਕੌਮ0 ਭਾਵ 'ਪੰਥ ਦੇ ਬਾਦਸ਼ਾਹ' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਤੰਬਰ 1761 ਵਿਚ ਲਾਹੌਰ ਉਪਰ ਕਬਜਾ ਕਰਕੇ ਸਿੱਕਾ ਜਾਰੀ ਕੀਤਾ ਸੀ, ਹੁਣ ਵੀ ਜਾਰੀ ਕੀਤਾ ਗਿਆ ਜਿਸ ਉਪਰ ਉਹੀ ਸ਼ਬਦ ਉਕਰੇ ਗਏ ਜਿਹੜੇ ਸਿੱਖ ਰਾਜ ਦੇ ਪਹਿਲੇ ਸਥਾਪਕ ਬੰਦਾ ਬਹਾਦੁਰ ਨੇ ਆਪਣੀ ਮੋਹਰ ਉਪਰ ਉਕੇਰੇ ਸਨ। ਸਿੱਧੇ ਪਾਸੇ ਇਹ ਸ਼ਬਦ ਸਨ :-

'ਦੇਗ ਤੇਗ ਫਤਹਿ ਓ ਨੁਸਰਤ ਬੇਦਰੰਗ,
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ'।

(ਭਾਵ ਦੇਗ ਅਤੇ ਤੇਗ ਜਿਹੜੇ ਦਾਨ ਦੇ ਪ੍ਰਤੀਕ ਹਨ। ਜਿੱਤ ਸਹਿਜ ਆਸਰਾ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਕੀਤੀ ਹੈ। ਦੂਜੇ ਸ਼ਬਦਾਂ ਵਿਚ ਬੰਦਾ ਬਹਾਦੁਰ ਨੇ ਇਹ ਸਪਸ਼ਟ ਕਰ ਦਿੱਤਾ ਕਿ ਮੁਫ਼ਤ ਲੰਗਰ ਤੇ ਤਲਵਾਰ, ਜਿੱਤ ਤੇ ਬਰਕਤ ਮੈਨੂੰ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ।)

ਉਸ ਦੇ ਦੂਜੇ ਪਾਸੇ ਇਹ ਸ਼ਬਦ ਸਨ :-

ਜਬਰ ਦਾਰੂਲ ਸਲਤਨਤ ਲਾਹੌਰ ਸੰਵਤ 1822'

(ਭਾਵ ਇਹ ਸਿੱਕਾ ਲਾਹੌਰ ਤੋਂ ਸੰਵਤ 1822 ਨੂੰ ਜਾਰੀ ਕੀਤਾ ਗਿਆ।)

ਇਹੀ ਸਿੱਕਾ ਸਾਰੀਆਂ ਮਿਸਲਾਂ ਦੇ ਸਰਦਾਰਾਂ ਨੇ ਆਪਣੀਆਂ ਮਿਸਲਾਂ ਵਿਚ ਜਾਰੀ ਕਰ ਦਿੱਤਾ ਤੇ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਵੀ ਨੇ ਜਾਰੀ ਕੀਤਾ। ਸਿਰਫ ਸਿੱਕਾ ਢਾਲਣ ਦਾ ਸਥਾਨ ਤੇ ਸੰਵਤ ਹੀ ਲੋੜ ਅਨੁਸਾਰ ਬਦਲਿਆ ਗਿਆ।

1765 ਤੋਂ 1766 ਤੱਕ ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਵੱਲ ਮੂੰਹ ਨਹੀਂ ਕੀਤਾ। ਅਫ਼ਗਾਨਿਸਤਾਨ ਵਿਚ ਹੀ ਕਾਫੀ ਸਮੱਸਿਆਵਾਂ ਸਨ। ਉਹ ਉਨਾਂ ਨੂੰ ਸੁਲਝਾਉਣ ਵਿਚ ਲੱਗਿਆ ਹੋਇਆ ਸੀ। ਦੂਜਾ, ਸਾਰੇ ਪੰਜਾਬ ਉਪਰ ਸਿੱਖਾਂ ਦਾ ਕਬਜਾ ਹੋ ਚੁੱਕਿਆ ਸੀ। ਜਮਨਾ ਤੋਂ ਸਿੰਧ ਤਕ ਕੋਈ ਅਜਿਹਾ ਇਲਾਕਾ ਨਹੀਂ ਸੀ, ਜਿਸ ਉਪਰ ਉਸਦਾ ਅਧਿਕਾਰ ਹੋਏ ਤੇ ਕਿਤੇ ਵੀ ਉਸਦਾ ਹੁਕਮ ਚੱਲਦਾ ਹੋਏ ਤੇ ਹਮਾਇਤੀ ਹੋਣ। ਫੇਰ ਵੀ ਉਸਨੂੰ ਪੈਸੇ ਦੀ ਭੁੱਖ ਸੀ ਤੇ ਉਹ ਮੁੜ ਹਮਲਾ ਕਰਨ ਦਾ ਬਹਾਨਾ ਲੱਭ ਰਿਹਾ ਸੀ।

ਅਖ਼ੀਰ ਬਹਾਨਾ ਹੱਥ ਲੱਗਿਆ। ਮੀਰ ਕਾਸਿਮ ਨੇ ਅਬਦਾਲੀ ਨੂੰ ਸੱਦਾ ਭੇਜਿਆ ਕਿ ਉਹ ਉਸਨੂੰ ਮੁਰਾਦਾਬਾਦ ਦੇ ਤਖ਼ਤ ਉਪਰ ਬਿਠਾਉਣ ਵਿਚ ਮਦਦ ਕਰੇ, ਜਿਸ ਉਪਰੋਂ ਅੰਗਰੇਜ਼ਾਂ ਨੇ ਉਸਨੂੰ ਲਾਹ ਦਿੱਤਾ ਸੀ। ਨਵੰਬਰ 1766 ਦੇ ਅਖ਼ੀਰਲੇ ਹਫ਼ਤੇ ਅਹਿਮਦ ਸ਼ਾਹ ਸਿੰਧ ਦਰਿਆ ਨੂੰ ਪਾਰ ਕਰਕੇ 4 ਦਸੰਬਰ ਨੂੰ ਗੁਜਰਾਤ ਪਹੁੰਚ ਗਿਆ। ਉਹ ਚਾਹੁੰਦਾ ਸੀ ਪੰਜਾਬ ਵਿਚੋਂ ਨਿਕਲ ਕੇ ਜਲਦੀ ਤੋਂ ਜਲਦੀ ਦਿੱਲੀ ਪਹੁੰਚਿਆ ਜਾਏ ਤੇ ਵਾਪਸੀ ਉਪਰ ਸਿੱਖਾਂ ਨਾਲ ਨਜਿੱਠਿਆ ਜਾਏ। ਪਰ ਸਿੱਖਾਂ ਨੇ ਆਪਦੇ ਗੁਰੀਲਾ ਯੁੱਧ ਨਾਲ ਪੰਜਾਬ ਵਿਚ ਹੀ ਉਸਦਾ ਲੱਕ ਤੋੜ ਛੱਡਿਆ। ਖਾਲਸੇ ਨੇ 11 ਜਨਵਰੀ 1767 ਨੂੰ ਜਹਾਨ ਖ਼ਾਂ ਦੀ ਕਮਾਨ ਵਿਚ ਅੱਗੇ ਵਧ ਰਹੇ ਅਬਦਾਲੀ ਦੇ ਹਰਾਵਲ ਦਸਤੇ ਉਪਰ ਅੰਮ੍ਰਿਤਸਰ ਦੇ ਨੇੜੇ ਇਕ ਜਬਰਦਸਤ ਧਾਵਾ ਬੋਲ ਦਿੱਤਾ। ਘਮਸਾਨ ਦੀ ਲੜਾਈ ਹੋਈ, ਜਿਸ ਵਿਚ ਪੰਜ ਛੇ ਹਜ਼ਾਰ ਦੁਰਾਨੀ ਖੇਤ ਰਹੇ ਤੇ ਹਾਰ ਕੇ ਪਿੱਛੇ ਹਟ ਗਏ।

ਖ਼ੁਦ ਅਬਦਾਲੀ, ਜਹਾਨ ਖ਼ਾਂ ਦੀ ਮਦਦ ਲਈ ਗਿਆ। ਪਰ ਸਿੱਖ ਕਿਧਰੇ ਦਿਖਾਈ ਨਹੀਂ ਦਿੱਤੇ। ਉਹਨਾਂ ਨੂੰ ਸਾਹਮਣੇ ਆਉਣ ਦੀ ਜ਼ਰੂਰਤ ਹੀ ਨਹੀਂ ਸੀ। ਉਹ ਅੱਗੇ ਵਧ ਰਹੀ ਅਫ਼ਗਾਨ ਫੌਜ ਦਾ ਪਿੱਛਾ ਕਰ ਰਹੇ ਸਨ ਤੇ ਜਿੱਥੇ ਕਿਤੇ ਦਾਅ ਲੱਗਦਾ ਸੀ, ਧਾਵਾ ਬੋਲ ਦਿੰਦੇ ਸਨ ਤੇ ਦੁਸ਼ਮਣ ਦਾ ਨੁਕਸਾਨ ਕਰਕੇ ਪਰਤ ਜਾਂਦੇ ਸਨ। ਜਹਾਨ ਖ਼ਾਂ ਪਿੱਛੋਂ ਖਾਲਸੇ ਦੀ ਦੂਜੀ ਵੱਡੀ ਟੱਕਰ ਨਸੀਰ ਖ਼ਾਂ ਬਲੋਚ ਨਾਲ ਹੋਈ। ਇਸ ਟੱਕਰ ਵਿਚ ਨਸੀਰ ਖ਼ਾਂ ਬੁਰੀ ਤਰਾਂ ਹਾਰਿਆ। ਸਿੱਖ ਸ਼ਾਹ ਦਾ ਸਾਰਾ ਸਾਮਾਨ ਖੋਹ ਕੇ ਲੈ ਗਏ। ਉਹ ਜਿਹੜਾ ਕਾਬਲੀ ਮੇਵਿਆਂ ਨਾਲ ਲੱਦਿਆ ਊਠਾਂ ਦਾ ਕਾਫ਼ਲਾ ਨਾਲ ਲੈ ਕੇ ਆਇਆ ਸੀ, ਸਿੱਖਾਂ ਨੇ ਉਹ ਵੀ ਲੁੱਟ ਲਿਆ। ਇਸ ਦੇ ਇਲਾਵਾ ਚੰਬਾ ਦੇ ਰਾਜੇ ਨੇ ਅਫ਼ਗਾਨ ਫੌਜ ਲਈ ਜਿਹੜਾ ਆਟਾ-ਦਾਣਾ ਭੇਜਿਆ ਸੀ, ਉਹ ਵੀ ਖੋਹ ਲਿਆ ਗਿਆ।

ਬਿਆਸ ਤੇ ਸਤਿਲੁਜ ਦੇ ਵਿਚਕਾਰ ਖਾਲਸੇ ਨੇ ਸ਼ਾਹ ਦੀ ਹਾਲਤ ਏਨੀ ਪਤਲੀ ਕਰ ਦਿੱਤੀ ਕਿ ਉਹ ਦਿੱਲੀ ਪਹੁੰਚਣ ਦਾ ਖ਼ਿਆਲ ਛੱਡ ਕੇ ਵਾਪਸ ਕਾਬੁਲ ਪਰਤ ਗਿਆ।

ਇਹ ਅਬਦਾਲੀ ਦਾ ਅੱਠਵਾਂ ਤੇ ਅਖ਼ੀਰਲਾ ਹਮਲਾ ਸੀ ਪਰ ਉਸਨੂੰ ਪੈਸੇ ਦੀ ਸਖ਼ਤ ਲੋੜ ਸੀ, ਇਸ ਲਈ ਉਸਨੇ 1769 ਤੇ 1770 ਦੇ ਦਸੰਬਰ-ਜਨਵਰੀ ਵਿਚ ਆਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਪੇਸ਼ਾਵਰ ਤੋਂ ਅੱਗੇ ਨਹੀਂ ਵਧ ਸਕਿਆ। ਸ਼ਾਹ ਹੁਣ ਬੁੱਢਾ ਹੋ ਗਿਆ ਸੀ ਤੇ ਖਾਲਸੇ ਦੀ ਨਵੀਂ ਸ਼ਕਤੀ ਨਾਲ ਟਕਰਾਉਣ ਤੋਂ ਅਸਮਰਥ ਸੀ। ਹਰਿਮੰਦਰ ਨੂੰ ਬਾਰੂਦ ਨਾਲ ਉਡਾਉਣ ਸਮੇਂ ਫੁੱਟੀਆਂ ਇੱਟਾਂ ਦੀ ਇਕ ਕੈਂਕਰ ਉਸਦੇ ਨੱਕ ਉਪਰ ਵੀ ਵੱਜੀ ਸੀ, ਜਿਸ ਨਾਲ ਜਖ਼ਮ ਹੋ ਗਿਆ ਤੇ ਉਹ ਜਖ਼ਮ ਹੌਲੀ ਹੌਲੀ ਨਾਸੂਰ ਬਣ ਗਿਆ ਸੀ। ਨਾਸੂਰ ਨਾਲ ਸਾਰਾ ਨੱਕ ਗਲ਼ ਗਿਆ ਸੀ ਤੇ ਇਸੇ ਨਾਲ 14 ਅਪ੍ਰੈਲ 1772 ਵਿਚ ਸ਼ਾਹ ਦੀ ਮੌਤ ਹੋ ਗਈ। ਠੀਕ ਇਸੇ ਦਿਨ ਖਾਲਸੇ ਨੇ ਸਿੰਧ ਪਾਰ ਕਰਕੇ ਪਿਸ਼ਾਵਰ ਉੱਤੇ ਧਾਵਾ ਬੋਲਿਆ ਤੇ ਉਸਨੂੰ ਲੁੱਟ ਲਿਆ।



1761 ਨੂੰ ਜਦੋਂ ਖਾਲਸੇ ਨੇ ਲਾਹੌਰ ਉਪਰ ਕਬਜਾ ਕੀਤਾ, ਉਦੋਂ ਮੁਗਲਾਨੀ ਬੇਗਮ ਦੀ ਹਾਲਤ ਬੜੀ ਖਰਾਬ ਸੀ। ਉਸਦੇ ਗਰੀਬੀ ਦੇ ਦਿਨ ਚੱਲ ਰਹੇ ਸਨ। ਇਹ ਦੇਖ ਕੇ ਅਹਿਮਦ ਸ਼ਾਹ ਨੇ ਉਸਨੂੰ ਜ਼ਿਲਾ ਸਿਆਲਕੋਟ ਦੀ ਜ਼ਮੀਨ ਦੇ ਦਿੱਤੀ, ਜਿਸਦੀ ਆਮਦਨ 30 ਹਜ਼ਾਰ ਰੁਪਏ ਸਾਲਾਨਾ ਸੀ। ਬੇਗਮ ਨੇ ਤਹਿਮਸ ਖ਼ਾਂ ਮਿਸਕੀਨ ਨੂੰ ਸਿਆਲਕੋਟ ਵਿਚ ਆਪਣਾ ਮੁਲਾਜ਼ਮ ਲਾ ਦਿੱਤਾ ਤੇ ਆਪ ਉਹ ਸ਼ਹਿਬਾਜ਼ ਖਵਾਜ਼ਾ ਸਰਾ ਨਾਲ ਜੰਮੂ ਵਿਚ ਰਹਿਣ ਲੱਗ ਪਈ। ਲਾਹੌਰ ਵਾਂਗ ਜੰਮੂ ਵਿਚ ਵੀ ਬੇਗਮ ਦੀ ਅਯਾਸ਼ੀ ਦੀਆਂ ਕਹਾਣੀਆਂ ਸਾਰਿਆਂ ਦੀ ਜੁਬਾਨ ਉਪਰ ਚੜ ਗਈਆਂ। ਏਨੀ ਬਦਨਾਮੀ ਹੋਈ ਕਿ ਬੇਗਮ ਜੰਮੂ ਛੱਡ ਕੇ ਪਰਮੰਡਲ ਚਲੀ ਗਈ। ਉੱਥੇ ਉਹ ਸ਼ਹਿਬਾਜ਼ ਨਾਲ ਸ਼ਾਦੀ ਕਰਕੇ ਬਾਕਾਇਦਾ ਗ੍ਰਹਿਸਤ ਜੀਵਨ ਬਿਤਾਉਣ ਲੱਗੀ। ਤਹਿਮਸ ਖ਼ਾਂ ਮਸਕੀਨ ਨੇ ਬੇਗਮ ਦੀ ਛੋਟੀ ਬੇਟੀ ਨੂੰ ਇਹ ਸੋਚ ਕਿ ਕਿਤੇ ਮਾਂ ਦੀ ਸੋਹਬਤ ਵਿਚ ਉਹ ਵੀ ਖਰਾਬ ਨਾ ਹੋ ਜਾਏ, ਆਪਣੀ ਵੱਡੀ ਭੈਣ ਉਮਰਾ ਕੋਲ ਦਿੱਲੀ ਭੇਜ ਦਿੱਤਾ। ਹੁਣ ਤਹਿਮਸ ਖ਼ਾਂ ਨੇ ਵੀ ਬੇਗਮ ਦਾ ਸਾਥ ਛੱਡ ਦਿੱਤਾ ਸੀ ਤੇ ਉਹ ਜੈਨ ਖ਼ਾਂ ਕੋਲ ਸਰਹਿੰਦ ਚਲਾ ਗਿਆ ਸੀ।

ਵਾਰਿਸ ਸ਼ਾਹ ਜੋਗੀ ਬਣ ਕੇ ਸਾਰੇ ਪੰਜਾਬ ਵਿਚ ਘੁੰਮਿਆਂ। ਸਾਰੀ ਉਥਲ ਪੁਥਲ ਦੇਖੀ ਤੇ ਇਹ ਵੀ ਦੇਖਿਆ ਕਿ ਜੋਗੀ, ਜੋਗੀ ਨਹੀਂ ਹੁੰਦੇ ਸਿਰਫ ਪਾਖੰਡੀ ਹੁੰਦੇ ਨੇ। ਅਖ਼ੀਰ ਉਹ ਆਪਣੇ ਪਿੰਡ ਜੰਡਿਆਲਾ ਸ਼ੇਰ ਖ਼ਾਂ ਪਰਤ ਆਇਆ ਤੇ ਸ਼ਾਦੀ ਕਰਕੇ ਗ੍ਰਹਿਸਤ ਜੀਵਨ ਬਿਤਾਉਣ ਲੱਗਿਆ ਤੇ 1765 ਵਿਚ ਆਪਣਾ ਮਹਾਕਾਵ 'ਹੀਰ0 ਮੁਕੰਮਲ ਕੀਤਾ। ਲਿਖਿਆ ਹੈ :-

'ਯਾਰਾਂ ਸਾਨੂੰ ਆਣ ਸਵਾਲ ਕੀਤਾ
ਇਸ਼ਕ ਹੀਰ ਦਾ ਨਵਾਂ ਬਣਾਈਏ ਜੀ
ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ
ਢੰਗ ਸੋਹਣੇ ਨਾਲ ਸੁਣਾਈਏ ਜੀ
ਯਾਰਾਂ ਨਾਲ ਮਜਲਿਸਾਂ ਵਿਚ ਬਹਿ ਕੇ
ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ।'

ਵਾਰਿਸ ਨੇ ਹੀਰ ਦੇ ਇਸ਼ਕ ਨੂੰ ਇੰਜ ਬਿਆਨ ਕੀਤਾ ਕਿ ਉਸ ਵਿਚ ਪੰਜਾਬ ਦੀ ਆਤਮਾ ਨੂੰ ਸਮੋ ਦਿੱਤਾ। ਹਾਲੀ ਪਾਲੀ ਇਸ ਨੂੰ ਝੂੰਮ ਝੂੰਮ ਕੇ ਗਾਉਂਦੇ ਹਨ ਤੇ ਲੋਕ ਮਜਲਿਸਾਂ ਵਿਚ ਬੈਠ ਕੇ ਆਨੰਦ ਮਾਣਦੇ ਹਨ।

ਭੂਪ ਸਿੰਘ ਨੇ ਵੀ ਆਪਣੇ ਪਿੰਡ ਜੰਡਿਆਲਾ ਸ਼ੇਰ ਖ਼ਾਂ ਵਿਚ ਆ ਕੇ ਖੇਤੀ ਦਾ ਕੰਮ ਸੰਭਾਲ ਲਿਆ। ਉਸ ਨੇ ਆਪਣੀ ਮੂੰਹ ਬੋਲੀ ਭੈਣ ਸਾਬੋ ਦਾ ਵਿਆਹ ਮਨਮੋਹਨ ਨਾਲ ਕਰ ਦਿੱਤਾ। ਮੇਹਰ ਚੰਦ ਵੀ ਉਸਦਾ ਮੂੰਹ ਬੋਲਿਆ ਛੋਟਾ ਭਰਾ ਸੀ। ਭੈਣ ਦਾ ਵਿਆਹ ਕਰਨ ਪਿੱਛੋਂ ਉਸਨੇ ਮਾਂ ਨੂੰ ਕਿਹਾ, 'ਮਾਂ ਹੁਣ ਅਸੀਂ ਛੋਟੇ ਵੀਰੇ ਮੇਹਰ ਚੰਦ ਦਾ ਵਿਆਹ ਕਰਾਂਗੇ। ਉਹ ਲਾੜਾ ਬਣੇਗਾ, ਵਿਆਹ ਕੇ ਲਾੜੀ ਘਰ ਲਿਆਏਗਾ ਤੇ ਪਰਿਵਾਰ ਵਧਾਏਗਾ। ਮੇਰੀ ਉਮਰ ਹੁਣ ਚਾਲੀ ਸਾਲ ਤੋਂ ਉਪਰ ਏ। ਮੈਂ ਸ਼ਾਦੀ ਨਹੀਂ ਕਰਾਂਗਾ।'

ਤੇ ਭੂਪ ਸਿੰਘ ਨੇ ਸ਼ਾਦੀ ਨਹੀਂ ਕੀਤੀ। ਉਹ ਇਕ ਅਜਿਹਾ ਸੂਫੀ ਫਕੀਰ ਸੀ, ਜਿਸ ਨੇ ਗ੍ਰਹਿਸਤੀ ਰਹਿੰਦਿਆਂ ਹੋਇਆਂ ਸਨਿਆਸ ਧਾਰਨ ਕੀਤਾ ਹੋਇਆ ਸੀ। ਉਹ ਕਬੀਰ ਵਾਂਗ 'ਇਕ ਇਨਸਾਨ ਸੀ, ਨਾ ਹਿੰਦੂ ਸੀ ਨਾ ਮੁਸਲਮਾਨ ਸੀ।' ਉਹ ਸਾਰਿਆਂ ਦੀ ਸੇਵਾ ਕਰਦਾ ਸੀ ਤੇ ਦੁੱਖ-ਦਰਦ ਵਿਚ ਹਰੇਕ ਦੇ ਕੰਮ ਆਉਂਦਾ ਸੀ। ਆਪਣੇ ਗੁਆਂਢੀ ਵਾਰਿਸ ਸ਼ਾਹ ਨਾਲ ਉਸਦੀ ਖ਼ੂਬ ਬਣਦੀ ਸੀ। ਉਹ ਅਕਸਰ ਇਕੱਠੇ ਬੈਠ ਕੇ ਸਾਹਿਤ ਤੇ ਦਰਸ਼ਨ ਦੀਆਂ ਗੱਲਾਂ ਕਰਦੇ ਤੇ ਵਧੇਰੇ ਸਮਾਂ ਚਿੰਤਨ ਵਿਚ ਬਿਤਾਉਂਦੇ। ਕਈ ਵਾਰੀ ਵਾਰਿਸ ਆਪਣੀ 'ਹੀਰ' ਪੜ ਕੇ ਸੁਣਾਉਂਦਾ ਤੇ ਭੂਪ ਸਿੰਘ ਨੁਕਤਿਆਂ ਉਪਰ ਦਾਦ ਦਿੰਦਾ, 'ਵਾਹ! ਵਾਹ! ਤੂੰ ਪੰਜਾਬ ਨੂੰ ਸਮਝਿਆ ਏ ਤੇ ਆਪਣੇ ਆਪ ਨੂੰ ਵੀ। ਵਾਕਈ :-

'ਵਾਰਿਸ ਸ਼ਾਹ ਸੁਖਨ ਦਾ ਵਾਰਿਸ
ਕਿਤੇ ਨਾ ਅਟਕਿਆ ਬੱਲਿਆ'।

ਭੂਪ ਸਿੰਘ ਨੇ ਵਾਰਿਸ ਸ਼ਾਹ ਦੀਆਂ ਸਤਰਾਂ ਹੀ ਦੁਹਰਾਈਆਂ ਤੇ ਗੱਲ ਜਾਰੀਰੱਖੀ, 'ਦੇਖ ਵਾਰਿਸਾ, ਜਿਸ ਤਰਾਂ ਤੇਰੇ ਵਿਚ ਕੋਈ ਭੁਲੇਖਾ, ਭਟਕਣ ਜਾਂ ਕੋਈ ਖੋਟ ਨਹੀਂ, ਇਸੇ ਤਰਾਂ ਬੁੱਲੇ ਸ਼ਾਹ 'ਚ ਵੀ ਕੋਈ ਭੁਲੇਖਾ, ਭਟਕਣ ਜਾਂ ਕੋਈ ਖੋਟ ਨਹੀਂ। ਇਹੀ ਕਵਿਤਾ ਹੈ, ਇਹੀ ਲੋਕ ਸਾਹਿਤ ਹੈ। ਕਬੀਰ ਦੀ ਵੀ ਇਹੋ ਵਿਸ਼ੇਸ਼ਤਾ ਏ। ਉਸਦਾ ਇਕ ਪਦ ਏ :-

'ਸਾਧੂ ਐਸਾ ਚਾਹੀਏ ਜੇਸਾ ਸੂਪ ਸੁਭਾਏ
ਸਾਰ ਸਾਰ ਗਹੇ ਥੋਥਾ ਦੇ ਉਡਾਏ'।

'ਭੂਪ ਸਿਆਂ ਤੂੰ ਵੀ ਤਾਂ ਇਕ ਅਜਿਹਾ ਈ ਸਾਧੂ ਏਂ। ਮੇਰੀ ਖ਼ੁਸ਼ਕਿਸਮਤੀ ਏ ਕਿ ਮੈਨੂੰ ਤੇਰੇ ਵਰਗਾ ਦੋਸਤ ਤੇ ਗੁਆਂਢੀ ਮਿਲਿਆ।' ਵਾਰਿਸ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ ਤੇ ਭੂਪ ਸਿੰਘ ਵੀ ਮੁਸਕਰਾਉਣ ਲੱਗ ਪਿਆ।

**ਸਮਾਪਤ**

# ਅਲੋਪ ਹੋ ਰਹੇ 'ਹੱਥ ਪੱਖੇ'



ਤਸਵਿੰਦਰ ਸਿੰਘ ਬੜੈਚ
ਮੋਬਾ-7527931887

ਬੇਸ਼ੱਕ ਅਸੀ ਏ.ਸੀ., ਬਿਜਲੀ ਪੱਖਿਆਂ ਅਤੇ ਕੂਲਰਾਂ ਦਾ ਭਰਪੂਰ ਅਨੰਦ ਮਾਣ ਰਹੇ ਹਾਂ ਪਰ ਫਿਰ ਵੀ ਹੱਥ ਪੱਖਿਆਂ ਦੀ ਆਪਣੀ ਹੀ ਪਛਾਣ ਹੈ। ਕੋਈ ਵੇਲਾਂ ਸੀ ਜਦੋਂ ਹੱਥ ਪੱਖੇ ਘਰਾਂ 'ਚ ਬੜੇ ਚਾਅ ਨਾਲ ਬੁਣੇ ਜਾਂਦੇ ਸਨ। ਔਰਤਾਂ ਦਾ ਹੱਥ-ਪੱਖੇ, ਪੱਖੀਆਂ, ਦਰੀਆਂ, ਮੰਜੇ-ਪੀੜੀਆਂ ਬੁਣਨਾਂ ਆਮ ਸ਼ੌਂਕ ਸੀ ਜੋ ਕਿ ਘਰ ਦੀ ਲੋੜ ਨੂੰ ਵੀ ਪੂਰਾ ਕਰਦਾ ਸੀ। ਹੱਥ ਪੱਖੇ, ਹੱਥ ਪੱਖੀ ਦੀ ਦੀ ਤਰਾਂ ਹੀ ਬੁਣੇ ਜਾਂਦੇ ਸਨ ਪਰ ਆਕਾਰ ਵਿਚ ਹੱਥ ਪੱਖੀਆਂ ਨਾਲੋਂ ਵੱਡੇ ਹੁੰਦੇ ਸਨ। ਪਹਿਲਾਂ ਹੱਥ ਪੱਖੇ ਦਾ ਚੱਕਰਦਾਰ ਤਾਰ, ਜਿਸ ਨਾਲ ਮੁੱਠੀਨੁਮਾ ਹੱਥੀ ਜੜਤ ਹੁੰਦੀ ਸੀ ਫਰੇਮ ਬਾਜ਼ਾਰ ਵਿਚੋ ਖ਼ਰੀਦਿਆਂ ਜਾਂਦਾ, ਫਿਰ ਉਸ 'ਤੇ ਕੁੜੀਆਂ ਰੰਗਦਾਰ ਰੇਸ਼ਮੀ ਧਾਂਗਿਆਂ ਦਾ ਤਾਣਾ ਪਾਉਂਦੀਆਂ। ਫਿਰ ਸੂਈ ਵਿਚ ਧਾਗਾ ਪਾ ਕੇ ਉਸ ਨੂੰ ਬੁਣਿਆਂ ਜਾਂਦਾ ਸੀ। ਹੱਥ ਪੱਖੇ ਨੂੰ ਕੁੜੀਆਂ ਬੜੀ ਮਿਹਨਤ ਨਾਲ ਬੁਣਦੀਆ। ਪੱਖਿਆਂ ਉੱਤੇ ਮੁਟਿਆਰਾਂ ਬੜੀਆਂ ਰੀਝਾਂ ਨਾਲ ਵੇਲ-ਬੂਟੇ ਤੇ ਮੋਰ-ਘੁੱਗੀਆਂ ਆਦਿ ਦੇ ਨਮੂਨੇ ਪਾਉਂਦੀਆ। ਅਜਿਹੇ ਨਮੂਨੇ ਪਾਏ ਜਾਂਦੇ ਕਿ ਦੇਖਣ ਵਾਲੇ ਦੀ ਭੁੱਖ ਲਹਿ ਜਾਂਦੀ। ਪੱਖਿਆਂ ਦੇ ਨਮੂਨੇ ਦੇਖਣਯੋਗ ਹੁੰਦੇ ਸਨ। ਵੰਨ-ਸੁਵੰਨੇ ਪੱਖੇ ਦੇਖ ਕੇ ਮਨ ਗਦਗਦ ਹੋ ਜਾਂਦਾ। ਜੇ ਕਿਸੇ ਦੇ ਪੱਖੇ ਦਾ ਨਮੂਨਾ ਬਹੁਤ ਹੀ ਵੱਖਰਾ ਹੁੰਦਾ ਤਾਂ ਉਸ ਤੋਂ ਉਹ ਹੱਥ ਪੱਖਾ ਦੋ-ਚਾਰ ਦਿਨ ਲਈ ਮੰਗ ਕੇ ਉਹੋ ਜਿਹਾ ਨਮੂਨਾ ਘਰ 'ਚ ਪਾ ਲਿਆ ਜਾਂਦਾ। ਪੱਖੇ ਨੂੰ ਬੁਣਨ ਤੋਂ ਬਾਅਦ ਇਸਦੇ ਦੁਆਲੇ ਵਲਦਾਰ ਝਾਲਰ ਲਾਈ ਜਾਂਦੀ। ਝਾਲਰ ਇਕ ਖਾਸ ਨਮੂਨੇ ਦੀ ਬਣਾਈ ਜਾਂਦੀ ਸੀ, ਜਿਹੜੀ ਕਿ ਪੱਖੇ ਵਾਲੇ ਪਾਸਿਉ ਪਲੇਟ ਪਾ ਕੇ ਛੋਟੀ ਕੀਤੀ ਹੁੰਦੀ ਸੀ ਅਤੇ ਬਾਹਰੋਂ ਖੁੱਲੀ ਹੁੰਦੀ ਸੀ। ਝਾਲਰ ਵੀ ਏਨੀ ਪਿਆਰੀ ਲਗਾਈ ਹੁੰਦੀ ਕਿ ਦੇਖਣ ਵਾਲੇ ਦਾ ਮਨ ਮੋਹ ਲੈਂਦੀ। ਇਸ ਤਰਾਂ ਇਹ ਹੱਥ-ਪੱਖਾ ਝੱਲ ਮਾਰਨ ਲਈ ਤਿਆਰ ਹੋ ਜਾਂਦਾ। ਹੱਥ ਨਾਲ ਝੱਲਣ ਵਾਲੇ ਇਹ ਪੱਖੇ ਕਿਸੇ ਵੇਲੇ ਲੋਕਾਂ ਦਾ ਪਸੀਨਾ ਸੁਕਾਉਣ ਦੇ ਕੰਮ ਆਉਂਦੇ ਸਨ। ਇਹ ਪੱਖੇ ਆਮ ਤੌਰ 'ਤੇ ਸਮਾਜਿਕ ਤੇ ਧਾਰਮਿਕ ਇਕੱਠਾ ਵਿਚ ਵਰਤੇ ਜਾਂਦੇ ਸਨ। ਵਿਆਹ-ਸ਼ਾਦੀਆਂ ਵਿਚ ਲਾਵਾਂ-ਫੇਰਿਆਂ ਵੇਲੇ ਇਹ ਪੱਖੇ ਝੱਲੇ ਜਾਂਦੇ ਸਨ। ਗੁਰਦੁਆਰਿਆਂ ਵਿਚ ਇਹ ਪੱਖੇ ਆਮ ਹੁੰਦੇ ਸਨ। ਗੁਰਦੁਆਰਿਆਂ ਦੇ ਇਕੱਠਾਂ ਵਿਚ ਸੰਗਤਾਂ ਦੀ ਸੇਵਾ ਇਹਨਾ ਦੀ ਸੇਵਾ ਇਨਾਂ ਪੱਖਿਆਂ ਨਾਲ ਕੀਤੀ ਜਾਂਦੀ ਸੀ। ਇਕ ਜਣਾ ਹੱਥ ਨਾਲ ਡੰਡੀ ਦੇ ਵਿਚਕਾਰੋ ਫੜ ਕੇ ਤੇ ਦੂਜਾ ਹੱਥ ਮੁੱਠੇ ਨੂੰ ਪਾ ਕੇ ਝੱਲਦਾ ਸੀ ਤੇ ਹਵਾ ਲੈਣ ਵਾਲੇ ਉਸ ਨੂੰ ਅਸੀਸਾਂ ਦਿੰਦੇ। ਪੱਖਾ ਝੱਲਣ ਦੀ ਸੇਵਾ ਕਰਨੀ ਲੋਕ ਖ਼ੁਸ਼ਕਿਸਮਤੀ ਵਾਲਾ ਕੰਮ ਸਮਝਦੇ ਸਨ। ਗਰਮੀ ਦੇ ਮਹੀਨਿਆਂ ਵਿਚ ਵਹੁਟੀਆ ਵੀ ਰੀਝ ਕਰਦੀਆਂ ਕਿ ਕੰਤ ਉਨਾਂ ਨੂੰ ਪੱਖੇ ਦੀ ਹਵਾ ਦੇਵੇ, ਤਾਹੀਓਂ ਤਾਂ ਲੋਕ ਗੀਤਾਂ ਵਿਚ ਇਸ ਦਾ ਜ਼ਿਕਰ ਇਸ ਤਰਾਂ ਆਉਦਾ ਹੈ :-



ਵੱਡੇ ਇਕੱਠਾਂ 'ਚ ਕੰਮ ਆਉਣ ਵਾਲਾ ਹੱਥ ਪੱਖਾ ਵੀ ਹੁਣ ਅਜਾਇਬ ਘਰਾਂ 'ਚ ਹੀ ਦਿਸਦਾ ਹੈ।

ਤੂੰ ਸੌਵੇਂ ਮੈਂ ਪੱਖਾ ਝੱਲਦੀ,
ਚੰਨ ਜਿਹਾ ਤੇਰਾ ਮੂੰਹ,
ਮੇਰਾ ਵੀ ਜੀਅ ਕਰਦਾ ਸੌਵਾਂ
ਪੱਖਾ ਝੱਲੇਂ ਤੂੰ,

ਪਰ ਅੱਜ ਕੱਲ ਬਿਜਲਈ ਪੱਖਿਆਂ, ਕੂਲਰਾਂ, ਏ. ਸੀ. ਵਰਗੇ ਸਾਧਨਾਂ ਨੇ ਇਨਾਂ ਪੱਖਿਆਂ ਦੀ ਕਦਰ ਖੋ ਦਿੱਤੀ ਹੈ। ਪੱਖਿਆਂ ਦੇ ਜਾਣ ਨਾਲ ਪੱਖਾ ਝੱਲਣ ਦੀ ਸਾਂਝ ਤੇ ਪੱਖੇ ਬਣਾਉਣ ਦੀ ਇਹ ਕਲਾ ਵੀ ਖਤਮ ਹੋ ਰਹੀ ਹੈ।

# ਗੁਰਬਾਣੀ ਕੀਰਤਨ ਵਿਚ ਤੰਤੀ ਸਾਜ਼ਾਂ ਦਾ ਮਹਤਵ



ਤਲਵਿੰਦਰ ਸਿੰਘ ਬੁਟਰ

ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਉਂਦੇ ਤਿੰਨ ਸਾਲਾਂ ਤੱਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੂਰਨ ਰੂਪ 'ਚ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਪੁਰਾਤਨ ਪਰੰਪਰਾ ਨੂੰ ਸੁਰਜੀਤ ਕਰਨ ਅਤੇ ਹਾਰਮੋਨੀਅਮ, ਗੁਰਬਾਣੀ ਕੀਰਤਨ ਲਈ ਜਿਸ ਦੀ ਵਰਤੋਂ ਵੀਹਵੀਂ ਸਦੀ ਦੌਰਾਨ ਸ਼ੁਰੂ ਹੋਈ, ਨੂੰ ਸਮਾਂ ਪਾ ਕੇ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਬਾਹਰ ਕਰਨ ਦੀ ਗੱਲ ਆਖੀ ਹੈ।

## ਕੀਰਤਨ ਕੀ ਹੈ ?

'ਗੁਰਸ਼ਬਦ ਰਤਨਾਗਰ ਮਹਾਨ ਕੋਸ਼' ਦੇ ਕਰਤਾ ਭਾਈ ਕਾਨ ਸਿੰਘ ਨਾਭਾ ਅਨੁਸਾਰ ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣਗਾਉਣ ਦਾ ਨਾਉਂ 'ਕੀਰਤਨ' ਹੈ। ਗੁਰਬਾਣੀ ਕੀਰਤਨ ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ ਸੀ। ਗੁਰੂ ਸਾਹਿਬ ਖ਼ੁਦ ਕੀਰਤਨ ਕਰਦੇ ਅਤੇ ਭਾਈ ਮਰਦਾਨਾ ਰਬਾਬ ਵਜਾਉਂਦਾ। ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਹਜ਼ੂਰ ਭਾਈ ਸਾਦੂ ਤੇ ਭਾਈ ਬਾਦੂ ਰਬਾਬੀ ਕੀਰਤਨ ਕਰਦੇ ਰਹੇ। ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸੱਤਾ ਤੇ ਭਾਈ ਬਲਵੰਡ ਕੀਰਤਨ ਦੀ ਸੇਵਾ ਕਰਦੇ ਰਹੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਭਾਈ ਬਾਬਕ ਰਬਾਬੀ ਜੋ ਢਾਡੀ ਬਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸੂਰਬੀਰਾਂ ਦੀਆਂ ਵਾਰਾਂ ਗਾਉਂਦਾ ਰਿਹਾ ਹੈ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਭਾਈ ਬਾਬਕ ਕਈ ਸਾਲਾਂ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਵੀ ਕਰਦਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਭਾਈ ਸੱਦੂ ਤੇ ਭਾਈ ਮੱਦੂ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਸਨ।

## ਕੀ ਹੁੰਦੇ ਹਨ ਤੰਤੀ ਸਾਜ਼ ?

ਰਾਗ-ਬੱਧ ਗੁਰਬਾਣੀ ਨੂੰ ਸੁਰ ਦੇ ਨਾਲ ਮਿਲਾ ਕੇ ਗਾਉਣ ਲਈ ਗੁਰੂ ਸਾਹਿਬਾਨ ਨੇ ਰਬਾਬ, ਸਿਰੰਦਾ, ਤਾਊਸ, ਦਿਲਰੁਬਾ ਅਤੇ ਤਾਨਪੁਰਾ ਦੀ ਵਰਤੋਂ ਕੀਤੀ। ਇਨਾਂ ਦੇ ਨਾਲ ਸੁਰਾਂ ਨੂੰ ਤਾਲ ਦੇਣ ਲਈ ਮ੍ਰਿਦੰਗ, ਪਖਾਵਜ ਅਤੇ ਢੋਲਕ ਵਰਤੇ ਜਾਂਦੇ ਰਹੇ ਇਹ ਸਾਰੇ ਸਾਜ਼ ਤਾਰ (ਤੰਤੀ) ਨਾਲ ਵਜਾਉਣ ਵਾਲੇ ਹੋਣ ਕਾਰਨ 'ਤੰਤੀ ਸਾਜ਼' ਅਖਵਾਏ। 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਵਿਚ ਗਿਆਨੀ ਕਿਰਪਾਲ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬਾਨ ਤੋਂ ਮਗਰੋਂ ਰਾਗੀ ਸਿੰਘ ਤੰਬੂਰਾ, ਦੋਤਾਰਾ, ਸਿਤਾਰ ਅਤੇ ਚੌਤਾਰਾ ਦੀ ਵਰਤੋਂ ਵੀ ਕਰਦੇ ਰਹੇ ਪਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬੰਸਰੀ, ਅਲਗੋਜ਼ੇ, ਇਕਤਾਰਾ ਅਤੇ ਸਾਰੰਗੀ ਵਰਗੇ ਸਾਜ਼ ਵਜਾਉਣ ਦੀ ਸ਼ੁਰੂ ਤੋਂ ਮਨਾਹੀ ਹੈ।

## ਕਿੰਝ ਅਲੋਪ ਹੋਈ ਤੰਤੀ ਸਾਜ਼ ਪ੍ਰਣਾਲੀ ?

ਜਰਮਨ ਦਾ ਈਜਾਦ ਹੋਇਆ ਹਾਰਮੋਨੀਅਮ 1874 ਈਸਵੀ ਦੇ ਆਸ-ਪਾਸ ਭਾਰਤ ਆਇਆ। ਸਿੱਖਣਾ ਤੇ ਵਜਾਉਣਾ ਸੌਖਾ ਹੋਣ ਕਾਰਨ ਰਾਗੀ ਸਿੰਘਾਂ ਨੇ ਵੀ ਹਾਰਮੋਨੀਅਮ ਅਪਣਾ ਲਿਆ। ਨਤੀਜੇ ਵਜੋਂ ਇਹ ਸਾਜ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਲਈ ਵਰਤੋਂ ਵਿਚ ਆਉਣ ਲੱਗਾ। ਸੰਗੀਤ ਦੇ ਉਸਤਾਦਾਂ ਦੀ ਸੰਗਤ ਵਿਚ ਸਾਲਾਂ-ਬੱਧੀ ਮਿਹਨਤ ਕਰਕੇ ਤੰਤੀ-ਸਾਜ਼ਾਂ ਨਾਲ ਰਾਗਾਂ 'ਚ ਪ੍ਰਬੀਨ ਬਣਨ ਦਾ ਰੁਝਾਨ ਖ਼ਤਮ ਹੋ ਗਿਆ। ਨਤੀਜੇ ਵਜੋਂ ਕੀਰਤਨ ਦੀ ਪੁਰਾਤਨ ਤੇ ਮੌਲਿਕ ਸ਼ੈਲੀ ਅਲੋਪ ਹੋਣੀ ਸ਼ੁਰੂ ਹੋ ਗਈ ਅਤੇ ਇਲਾਹੀ ਕੀਰਤਨ ਪਹਿਲਾਂ ਰਾਗਾਂ ਤੋਂ ਗੀਤਾਂ ਅਤੇ ਫਿਰ ਫ਼ਿਲਮੀ ਧੁਨਾਂ 'ਤੇ ਹੋਣਾ ਸ਼ੁਰੂ ਹੋ ਗਿਆ।

**ਗੁਰਮਤਿ ਸੰਗੀਤ**

## ਮਿਆਰ ਵਿਚ ਗਿਰਾਵਟ ਆਈ

ਪਦਮ ਸ੍ਰੀ ਮਰਹੂਮ ਰਾਗੀ ਭਾਈ ਨਿਰਮਲ ਸਿੰਘ ਖ਼ਾਲਸਾ ਜ਼ਿਕਰ ਕਰਦੇ ਹੁੰਦੇ ਸਨ ਕਿ ਇਕ ਵਾਰ ਸੰਗੀਤ ਜਗਤ ਦੇ ਉਸਤਾਦ ਛੋਟੇ ਗ਼ੁਲਾਮ ਅਲੀ ਖਾਂ (ਪਾਕਿਸਤਾਨ) ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਤਾਂ ਪਰਿਕਰਮਾ ਵਿਚ ਦਾਖ਼ਲ ਹੁੰਦਿਆਂ ਹੀ ਉਨਾਂ ਇੱਥੇ ਕੀਰਤਨਕਾਰਾਂ ਦੇ ਮਿਆਰ ਵਿਚ ਆਈ ਗਿਰਾਵਟ ਤੋਂ ਨਿਰਾਸ਼ ਹੁੰਦਿਆਂ ਆਖਿਆ ਸੀ ਕਿ ਗੁਰੂ ਨਾਨਕ ਦਾ ਇਹ ਦਰ ਤਾਂ ਏਨਾ ਵੱਡਾ



ਤੇ ਸੰਗੀਤ ਦੀ 'ਆਦਿ ਤੇ ਅਮੁੱਕ ਧਾਰਾ' ਹੈ ਕਿ ਇੱਥੋਂ ਦੇ ਰਾਗ ਧਨੀ ਕੀਰਤਨਕਾਰਾਂ ਅੱਗੇ ਗਾਉਣ ਤੋਂ ਹਿੰਦੁਸਤਾਨ ਦੇ ਵੱਡੇ-ਵੱਡੇ ਗਵੱਈਏ ਕੰਨ ਭੰਨਦੇ ਹੁੰਦੇ ਸਨ ਪਰ ਅੱਜ ਇਹ ਮਿਆਰ ਏਨਾ ਨੀਵਾਂ ਕਿਉਂ ਡਿਗ ਪਿਆ ਹੈ ਕਿ ਰਾਗ, ਸੁਰ, ਤਾਲ ਦੀ ਵੀ ਪੂਰੀ ਤਰਾਂ ਸੋਝੀ ਨਾ ਰੱਖਣ ਵਾਲੇ ਇੱਥੇ ਕੀਰਤਨ ਕਰ ਰਹੇ ਹਨ। ਇਹ ਲੋੜ ਸਿੱਖ ਜਗਤ ਵਿਚ ਵੀ ਪਿਛਲੇ ਸਮੇਂ ਤੋਂ ਲਗਾਤਾਰ ਜ਼ੋਰ ਫੜਦੀ ਜਾ ਰਹੀ ਸੀ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮੌਲਿਕ ਮਰਯਾਦਾ ਜੋ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਬੱਧੀ ਸੀ, ਨੂੰ ਮੂਲ ਰੂਪ ਵਿਚ ਸੁਰਜੀਤ ਰੱਖਣ ਲਈ, ਇੱਥੇ ਕੀਰਤਨ ਦੀ ਪੁਰਾਤਨ ਗਾਇਨ ਸ਼ੈਲੀ ਤੇ ਸਾਜ਼ਾਂ ਦੀ ਪਰੰਪਰਾ ਨੂੰ ਬਹਾਲ ਕਰਨਾ ਚਾਹੀਦਾ ਹੈ ਅਤੇ ਤੰਤੀ ਸਾਜ਼ਾਂ ਨੂੰ ਪ੍ਰਮੁੱਖਤਾ ਦੇਣ ਲਈ ਹਾਰਮੋਨੀਅਮ ਨੂੰ ਪਾਸੇ ਕਰਨਾ ਪਵੇਗਾ। ਕਿਉਂਕਿ ਦਹਾਕਾ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਪ੍ਰੋ. ਕਰਤਾਰ ਸਿੰਘ (ਮਰਹੂਮ) ਦੀ ਦੇਖ-ਰੇਖ ਹੇਠ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਗਾਂ ਤੇ ਤੰਤੀ ਸਾਜ਼ਾਂ ਵਿਚ ਕੀਰਤਨ ਨੂੰ ਉਤਸ਼ਾਹਿਤ ਕਰਨ ਲਈ ਅੰਮ੍ਰਿਤ ਵੇਲੇ ਆਸਾ ਦੀ ਵਾਰ, ਬਿਲਾਵਲੁ ਦੀ ਚੌਂਕੀ ਅਤੇ ਸ਼ਾਮ ਨੂੰ ਸੋਦਰੁ ਦੀ ਚੌਂਕੀ ਵੇਲੇ ਤੰਤੀ ਸਾਜ਼ਾਂ ਦੀ ਮਰਯਾਦਾ ਸੁਰਜੀਤ ਕਰਵਾਈ ਸੀ ਪਰ ਇਨਾਂ ਵਿਚ ਵੀ ਰਾਗੀ ਜਥੇ ਤੰਤੀ ਸਾਜ਼ਾਂ ਨੂੰ ਖ਼ੁਦ ਬਹੁਤ ਘੱਟ ਵਜਾਉਂਦੇ ਹਨ, ਸਗੋਂ ਦਿਲਰੁਬਾ ਵਜਾਉਣ ਵਾਲਾ ਇਕ ਵੱਖਰਾ ਸਾਜ਼ਿੰਦਾ ਸਿੰਘ ਜਥੇ ਵਿਚ ਸ਼ਾਮਿਲ ਹੁੰਦਾ ਹੈ

## ਕਿਵੇਂ ਪ੍ਰਫੁੱਲਿਤ ਹੋਵੇ ਮੌਲਿਕ ਕੀਰਤਨ ਸ਼ੈਲੀ ?

ਭਾਵੇਂ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਲਈ ਹਾਰਮੋਨੀਅਮ ਦੀ ਵਰਤੋਂ ਬੰਦ ਕਰਨ ਅਤੇ ਪੂਰਨ ਤੌਰ 'ਤੇ ਤੰਤੀ ਸਾਜ਼ਾਂ ਨਾਲ ਕੀਰਤਨ ਪਰੰਪਰਾ ਦੀ ਸੁਰਜੀਤੀ ਲਈ ਤਿੰਨ ਸਾਲ ਦਾ ਸਮਾਂ ਦਿੱਤਾ ਹੈ ਤਾਂ ਜੋ ਸਾਰੇ ਰਾਗੀ ਜਥੇ ਤੰਤੀ ਸਾਜ਼ਾਂ ਨਾਲ ਕੀਰਤਨ ਸਿਖਲਾਈ ਹਾਸਲ ਕਰ ਸਕਣ, ਪਰ ਪੰਥ ਅੰਦਰ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਲੇ ਜਥਿਆਂ ਪ੍ਰਤੀ ਬੇਰੁਖ਼ੀ ਭਰਿਆ ਰਵੱਈਆ ਖ਼ਤਮ ਕਰਕੇ ਉਨਾਂ ਨੂੰ ਉਤਸ਼ਾਹਿਤ ਕੀਤੇ ਬਗ਼ੈਰ, ਤੰਤੀ ਸਾਜ਼ ਪ੍ਰਣਾਲੀ ਨੂੰ ਪ੍ਰਜ੍ਵਲਿਤ ਨਹੀਂ ਕੀਤਾ ਜਾ ਸਕਦਾ। ਕਿਉਂਕਿ ਸਰੋਤਿਆਂ ਵਿਚ ਕੰਨ-ਰਸ ਭਾਰੂ ਹੋਣ ਅਤੇ ਪ੍ਰਬੰਧਕਾਂ ਵਿਚ ਇੱਛਾ-ਸ਼ਕਤੀ ਦੀ ਘਾਟ ਹੋਣ ਕਾਰਨ, ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵਿਚੋਂ ਜਿਹੜੇ ਉਂਗਲਾਂ 'ਤੇ ਗਿਣਨ ਜੋਗੇ ਜਥੇ ਤੰਤੀ ਸਾਜ਼ਾਂ ਦੇ ਮਾਹਰ ਹਨ, ਉਹ ਵੀ ਹੁਣ ਤੱਕ ਨਿਰਾਸ਼ਾ ਦੇ ਸ਼ਿਕਾਰ ਹੀ ਰਹੇ ਹਨ। ਹਾਰਮੋਨੀਅਮ ਨਾਲ ਕੀਰਤਨ ਵਿਚ ਮੁਹਾਰਤ ਕੋਈ ਵੀ ਸੰਗੀਤ ਵਿਦਿਆਰਥੀ ਸਾਲ-ਡੇਢ ਸਾਲ ਵਿਚ ਸਹਿਜੇ ਹੀ ਕਰ ਸਕਦਾ ਹੈ ਜਦੋਂਕਿ ਤੰਤੀ ਸਾਜ਼ਾਂ ਵਿਚ ਮੁਹਾਰਤ ਲਈ ਦਹਾਕਿਆਂ ਦੀ ਸਿਖਲਾਈ ਅਤੇ ਦਿਨ-ਰਾਤ ਦੇ ਰਿਆਜ਼ ਦੀ ਲੋੜ ਹੁੰਦੀ ਹੈ। ਇਸ ਕਰਕੇ ਪੰਥਕ ਸੰਸਥਾਵਾਂ ਤੇ ਸੰਗਤ ਵਿਚ ਤੰਤੀ ਸਾਜ਼ਾਂ ਦੇ ਮਾਹਰ ਰਾਗੀਆਂ ਪ੍ਰਤੀ ਵਿਸ਼ੇਸ਼ ਸਤਿਕਾਰ ਅਤੇ ਸਨਮਾਨ ਬਹਾਲ ਕੀਤੇ ਬਗ਼ੈਰ ਅਤੇ ਉਨਾਂ ਦੀ ਉਪਜੀਵਕਾ ਨੂੰ ਸੁਰੱਖਿਅਤ ਕੀਤੇ ਬਗ਼ੈਰ, ਗੁਰਮਤਿ ਦੀ ਮੌਲਿਕ ਕੀਰਤਨ ਸ਼ੈਲੀ ਨੂੰ ਪ੍ਰਫੁੱਲਿਤ ਕਰਨਾ ਅਸੰਭਵ ਹੈ।

---

# ਮਹਾਂ-ਸ਼ਕਤੀ ਅਕਾਲ ਪੁਰਖ

ਗਿਆਨੀ ਸੰਤ ਸਿੰਘ ਮਸਕੀਨ ਜੀ

ਪ੍ਰਮਾਤਮਾ ਇਕ ਸ਼ਕਤੀ ਹੈ-ਵਿਅਕਤੀ ਨਹੀਂ। ਉਸ ਅਗੰਮੀ ਸ਼ਕਤੀ ਦਾ ਬੋਧ ਤਾਂ ਪ੍ਰਾਚੀਨ ਸਮੇਂ ਤੋਂ ਰਿਹਾ ਹੈ, ਪਰ ਉਹ ਸ਼ਕਤੀ ਕੀ ਹੈ ? ਕਿੱਥੇ ਹੈ ? ਇਸ ਦਾ ਪੂਰਨ ਬੋਧ ਨਾ ਹੋਣ ਕਰਕੇ ਧਾਰਮਕ ਭਟਕਣਾ ਰਹੀ ਹੈ। ਵਗਦੇ ਦਰਿਆਵਾਂ ਦੇ ਵੇਗ ਵਿੱਚ ਸ਼ਕਤੀ ਦਾ ਪ੍ਰਵਾਹ ਵੇਖ, ਮਨੁੱਖ ਨੇ ਦਰਿਆਵਾਂ, ਨਦੀ ਨਾਲਿਆਂ ਦੀ ਪੂਜਾ ਕੀਤੀ। ਕੁਛ ਪਾਣੀ ਦਾ ਵਿਸ਼ੇਸ਼ ਗੁਣ-ਧਰਮ ਵੇਖ, ਝੀਲਾਂ ਤੇ ਸਾਗਰ ਵੀ ਪੂਜੇ ਗਏ। ਕਿਸੇ ਦਰਖ਼ਤ ਦੇ ਡਾਲ, ਪੱਤੇ ਜਾਂ ਜੜਾਂ, ਬੀਮਾਰੀਆਂ ਨੂੰ ਦੂਰ ਕਰਨ ਵਿੱਚ ਸਹਾਇਕ ਵੇਖ, ਦਰੱਖ਼ਤਾਂ ਦੀ ਵੀ ਪੂਜਾ ਚਲ ਪਈ। ਫ਼ਨੀਅਰ ਸੱਪ ਵਿੱਚ ਆਪਣੀ ਮੌਤ ਵੇਖ, ਭੈ-ਭੀਤ ਹੋ, ਨਾਗਾਂ ਨੂੰ ਪੂਜਣ ਲੱਗ ਪਿਆ। ਨਾਗ ਭਗਵਾਨ ਜਾਂ ਦੇਵਤਾ ਬਣ ਗਿਆ। ਗਊ, ਹਾਥੀ, ਹੰਸ, ਮੋਰ ਪੂਜੇ ਗਏ ਤੇ ਹੁਣ ਵੀ ਪੂਜਾ ਚੱਲ ਰਹੀ ਹੈ। ਚੰਦਰਮਾ, ਰਾਤ ਦੇ ਹਨੇਰੇ ਨੂੰ ਦੂਰ ਕਰ ਦਿੰਦਾ ਸੀ। ਦਿਨ, ਤਿਉਹਾਰ ਦੀ ਯਾਦ ਚੰਦਰਮਾ ਕਰ ਕੇ ਬਣੀ। ਪੂਰਨਮਾਸ਼ੀ ਭਾਵ ਪੂਰਨਮਾਸ਼ ਜਦ ਚੰਦਰਮਾ ਪੂਰਨ ਹੋ ਜਾਵੇ ਤਾਂ ਮਹੀਨਾ ਪੂਰਾ ਸਮਝਿਆ ਜਾਣ ਲੱਗ ਪਿਆ। ਸਹਿਜੇ ਸਹਿਜੇ ਪਤਾ ਚੱਲਿਆ, ਚੰਦਰਮਾਂ ਕੋਲ ਰੌਸ਼ਨੀ ਸੂਰਜ ਦੀ ਹੈ ਤਾਂ ਸੂਰਜ ਭਗਵਾਨ ਦੇਵਤਾ ਹੋ ਗਿਆ ਤੇ ਪੂਜਾ ਆਰੰਭ ਹੋ ਗਈ ।

ਕਿਸੇ ਮਨੁੱਖ ਅੰਦਰ ਦੈਵੀ ਗੁਣਾਂ ਦੀ ਸੰਪਦਾ ਵੇਖ, ਮਨੁੱਖ ਨੂੰ ਪੂਜਿਆ ਗਿਆ। ਜਦ ਉਹ ਨਾਂ ਰਿਹਾ-ਮਰ ਗਿਆ ਤਾਂ ਉਸ ਦੀ ਮੜੀ ਜਾਂ ਕਬਰ ਪੂਜੀ ਗਈ ਜਾਂ ਫਿਰ ਉਸ ਦੀ ਮੂਰਤੀ (ਤਸਵੀਰ) ਬਣਾ ਕੇ ਪੂਜਣਾ ਆਰੰਭ ਹੋਇਆ। ਬੋਧ ਅੰਦਰ ਇਹ ਤਾਂ ਸੀ ਕਿ ਕੋਈ ਕਰਤਾ ਹੈ ਇਸ ਕ੍ਰਿਤ ਮੰਡਲ ਦਾ, ਪਰ ਉਹ ਕਰਤਾ ਕੀ ਹੈ ? ਕਿੱਥੇ ਹੈ ? ਬੋਧ ਨ ਹੋਣ ਕਰ ਕੇ ਕ੍ਰਿਤ ਪੂਜੀ ਗਈ ਤੇ ਕ੍ਰਿਤ ਨੂੰ ਹੀ ਕਰਤਾ ਸਮਝਿਆ ਗਿਆ।

ਸਮਾਜਿਕ, ਆਰਥਿਕ ਤੇ ਜਿਸਮਾਨੀ ਵਿਕਾਸ ਦੇ ਨਾਲ ਨਾਲ ਧਾਰਮਿਕ ਵਿਕਾਸ ਵੀ ਆਰੰਭ ਹੋਇਆ ਤੇ ਆਖ਼ਿਰ ਮਨੁੱਖ ਇੱਥੇ ਟਿਕਿਆ ਕਿ ਘੱਟ ਤੋਂ ਘੱਟ ਮੈਂ ਆਪਣੇ ਤੋਂ ਥੱਲੇ ਦੀ ਪੂਜਾ ਨਹੀਂ ਕਰਨੀ ਤਾਂ ਮਨੁੱਖੀ ਪੂਜਾ 'ਤੇ ਹੀ ਸਾਰੀ ਮਨੁੱਖਤਾ ਰੁਕ ਗਈ। ਜੋ ਗੁਣਾਂ ਕਰ ਕੇ ਭਾਵੇਂ ਘੱਟ ਹੈ ਜਾਂ ਵੱਧ ਹੈ, ਪਰ ਕਮ-ਸੇ-ਕਮ ਮੇਰੇ ਵਰਗਾ ਤਾਂ ਹੈ। ਸੋ ਪ੍ਰਮਾਤਮਾ ਦਾ ਸਰੂਪ ਵਿਅਕਤੀ ਹੋ ਗਿਆ ਤੇ ਵਿਅਕਤੀ ਦੀ ਪੂਜਾ ਕਿਸੇ ਨ ਕਿਸੇ ਰੂਪ ਵਿੱਚ ਟਿਕ ਕੇ ਰਹਿ ਗਈ। ਇਸ ਤੋਂ ਮਨੁੱਖ ਅਜੇ ਤੱਕ ਵੀ ਪੂਰਨ ਤੌਰ 'ਤੇ ਉੱਚਾ ਨਹੀਂ ਉੱਠ ਸਕਿਆ।

ਅਕਾਲ ਪੁਰਖ ਇੱਕ ਵਿਅਕਤੀ ਨਹੀਂ ਬਲਕਿ ਸ਼ਕਤੀ ਹੈ । ਅਗਰ ਵਿਅਕਤੀ ਮੰਨ ਲਈਏ ਤਾਂ ਉਸ ਦੀ ਸੀਮਾ ਮੰਨਣੀ ਪਵੇਗੀ ਤੇ ਪ੍ਰਮਾਤਮਾ ਅਸੀਮ ਹੈ 'ਕੋਇ ਨ ਜਾਣੈ, ਤੇਰਾ ਕੇਤਾ ਕੇਵਡੁ ਚੀਰਾ ॥' (ਸੋ ਦਰੁ, ਮਹਲਾ 1, ਪੰਨਾ 9), ਅਨੰਤ ਹੈਂ ॥ ਮਹੰਤ ਹੈਂ॥ (ਜਾਪੁ ਸਾਹਿਬ) ਉਹ ਕਿੱਥੋਂ ਸ਼ੁਰੂ ਹੁੰਦਾ ਹੈ ? ਕਿੱਥੇ ਜਾ ਕੇ ਖ਼ਤਮ ਹੁੰਦਾ ਹੈ ? ਇਹ ਬੋਧ ਕਿਸੇ ਨੂੰ ਨਹੀਂ । ਅਗਰ ਵਿਅਕਤੀ ਮੰਨੀਏ ਤਾਂ ਪ੍ਰਮਾਤਮਾ ਦਾ ਜਨਮ ਵੀ



ਮੰਨਣਾ ਪਵੇਗਾ ਔਰ ਜਿਸ ਦਾ ਜਨਮ ਹੈ, ਉਸ ਦਾ ਮਰਨ ਵੀ ਹੈ। ਜਗਤ ਵਿੱਚ ਦ੍ਵੱਤ ਹੈ । ਦੋ-ਤਰਫੀ ਘਟਨਾ ਘਟਦੀ ਹੈ। ਹੱਸਣਾ ਹੈ ਤਾਂ ਰੋਣਾ ਵੀ ਹੈ। ਤੰਦਰੁਸਤੀ ਹੈ-ਬਿਮਾਰੀ ਵੀ ਹੈ। ਨਫ਼ਾ ਹੈ-ਨੁਕਸਾਨ ਵੀ ਹੈ। ਇਸ ਤਰਾਂ ਜਨਮ; ਮਰਨ ਦੇ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ; ਜਨਮ ਮਰਨ ਤੋਂ ਰਹਿਤ ਹੈ 'ਅਜਨਮ ਹੈਂ ॥ ਅਬਰਨ ਹੈਂ ॥' (ਜਾਪੁ ਸਾਹਿਬ)

ਵਿਅਕਤੀ ਨੂੰ ਮੰਨਣ ਨਾਲ ਉਸ ਦੇ ਮਾਂ ਬਾਪ ਵੀ ਮੰਨਣੇ ਪੈਣਗੇ ਤੇ ਫਿਰ ਜਾਤ-ਪਾਤ ਦਾ ਵੀ ਸਵਾਲ ਖੜਾ ਹੋਵੇਗਾ ਜਦਕਿ ਅਕਾਲ ਪੁਰਖ 'ਨ ਤਾਤ ਹੈਂ ॥ ਨ ਮਾਤ ਹੈਂ ॥ ਨ ਜਾਤ ਹੈਂ ॥ ਨ ਪਾਤ ਹੈਂ ॥' (ਅਕਾਲ ਉਸਤਤ) ਵਿਅਕਤੀ ਸਰਬ ਠੌਰ ਨਹੀਂ ਹੈ। ਸਰਬ ਕਾਲ ਵੀ ਨਹੀਂ ਹੈ। ਅਸੀਂ ਇੱਕ ਥਾਂ 'ਤੇ ਹਾਂ, ਪਰ ਦੂਜੀ ਥਾਂ 'ਤੇ ਨਹੀਂ। ਅੱਜ ਹਾਂ, ਕੱਲ ਨਹੀਂ ਹੋਵਾਂਗੇ । ਅੱਜ ਹਾਂ, ਅੱਜ ਤੋਂ ਕੁੱਛ ਸਮਾਂ ਪਹਿਲੇ ਨਹੀਂ ਸੀ ਤੇ ਵਿਅਕਤੀ ਦੇ ਸਾਰੇ ਦੂਸ਼ਨ, ਪ੍ਰਮਾਤਮਾ ਵਿੱਚ ਹੀ ਨਿਰੂਪਣ ਕਰਨੇ ਪੈਣਗੇ ।

ਵਿਅਕਤੀ ਦੇ ਦੋ ਰੂਪ ਹਨ-ਇਸਤਰੀ ਤੇ ਪੁਰਸ਼, ਤਾਂ ਫਿਰ ਇਹ ਵੀ ਮੰਨਣਾ ਪਵੇਗਾ ਕਿ ਪ੍ਰਮਾਤਮਾ ਪੁਰਸ਼ ਹੈ ਜਾਂ ਨਾਰੀ ਹੈ ਜਦਕਿ ਉਹ ਤਾਂ 'ਨ ਨਰ ਹੈਂ ॥ ਨ ਨਾਰ ਹੈਂ ॥ (ਅਕਾਲ ਉਸਤਤ), ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ; ਕਹਹੁ ਕੋਊ ਕੈਸੇ ?॥' (ਮਹਲਾ 1, ਪੰਨਾ 685) ਸੁੰਨ-ਸਮਾਧ ਨਿਰਵਿਚਾਰ ਅਵਸਥਾ ਵੀ ਜਦ ਜ਼ਰਰੇ ਜ਼ਰਰੇ ਨਾਲ ਜੁੜਿਆ ਹੋਇਆ ਪ੍ਰਮਾਤਮਾ ਦਿਖਾਈ ਦੇਂਦਾ ਹੈ ਤਾਂ ਪਤਾ ਚੱਲਦਾ ਹੈ ਕਿ ਉਹ ਨਾਰ ਤੇ ਪੁਰਖ ਨਹੀਂ ਹੈ ਤਾਂ ਫਿਰ ਉਹ ਕੀ ਹੈ 'ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ॥' (ਮਹਲਾ 1, ਪੰਨਾ 685) ਪ੍ਰਮਾਤਮਾ ਇੱਕ ਪ੍ਰਕਾਸ਼ ਦੀ ਤਰਾਂ ਵਿਖਾਈ ਦੇਂਦਾ ਹੈ। ਉਹ ਇੱਕ ਮਹਾਂ ਚਾਨਣ ਹੈ । ਅਗਰ ਪ੍ਰਮਾਤਮਾ ਪ੍ਰਕਾਸ਼ ਹੈ ਤਾਂ ਫਿਰ ਉਹ ਇਕ ਸ਼ਕਤੀ ਹੈ-ਵਿਅਕਤੀ ਨਹੀਂ।

ਸ਼ਮਸ-ਤਬਰੇਜ਼ ਨੇ ਬੁਲੰਦ ਬਾਂਗ ਇਹ ਆਖਿਆ ਕਿ ਮੈਂ ਮੁਸਲਮਾਨ, ਈਸਾਈ, ਪਾਰਸੀ, ਯਹੂਦੀ ਨਹੀਂ ਹਾਂ। ਈਰਾਨੀ ਤੇ ਈਰਾਕੀ ਵੀ ਨਹੀਂ ਹਾਂ । ਮੈਂ ਤਨ ਵਿੱਚ ਸੁਆਸ ਤੇ ਅੱਗ, ਪਾਣੀ, ਪਵਨ, ਧਰਤੀ, ਆਕਾਸ਼ ਭੀ ਨਹੀਂ ਹਾਂ। ਮੈਂ ਤਾਂ ਉਸ ਦੇ ਵਿੱਚ ਹਾਂ, ਜੋ ਚੱਕ੍ਰ ਚਿਹਨ ਤੋਂ ਨਿਆਰਾ, ਦੇਸ਼-ਕਾਲ ਵਸਤੂ ਤੋਂ ਪਰੇ ਤੇ ਵਿਆਪਕ ਸੱਤਾ ਹੈ। ਮੈਂ ਉਸ ਵਿੱਚ ਹਾਂ। ਹੁਣ ਤਾਂ ਬੱਸ ਉਹੀ ਹੈ-ਮੈਂ ਨਹੀਂ ਹਾਂ 'ਚਿ ਤਦਬੀਰੇ ਦੇ ਮੁਸਲਮਾਨਮ ਕਿ ਮਨ ਖ਼ੁਦ ਰਾ ਨਮੇ ਦਾਨਮ ॥ ਨ ਤਰਸਾਓ ਯਹੂਦੀਅਮ ਨ ਗਿਬਰਮ ਨ ਮੁਸਲਮਾਨਮ ॥ ਨ ਸ਼ਰਦੀਅਮ ਨ ਗ਼ਰਬੀਅਮ ਨ ਬੁਹੇਰੀਅਮ ਨ ਤਰੀਅਮ ॥ ਨ ਅਜ਼ ਮੁਲਕੇ ਇਰਾਕੀ ਨੇ ਅਜ਼ ਖ਼ਾਕੇ ਖੁਰਾਸਾਨਮ ॥ ਨ ਅਜ਼ ਆਬਮ ਨ ਅਜ਼ ਖ਼ਾਕਮ, ਨ ਅਜ਼ ਆਤਿਸ਼ੇ ਨ ਅਜ਼ ਹਵਾ ॥ ਨ ਤਨ ਬਾਸ਼ਦ, ਨ ਜਾਂ ਬਾਸ਼ਦ, ਨ ਬਾਸ਼ਦ ਇਸ਼ਕੇ ਜਾਨਾਨਮ ॥' ਮੈਂ ਇਹ ਸਭ ਕੁਛ ਨਹੀਂ ਹਾਂ। ਫਿਰ ਕੀ ਹੈ ? ਤਾਂ ਜੋ ਜਵਾਬ ਹੈ, ਉਹ ਪ੍ਰਮਾਤਮਾ ਦੀ ਸਹੀ ਰੂਪ-ਰੇਖਾ ਸਾਮਣੇ ਰੱਖਦਾ ਹੈ 'ਮਕਾਂ ਰਾ ਲਾ ਮਕਾਂ ਬਾਸ਼ਦ ॥ ਨਿਸ਼ਾਨਮ ਬੇ ਨਿਸ਼ਾਂ ਬਾਸ਼ਦ ॥ ਦੂਈ ਰਾ ਚੂੰ ਬਦਰ ਕਰਦਮ॥ ਦੋ ਆਲਮ ਰਾ ਯਕੇ ਦੀਦਮ ॥' (ਸ਼ਮਸ ਤਬਰੇਜ਼)

ਜਿਸ ਦਾ ਕੋਈ ਚੱਕ੍ਰ-ਚਿਹਨ ਨਹੀਂ, ਰੰਗ ਰੂਪ ਨਹੀਂ, ਕੋਈ ਵਿਸ਼ੇਸ਼ ਥਾਂ ਨਹੀਂ, ਮੈਂ ਉਸ ਵਿੱਚ ਵਾਸ ਕਰਦਾ ਹਾਂ । ਜਿਸ ਦਿਨ ਦੀ ਦੁਬਿਧਾ ਮਿਟੀ, ਹੁਣ ਉਸ ਇੱਕ ਤੋਂ ਬਿਨਾਂ ਹੋਰ ਕੋਈ ਦਿਖਾਈ ਨਹੀਂ ਦੇਂਦਾ।

ਕਲਗੀਧਰ ਪਾਤਿਸ਼ਾਹ ਤਾਂ ਫ਼ੁਰਮਾਨ ਕਰਦੇ ਹਨ ਕਿ ਉਸ ਦਾ ਕੋਈ ਵਿਸ਼ੇਸ਼ ਨਾਮ ਨਹੀਂ ਤੇ ਥਾਉਂ ਨਹੀਂ 'ਅਨਾਮ ਹੈ ॥ ਅਠਾਮ ਹੈ॥' (ਜਾਪੁ ਸਾਹਿਬ) ਆਰਥਿਕ, ਬੌਧਿਕ, ਸਮਾਜਿਕ ਤੇ ਨੈਤਿਕ ਵਿਕਾਸ ਤਾਂ ਹਰ ਪੱਖੋਂ ਹੋਇਆ ਹੈ, ਪਰ ਧਾਰਮਿਕ ਵਿਕਾਸ ਅਜੇ ਵੀ ਪੂਰਨ ਤੌਰ 'ਤੇ ਨਹੀਂ ਹੋ ਸਕਿਆ। ਸਦੀਆਂ ਪੁਰਾਣੀਆਂ ਧਾਰਨਾਵਾਂ ਅੱਜ ਵੀ ਧਾਰਮਕ ਦੁਨੀਆਂ ਨਾਲ ਸੰਬੰਧਿਤ ਹਨ। ਤੇਤੀਸ ਕਰੋੜ ਦੇਵਤਿਆਂ ਦੀ ਧਾਰਨਾ ਤੋਂ ਬਾਅਦ ਨਵੇਂ ਦੇਵੀ ਦੇਵਤੇ ਬਣਾਏ ਜਾ ਰਹੇ ਹਨ।

ਅਗਰ ਇੱਕ ਪੁਰਸ਼, ਪ੍ਰਮਾਤਮਾ ਨੂੰ ਨਾਰੀ ਜਾਣ ਕੇ ਉਸ ਦੀ ਪੂਜਾ ਕਰੇ ਤਾਂ ਉਸ ਦੇ ਸੰਸਕਾਰ ਨਾਰੀ ਦੇ ਬਣਨਗੇ ਔਰ ਸੰਸਕਾਰ ਹੀ ਅਗਲੇ ਜਨਮ ਦਾ ਬੀਜ ਹਨ। ਸੋ ਉਸ ਦਾ ਅਗਲਾ ਜਨਮ ਨਾਰੀ ਦਾ ਹੋਵੇਗਾ 'ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ ॥' (ਭਗਤ ਨਾਮਦੇਵ ਜੀ, ਪੰਨਾ 874) ਅਗਰ ਪੁਰਸ਼, ਨਾਰੀ ਦਾ ਚਿੰਤਨ ਕਰੇ ਤਾਂ ਅਗਲੇ ਜਨਮ ਵਿੱਚ ਨਾਰੀ ਬਣਦਾ ਹੈ ਜਾਂ ਇਸ ਤੋਂ ਉਲਟ ਵੀ ਹੋ ਸਕਦਾ ਹੈ। ਅਗਰ ਕੋਈ ਨਾਰੀ, ਪ੍ਰਮਾਤਮਾ ਨੂੰ ਪੁਰਸ਼ ਮੰਨ ਲਵੇ ਤਾਂ ਉਸ ਦਾ ਅਗਲਾ ਜਨਮ ਪੁਰਸ਼ ਦਾ ਹੋਵੇਗਾ ਤਾਂ ਇਸ ਤਰਾਂ ਜਨਮ ਮਰਨ ਦਾ ਗੇੜ, ਜੋ ਸੰਸਾਰ ਦੇ ਦੁੱਖਾਂ ਦਾ ਗੇੜ ਹੈ, ਉਹ ਨਾ ਮੁੱਕਿਆ। ਜੇ ਗੇੜ ਹੀ ਨਹੀਂ ਮੁੱਕਿਆ ਤਾਂ ਮੁਕਤੀ ਕਿੱਥੇ ? ਔਰ ਮੁਕਤ ਹੋਏ ਬਿਨਾਂ ਸੁੱਖ ਕਿੱਥੇ ? ਪ੍ਰਮਾਤਮਾ ਇਕ ਪਰਮ ਸ਼ਕਤੀ ਹੈ। ਉਹ ਸ਼ਕਤੀ ਨਿਰਗੁਣ ਤੇ ਸਰਗੁਣ ਰੂਪ ਵਿੱਚ ਵਿਆਪਕ ਹੈ । ਉਹ ਸਰਗੁਣ ਕਰ ਕੇ ਫੁੱਲ ਹੈ, ਪਰ ਨਿਰਗੁਣ ਕਰ ਕੇ ਸੁਗੰਧੀ ਹੈ। ਸੁਗੰਧ ਤੇ ਫੁੱਲ ਵੱਖ ਵੱਖ ਨਹੀਂ ਹਨ। ਨਿਰਗੁਣ ਤੇ ਸਰਗੁਣ ਵੀ ਵੱਖ ਵੱਖ ਨਹੀਂ ਹਨ, ਪਰ ਸਰਗੁਣ ਬੱਝਿਆ ਹੋਇਆ ਹੈ, ਇੱਕ ਥਾਂ 'ਤੇ ਹੈ। ਸੁਗੰਧ ਆਜ਼ਾਦ ਹੈ-ਫੁੱਲ ਦੇ ਵਿੱਚ ਵੀ ਰਹਿ ਸਕਦੀ ਹੈ ਤੇ ਫੁੱਲਾਂ ਤੋਂ ਬਾਹਰ ਵੀ ਵਿਚਰ ਸਕਦੀ ਹੈ। ਇਸ ਵਾਸਤੇ ਸਤਿਗੁਰੂ ਜੀ ਨੇ ਨਿਰਗੁਣ ਬ੍ਰਹਮ ਦੀ ਪੂਜਾ ਦੱਸੀ ਹੈ 'ਬਿਨੁ ਕਰਤਾਰ ਨ ਕਿਰਤਮ ਮਾਨੋ॥' ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸੁਰ ਜਾਨੋ ॥1॥ ਰਹਾਉ ॥' (ਸ਼ਬਦ ਹਜ਼ਾਰੇ, ਪਾਤਿਸ਼ਾਹੀ 10) ਸਾਗਰ ਦੇ ਉਛਾਲ ਵਿੱਚ ਉਹੀ ਹੈ, ਬੱਦਲਾਂ ਦੀ ਗਰਜਨਾ ਤੇ ਸੂਰਜ ਦੀ ਚਮਕ ਵਿੱਚ ਉਹੀ ਹੈ। ਉਸ ਦੇ ਚਾਨਣ ਨਾਲ ਹੀ ਸਭ ਵਿੱਚ ਚਾਨਣਾ ਹੁੰਦਾ ਹੈ 'ਸਭ ਮਹਿ ਜੋਤਿ; ਜੋਤਿ ਹੈ ਸੋਇ ॥ ਤਿਸ ਦੈ ਚਾਨਣਿ; ਸਭ ਮਹਿ ਚਾਨਣੁ ਹੋਇ ॥ (ਸੋਹਿਲਾ, ਮਹਲਾ 1, ਪੰਨਾ 13)

ਬਾਹਰ ਜੋ ਸ਼ਕਤੀ ਕੰਮ ਕਰ ਰਹੀ ਹੈ, ਉਹ ਸੂਰਜ ਦੀ ਹੈ । ਅਗਰ ਸੂਰਜ ਠੰਡਾ ਪੈ ਜਾਵੇ ਤਾਂ ਸਭ ਕੁਛ ਠੰਡਾ ਹੋ ਜਾਵੇਗਾ, ਪਰ ਸੂਰਜ ਵੀ ਕਿਸੇ ਮਹਾਂ ਸੂਰਜ ਦੀ ਰੌਸ਼ਨੀ ਨਾਲ ਰੌਸ਼ਨ ਹੈ। ਉਹ ਮਹਾਂ ਚਾਨਣ ਪ੍ਰਮਾਤਮਾ ਹੈ। ਉਹ ਮਹਾਂ ਸ਼ਕਤੀ ਅਕਾਲ ਪੁਰਖ ਹੈ।

# 'ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ'

## 'ਤ੍ਰਿਲੋਚਨ ਸਿੰਘ ਆਹ ਭੁਝੰਗੀ ਸਾਨੂੰ ਦੇ ਦਿਓ' 'ਬਚਨ ਰਿਹਾ' 'ਅੱਜ ਤੋਂ ਬਾਅਦ ਤੁਹਾਨੂ ਪ੍ਰੇਮ ਦੀ ਖਿੱਚ ਨਹੀਂ ਸਤਾਵੇਗੀ' 'ਤ੍ਰਿਲੋਚਨ ਸਿੰਘ ਆਪਣੇ ਕਿੰਨੇ ਭੁਝੰਗੀ ਹਨਸੰਤ ਜੀ ਚਾਰ-'ਫੇਰ ਆਹ ਭੁਝੰਗੀ ਸਾਨੂੰ ਦੇ ਦਿਓਸੰਤ ਜੀ ਇਸਦੀ ਉਮਰ ਬਹੁਤ ਛੋਟੀ ਤੇ ਮੇਰਾ ਇਸ ਨਾਲ ਪਿਆਰ ਬਹੁਤ ਹੈ' ਇਹ ਭੁਝੰਗੀ ਸਾਨੂੰ ਦੇ ਦਿਓ ਅੱਜ ਤੋਂ ਬਾਅਦ ਤੁਹਾਨੂੰ ਪ੍ਰੇਮ ਦੀ ਖਿੱਚ ਨਹੀ ਸਤਾਵੇਗੀ'

**ਸ਼ਮਸ਼ੇਰ ਸਿੰਘ ਜੇਠੂਵਾਲ**

ਸਿੱਖ ਕੌਮ ਦੀ ਚੜਦੀ ਕਲਾ ਲਈ ਸਦਾ ਜੂਝਦੀ ਆਈ ਦਮਦਮੀ ਟਕਸਾਲ ਅਠਾਰਵੀਂ ਸਦੀ ਤੋਂ ਵੀਹਵੀਂ ਸਦੀ ਤਕ ਸਿਖ ਪੰਥ 'ਚ ਕੌਮੀ ਚੇਤਨਾ ਦਾ ਸੰਚਾਰ ਕਰਦੀ ਆਈ ਹੈ ਗੁਰਧਾਮਾਂ ਦੀ ਰਾਖੀ ਲਈ ਪਾਈਆਂ ਗਈਆਂ ਸ਼ਹਾਦਤਾਂ ਵਿਚ ਇਸ ਦਾ ਕੋਈ ਸਾਨੀ ਨਹੀਂ। ਅਜ ਵੀ ਦਮਦਮੀ ਟਕਸਾਲ ਦਾ ਨਾਮ ਆਉਣਾ ਕਿਸੇ ਵੀ ਮੋਰਚੇ ਲਈ ਸਫਲਤਾ ਦੀ ਗਰਾਂਟੀ ਵਜੋਂ ਦੇਖਿਆ ਜਾਂਦਾ ਹੈ। ਦੇਸ਼ ਵਿਦੇਸ਼ ਦੇ ਕੋਨੇ ਕੋਨੇ ਪੰਥ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਦੀ ਪੈੜ ਨੱਪਣ ਕਾਰਨ ਦਮਦਮੀ ਟਕਸਾਲ ਦਾ ਨਾਮ ਸੁਣ ਕੇ ਹੀ ਵਿਰੋਧੀਆਂ ਦੀਆਂ ਲੱਤਾਂ ਭਾਰ ਚੁੱਕਣੋਂ ਜਵਾਬ ਦੇ ਜਾਂਦੀਆਂ ਹਨ।

ਦਮਦਮੀ ਟਕਸਾਲ ਦੀ ਅਗਵਾਈ ਕਰ ਰਹੇ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਜੋ ਕੋਈ ਵੀ ਮਿਲਦਾ ਹੈ ਉਹ ਆਪ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਿਆ।

ਸੰਤ ਗਿਆਨੀ ਹਰਨਾਮ ਸਿੰਘ ਜੀ ਦਾ ਜਨਮ ਸਤਿਕਾਰਯੋਗ ਮਾਤਾ ਅਵਤਾਰ ਕੌਰ ਜੀ ਦੀ ਕੁੱਖ ਤੋਂ ਪਿਤਾ ਸਰਦਾਰ ਤਰਲੋਚਨ ਸਿੰਘ ਜੀ ਦੇ ਗ੍ਰਹਿ ਪਿੰਡ ਧੁੰਮਾ ਨੇੜੇ ਰਾਜਪੁਰਾ ਜ਼ਿਲਾ ਪਟਿਆਲਾ ਵਿਖੇ 23 ਮਈ 1968 ਦਿਨ ਵੀਰਵਾਰ (10 ਜੇਠ) ਨੂੰ ਹੋਇਆ।

ਪਰਿਵਾਰਕ ਪਿਛੋਕੜ : ਆਪ ਜੀ ਦੇ ਖ਼ਾਨਦਾਨ ਦੇ ਵਿਚੋਂ ਸ਼ਹੀਦ ਬਾਬਾ ਗੋਪਾਲਾ ਸਿੰਘ ਜੀ ਹੋਏ ਹਨ ਜਿਨਾ ਨੇ ਬੁੱਢਾ ਦਲ ਦੇ ਸਤਵੇਂ ਮੁਖੀ ਮਹਾਂਪੁਰਖ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੀ ਅਗਵਾਈ ਵਿਚ ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਖ਼ਾਲਸਾ ਰਾਜ ਨੂੰ ਬਰਕਰਾਰ ਰਖਣ ਦੇ ਲਈ ਅੰਗਰੇਜ਼ਾਂ ਵਿਰੁੱਧ ਚੇਲਿਆਣੇ/ਮੁੱਦਕੀ ਦੀ ਜੰਗ ਵਿਚ ਲੜਾਈ ਲੜੀ। ਉੱਥੋਂ ਲੜਦੇ ਹੋਏ ਸਿੰਘ ਜਦੋ ਪਟਿਆਲਾ ਰਿਆਸਤ ਵਿਚ ਉਸ ਸਥਾਨ ਤੇ ਪਹੁੰਚੇ, ਜਿੱਥੇ ਅੱਜ ਕੱਲ ਗੁ: ਦੁਖ ਨਿਵਾਰਨ ਸਾਹਿਬ ਸੁਭਾਇਮਾਨ ਹੈ, ਉਸ ਸਥਾਨ ਉੱਤੇ ਪਟਿਆਲਾ ਰਿਆਸਤ ਦਾ ਰਾਜਾ ਕਰਮ ਸਿੰਘ ਅਤੇ ਅੰਗਰੇਜ਼ ਸਰਕਾਰ ਦੀਆਂ ਫ਼ੌਜਾਂ ਨੇ ਰਲ ਕੇ ਸਿੰਘਾਂ ਖਿਲਾਫ਼ ਚੜਾਈ ਕੀਤੀ। ਇਸ ਜੰਗ ਵਿੱਚ ਬੇਅੰਤ ਸਿੰਘ ਸ਼ਹੀਦ ਹੋਏ। ਉੱਥੋਂ ਬਾਬਾ ਹਨੂੰਮਾਨ ਸਿੰਘ ਜੀ ਚੰਡੀਗੜ ਵਾਲੀ ਦਿਸ਼ਾ ਨੂੰ ਜਾ ਰਹੇ ਸਨ ਤਾਂ ਫ਼ੌਜਾਂ ਨੇ ਉਨਾਂ ਦਾ ਪਿੱਛਾ ਕਰਕੇ ਉਨਾਂ ਉੱਤੇ ਹਮਲਾ ਕਰ ਦਿੱਤਾ ਸੈਂਕੜੇ ਸਿੰਘ ਸ਼ਹੀਦੀਆਂ ਪਾਉਂਦੇ ਜਾ ਰਹੇ ਸਨ। ਫਿਰੰਗੀਆਂ ਨਾਲ ਜੰਗ ਵਿਚ ਜੂਝਦਿਆਂ ਹੋਇਆਂ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਸੁਹਾਣਾ ਵਿਖੇ ਸ਼ਹੀਦ ਹੋਏ।

ਏਸੇ ਹੀ ਜੰਗ ਵਿਚ ਬਾਬਾ ਗੋਪਾਲਾ ਸਿੰਘ ਜੀ ਸ਼ਹੀਦ ਹੋਏ,ਜਿੰਨਾਂ ਦੀ ਯਾਦ ਵਿਚ ਪਿੰਡ ਧੁੰਮਾ ਵਿਖੇ ਸ਼ਹੀਦੀ ਬੁੰਗਾ ਬਣਿਆ ਹੋਇਆ ਹੈ।

ਆਪ ਜੀ ਦੇ ਪੜਦਾਦਾ ਜਥੇਦਾਰ ਭਗਵਾਨ ਸਿੰਘ ਜੀ ਦਾ ਜੈਤੋ ਦੇ ਮੋਰਚੇ ਵਿਚ ਬਹੁਤ ਵੱਡਾ ਯੋਗਦਾਨ ਰਿਹਾ। ਬ੍ਰਹਮ ਗਿਆਨੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਪਿੰਡ ਧੁੰਮਾ ਵਿਚ ਕਈ ਦਿਨ ਦੀਵਾਨ ਸਜਾਇਆ। ਜਥੇਦਾਰ ਬਾਬਾ ਭਗਵਾਨ ਸਿੰਘ ਜੀ ਅਤੇ ਨਗਰ ਦੀ ਸਾਰੀ ਸੰਗਤ ਨੇ ਆਈਆਂ ਹੋਈਆਂ ਸੰਗਤਾਂ ਦੀ ਬਹੁਤ ਪ੍ਰੇਮ ਨਾਲ ਸੇਵਾ ਕੀਤੀ। ਸੰਤਾਂ ਨੇ ਦੀਵਾਨਾਂ ਦੀ ਸਮਾਪਤੀ ਤੇ ਪਿੰਡ ਧੁੰਮਾਂ ਵਿਖੇ ਅੰਮ੍ਰਿਤ ਸੰਚਾਰ ਕੀਤਾ। ਜਿਨਾਂ ਪੰਜਾਂ ਪਿਆਰਿਆਂ ਦੇ ਵਿਚ ਸੰਤ ਅਤਰ ਸਿੰਘ ਜੀ ਆਪ ਸ਼ਾਮਿਲ ਹੋਏ। ਉਨਾਂ ਦੇ ਹੱਥੋਂ ਜਥੇਦਾਰ ਭਗਵਾਨ ਸਿੰਘ ਜੀ ਤੇ ਉਨਾਂ ਦੇ ਸਪੁੱਤਰ ਸ਼ਮਸ਼ੇਰ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਆਪ ਜੀ ਦੇ ਦਾਦਾ ਬਾਬਾ ਸ਼ਮਸ਼ੇਰ ਸਿੰਘ ਜੀ ਪੂਰਨ ਨਿੱਤਨੇਮੀ ਰਹਿਤ ਵਿਚ ਪਰਪੱਕ ਗੁਰਸਿੱਖ ਅਤੇ ਗੁਰੂਘਰ ਉੱਤੇ ਪੂਰਨ ਭਰੋਸਾ ਰੱਖਣ ਵਾਲੇ ਸਨ। ਜਿਨਾਂ ਦਾ ਬਾਬਾ ਜਵਾਹਰ ਸਿੰਘ ਜੀ ਸਕਰੁਲਾਪੁਰ ਵਾਲਿਆਂ ਨਾਲ ਬਹੁਤ ਪ੍ਰੇਮ ਸੀ। ਬਾਬਾ ਜਵਾਹਰ ਸਿੰਘ ਜੀ ਨੇ ਆਪਣੀ ਰਸਨਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ 60 ਕਥਾ ਕੀਤੀਆਂ ਸਨ ਅਤੇ ਧੁੰਮਾਂ ਦੇ ਗੁਰਦੁਆਰਾ ਸਾਹਿਬ ਨੂੰ ਕੱਚੇ ਤੋਂ ਪੱਕਾ ਬਣਵਾਉਣ ਦੀ ਸਾਰੀ ਕਾਰ ਸੇਵਾ ਆਪਣੇ ਹੱਥੀਂ ਕਰਵਾਈ।

ਬਾਬਾ ਜੀ ਦੇ ਪਿਤਾ ਜਥੇਦਾਰ ਤਿਰਲੋਚਨ ਸਿੰਘ ਛੋਟੀ ਉਮਰ ਦੇ ਸਨ ਜਦੋਂ ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਪਟਿਆਲਾ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਹਿੱਤ ਆਉਦੇ। ਪਿਤਾ ਜੀ ਨੂੰ ਪ੍ਰੇਰ ਕੇ ਸੰਤਾਂ ਦੇ ਦਰਸ਼ਨ ਕਰਨ ਲਈ ਭੇਜ ਦਿੱਤਾ ਤਾਂ ਪਿਤਾ ਜੀ ਗਰਮੀ ਦੇ ਮਹੀਨੇ ਸਾਈਕਲ 'ਤੇ ਸਵਾਰ ਹੋ ਕੇ ਸੰਤਾਂ ਦੇ ਦਰਸ਼ਨ ਕਰਨ ਚਲੇ ਜਾਂਦੇ ਇਕ ਵਾਰ ਮਹਾਰਾਜ ਸਾਹਿਬ ਜੀ ਦੀ ਹਜ਼ੂਰੀ ਵਿੱਚ ਮਹਾਂਪੁਰਖਾਂ ਦੇ ਪੈਰੀ ਹੱਥ ਲਾਉਣ ਕਰਕੇ ਝਿੜਕਾਂ ਵੀ ਪਈਆਂ। ਜਦੋ ਸੰਤਾਂ ਦੇ



ਪਿਤਾ ਜੀ ਉੱਥੋਂ ਵਾਪਸ ਘਰ ਆਏ ਅਤੇ ਮਾਤਾ ਜੀ ਨਾਲ ਨਾਰਾਜ਼ ਹੋਏ ਕਿ ਮੈਨੂੰ ਕਿਹੜੇ ਸੰਤਾਂ ਕੋਲ ਭੇਜਿਆ ਉਹ ਤਾਂ ਬੜੇ ਗਰਮ ਸੁਭਾਅ ਦੇ ਹਨ। ਤਾਂ ਮਾਤਾ ਜੀ ਨੇ ਸਮਝਾਇਆ ਕਿ ਇਹ ਦਮਦਮੀ ਟਕਸਾਲ ਦੇ ਰਹਿਤਵਾਨ ਮਹਾਂਪੁਰਸ਼ ਹਨ ਤੈਥੋਂ ਭੁੱਲ ਹੋਈ ਹੋਵੇਗੀ।

ਆਪ ਜੀ ਦੇ ਮਾਤਾ ਅਵਤਾਰ ਕੌਰ ਜੀ ਪੂਰਨ ਨਿੱਤਨੇਮੀ ਸਨ। ਪੰਜ ਬਾਣੀਆਂ, ਪੰਜ ਗ੍ਰੰਥੀ, ਪੰਜ ਸੁਖਮਨੀ ਸਾਹਿਬ ਦੇ ਪਾਠ, ਸ਼ਬਦਾਂ ਦਾ ਅਭਿਆਸ ਅਤੇ 36 ਮੂਲ ਮੰਤਰ ਦੀਆਂ ਮਾਲਾ ਰੋਜ਼ਾਨਾ ਦਾ ਸੀ। ਮਾਤਾ ਜੀ ਦਾ ਪਿੰਡ ਪੰਜੋਖਰਾ ਸਾਹਿਬ ਜ਼ਿਲਾ ਅੰਬਾਲਾ (ਹਰਿਆਣਾ) ਵਿਖੇ ਹਨ। ਆਪ ਜੀ ਦੇ ਨਾਨਾ ਬਚਨ ਸਿੰਘ ਜਗੀਰਦਾਰ ਤੇ ਨਾਨੀ ਮਾਤਾ ਗੁਰਦਿਆਲ ਕੌਰ। ਪੰਜੋਖਰਾ ਸਾਹਿਬ ਨਗਰ ਦੇ ਵਿਚ ਗਿਆਨੀ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਥੇ ਸਮੇਤ ਇਕ ਮਹੀਨਾ ਰਿਹਾ ਕਰਦੇ ਸਨ। ਸੰਤਾਂ ਨਾਲ ਇਸ ਪਰਿਵਾਰ ਦਾ ਬਹੁਤ ਪ੍ਰੇਮ ਸੀ। ਪੰਜੋਖਰਾ ਸਾਹਿਬ ਨਗਰ ਦੇ ਰਹਿਣ ਵਾਲੇ ਬਾਬਾ ਮੇਹਰ ਸਿੰਘ ਤੇ ਮਾਤਾ ਚਤਰ ਕੌਰ ਜੋ ਕਿ ਜਥੇ ਦਾ ਪ੍ਰੋਗਰਾਮ ਬਣਾਉਂਦੇ ਹੁੰਦੇ ਸਨ। ਮਾਤਾ ਚਤਰ ਕੌਰ ਦੇ ਕਹਿਣ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਪਿੰਡ ਭਿੰਡਰ ਕਲਾਂ ਤੋਂ ਆਪ ਜੀ ਦੀ ਮਾਤਾ ਅਵਤਾਰ ਕੌਰ ਨੂੰ ਛੋਟੀ ਉਮਰੇ ਕਿਰਪਾਨ ਮੰਗਵਾ ਕੇ ਦਿੱਤੀ ਅਤੇ ਅੰਮ੍ਰਿਤ ਪਾਨ ਕਰਵਾਇਆ ਸੀ। ਮਹਾਂਪੁਰਸ਼ਾਂ ਦੀਆਂ ਅਸੀਸਾਂ ਕਰਕੇ ਉਸ ਦਿਨ ਤੋਂ ਮਾਤਾ ਜੀ ਨਿੱਤਨੇਮ ਵਿਚ ਪੂਰਨ ਤੌਰ 'ਤੇ ਪਰਪੱਕ ਹੋ ਗਏ।

ਬਾਬਾ ਹਰਨਾਮ ਸਿੰਘ ਜੀ ਦਾ ਬਚਪਨ ਆਮ ਬੱਚਿਆਂ ਨਾਲੋਂ ਵੱਖਰਾ ਸੀ। ਸੰਸਾਰਕ ਵਿਦਿਆ ਆਪਣੇ ਜੱਦੀ ਪਿੰਡ ਧੁੰਮਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਪੜਾਈ ਵਿਚ ਆਪ ਸਾਰਿਆਂ ਨਾਲੋ ਹੁਸ਼ਿਆਰ ਸਨ। ਹਰ ਸਾਲ ਇਮਤਿਹਾਨ 'ਚੋਂ ਅੱਵਲ ਆਉਂਦੇ। ਆਪ ਜੀ ਨੇ ਪੰਜਵੀਂ ਜਮਾਤ ਤਕ ਵਿਦਿਆ ਪ੍ਰਾਪਤ ਕੀਤੀ ਅਤੇ ਫਿਰ ਸਰਕਾਰੀ ਮਿਡਲ ਸਕੂਲ ਵਿਖੇ ਛੇਵੀਂ ਜਮਾਤ ਵਿਚ ਦਾਖਲਾ ਲੈਣ ਉਪਰੰਤ ਸਕੂਲ ਨਹੀਂ ਗਏ। ਸੰਸਾਰਕ ਵਿਦਿਆ ਦੀਆਂ ਆਪ ਜੀ ਨੇ ਪੰਜ ਜਮਾਤਾਂ ਹੀ ਪਾਸ ਕੀਤੀਆਂ।

ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲੇ ਜਥੇ ਸਮੇਤ ਗੁਰਦਵਾਰਾ ਨਾਭਾ ਸਾਹਿਬ ਆਏ ਹੋਏ ਸਨ। ਆਪ ਜੀ ਦੀ ਮਾਤਾ ਪਿਤਾ ਨਾਲ ਸੰਤਾਂ ਦੇ ਦਰਸ਼ਨ ਕਰਨ ਗੁ: ਨਾਭਾ ਸਾਹਿਬ ਗਏ ਜਿੱਥੇ ਆਪ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਨੌਂ ਸਾਲ ਦੀ ਉਮਰ ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਜਿਸ ਦਿਨ ਆਪ ਜੀ ਨੇ ਅੰਮ੍ਰਿਤ ਪਾਨ ਕਰ ਲਿਆ ਉਸ ਦਿਨ ਤੋਂ ਹੀ ਗਲ਼ ਵਿਚ ਚੋਲਾ ਪਾ ਲਿਆ। ਜਪੁਜੀ ਸਾਹਿਬ ਦੀ ਸੰਥਿਆ ਪਿੰਡ ਧੁੰਮਾਂ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਗਿਆਨੀ ਅਰਜੁਨ ਸਿੰਘ ਪਾਸੋਂ ਕੀਤੀ ਅਤੇ ਹੋਰ ਸਾਰੀ ਗੁਰਬਾਣੀ ਦੀ ਸੰਥਿਆ ਮਾਤਾ ਅਵਤਾਰ ਕੌਰ ਜੀ ਨੇ ਕਰਵਾਈ। ਮਾਤਾ ਅਵਤਾਰ ਕੌਰ ਜੀ ਜਿੰਨਾ ਚਿਰ ਬਾਬਾ ਹਰਨਾਮ ਸਿੰਘ ਜੀ ਪੰਜ ਜਪੁਜੀ ਸਾਹਿਬ ਦੇ ਪਾਠ ਨਹੀਂ ਸਨ ਕਰ ਲੈਂਦੇ ਉਨਾਂ ਚਿਰ ਸਕੂਲ ਨਹੀਂ ਸੀ ਜਾਣ ਦਿੰਦੇ। ਧੁੰਮਾ ਨਗਰ ਤੋਂ ਪੰਜ ਕਿੱਲੋਮੀਟਰ ਦੀ ਦੂਰੀ ਤੇ ਭਗੜਾਣਾਂ ਪਿੰਡ ਵਿਖੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਥਾਨ ਹੈ ਜਿੱਥੇ ਆਪ ਜੀ ਸਕੂਲੋਂ ਆ ਕੇ, ਗਰਮੀ ਦੀ ਰੁੱਤ ਹੋਵੇ ਜਾਂ ਸਿਆਲ ਦੀ ਨੰਗੇ ਪੈਰੀਂ ਨੌਵੇਂ ਪਾਤਸ਼ਾਹ ਦੇ ਸਥਾਨ ਤੇ ਜਾ ਕੇ ਸਹਿਸਕ੍ਰਿਤੀ ਤੋਂ ਲੈ ਕੇ ਰਾਗਮਾਲਾ ਤੱਕ ਤੇ ਹੋਰ ਗੁਰਬਾਣੀ ਦਾ ਘੰਟਿਆਂਬੱਧੀ ਜਾਪ ਕਰਦੇ ਰਹਿੰਦੇ। ਰਸਤੇ ਵਿਚ ਆਉਂਦੇ ਜਾਂਦੇ ਕਿਸੇ ਨਾਲ ਬਚਨ ਨਹੀਂ ਸੀ ਕਰਦੇ ਕੇਵਲ ਜਪੁਜੀ ਸਾਹਿਬ ਦਾ ਪਾਠ ਕਰਦੇ ਜਾਂਦੇ ਸਨ।

ਦਮਦਮੀ ਟਕਸਾਲ ਵਿਚ ਆਉਣਾ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦਮਦਮੀ ਟਕਸਾਲ ਦੇ ਮੁਖੀ ਬਣਨ ਤੋਂ ਬਾਅਦ ਪਹਿਲੀ ਵਾਰ 1978 ਵਿਚ ਗੁਰਦੁਆਰਾ ਦੁੱਖਨਿਵਾਰਨ ਸਾਹਿਬ ਪਟਿਆਲਾ ਆਏ। ਆਪ ਜੀ ਵੀ ਮਾਤਾ-ਪਿਤਾ ਨਾਲ ਸੰਤਾਂ ਦੇ ਦਰਸ਼ਨ ਕਰਨ ਪਟਿਆਲੇ ਗਏ ਅਤੇ ਜਾ ਕਰਕੇ ਸੰਤਾਂ ਦੇ ਦਰਸ਼ਨ ਕੀਤੇ। ਦੀਵਾਨ ਦੀ ਸਮਾਪਤੀ ਤੋਂ ਉਪਰੰਤ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੇ ਪਟਿਆਲਾ ਤੋਂ ਰੋਡੇ ਪਿੰਡ ਹੋ ਕੇ ਵਾਪਸ ਆਉਣਾ ਸੀ।

ਆਪ ਜੀ ਦੇ ਪਿਤਾ ਸ: ਤਰਲੋਚਨ ਸਿੰਘ ਜੀ ਨੇ ਵੀ ਕੋਈ ਕੰਮ ਕਰਨ ਵਾਸਤੇ ਸਰਹੰਦ ਜਾਣਾ ਸੀ, ਉਨਾਂ ਨੇ ਸੋਚਿਆ ਕਿ ਸੰਤਾਂ ਦੇ ਨਾਲ ਹੀ ਬੱਸ ਵਿਚ ਬੈਠ ਨਾਲੇ ਸੰਤਾਂ ਨਾਲ ਬਚਨ ਬਿਲਾਸ ਕਰਾਂਗੇ ਅਤੇ ਸਰਹੰਦ ਜਾ ਕੇ ਉਤਰ ਜਾਵਾਂਗੇ। ਸਰਦਾਰ ਤਰਲੋਚਨ ਸਿੰਘ ਦੇ ਨਾਲ ਆਪ ਜੀ ਵੀ ਬਚਪਨ ਦੀ ਉਮਰ ਵਿਚ ਨਾਲ ਹੀ ਬੱਸ ਵਿਚ ਬੈਠ ਗਏ। ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਬੱਸ ਵਿਚ ਲੱਗੇ ਹੋਏ ਬੈਡ ਲੰਮੇ ਪਏ ਸਨ। ਸੰਤਾਂ ਦੇ ਚਰਨਾਂ ਵਾਲੇ ਪਾਸੇ ਸੰਤ ਹਰਨਾਮ ਸਿੰਘ ਜੀ, ਜੋ ਕੇਵਲ 10 ਕੁ ਸਾਲ ਦੀ ਉਮਰ ਦੇ ਬੈਠੇ ਸਨ। ਉਨਾਂ ਵੱਲ ਦੇਖ ਕੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਸ: ਤਰਲੋਚਨ ਸਿੰਘ ਨੂੰ ਕਹਿਣ ਲੱਗੇ ਕਿ ਆਪ ਜੀ ਦੇ ਕਿੰਨੇ ਭੁਝੰਗੀ ਹਨ ਤਾਂ ਤਰਲੋਚਨ ਸਿੰਘ ਜੀ ਕਹਿਣ ਲੱਗੇ ਕਿ ਪ੍ਰਮਾਤਮਾ ਦੀ ਕ੍ਰਿਪਾ ਨਾਲ ਚਾਰ ਹਨ ਤਾਂ ਸੰਤਾਂ ਨੇ ਬਚਨ ਕੀਤਾ ਕਿ ਇਹ ਭੁਝੰਗੀ ਸਾਨੂੰ ਦੇ ਦਿਓ ਤਾਂ ਤਰਲੋਚਨ ਸਿੰਘ ਸੰਤਾਂ ਨੂੰ ਕਹਿਣ ਲੱਗੇ ਕਿ ਮਹਾਂਪੁਰਖੋ ਇਸ ਦੀ ਉਮਰ ਅਜੇ ਬਹੁਤ ਛੋਟੀ ਹੈ ਇਹ ਆਪਣੀ ਕਿਰਿਆ ਨਹੀਂ ਸੋਧ ਸਕਦਾ। ਇਕ ਮੇਰਾ ਇਸ ਭੁਝੰਗੀ ਦੇ ਨਾਲ ਬਹੁਤ ਪ੍ਰੇਮ ਹੈ ਤਾਂ ਮਹਾਂਪੁਰਖਾਂ ਨੇ ਕਿਹਾ ਕਿ ਇਹ ਭੁਝੰਗੀ ਸਾਨੂੰ ਦੇ ਦਿਓ ਅੱਜ ਤੋਂ ਬਾਅਦ ਤੁਹਾਨੂੰ ਪ੍ਰੇਮ ਦੀ ਖਿੱਚ ਨਹੀਂ ਸਤਾਵੇਗੀ। ਸੰਤਾਂ ਦੇ ਅਜਿਹੇ ਬਚਨ ਸੁਣ ਕੇ ਤਰਲੋਚਨ ਸਿੰਘ ਨੇ ਮਹਾਂਪੁਰਖਾਂ ਦੇ ਬਚਨਾਂ ਅੱਗੇ ਸਿਰ ਨਿਵਾ ਦਿੱਤਾ ਅਤੇ ਆਪ ਸਰਹੰਦ ਉਤਰ ਗਏ ਤੇ ਬਾਬਾ ਹਰਨਾਮ ਸਿੰਘ ਜੀ ਨੂੰ ਸੰਤਾਂ ਦੇ ਨਾਲ ਜਥੇ ਵਿਚ ਛੱਡ ਆਏ ।

ਮਹਿਤੇ ਆ ਕੇ ਇਕ ਰਾਤ ਰਹਿਣ ਉਪਰੰਤ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਨੇ ਆਪ ਜੀ ਦੇ ਸੰਥਿਆ ਦੀ ਡਿਊਟੀ ਗਿਆਨੀ ਗੁਰਨਾਮ ਸਿੰਘ ਜੀ ਪੰਜੋਖਰਾ ਸਾਹਿਬ ਵਾਲਿਆਂ ਦੀ ਲਾਈ। ਕੁੱਝ ਸਮਾਂ ਉਨਾਂ ਕੋਲੋਂ ਸੰਥਿਆ ਕਰਨ ਉਪਰੰਤ ਫਿਰ ਆਪ ਜੀ ਗਿਆਨੀ ਸੁਰਜੀਤ ਸਿੰਘ ਜੀ ਸੋਧੀ ਕੋਲ ਸੰਥਿਆ ਕਰਨ ਲੱਗ ਗਏ। ਜਿਹੜੇ ਕਿ ਬੜੇ ਹੀ ਪ੍ਰੇਮ ਦੇ ਨਾਲ ਇਹਨਾਂ ਨੂੰ ਸੰਥਿਆ ਕਰਵਾਉਂਦੇ ਸਨ। ਕੁੱਝ ਸਮਾਂ ਉਨਾਂ ਪਾਸ ਸੰਥਿਆ ਕੀਤੀ, ਫਿਰ ਆਪ ਜੀ ਨੇ ਭਗਤ ਜਸਵੰਤ ਸਿੰਘ ਜੀ ਦਾਉਦਰ ਵਾਲਿਆਂ ਕੁੱਝ ਸਮਾਂ ਸੰਥਿਆ ਕੀਤੀ ਤਾਂ ਫਿਰ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ ਆਪ ਜੀ ਨੂੰ ਜਥੇ ਦੇ ਨਾਲ ਲੈ ਗਏ। ਉਸ ਤੋਂ ਬਾਅਦ ਆਪ ਜੀ ਨੂੰ ਸੰਥਿਆ ਬਾਪੂ ਮਹਾਂ ਸਿੰਘ ਮਟੌਰ ਜੀ ਕਰਵਾਉਂਦੇ ਰਹੇ।

ਧਰਮ ਯੁੱਧ ਮੋਰਚੇ ਵਿਚ ਗ੍ਰਿਫ਼ਤਾਰੀ : 11 ਸਤੰਬਰ 1982 ਨੂੰ ਜਦੋਂ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਡੇ ਭਰਾਤਾ ਭਾਈ ਜਗਜੀਤ ਸਿੰਘ ਰੋਡੇ ਨੇ ਧਰਮ ਯੁੱਧ ਮੋਰਚੇ ਦੌਰਾਨ



ਗ੍ਰਿਫ਼ਤਾਰੀ ਦਿਤੀ , ਉਸ ਸਮੇਂ ਜਥੇ ਵਿਚ ਸੰਤਾਂ ਨੇ ਆਪ ਜੀ ਨੂੰ ਵੀ ਉਨਾਂ ਦੇ ਨਾਲ ਗ੍ਰਿਫ਼ਤਾਰੀ ਲਈ ਭੇਜਿਆ। ਆਪ ਜੀ ਨੇ ਉਨਾਂ ਦੇ ਨਾਲ ਜਥੇ ਸਮੇਤ ਗ੍ਰਿਫ਼ਤਾਰੀ ਦਿੱਤੇ। ਉਸੇ ਦਿਨ ਹੀ ਤਰਨ ਤਾਰਨ ਸਾਹਿਬ ਵਿਖੇ ਰੇਲ ਬੱਸ ਟੱਕਰ ਵਾਲਾ ਕਾਂਡ ਵਾਪਰਿਆ ਜਿਸ ਨੂੰ ਆਪ ਜੀ ਨੇ ਅੱਖੀਂ ਦੇਖਿਆ। ਜਿਸ ਦਾ ਆਪ ਜੀ ਦੇ ਮਨ 'ਤੇ ਬੜਾ ਹੀ ਹੋਇਆ। ਆਪ ਮਹੀਨਿਆਂਬੱਧੀ ਬਠਿੰਡਾ ਜੇਲ ਵਿਚ ਨਜ਼ਰਬੰਦ ਰਹੇ । ਜਦੋਂ ਸਰਕਾਰ ਨੇ ਸਾਰੇ ਸਿੰਘਾਂ ਨੂੰ ਰਿਹਾਅ ਕੀਤਾ ਉਦੋਂ ਆਪ ਜੀ ਵੀ ਰਿਹਾਅ ਹੋ ਕੇ ਵਾਪਸ ਸੰਤਾਂ ਕੋਲ ਆਏ ਅਤੇ ਕੁੱਝ ਸਮਾਂ 1980 ਵਿਚ ਮਹਿਤਾ ਵਿਖੇ ਸੰਤ ਬਾਬਾ ਠਾਕੁਰ ਸਿੰਘ ਜੀ ਦੇ ਗੜਵਈ ਰਹੇ ਅਤੇ ਤਨੋ, ਮਨੋ ਬਾਬਾ ਜੀ ਦੀ ਪੂਰੀ ਸੇਵਾ ਕਰਦੇ ਰਹੇ।

ਰਾਇਮਲ ਮਾਜਰੀ ਵਿਖੇ ਜਾਣਾ : ਸਾਕਾ ਨੀਲਾ ਤਾਰਾ ਤੋਂ ਕੁੱਝ ਸਮਾਂ ਪਹਿਲਾਂ ਗਿਆਨੀ ਇੰਦਰਜੀਤ ਸਿੰਘ ਰਕਬੇਵਾਲ, ਜੋ ਵੱਡੇ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਿਦਿਆਰਥੀ ਸਨ, ਨਾਲ ਆਪ ਜੀ ਦਾ ਮੇਲ ਫ਼ਤਿਹਗੜ ਸਾਹਿਬ ਵਿਖੇ ਹੋ ਗਿਆ। ਗਿਆਨੀ ਇੰਦਰਜੀਤ ਸਿੰਘ ਜੀ ਆਪ ਜੀ ਨੂੰ ਆਪਣੇ ਨਾਲ ਰਾਇਲ ਮਾਜਰੀ ਲੈ ਗਏ। ਜਿੱਥੇ ਆਪ ਜੀ ਨੂੰ ਗਿਆਨੀ ਇੰਦਰਜੀਤ ਸਿੰਘ ਨੇ ਦੁਬਾਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ, ਦਸਮ ਗ੍ਰੰਥ ਜੀ ਦੀ ਸੰਥਿਆ, ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼ ਅਤੇ ਹੋਰ ਸਾਰੇ ਛੋਟੇ ਗ੍ਰੰਥ ਪੜਾਏ। ਰਾਇਮਲ ਮਾਜਰੀ ਵਿਖੇ ਰਹਿੰਦਿਆਂ ਹੋਇਆਂ

ਬਾਕੀ ਸਫ਼ਾ 31 'ਤੇ

# ਕਾਵਿ ਸੰਸਾਰ

## 1 'ਹਕੀਕਤ ਬਨਾਮ ਦਿਖਾਵਾ'

ਫੀਲਿੰਗ ਕਰੇਜੀ ਪਾਵੇ ਫੇਸਬੁੱਕ ਤੇ
ਬਾਪੂ ਫਿਰੇ ਖੇਤਾਂ ਵਿੱਚ ਹੱਡ ਗਾਲਦਾ
ਲੱਭਦਾ ਸਤਾਰਾਂ ਚ ਸਹੇਲੀ ਫਿਰਦਾ
ਬਾਪੂ ਫਿਰੇ ਫਾਹੇ ਆਲਾ ਰੱਸਾ ਭਾਲਦਾ
ਮੌਸਮਾਂ ਦੀ ਪੈਗੀ ਇੱਕ ਮਾਰ ਚੰਦਰੀ
ਰਹਿੰਦੇ ਖੂੰਦੇ ਔਲਾਦ ਫੁਕਰੀ ਨੇ ਮਾਰਤੇ
ਬਾਪੂ ਦਿਆਂ ਪੈਰਾਂ ਨੂੰ ਨਾ ਜੁੱਤੀ ਜੁੜਦੀ
ਮੁੰਡਾ ਵੂਫਰ ਲਵਾਈ ਫਿਰੇ ਨਵੀਂ ਥਾਰ ਤੇ
ਛੱਡਕੇ ਵਿਚਾਲੇ ਕੰਮ ਸੀਰੀ ਭੱਜ ਗਿਆ
ਭੱਜਣੇ ਨੂੰ ਜਾਵੇ ਮੁੰਡਾ ਨਿੱਤ ਲੇਕ ਤੇ
ਪੈਂਦੀਆਂ ਤਰੀਕਾਂ ਕੇਸ ਕੀਤਾ ਬੈਂਕ ਨੇ
ਸ਼ਿਮਲੇ 'ਚ ਠੰਡ ਮੁੰਡਾ ਜਾਵੇ ਡੇਟ ਤੇ
ਟੁੱਟੇ ਹੋਏ ਰਿੰਮ ਬਾਪੂ ਵੈਲਡ ਕਰਾਵੇ
ਲੈਕੇ ਕਾਕੇ ਨੇ ਅਲਾਏਵੀਲ ਨਵੇਂ ਚਾੜਤੇ
ਬਾਪੂ ਦਿਆਂ ਪੈਰਾਂ ਨੂੰ ਨਾ ਜੁੱਤੀ ਜੁੜਦੀ
ਮੁੰਡਾ ਵੂਫਰ ਲਵਾਈ ਫਿਰੇ ਨਵੀਂ ਥਾਰ ਤੇ
ਲੈਂਦੀ ਨਾ ਦਵਾਈ ਬੇਬੇ ਕਰੇ ਸਰਫਾ
ਲਾਈ ਫਿਰੇ ਟਾਕੀਆਂ ਬਈ ਪਾਟੇ ਸੂਟ ਤੇ
ਮੁੱਛਾਂ ਵਾਲਾ ਲੋਗੋ ਗੱਡੀ ਵਿੱਚ ਨੱਚਦਾ
ਨੱਚਦੀ ਫਿਰੇ ਜੀ ਗੱਡੀ ਗੇੜੀ ਰੂਟ ਤੇ
ਮਰ ਮਰ ਭੇਜੇ ਬਾਪੂ ਫੀਸ ਪੁੱਤ ਦੀ
ਰਹਿੰਦਾ ਏ ਸ਼ਿਕਾਰੀ ਨਿੱਤ ਨਵੀਂ ਮਾਰ ਤੇ
ਬਾਪੂ ਦਿਆਂ ਪੈਰਾਂ ਨੂੰ ਨਾ ਜੁੱਤੀ ਜੁੜਦੀ
ਮੁੰਡਾ ਵੂਫਰ ਲਵਾਈ ਫਿਰੇ ਨਵੀਂ ਥਾਰ ਤੇ
ਚੰਡੀਗੜ ਆਵੇ ਰਾਸ ਕਿਸੇ ਕਿਸੇ ਨੂੰ
ਬਹੁਤਿਆਂ ਨੂੰ ਪੁੱਠੇ ਰਾਹਾਂ ਵੱਲ ਤੋਰਦਾ
ਕਰਦੇ ਨੇ ਕਾਕੇ ਜਦੋਂ ਔਫ ਰੋਡਿੰਗਾਂ
ਪਾਟਦਾ ਕਲੇਜਾ ਪਿੰਡ ਖੜੇ ਫੋਰਡ ਦਾ
ਕੁਲਵਿੰਦਰਾ ਕਹਾਣੀ ਏਹੋ ਪਿੰਡ ਪਿੰਡ ਦੀ
ਵੇਖਿਓ ਧਿਆਨ ਆਸੇ ਪਾਸੇ ਮਾਰਕੇ
ਬਾਪੂ ਦਿਆਂ ਪੈਰਾਂ ਨੂੰ ਨਾ ਜੁੱਤੀ ਜੁੜਦੀ
ਮੁੰਡਾ ਵੂਫਰ ਲਵਾਈ ਫਿਰੇ ਨਵੀਂ ਥਾਰ ਤੇ

ਕੁਲਵਿੰਦਰ ਸਿੱਧੂ ਕਾਮੇ ਕਾ

## 2. ਉਡਾਰੀ

ਨਿਰੰਤਰ ਉੱਡਣ ਦਿਓ
ਅਨੇਕਾਂ ਪੰਛੀ
ਅਨੰਤ ਰੰਗਾਂ ਦੇ
ਬੇਸ਼ੁਮਾਰ ਨਸਲਾਂ ਦੇ
ਬਰਫੀਲੀ ਚੋਟੀਆਂ ਤੇ
ਪਹਾੜੀ ਵਾਦੀਆਂ ਤੇ
ਮੈਦਾਨਾਂ ਮਾਰੂਥਲਾਂ
ਜਾਂ ਸਮੁੰਦਰਾਂ ਦੀ ਹਿੱਕ ਤੇ
ਨੱਚਣ ਦਿਓ
ਗਾਵਣ ਦਿਓ
ਡਾਰਾਂ ਬਣਾ
ਖੰਭਾਂ ਦੀ ਤਾਲ ਤੇ
ਅੰਬਰ ਦੇ ਵਹਿੜੇ
ਕਿਉਂਕਿ
ਪੰਛੀ ਹਥਿਆਰ ਨਹੀਂ ਚੁੱਕਦੇ
ਡਾਰਾਂ ਧਾੜਵੀ ਨਹੀਂ ਹੁੰਦੀਆਂ
ਅਪਣੀ ਨਸਲ ਦੀਆਂ
ਹਤਿਆਰੀਆਂ ਨਹੀਂ ਹੁੰਦੀਆਂ
ਤੇ ਰੇਖਾਵਾਂ 'ਚ ਕੈਦ
ਧਰਤ ਦਾ ਟੁਕੜਾ
ਪੰਛੀ ਦਾ ਵਤਨ ਨਹੀਂ ਹੁੰਦਾ

ਸਰਬਜੀਤ ਬਾਬਾ

## 3, ਤੰਦੂਰ

ਰੋਟੀ ਤੰਦੂਰ ਦੀ ,
ਸੇਵਾ ਹਜ਼ੂਰ ਦੀ ।
ਪਰ ਰੋਜ਼-ਰੋਜ਼ ਪੱਕੇ ਨਾ,
ਹਾਂ ਬੜੀ ਮਜਬੂਰ ਜੀ ।
ਬਾਲਣ ਦੀ ਕਮੀ ਐ,
ਮੇਰਾ ਤਾਂ ਨੀ ਕਸੂਰ ਜੀ ।
ਨਰਮਾ ਜਦ ਹੁੰਦਾ ਸੀ,
ਬੜਾ ਭਰਪੂਰ ਜੀ ।
ਹਰ ਘਰ ਰੋਟੀ ਤੰਦੂਰ ਦੀ,
ਪੱਕਦੀ ਸੀ ਜ਼ਰੂਰ ਜੀ ।
ਹੁਣ ਤਾਂ ਸੁੰਨਾਂ ਰਹਿੰਦਾ,
ਮੇਰਾ ਤਾਂ ਤੰਦੂਰ ਜੀ ।
ਚਾਚੀਆਂ-ਤਾਈਆਂ,
ਭੈਣਾਂ ਤੇ ਭਰਜਾਈਆਂ,
ਰੋਟੀ ਪਕਾਉਣ ਜਦ ਆਉਂਦੀਆਂ ਸੀ,
ਉਦੋਂ ਬੜਾ ਸੀ ਮਸ਼ਹੂਰ ਜੀ।
ਹੁਣ ਤਾਂ ਖਤਮ ਹੋ ਰਿਹਾ,
ਇਹਦਾ ਤਾਂ ਵਜੂਦ ਜੀ ।
ਉਦੋਂ ਸਾਨੂੰ ਦੋਹਾਂ ਨੂੰ,
ਬੜਾ ਸੀ ਗਰੂਰ ਜੀ ।
ਹੁਣ ਉਹ ਰੌਣਕ ਕਿੱਥੇ ?
ਇਕੱਲਾ ਰਹਿ ਗਿਆ,
ਬੜਾ ਉਦਾਸ ਹੈ,
ਮੇਰਾ ਤਾਂ ਤੰਦੂਰ ਜੀ ।

( ਸੁਖਜਿੰਦਰ ਸਿੰਘ ਭੰਗਚੜੀ )

## 4. ਖ਼ਾਮੋਸ਼ੀਆਂ

ਇਹ ਚੀਕਦੀਆਂ ਖ਼ਾਮੋਸ਼ੀਆਂ
ਇੰਨਾਂ ਕਹਿਣਾ ਕਿਸੇ ਨਾ
ਕੁਝ ਇਹ ਦੱਬੇ ਪੈਰੀਂ ਆਉਂਦੀਆਂ
ਇੰਨਾਂ ਛੱਡਣਾ ਕਿਸੇ ਦਾ ਨਾ ਕੱਖ
ਇਹ ਰੋਲ ਜਵਾਨੀ ਦਿੰਦੀਆਂ
ਕਿਸੇ ਹੱਥੀ ਚੂੜਾ ਭੰਨਦੀਆਂ
ਇਹ ਲਾਹ ਮੱਥੇ ਦੀਆਂ ਬਿੰਦੀਆਂ
ਕਰ ਸੁੰਨਾਂ ਜੱਗ ਇਹ ਦਿੰਦੀਆਂ
ਨਾ ਰਹਿੰਦੀ ਉਹ ਸੁਹਾਗਣ
ਨਾ ਗਿਣਤੀ ਦੇ ਵਿੱਚ ਰੰਡ
ਜਿਹਨੂੰ ਛੱਡ ਉਹਦਾ ਸਿਰ
ਸਾਈ ਕਰ ਜਾਂਦਾ ਖੁਦ ਤੋਂ ਵੰਝ
ਨਾ ਵਰਤੋਂ ਇਸ ਤਲਾਕ ਨੂੰ ਇਹ ਖੋਹ ਲੈਂਦਾ ਸਭ ਰੰਗ
ਪਾ ਚਿੱਟੇ ਕੱਪੜੇ ਇਹ ਬੈਠਾ ਦਿੰਦਾ
ਕੱਚੀਆਂ ਉਮਰਾਂ ਦੇ ਸੁਪਨੇ ਤੁੜਾ ਦਿੰਦਾ
ਨਾ ਵਰਤੋਂ ਇਸ ਤਲਾਕ ਨੂੰ ਇਹ ਨੈਣੀ ਸੁਰਮਾ ਲਾਹ ਦਿੰਦਾ
ਨਾ ਵਰਤੋਂ ਇਸ ਤਲਾਕ ਨੂੰ ਇਹ ਜਿਉਂਦੇ ਜੀ ਮੋਇਆ ਕਰ ਦਿੰਦਾ
ਸੁਣ ਲਾਉ 'ਗਰੇਵਾਲ਼' ਦੀ ਪੁਕਾਰ ਨੂੰ ਨਾ ਵਰਤੋਂ ਇਸ ਤਲਾਕ ਨੂੰ
ਨਾ ਵਰਤੋਂ ਇਸ ਤਲਾਕ ਨੂੰ।

ਹਰਪ੍ਰੀਤ ਗਰੇਵਾਲ

## 5. ਉਧਾਰ

ਕੋਈ ਰੁੱਸਦਾ ਏ ਤਾਂ ਰੁੱਸ ਲੈਣਦੇ,
ਰਿਸ਼ਤਾ ਖੁੱਸਦਾ ਏ ਤਾਂ ਖੁੱਸ ਲੈਣਦੇ।
ਹੱਥਾਂ ਨੂੰ ਦੰਦੀਆਂ ਵੱਢੇਂਗਾ
ਕੀਤੀ ਤੇ ਪਛਤਾਵੇਂਗਾ।
ਦੇਵੀਂ ਨਾ ਪੈਸਾ ਉਧਾਰ
ਤੂੰ ਲੁੱਟ ਹੋ ਜਾਵੇਂਗਾ...।
ਪੈਂਦੀ ਲੋੜ ਤਾਂ ਤਰਲੇ ਕਰਦੇ ਨੇ,
ਪੱਗ ਪੈਰਾਂ ਦੇ ਉੱਤੇ ਧਰਦੇ ਨੇ।
ਜਦੋਂ ਮੰਗਿਆ ਵਾਪਸ ਮਿਲਣਾ ਨਾ,
ਤੂੰ ਲੱਖ ਲੱਖ ਤਰਲੇ ਪਾਵੇਂਗਾ
ਦੇਵੀਂ ਨਾ ਪੈਸਾ ਉਧਾਰ
ਤੂੰ ਲੁੱਟ ਹੋ ਜਾਵੇਂਗਾ....।
ਕੋਈ ਸਾਲ਼ਾ ਸਾਂਢੂ ਤੇ ਭਾਈ ਨਾ,
ਕੋਈ ਸਹੁਰਾ ਸੱਸ ਜੁਆਈ ਨਾ,
ਤੇਰੀ ਮੌਤ ਦੀ ਸੁੱਖ ਮਨਾਵਣਗੇ,
ਤੇ ਸਭ ਤੋਂ ਜੁੱਤੀਆਂ ਖਾਵੇਂਗਾ।
ਦੇਵੀਂ ਨਾ ਪੈਸਾ ਉਧਾਰ
ਤੂੰ ਲੁੱਟ ਹੋ ਜਾਵੇਂਗਾ....।
ਕਸਮਾਂ ਜੀਣ ਮਰਨ ਦੀਆਂ ਪਾਉਂਦੇ ਨੇ,
ਵਾਂਗ ਕੁੱਤਿਆਂ ਪੂਛ ਹਿਲਾਉਂਦੇ ਨੇ,
ਕਿਸੇ ਸੁਣਨੀ ਤੇਰੀ ਗੱਲ ਨਹੀਂ,
ਲੱਖ ਵਾਰੀ ਫ਼ੋਨ ਮਿਲਾਵੇਂਗਾ।
ਦੇਵੀਂ ਨਾ ਪੈਸਾ ਉਧਾਰ
ਤੂੰ ਲੁੱਟ ਹੋ ਜਾਵੇਂਗਾ...।
ਏਥੇ ਯਾਰ ਬਣਾਕੇ ਠੱਗਦੇ ਨੇ,
ਸਭ ਰਿਸ਼ਤੇ ਝੂਠੇ ਜੱਗ ਦੇ ਨੇ,
ਆਪਣਾ ਆਪ ਲੁਟਾਕੇ ਤੂੰ,
ਮੂੰਹ ਕਾਲ਼ਾ ਕਰਵਾਵੇਂਗਾ।
ਦੇਵੀਂ ਨਾ ਪੈਸਾ ਉਧਾਰ
ਤੂੰ ਲੁੱਟ ਹੋ ਜਾਵੇਂਗਾ...।
ਤੇਰੇ ਜੀਣ ਬਿਨਾਂ ਕੁੱਝ ਥੁੜਿਆ ਨਹੀਂ,
ਦਿੱਤਾ ਪੈਸਾ ਵਾਪਸ ਮੁੜਿਆ ਨਹੀਂ।
ਰਾਤਾਂ ਨੂੰ ਉੱਠ ਉੱਠ ਰੋਵੇਂਗਾ,
ਤੇ *ਚੀਮੇਂ* ਵਾਂਗ ਕੁਰਲਾਵੇਂਗਾ,
ਦੇਵੀਂ ਨਾ ਪੈਸਾ ਉਧਾਰ
ਤੂੰ ਲੁੱਟ ਹੋ ਜਾਵੇਂਗਾ...।

ਅਮਰਜੀਤ ਚੀਮਾ
+1(716)908-3631

## 6. ਅਹਿਸਾਨ

ਅਹਿਸਾਨ ਕਿਸੇ ਦੇ ਭੁੱਲੀਂ ਨਾ,
ਪਰ ਐਵੇਂ ਕਿਸੇ ਤੇ ਡੁੱਲੀਂ ਨਾ ।
ਖਾ-ਖਾ ਕੇ ਧੋਖੇ ਦੁਨੀਆਂ ਤੋਂ,
ਹਾਲੇ ਵੀ ਅੱਖ ਕਿਉਂ ਖੁੱਲੀ ਨਾ ।
ਬੈਠਾ ਦਿਲ ਚ ਛੁਪਾਈ ਦਰਦਾਂ ਨੂੰ,
ਤਾਹੀਂਓ ਹਾਸਾ ਆਉਂਦਾ ਬੁੱਲੀਂ ਨਾ ।
ਕਿਉਂ ਵਕਤ ਲੰਘਾਈ ਜਾਣਾ ਏ,
ਸਾਹ ਮਿਲਣ ਕਦੇ ਵੀ ਮੁੱਲੀਂ ਨਾ ।
ਹੇਰਾਫੇਰੀ ਡੋਬ ਕੇ ਰੱਖ ਦਿੱਦੀ,
ਬਹੁਤੀ ਮਾਇਆ ਵੇਖਕੇ ਫੁੱਲੀਂ ਨਾ ।
ਜੋ ਪੁੱਟ ਦੇ ਨੇ ਘਰ ਗੈਰਾਂ ਦੇ,
ਉਹਦੀ ਵਿਕਣੋਂ ਬਚਦੀ ਕੁੱਲੀ ਨਾ ।
ਸੱਚ ਬੇਸ਼ੱਕ ਦੇਰੀ ਮਿਲਦਾ ਏ,
'ਬੱਬੂ' ਝੂਠ ਦੇ ਝੂਲੇ ਝੁੱਲੀ ਨਾ ।

ਸਤਨਾਮ ਸਿੰਘ 'ਬੱਬੂ'
ਮੋ. 9779458793

## 8. ਕਾਗਜ਼ੀ ਦਿਲਾਸੇ

ਹੁਣ ਕੌਣ ਕਿਸੇ ਦੇ ਲਈ, ਦੁਆਵਾਂ ਕਰਦਾ ਹੈ
ਹਰ ਕੋਈ ਅਪਣਾ ਘਰ ਭਰਨ ਲਈ ਮਰਦਾ ਹੈ
ਭਾੜ 'ਚ ਜਾਵਣ ਦੂਜੇ ਤੇ ਖਾਵਣ ਖਸਮਾਂ ਨੂੰ
ਕੌਣ ਕਿਸੇ ਦੀ ਖਾਤਰ ਹੁਣ, ਚੱਟੀ ਭਰਦਾ ਹੈ
ਵਿਸਰ ਗਏ ਨੇ ਵਿਰਸੇ, ਭੁੱਲ ਗਏ ਫ਼ਰਜਾਂ ਨੂੰ
ਪਰ ਰੋਜ਼ ਸਵੇਰੇ ਸਿਰ ਚੌਖਟ 'ਤੇ ਧਰਦਾ ਹੈ
ਪੈਦਲ ਤੁਰ ਤੁਰ ਛਾਲੇ ਪੈ ਗਏ, ਤਲੀਆਂ 'ਤੇ
ਮਜਦੂਰਾਂ ਦੇ ਨਾਲ, ਨਾ ਕੋਈ ਵਿਚਰਦਾ ਹੈ
ਕਿਹੜੀ ਜੇਬੋਂ ਦਿਆਂ ਕਿਰਾਇਆ ਇਸ ਮਹੀਨੇ
ਮਾਲਕ ਦੇ ਨਾਲ ਅੱਖ ਮਿਲਾਉਣੋਂ ਡਰਦਾ ਹੈ
ਆਮ ਆਦਮੀ ਹੱਥ ਅੱਡਣ ਤੋਂ ਕਤਰਾਉਂਦਾ ਏ
'ਮਿੱਤਰ' ਤਾਂ ਸ਼ਬਦਾਂ ਨਾਲ ਜੇਬਾਂ ਭਰਦਾ ਹੈ
ਏਕੇ ਦੇ ਨਾਲ ਲਾਵਾਂ, ਕਿੰਨੀਆਂ ਜ਼ੀਰੋ ਮੈਂ
ਅਰਥ- ਸ਼ਾਸਤਰੀ ਇਹੋ ਗਿਣਤੀਆਂ ਕਰਦਾ ਹੈ
ਅਸਲ 'ਚ ਕਿਸ ਦੇ ਹਿੱਸੇ ਕਿੰਨਾ ਆਉਣਾ ਹੈ
ਇਹ ਦੱਸਣ ਤੋਂ ਬਿਨਾਂ ਹੀ ਉਸ ਦਾ ਸਰਦਾ ਹੈ
ਲਾਈਨਾਂ ਤੇ ਸੁੱਟੀ ਰੋਟੀ, ਏਹ ਗੱਲ ਦੱਸਦੀ ਏ
ਮੁਰਦਾ ਕਦੇ ਨਾ ਢਿੱਡ ਵਿੱਚ ਰੋਟੀ ਧਰਦਾ ਹੈ
ਸੁਣਦੇ ਸਾਂ ਹੁੰਦਾ ਦਾਰੂ, ਬੰਦਾ ਬੰਦਿਆਂ ਦਾ
'ਇੰਦਰ' ਦਾਰੂ ਹੁਣ ਵੀ, ਬੋਤਲੀਂ ਭਰਦਾ ਹੈ

ਇੰਦਰ ਪਾਲ ਸਿੰਘ - ਪਟਿਆਲਾ
ਮੋ. 9779584235

## 9. ਯਾਦਾਂ

ਰੜਕ ਅੱਖਾਂ ਦੀ ਤਾਂ
ਦੂਰ ਹੋ ਗਈ ਥੋੜੀ ਦੇਰ 'ਚ
ਗੱਲਾਂ ਕੁਝ ਦਿਲ 'ਚ
ਤਾਅ ਜ਼ਿੰਦਗੀ ਰਹੀਆਂ
ਰੜਕਦੀਆਂ
ਦੇਖਿਆ ਪਹਿਲੀ ਵਾਰ, ਤਾਂ
ਰਹਿ ਗਏ ਦੇਖਦੇ
ਕਈ ਦਿਨਾਂ ਤੱਕ
ਰਹੀਆਂ ਗੱਲਾਂ ਚੱਲਦੀਆਂ
ਉਹਦੀ ਮੜਕ ਦੀਆਂ
ਘਿਰ ਗਏ ਸਾਂ
ਚੱਕਰਾਂ 'ਚ ਜਵਾਨੀ ਪਹਿਰੇ
ਰਹਿਣ ਦਿਮਾਗ 'ਚ
ਘੁੰਮਦੀਆਂ
ਯਾਦਾਂ ਯਾਰ ਦੀ
ਬੜਕ ਦੀਆਂ
ਮਾਯੂਸ ਹੋ ਤੁਰੇ ਸਾਂ
ਘਰ-ਬਾਰ ਛੱਡਕੇ
ਪਹੁੰਚਗੇ ਟਿਕਾਣੇ ਤਾਂ
ਮਨ 'ਚ..
ਅੱਜ ਤੀਕ ਵਸੀਆਂ ਯਾਦਾਂ
ਘਰ ਵਾਲੀ ਸੜਕ ਦੀਆਂ ।

ਰਣਦੀਪ ਸਿੰਘ ਆਹਲੂਵਾਲੀਆ

## 10. ਗੁੰਦ ਗੁੰਦ ਸੱਚ ਨੂੰ

ਗੁੰਦ ਗੁੰਦ ਸੱਚ ਨੂੰ, ਬੰਨਾਵਾਂ ਇੱਕ ਆਸ ਜਿਹੀ,
ਬੋਝ ਮੇਰੇ ਮਨ ਉੱਤੋਂ, ਫਰਜ਼ਾਂ ਦਾ ਲੈਹ ਜਵੇ।
ਨੰਗੇ ਪਿੰਡੇ ਆਸ ਨਾਲ, ਤੱਕਦੇ ਨੂੰ ਢੱਕ ਦੇਵਾਂ,
ਜਾਣ ਲੱਗਾ ਕੋਈ ਕਿਤੇ, ਵਸਦਾ ਰਹੁ ਕਹਿ ਜਵੇ।
ਪਾਦਰੀ, ਪੁਜਾਰੀ, ਮੁੱਲਾਂ, ਭਾਈ ਕੱਠੇ ਬੈਠਕੇ,
ਰੱਬ ਨੂੰ ਮਨਾਉਣ, ਦੇਖ ਭੁੱਖ ਕਿਤੇ ਲੈਹ ਜਵੇ।
ਆਸ ਵਿੱਚ ਬੈਠੀ ਦਾ ਨਾ, ਤਿੜਕੇ ਕਿਤੇ ਵੀ ਚੂੜਾ,
ਜੰਗ ਵਾਲਾ ਭੂਤ ਜੇ ਇਹ,ਪਾਗਲਾਂ ਦਾ ਲੈਹ ਜਵੇ।
ਭੱਜੀ ਜਾਵੇ ਕਾਇਨਾਤ, ਰੁੱਸੇ ਨੂੰ ਮਨਾਉਣ ਲਈ,
ਖ਼ੁਸ਼ੀਆਂ ਦੀ ਲੁੱਟ ਫੇਰ, ਹਰ ਵੇਹੜੇ ਪੈ ਜਵੇ।
ਰਹਿਮ ਕਰ ਕਾਦਰਾ, ਮਨਾਂ ਵਿੱਚ ਮੇਹਰ ਪਾਦੇ,
ਆਸ ਮੇਰੀ ਸੱਧਰਾਂ ਦੀ, ਜਿਉਂਦੀ 'ਜੰਡੂ' ਰਹਿ ਜਵੇ।

ਬਹਾਦਰ ਸਿੰਘ ਜੰਡੂ ਦੰਦੂਵਾਲੀਆ



# ਆਪ ਨਾ ਆਵੀਂ, ਵੀਰ ਨੂੰ ਘੱਲੀ

ਕਲਮਾਂ ਦੇ ਜਜ਼ਬਾਤ

## ਹਰਪ੍ਰੀਤ ਬਰਾੜ ਸਿੱਧੂ

ਜਦੋਂ ਉਸਨੂੰ ਤਮਾਮ ਉਮਰ, ਬੇਗਾਨੇ ਮੁਲਕ ਵਿੱਚ, ਸਿਹਤ ਅਤੇ ਅਧਿਆਪਨ ਕਿੱਤੇ ਨੂੰ ਦਿੱਤੀਆਂ ਸੇਵਾਵਾਂ ਬਦਲੇ ਸਰਕਾਰ ਵੱਲੋਂ ਇਨਾਮ ਮਿਲਿਆ ਤਾਂ ਪੰਡਾਲ ਵਿੱਚ ਬੈਠੇ ਹਰ ਭਾਰਤੀ ਦੀਆਂ ਅੱਖਾਂ ਵਿੱਚ ਚਮਕ ਸੀ। ਉਹ ਸੱਠਾਂ ਨੂੰ ਟੱਪੀ ਨੇ ਧੰਨਵਾਦ ਕਹਿ ਇੱਕ ਹੀ ਸਤਰ ਬੋਲੀ ਕਿ, 'ਗੁੜ ਖਾਵੀਂ ਪੂਣੀ ਕੱਤੀ, ਆਪ ਨਾ ਆਵੀਂ ਵੀਰ ਨੂੰ ਘੱਲੀ' ਬੱਸ ਇਹੀ ਸਤਰਾਂ ਉਸਨੂੰ ਕੁੱਝ ਅਜਿਹਾ ਕਰਨ ਲਈ ਪ੍ਰੇਰਦੀਆਂ ਰਹੀਆਂ ਕਿ ਲੋਕ ਇਹ ਸਤਰ ਭੁੱਲ ਜਾਣ। ਉਸਦੀਆਂ ਗੱਲਾਂ ਅੰਗਰੇਜ਼ੀ ਪੱਤਰਕਾਰਾਂ ਲਈ ਤਾਂ ਬੁਝਾਰਤ ਬਣ ਗਈਆਂ, ਚਾਹੇ ਉਸਨੇ ਅੰਗਰੇਜ਼ੀ ਅਨੁਵਾਦ ਵੀ ਕੀਤਾ ਸੀ ਪਰ ਪੰਡਾਲ ਵਿੱਚ ਬੈਠੇ ਕੁੱਝ ਲੋਕਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਸਨ ਅਤੇ ਸਭ ਤੋਂ ਵੱਧ ਪਹਿਲੀ ਕਤਾਰ ਵਿੱਚ ਨਸਵਾਰੀ ਰੰਗ ਦਾ ਸੂਟ ਪਾਈ ਬੈਠੀ ਬਜ਼ੁਰਗ ਔਰਤ ਦੇ। ਉਸ ਔਰਤ ਨੂੰ ਰੋਂਦੀ ਤੱਕ ਉਸਨੇ ਆ ਕੇ ਉਸਨੂੰ ਜੱਫੀ ਪਾ ਲਈ ਅਤੇ ਪੱਤਰਕਾਰ ਵੀ ਪਿੱਛੇ ਹੀ ਆ ਗਏ।

ਕੁੱਝ ਪਲ ਸਹਿਜ ਹੋ ਕੇ ਉਹ ਅੱਖਾਂ ਸਾਫ ਕਰਦੀ ਬੋਲੀ ਪੱਤਰਕਾਰਾਂ ਨੂੰ ਬੋਲੀ ਕਿ ਇਹ ਸਤਰ ਦੀ ਵਿਆਖਿਆ ਤਾਂ ਮੇਰੀ ਮਾਂ ਹੀ ਕਰ ਸਕਦੀ ਹੈ ਅਤੇ ਬੋਲਣ ਦੀ ਵਾਰੀ ਉਸ ਨਸਵਾਰੀ ਸੂਟ ਵਾਲੀ ਔਰਤ ਦੀ ਸੀ।

'ਮੈਂ ਆਪਣੇ ਪਰਿਵਾਰ ਵਿੱਚ ਤਿੰਨ ਪੀੜ੍ਹੀਆਂ ਪਿੱਛੋਂ ਕੁੜੀ ਜੰਮੀ ਸਾਂ ਜਾਂ ਸ਼ਾਇਦ ਜੰਮੀਆਂ ਤਾਂ ਸੀ ਪਰ ਬਚੀਆਂ ਨਹੀ ਸਨ। ਉਨਾਂ ਵੇਲਿਆਂ ਵਿੱਚ ਆਮ ਹੀ ਜੰਮਦੀਆਂ ਕੁੜੀਆਂ ਦਾ ਗਲ਼ ਘੁੱਟ ਦਿੰਦੇ ਜਾਂ ਫੇਰ ਫੀਮ ਖਵਾ ਕੇ ਮਾਰ ਦਿੰਦੇ ਤੇ ਫੇਰ ਭੜੋਲੇ ਵਿੱਚ ਪਾ ਜ਼ਮੀਨ ਵਿੱਚ ਦੱਬ ਦਿੰਦੇ ਪਰ ਦੱਬਣ ਵੇਲੇ ਇਹ ਅਰਦਾਸ ਕਰਨਾ ਨਾ ਭੁੱਲਦੇ ਕਿ ਹੁਣ ਵੀਰ ਨੂੰ ਘੱਲੀ। ਮੇਰੇ ਜੰਮਣ ਤੇ ਵੀ ਘਰ ਵਿੱਚ ਸੋਗ ਪੈ ਗਿਆ। ਮੇਰੀ ਮਾਂ ਤਾਂ ਪਹਿਲੀ ਔਲਾਦ ਹੀ ਕੁੜੀ ਹੋਣ 'ਤੇ ਆਪ ਡਰ ਗਈ ਸੀ। ਦਾਦੀ ਦਾ ਫੁਰਮਾਨ ਸੀ ਕਿ ਇਸਨੂੰ ਪਾਰ ਲਗਾ ਦਿਉ, ਪਰ ਭਲਾ ਹੋਵੇ ਮੇਰੀ ਤਾਈ ਦਾ ਜਿਸ ਨੇ ਕਲੇਸ਼ ਕਰ ਕੇ ਮੈਨੂੰ ਬਚਾ ਲਿਆ। ਤਾਈ ਤਿੰਨ ਪੁੱਤਾਂ ਦੀ ਮਾਂ ਤੇ ਪਿੱਛੋਂ ਤਕੜੇ ਪੇਕਿਆਂ ਦੀ ਹੋਣ ਕਰਕੇ ਉਸਦਾ ਦਬਦਬਾ ਦਾਦੀ ਉੱਤੇ ਵੀ ਚੱਲ ਜਾਂਦਾ ਸੀ। ਤਾਈ ਨੇ ਮੈਨੂੰ ਆਪ ਝੋਲੀ ਪਵਾ ਲਿਆ ਸੀ। ਫੇਰ ਦੋ ਵੀਰ ਹੋਣ ਮਗਰੋਂ ਮੇਰੇ ਬੇਬੇ ਬਾਪੂ ਤਾਂ ਮੈਨੂੰ ਚੱਜ ਨਾਲ ਬੁਲਾਉਣ ਲੱਗ ਪਏ ਸੀ ਪਰ ਦਾਦੀ ਫੇਰ ਵੀ ਖਾਰ ਖਾਂਦੀ ਸੀ। ਦੋ ਪਰਿਵਾਰਾਂ ਦੀ ਸਾਂਝੀ ਧੀ ਹੋਣ ਕਰਕੇ ਮੇਰਾ ਰਿਸ਼ਤਾ ਵੀ ਤਕੜੇ ਸਰਦਾਰ ਘਰੇ ਹੋ ਗਿਆ। ਮੇਰੇ ਸਰਦਾਰ



ਹੋਰੀਂ ਪੰਜ ਭਰਾ ਸੀ ਅਤੇ ਅਸੀਂ ਚੌਥੇ ਨੰਬਰ ਵਾਲੇ ਸੀ। ਅਗਾਂਹ ਮੇਰੀ ਕਿਸਮਤ ਦੇਖੋ, ਘਰੇ ਪੈਸੇ-ਧੇਲੇ ਖਾਣ-ਪੀਣ ਦੀ ਕੋਈ ਤੋਟ ਨਹੀਂ ਸੀ ਪਰ ਰੱਬ ਨੇ ਫੇਰ ਮੇਰੀ ਪਹਿਲੀ ਔਲਾਦ ਕੁੜੀ ਦੇ ਦਿੱਤੀ। ਘਰਦਿਆਂ ਦੇ ਮੂੰਹ ਤਾਂ ਮਸੋਸੇ ਗਏ ਪਰ ਫੇਰ ਵੀ ਚੁੱਪ ਕਰ ਗਏ। ਫੇਰ ਦੂਜੀ ਹੋਈ ਤੋਂ ਮੇਰੇ ਨਾਲ ਘਰ ਵਿੱਚ ਵਿਤਕਰਾ ਹੋਣਾ ਸ਼ੁਰੂ ਹੋ ਗਿਆ। ਨਾ ਚੱਜ ਦੀ ਰੋਟੀ ਦਿੰਦੇ ਤੇ ਨਾ ਪੀਣ ਨੂੰ ਦੁੱਧ, ਪਰ ਕੰਮ ਸਭ ਤੋਂ ਵੱਧ ਮੈਨੂੰ ਹੀ ਕਰਨਾ ਪੈਂਦਾ। ਹੁਣ ਛੋਟੇ ਦਾ ਵੀ ਵਿਆਹ ਹੋ ਗਿਆ ਉਸਦਾ ਪਹਿਲਾ ਮੁੰਡਾ ਤੇ ਆਹ ਮੇਰੀ ਤੀਜੀ ਕੁੜੀ ਅੱਗੜ-ਪਿੱਛੜ ਕੁੱਝ ਦਿਨਾਂ ਦੇ ਫਰਕ ਨਾਲ ਹੋਏ। ਇਸ ਵਾਰ ਤਾਂ ਇਸਨੂੰ ਪਾਰ ਬੁਲਾਉਣ ਦੀ ਪੂਰੀ ਤਿਆਰੀ ਹੋ ਗਈ ਸੀ। ਦਾਈ ਕੁੱਝ ਦੇ ਵੀ ਗਈ ਸੀ ਇਸਨੂੰ, ਮੈਨੂੰ ਤਾਂ ਨਾ ਉਦੋਂ ਕੋਈ ਸੁਰਤ ਸੀ ਤੇ ਨਾਂ ਮੇਰੀ ਕਿਸੇ ਨੂੰ ਕੁੱਝ ਕਹਿਣ ਦੀ ਹਿੰਮਤ। ਪਰ ਭਲਾ ਹੋਵੇ ਮੇਰੇ ਸਰਦਾਰ ਦਾ ਜਿਸਨੇ ਐਨ ਮੌਕੇ ਤੇ ਇਸ ਨੂੰ ਹਕੀਮ ਕੋਲ ਲੈ ਕੇ ਜਾਨ ਬਚਾ ਲਈ ਸੀ। ਪਰ ਇਸ ਗੱਲ ਨੇ ਘਰ ਦੋਫਾੜ ਕਰ ਦਿੱਤਾ ਅਤੇ ਸਭ ਨੇ ਮਿਲ ਕੇ ਸਾਨੂੰ ਅੱਡ ਕਰ ਦਿੱਤਾ। ਤਿੰਨ ਨਿੱਕੇ ਨਿੱਕੇ ਜਵਾਕ ਤੇ ਉਤੋਂ ਮਿਲੀ ਮਾੜੀ ਜ਼ਮੀਨ ਨੇ ਸਾਡਾ ਲੱਕ ਤੋੜ ਕੇ ਰੱਖ ਦਿੱਤਾ, ਪਰ ਹੌਂਸਲਾ ਨਹੀਂ। ਜ਼ਿੰਦਗੀ ਚੱਲ ਸੋ ਚੱਲ, ਇੱਥੋਂ ਤੱਕ ਪਹੁੰਚ ਗਈ। ਜਿਨਾਂ ਨੇ ਦੇਖਣਾ ਸੀ ਉਨਾਂ ਨੇ ਤਾਂ ਨਹੀਂ ਦੇਖਿਆ ਪਰ ਚਲੋ ਸ਼ਾਇਦ ਕੋਈ ਹੋਰ ਨਾ ਕਹੇ ਕਿ 'ਆਪ ਨਾ ਆਵੀਂ, ਵੀਰ ਨੂੰ ਘੱਲੀ' ਤੇ ਉਹ ਮਾਵਾਂ ਧੀਆਂ ਹੱਥ ਵਿੱਚ ਹੱਥ ਪਾ ਸਭ ਦੀਆਂ ਅੱਖਾਂ ਤੋਂ ਓਝਲ ਹੋ ਗਈਆਂ।

# ਬਲਰਾਜ ਸਾਹਨੀ ਅਤੇ ਢੁਡੀਕੇ ਦਾ ਬਾਬਾ ਜਸਵੰਤ ਸਿੰਘ ਕੰਵਲ..

## ਹਰਪ੍ਰੀਤ ਸਿੰਘ ਜਵੰਦਾ

ਬਲਰਾਜ ਸਾਹਨੀ ਤੇ ਬਾਬਾ ਜਸਵੰਤ ਸਿੰਘ ਕੰਵਲ ਦੋਵੇਂ ਪੰਜਾਬ ਦੇ ਪੁੱਤਰ, ਖੇਤ, ਖਲਿਆਣ, ਹਰਿਆਵਲ, ਨਹਿਰਾਂ, ਰੁੱਖ ਬੰਬੀਆਂ ਪਾਣੀ ਪੰਜਾਬੀਅਤ ਅਤੇ ਹੋਰ ਵੀ ਕਿੰਨਾ ਕੁਝ ਧੁਰ ਅੰਦਰ ਤੱਕ ਵੱਸੇ ਹੋਏ।

ਸੰਨ ਅਠਾਹਠ ਵਿਚ ਬਣੀ ਫਿਲਮ ਨੀਲ ਕਮਲ 'ਬਾਬੁਲ ਕੀ ਦੁਵਾਏਂ ਲੇਤੀ ਜਾ, ਜਾ ਤੁਝ ਕੋ ਸੁਖੀ ਸੰਸਾਰ ਮਿਲੇ' ਉਨਾਂ ਵੇਲਿਆਂ ਵੇਲੇ ਤੁਰਦੀ ਹੋਈ ਡੋਲੀ ਤੇ ਵੱਜਣ ਵਾਲਾ ਮਸ਼ਹੂਰ ਗੀਤ, ਜਿਹੜਾ ਕਦੀ ਨਾ ਰੋਇਆ ਹੋਵੇ, ਇਹ ਗੀਤ ਸੁਣ ਚੋਰੀ ਚੋਰੀ ਅੱਖੀਆਂ ਪੂੰਝਣ ਲੱਗਦਾ।

ਫਿਲਮ ਦੇ ਧੀ ਨੂੰ ਤੋਰਨ ਵਾਲੇ ਇਸ ਸੀਨ ਵੇਲੇ ਇੰਝ ਲੱਗਦਾ ਜਿੱਦਾਂ ਬਲਰਾਜ ਅਸਲੀ ਰੋ ਰਿਹਾ ਹੋਵੇ।

ਇਹੋ ਕੁਝ ਤੇਹੱਤਰ ਵਿਚ ਰਿਲੀਜ ਹੋਈ 'ਹੰਸਤੇ ਜ਼ਖਮ' ਵਿਚ ਹੋਇਆ, ਵਿੱਛੜੀ ਧੀ ਨੂੰ ਵੇਖ ਉਸਦਾ ਹਮੇਸ਼ਾਂ ਗੱਚ ਭਰ ਆਉਂਦਾ।

ਅਕਸਰ ਸੋਚਦਾ ਹੁੰਦਾ ਸਾਂ ਕੇ ਕੋਈ ਧੀਆਂ ਦੇ ਮਾਮਲੇ ਵਿਚ ਏਨੀ ਸਟੀਕ ਅਤੇ ਅਸਲ ਐਕਟਿੰਗ ਕਿੱਦਾਂ ਕਰ ਸਕਦਾ।

ਜਸਵੰਤ ਸਿੰਘ ਕੰਵਲ ਨਾਲ ਉਸਦਾ ਬੜਾ ਮੋਹ ਸੀ..ਬਾਬਾ ਕੰਵਲ ਲਿਖਦਾ ਏ ਕੇ ਬਲਰਾਜ ਦੀ ਖੁਦ ਦੀ ਧੀ ਬੜੀ ਖੂਬ ਸੂਰਤ, ਹੱਥ ਲਾਇਆਂ ਮੈਲੀ ਹੁੰਦੀ, ਨਾਮ ਸਨੋਬਰ, ਨਿਰੀ ਸੱਜਰੇ ਖਿੜੇ ਫੁੱਲ ਵਰਗੀ..ਚਾਵਾਂ ਨਾਲ ਵਿਆਹ ਕੀਤਾ, ਅੱਗੋਂ ਸਹੁਰੇ ਲਾਲਚੀ ਨਿੱਕਲੇ, ਗੱਲ ਗੱਲ ਤੇ ਆਖਿਆ ਕਰਨ ਤੇਰੇ ਪਿਓ ਨੇ ਫ਼ਿਲਮਾਂ 'ਚੋਂ ਏਨਾ ਪੈਸੇ ਕਮਾਇਆ, ਜਾਇਦਾਦ ਬਣਾਈ, ਸਾਨੂੰ ਵੀ ਹਿੱਸਾ ਚਾਹੀਦਾ।

ਇੱਕ ਵਾਰ ਦੁਖੀ ਹੋਈ ਨੇ ਖੁਦ ਤੇ ਤੇਲ ਪਾ ਅੱਗ ਲਾ ਲਈ, ਫੇਰ ਜਦੋਂ ਸੇਕ ਲੱਗਾ ਤਾਂ ਨਲਕੇ ਦੇ ਠੰਡੇ ਪਾਣੀ ਹੇਠ ਹੋ ਗਈ ਤੇ ਮੁੜ ਕੋਠੇ ਤੋਂ ਛਾਲ ਮਾਰ ਦਿੱਤੀ, ਬਲਰਾਜ ਨੂੰ ਪਤਾ ਲੱਗਾ ਤਾਂ ਚੱਲਦੀ ਸ਼ੂਟਿੰਗ ਵਿਚੋਂ ਭੱਜਾ ਆਇਆ,



ਹਰਫਾਂ ਦੇ ਨੂਰ

ਥਾਂ ਥਾਂ ਤੋਂ ਸੜ ਗਈ ਫੁਲ ਵਰਗੀ ਧੀ ਵੱਲ ਵੇਖ ਮਰਨ ਵਾਲਾ ਹੋ ਗਿਆ। ਮੈਂ ਸਲਾਹ ਦਿੱਤੀ ਇਸਨੂੰ ਇਥੇ ਢੁਡੀਕੇ ਲੈ ਆ, ਫੇਰ ਉਹ ਵਾਕਿਆ ਹੀ ਆ ਗਿਆ।

ਪਿਓ ਧੀ ਦੋਵੇਂ ਪਿੰਡਾਂ ਦਾ ਤਲਿਸਮੀਂ ਦੇਸੀ ਮਾਹੌਲ ਵੇਖ ਬੰਬਈ ਦੇ ਦੁੱਖ ਭੁੱਲ ਗਏ, ਫੇਰ ਵੀ ਗੁਲਾਬ ਦੀ ਪੱਤੀ ਵਰਗੀ ਨਾਜ਼ੁਕ ਧੀ ਦਾ ਥਾਂ ਥਾਂ ਤੋਂ ਸੜਿਆ ਮਾਸ ਵੇਖ ਹੌਲ ਪਿਆ ਕਰਨ, ਉਹ ਵੀ ਹੱਸਦੀ ਹੱਸਦੀ ਰੋ ਪਿਆ ਕਰੇ, ਸ਼ਾਇਦ ਸਹੁਰੇ ਘਰ ਦਿੱਤੇ ਸਿਤਮ ਚੇਤੇ ਆ ਜਾਇਆ ਕਰਦੇ ਸਨ।

ਹਫਤਾ ਭਰ ਢੁਡੀਕੇ ਰਹੇ ਫੇਰ ਬੰਬਈ ਮੁੜ ਗਏ, ਤੁਰਨ ਲੱਗੇ ਨੂੰ ਆਖਿਆ ਉਹ ਪੱਥਰਾਂ ਦਾ ਸ਼ਹਿਰ ਤੈਨੂੰ ਖਾ ਜਾਵੇਗਾ..ਫੇਰ ਨਸੀਹਤ ਦਿੱਤੀ ਜਦੋਂ ਜੀ ਉਦਾਸ ਹੋਵੇ ਤਾਂ ਇਥੇ ਆ ਜਾਇਆ ਕਰ।

ਵਾਪਿਸ ਬੰਬਈ ਮੁੜ ਕੁੜੀ ਦੀ ਹਾਲਤ ਫੇਰ ਤੋਂ ਖਰਾਬ ਹੋ ਗਈ ਤੇ ਇੱਕ ਦਿਨ ਦੁਨੀਆਂ ਤੋਂ ਸਦਾ ਲਈ ਅਲਵਿਦਾ ਆਖ ਰੁਖਸਤੀ ਪਾ ਗਈ, ਬਲਰਾਜ ਟੁੱਟ ਗਿਆ, ਚਿੱਠੀਆਂ ਵਿਚ ਦੁੱਖ ਫਰੋਲਿਆ ਕਰੇ, ਮੇਰਾ ਇਥੇ ਜੀ ਨੀ ਲੱਗਦਾ।

ਉਸਦਾ ਮੁੰਡਾ ਪ੍ਰਿਖਸ਼ਿਤ ਸਾਹਨੀ (ਆਮਿਰ ਖ਼ਾਨ ਦੀ ਪੀ ਕੇ ਫਿਲਮ ਵਿਚ ਅਨੁਸ਼ਕਾ ਸ਼ਰਮਾ ਦਾ ਬਾਪ) ਵੀ ਕਿਸੇ ਗੱਲੋਂ ਨਰਾਜ ਹੋ ਕੇ ਉਸਨੂੰ ਛੱਡ ਗਿਆ। ਮੈਂ ਜ਼ੋਰ ਦੇ ਕੇ ਆਖਿਆ ਕਰਾਂ ਮੇਰੇ ਕੋਲ ਆ ਜਾ ਢੁਡੀਕੇ, ਇਹ ਬੰਬਈ ਤੈਨੂੰ ਇੱਕ ਦਿਨ ਨਿਗਲ ਜਾਵੇਗੀ।

ਆਖਣ ਲੱਗਾ ਹੁਣ ਜਰੂਰ ਆ ਹੀ ਜਾਣਾ, ਥੋੜਾ ਕੰਮ ਮੁਕਾ ਲਵਾਂ, ਫੇਰ ਇੱਕ ਦਿਨ ਸੁਨੇਹਾ ਮਿਲਿਆ, ਦਿਲ ਦੇ ਦੌਰੇ ਨਾਲ ਚਲਾ ਗਿਆ, ਲੰਮੇ ਸਫ਼ਰ ਤੇ, ਸਾਰੀਆਂ ਸਕੀਮਾਂ ਧਰੀਆਂ ਧਰਾਈਆਂ ਹੀ ਰਹਿ ਗਈਆਂ।

ਮੈਂ ਚਾਰ ਦਿਨ ਮਗਰੋਂ ਬੰਬੇ ਅੱਪੜਿਆ, ਵੱਡਾ ਸਾਰਾ ਬੰਗਲਾ ਭਾਂ-ਭਾਂ ਕਰੇ, ਮੈਂ ਬਲਰਾਜ ਨੂੰ ਲਭੀ ਜਾਵਾਂ, ਪਰ ਇੱਕ ਵਾਰ ਤੁਰ ਗਏ ਫੇਰ ਕਿਥੇ ਮੁੜਦੇ।

ਉਸਦੇ ਪੁੱਤਰ ਪ੍ਰਿਖਸ਼ਿਤ ਨੂੰ ਲੱਭਿਆ, ਉਹ ਵੀ ਭੁੱਬਾਂ ਮਾਰ ਰੋ ਪਿਆ।

ਪਤਾ ਨੀ ਇਹ ਸਬੱਬ ਹੀ ਸੀ ਕੇ ਕੁਝ ਹੋਰ, ਉਸ ਦਿਨ ਮੇਰੇ ਤੇੜ ਵੀ ਓਹੀ ਚਾਦਰ ਸੀ ਜਿਹੜੀ ਕਿਸੇ ਵੇਲੇ ਤਲਵੰਡੀ ਸਾਬੋ ਦੀ ਵਿਸਾਖੀ ਦੇ ਮੇਲੇ ਵਿਚ ਘੁੰਮਦਿਆਂ ਅਸੀਂ ਦੋਹਾਂ ਨੇ ਇਕੱਠਿਆਂ ਨੇ ਪੜਵਾ ਕੇ ਬੰਨੀ ਸੀ, ਫੇਰ ਜਿਉਣ ਜੋਗਾ ਗਿਆ ਵੀ ਤੇਹੱਤਰ ਦੀ ਐਨ ਓਸੇ ਵਿਸਾਖੀ ਵਾਲੇ ਦਿਨ।

ਕੰਵਲ ਦੇ ਬਲਰਾਜ ਸਾਹਨੀ ਬਾਰੇ ਜਜਬਾਤ ਪੜ ਸੋਚ ਰਿਹਾ ਸਾਂ ਇਹ ਜਿਉਣ ਜੋਗੀਆਂ ਧੀਆਂ ਵੀ ਰੱਬ ਨੇ ਪਤਾ ਨੀ ਕੀ ਸ਼ੈਵਾਂ ਬਣਾਈਆਂ ਨੇ, ਬੰਦਾ ਦਿਨ ਰਾਤ ਬੱਸ ਏਹੀ ਅਰਦਾਸਾਂ ਕਰਦਾ ਰਹਿੰਦਾ ਕੇ ਇਨਾਂ ਨੂੰ ਤੱਤੀ ਵਾ ਨਾ ਲੱਗੇ।

ਤੇ ਜਿਸਦੀ ਪਿੱਪਲੀ ਦੇ ਪੱਤ ਵਰਗੀ ਪੂਰੀ ਦੀ ਪੂਰੀ ਹੀ ਸੜ ਗਈ ਹੋਵੇ, ਉਸਦੀ ਮਾਨਸਿਕਤਾ ਦਿਨੇ ਰਾਤ ਕਿਸ ਨਰਕ ਵਿਚੋਂ ਲੰਘਦੀ ਹੋਵੇਗੀ, ਇਹ ਤਾਂ ਬੱਸ ਓਹੀ ਜਾਣ ਸਕਦਾ।

ਵਾਕਿਆ ਹੀ ਬਲਰਾਜ ਨੂੰ ਬੰਬਈ ਸ਼ਹਿਰ ਦੀ ਰੁਸਵਾਈ ਅਤੇ ਧੀ ਦੇ ਸਹੁਰਿਆਂ ਦਾ ਲਾਲਚ ਖਾ ਗਿਆ। ਅੱਜ ਵੀ ਪਤਾ ਨੀ ਕਿੰਨੇ ਬਲਰਾਜ ਇਸੇ ਤਰਾਂ ਦੀਆਂ ਅੱਗਾਂ ਵਿਚ ਸੜ ਰਹੇ ਨੇ।

ਇੱਕ ਜੋਦੜੀ ਉਨਾਂ ਕਰਮਾਂ ਵਾਲਿਆਂ ਅੱਗੇ ਜਿਨਾਂ ਨੂੰ ਬੇਗਾਨੀਆਂ ਧੀਆਂ ਘਰੇ ਲਿਆਉਣ ਦਾ ਸੁਭਾਗ ਪ੍ਰਾਪਤ ਹੁੰਦਾ, ਖੁਦ ਦੇ ਵੇਹੜੇ ਹੱਥੀਂ ਲਾਏ ਬੂਟੇ ਵਾਂਙ ਦੇਖਭਾਲ ਕਰਿਆ ਕਰੋ, ਪੂਰੀ ਕਾਇਨਾਤ ਸਣੇ ਉਨਾਂ ਦੇ ਜੰਮਣ ਵਾਲਿਆਂ ਦੇ, ਦਿਨੇ ਰਾਤ ਹਜਾਰ-ਹਜਾਰ ਦੁਆਵਾਂ ਅਤੇ ਅਸੀਸਾਂ ਤੁਹਾਡੇ ਸਰ ਉੱਤੋਂ ਦੀ ਵਾਰ ਦਿਆ ਕਰਨਗੇ, ਇਹੋ ਗੱਲ ਫੁੱਲਾਂ ਵਾਂਙ ਰੱਖੀਆਂ ਧੀਆਂ 'ਤੇ ਵੀ ਲਾਗੂ ਹੁੰਦੀ ਏ।

# ਕਿੱਧਰ ਜਾ ਰਹੇ ਹਾਂ ਅਸੀਂ ?



## ਵਿਸ਼ਾਲ ਸ਼ਰਮਾ

ਅਸੀਂ ਤਾਂ ਸਭ ਨੂੰ ਵੰਡਣ ਵਾਲੇ ਸੀ, ਪਤਾ ਨਹੀਂ ਕਦੋਂ ਤੋਂ ਮੰਗਣ ਵਾਲੇ ਬਣਦੇ ਚਲੇ ਗਏ। ਹੁਣ ਤੁਸੀਂ ਸੋਚਦੇ ਹੋਵੋਗੇ ਕਿ ਅਸੀਂ ਮੰਗਦੇ ਤਾਂ ਕਿਸੇ ਤੋਂ ਕੁਝ ਵੀ ਨਹੀਂ ਹਾਂ, ਚੰਗੀ ਭਲੀ ਰੋਟੀ ਖਾਂਦੇ ਹਾਂ, ਗੱਡੀਆਂ ਕੋਲ ਨੇ, ਸ਼ਾਹੀ ਜ਼ਿੰਦਗੀ ਜਿਉਂਦੇ ਹਾਂ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਿਵੇਂ ਮਾਨਸਿਕ ਪੱਖੋਂ ਗੁਲਾਮ ਬਣਾ ਸਰਕਾਰਾਂ ਹੱਥ 'ਚ ਕੌਲਾ ਦੇ ਕੇ ਮੰਗਤੇ ਬਣਾ ਰਹੀਆਂ ਨੇ। ਬੀਤੇ ਦਿਨੀਂ ਇੱਕ ਵੀਡੀਓ ਵਾਇਰਲ ਹੁੰਦੀ ਹੈ, ਜਿਸ 'ਚ ਇੱਕ ਕੰਡਕਟਰ ਬੇਬੇ ਦੀ 20 ਰੁਪਏ ਦੀ ਟਿਕਟ ਕੱਟ ਦਿੰਦਾ ਹੈ ਕਿਉਂਕਿ ਬੇਬੇ ਨੇ ਆਧਾਰ ਕਾਰਡ ਪਹਿਲਾਂ ਨਹੀਂ ਦਿਖਾਇਆ ਤੇ ਟਿਕਟ ਦੇ ਪੈਸੇ ਦੇ ਦਿੱਤੇ, ਕੰਡਕਟਰ ਨੇ ਟਿਕਟ ਕੱਟ ਦਿੱਤੀ। ਜਦੋਂ ਅਗਲੇ ਬੰਨੇ ਉਹ ਟਿਕਟ ਕੱਟਣ ਗਿਆ ਤਾਂ ਔਰਤ ਨੇ ਆਧਾਰ ਕਾਰਡ ਦਿਖਾ ਦਿੱਤਾ ਤੇ ਉਸ ਦੇ ਪੈਸੇ ਨਾ ਲੱਗੇ ਤੇ ਸਫ਼ਰ ਫ੍ਰੀ ਹੋ ਗਿਆ। ਇਹ ਸਫ਼ਰ ਤਾਂ ਮੁਫ਼ਤ ਹੋਇਆ ਕਿਉਂਕਿ ਪਿਛਲੀ ਪੰਜਾਬ ਸਰਕਾਰ ਇੱਕ ਯੋਜਨਾ ਸ਼ੁਰੂ ਕਰਕੇ ਗਈ ਸੀ ਕਿ 18 ਸਾਲ ਤੇ ਉਸ ਤੋਂ ਉੱਪਰ ਦੀਆਂ ਮਹਿਲਾਵਾਂ ਦਾ ਸਫ਼ਰ ਸਰਕਾਰੀ ਬੱਸਾਂ 'ਚ ਮੁਫ਼ਤ ਹੋਵੇਗਾ ਤੇ ਅਗਲੀ ਸਰਕਾਰ ਨੇ ਵੀ ਇਹ ਯੋਜਨਾ ਚਾਲੂ ਰੱਖੀ, ਬੰਦ ਨਹੀਂ ਕੀਤੀ। ਇਹ ਦੇਖਦੇ ਹੀ ਪਹਿਲਾਂ ਹੀ ਟਿਕਟ ਕਟਵਾ ਚੁੱਕੀ ਬੇਬੇ ਨੇ ਭੜਥੂ ਪਾ ਲਿਆ ਕਿ ਮੇਰੇ ਕੋਲ ਵੀ ਆਧਾਰ ਕਾਰਡ ਆ, ਮੇਰੇ 20 ਰੁਪਏ ਮੋੜ। ਕੰਡਕਟਰ ਨੇ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਮਾਤਾ ਇਹ ਜਿਹੜੀ ਟਿਕਟ ਕੱਟੀ ਗਈ ਉਹ ਵਾਪਸ ਨਹੀਂ ਹੋਣੀ, ਜੇ ਤੁਸੀਂ ਟਿਕਟ ਕੱਟਣ ਤੋਂ ਪਹਿਲਾਂ ਆਧਾਰ ਕਾਰਡ ਦਿਖਾ ਦਿੰਦੇ ਤਾਂ ਤੁਹਾਡਾ ਸਫ਼ਰ ਮੁਫ਼ਤ ਹੋ ਜਾਣਾ ਸੀ। ਪਰ ਬੇਬੇ ਕਿੱਥੇ ਰੁਕੀ ਉਹ ਤਾਂ ਬੱਸ ਅੱਗੇ ਆ ਕੇ ਲੇਟ ਗਈ 'ਤੇ ਸਾਰੀਆਂ ਸਵਾਰੀਆਂ ਵੀ ਪ੍ਰੇਸ਼ਾਨ ਹੋਣ ਲੱਗ ਗਈਆਂ। ਅੰਤ 'ਚ ਕੰਡਕਟਰ ਨੇ ਪੱਲਿਉਂ 20 ਰੁਪਏ ਦਿੱਤੇ ਤਾਂ ਉਸਦੀ ਜਾਨ ਛੁੱਟੀ। ਪਰ ਇੱਥੇ ਦੇਖਣ ਵਾਲੀ ਗੱਲ ਇਹ ਹੈ ਕਿ ਅੱਜ ਸਾਡੀ ਮਾਨਸਿਕਤਾ ਕੀ ਬਣ ਗਈ ਹੈ। ਸਾਨੂੰ ਲੜਨਾ ਤਾਂ ਬੱਚਿਆਂ ਦੀ ਸਿੱਖਿਆ ਲਈ ਚਾਹੀਦਾ, ਲੜਨਾ ਤਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿਵਾਉਣ ਲਈ ਚਾਹੀਦਾ ਸੀ, ਪਰ ਅਸੀਂ ਲੜ ਕਿਸ ਲਈ ਰਹੇ ਹਾਂ। ਕੀ ਸਾਨੂੰ ਸਿਰਫ਼ ਮੁਫ਼ਤ ਬੱਸ ਸਫ਼ਰ ਹੀ ਚਾਹੀਦਾ ? ਜੇ ਸਾਡੇ ਬੱਚਿਆਂ ਨੂੰ ਰੁਜ਼ਗਾਰ ਮਿਲ ਜਾਂਦਾ ਹੈ ਤਾਂ ਬੱਸ ਸਫ਼ਰ ਅਸੀਂ ਪੈਸੇ ਦੇ ਕੇ ਵੀ ਤਾਂ ਕਰ ਸਕਦੇ ਹਾਂ। ਸਾਨੂੰ ਅੱਜ ਇਹੀ ਪਤਾ ਨਹੀਂ ਲੱਗ ਰਿਹਾ ਕਿ ਅਸੀਂ ਲੜਨਾ ਕਿਹੜੀ ਗੱਲ ਲਈ ਹੈ। ਇੱਕ ਸਵਾਲ ਇਹ ਵੀ ਹੈ ਕਿ ਇਹ ਜੋ ਬੱਸਾਂ 'ਚ ਮੁਫ਼ਤ ਸਫ਼ਰ ਦੀ ਸਹੂਲਤ ਔਰਤਾਂ ਨੂੰ ਦਿੱਤੀ ਜਾ ਰਹੀ ਹੈ, ਉਸਦਾ ਬੋਝ ਸਰਕਾਰੀ ਬੱਸਾਂ ਕਦੋਂ ਤੱਕ ਝੱਲ ਪਾਉਣਗੀਆਂ ? ਜਦੋਂ ਇਹ ਬੱਸਾਂ ਘਾਟੇ 'ਚ ਗਈਆਂ ਤਾਂ ਸਰਕਾਰ ਨੂੰ ਇਹ ਬੱਸਾਂ ਮਜਬੂਰਨ ਬੰਦ ਕਰਨੀਆਂ ਹੀ ਪੈਣਗੀਆਂ। ਫੇਰ ਵੀ ਤਾਂ ਔਰਤਾਂ ਪ੍ਰਾਈਵੇਟ ਬੱਸਾਂ 'ਚ ਪੈਸੇ ਦੇ ਕੇ ਸਫ਼ਰ ਕਰਨਗੀਆਂ ਹੀ। ਪਰ ਅਸੀਂ ਇਹ ਗੱਲ ਸਮਝਣਾ ਹੀ ਨਹੀਂ ਚਾਹੁੰਦੇ ਫ਼ਿਰ ਵੀ ਅਸੀਂ ਮੁਫ਼ਤ ਬੱਸ ਸਫ਼ਰ ਦੇ ਚੱਕਰ 'ਚ ਪਏ ਆਂ। ਸੋ ਸਮਝਣਾ ਕਰੋ ਕਿ ਸਾਨੂੰ ਨਾ ਤਾਂ ਮੁਫ਼ਤ ਸਫ਼ਰ ਚਾਹੀਦਾ, ਨਾ 1000 ਰੁਪਏ ਤੇ ਨਾ ਹੀ ਮੁਫ਼ਤ ਬਿਜਲੀ। ਬੱਸਾਂ ਦੇ ਕਿਰਾਏ ਜਾਇਜ਼ ਹੋਣ ਤੇ ਬਿਜਲੀ ਦੇ ਯੂਨਿਟਾਂ ਦੇ ਰੇਟ ਜਾਇਜ਼ ਹੋਣ ਤਾਂ ਸਾਨੂੰ ਕੀ ਲੋੜ ਪਈ ਆ ਫ੍ਰੀ ਦੀ ? ਅਸੀਂ ਪੈਸੇ ਦਵਾਂਗੇ, ਨੌਜਵਾਨਾਂ ਨੂੰ ਸਰਕਾਰ ਨੌਕਰੀ ਦਵੇ। ਸਰਕਾਰਾਂ ਤੋਂ ਲੋਕਾਂ ਨੂੰ ਨੌਕਰੀਆਂ ਦੀ ਮੰਗ ਕਰਨੀ ਚਾਹੀਦੀ ਹੈ, ਨਾ ਕਿ ਮੁਫ਼ਤ ਸਹੂਲਤਾਂ ਦੀ। ਮੁਫ਼ਤ ਸਹੂਲਤਾਂ ਦੇਣਾ ਸਾਨੂੰ ਨਿਕੰਮਾ ਬਣਾਉਣ ਦੀਆਂ ਯੋਜਨਾਵਾਂ ਨੇ, ਤਾਂ ਜੋ ਅਸੀਂ ਕੰਮ ਕਰਨ ਤੇ ਸੋਚਣ ਯੋਗ ਨਾ ਰਹੀਏ। ਸੋਚਿਓ ਜ਼ਰੂਰ, ਕੀ ਸਾਨੂੰ ਮੁਫ਼ਤ ਦੀਆਂ ਸਹੂਲਤਾਂ ਚਾਹੀਦੀਆਂ ਨੇ ਜਾਂ ਆਪਣੇ ਬੱਚਿਆਂ ਲਈ ਰੁਜ਼ਗਾਰ ਚਾਹੀਦਾ।

# ਰਾਜੀਵ ਸੇਠ ਦੀਆਂ ਬਹੁ-ਪਰਤੀ ਕਵਿਤਾਵਾਂ : ਗੱਡੀ ਨਿਕਲ ਜਾਏਗੀ

**ਰਵਿੰਦਰ ਸਿੰਘ ਸੋਢੀ**
**604-369-2371**

ਕਵਿਤਾ ਪੜਨਾ ਬਹੁਤ ਵਧੀਆ ਲੱਗਦਾ ਹੈ, ਪਰ ਕਵਿਤਾ ਦੀ ਤਹਿ ਤੱਕ ਪਹੁੰਚਣਾ ਮੁਸ਼ਕਲ ਹੁੰਦਾ ਹੈ। ਕਵਿਤਾ ਸੰਬੰਧੀ ਲਿਖਣਾ ਸਭ ਤੋਂ ਜਿਆਦਾ ਮੁਸ਼ਕਲ ਹੈ, ਵਿਸ਼ੇਸ਼ ਤੌਰ ’ਤੇ ਉਹ ਕਵਿਤਾ ਜਿਸ ਵਿਚ ਕਵੀ ਸ਼ਬਦਾਂ ਦੀ ਵਰਤੋਂ ਹੀ ਬੜੇ ਸੰਕੋਚ ਨਾਲ ਕਰਦਾ ਹੈ। ਅਜਿਹੀ ਕਵਿਤਾ ਵਿਚ ਕਿਹਾ ਘੱਟ ਜਾਂਦਾ ਹੈ, ਪਾਠਕਾਂ ਦੇ ਸਮਝਣ ਨੂੰ ਜਿਆਦਾ ਛੱਡ ਦਿੱਤਾ ਜਾਂਦਾ ਹੈ। ਇਸ ਦਾ ਇਕ ਹੋਰ ਪੱਖ ਵੀ ਹੈ ਕਿ ਕਵੀ ਇਕੋ ਚੀਜ਼ ਨੂੰ ਵੱਖ-ਵੱਖ ਪਹਿਲੂਆਂ ਤੋਂ ਨਿਹਾਰਦਾ ਹੈ, ਇਸ ਲਈ ਪਾਠਕ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਸ ਦੀ ਕਲਪਨਾ ਸ਼ਕਤੀ ਵੀ ਕਵੀ ਦੀ ਕਲਪਨਾ ਦੇ ਬਰਾਬਰ ਹੀ ਉਡਾਨ ਭਰੇ। ਇਹ ਕਾਰਜ ਅਸਾਨ ਨਹੀਂ। ਕਈ ਕਵੀ ਆਪਣੇ ਕਾਵਿ ਲੋਕ ਵਿਚ ‘ਸਵੈ’ ਦੇ ਪ੍ਰਗਟਾਵੇ ਵੱਲ ਹੀ ਜਿਆਦਾ ਧਿਆਨ ਦਿੰਦੇ ਹਨ। ਉਹ ‘ਪਰ’ ਦੀ ਗੱਲ ਨਹੀਂ ਕਰਦੇ। ਅਜਿਹੀ ਕਵਿਤਾ ਆਮ ਪਾਠਕਾਂ ਨੂੰ ਨਿਰਾਸ਼ ਕਰਦੀ ਹੀ ਹੈ, ਆਲੋਚਨਾਤਮਕ ਪੱਖੋਂ ਵੀ ਮਾਰ ਖਾ ਜਾਂਦੀ ਹੈ। ਪਿਛਲੇ ਕੁਝ ਸਾਲਾਂ ਤੋਂ ਪਾਠਕਾਂ ਅਤੇ ਪੰਜਾਬੀ ਕਵਿਤਾ ਦੀ ਪਰਸਪਰ ਦੂਰੀ ਬਣਨ ਦਾ ਮੁੱਖ ਕਾਰਨ ਵੀ ਇਹੋ ਹੈ ਕਿ ਕਵਿਤਾ ਉਨਾਂ ਦੇ ਸਿਰ ਤੋਂ ਉੱਪਰ ਦੀ ਲੰਘ ਰਹੀ ਹੈ। ‘ਖੁਲੀ ਕਵਿਤਾ’ ਵਿਚ ਪੁਰਾਤਨ ਕਾਵਿ ਸ਼ੈਲੀ ਨੂੰ ਤਿਲਾਂਜਲੀ ਦਿੱਤੀ ਗਈ ਹੈ, ਪਰ ਇਸ ਦਾ ਭਾਵ ਇਹ ਨਹੀਂ ਕਿ ‘ਕਾਵਿਕਤਾ’ ਨੂੰ ਵੀ ਕਵਿਤਾ ਵਿਚੋਂ ਮਨਫੀ ਕਰ ਦਿੱਤਾ ਜਾਵੇ। ਕਾਵਿਕਤਾ ਤਾਂ ਅਸਲੀ ਅਰਥਾਂ ਵਿਚ ਕਵਿਤਾ ਦੀ ਆਤਮਾ ਹੈ। ਜਿਹੜੇ ਪੰਜਾਬੀ ਕਵੀਆਂ ਨੇ ਆਪਣੇ ਕਾਵਿ-ਲੋਕ ਵਿਚ ਚੌਗਿਰਦੇ ਦੇ ਵਰਤਾਰਿਆਂ ਨੂੰ ਚਿਤਰਿਆ ਹੈ, ਕਾਵਿਕਤਾ ਨੂੰ ਬਣਾਈ ਰੱਖਿਆ ਹੈ, ਆਪਣੀ ਨਵੇਕਲੀ ਕਾਵਿ ਸ਼ੈਲੀ ਨੂੰ ਸਥਾਪਿਤ ਕੀਤਾ ਹੈ, ਕਵਿਤਾ ਨੂੰ ਅੰਤਰਮੁਖੀ ਦੇ ਨਾਲ-ਨਾਲ ਬਾਹਰਮੁਖੀ ਵੀ ਬਣਾਇਆ ਹੈ, ਜਿਨਾਂ ਦੀ ਕਵਿਤਾ ਨੂੰ ਪਾਠਕ ਪੜਦਾ ਹੀ ਨਹੀਂ ਬਲਕਿ ਮਾਣਦਾ ਵੀ ਹੈ, ਉਹ ਕਵਿਤਾ ਅੱਜ ਵੀ ਪੜੀ ਹੀ ਨਹੀਂ ਜਾ ਰਹੀ ਸਗੋਂ ਉਸ ਦੀ ਚਰਚਾ ਵੀ ਹੋਈ ਰਹੀ ਹੈ। ਰਾਜੀਵ ਸੇਠ ਇਕ ਅਜਿਹਾ ਹੀ ਕਵੀ ਹੈ ਜਿਸ ਦਾ ਦੂਜਾ ਕਾਵਿ ਸੰਗ੍ਰਹਿ ‘ਗੱਡੀ ਨਿਕਲ ਜਾਏਗੀ’ ਹੁਣੇ ਹੀ ਪ੍ਰਕਾਸ਼ਿਤ ਹੋਇਆ ਹੈ। ਉਸ ਦੀ ਪਹਿਲੀ ਕਾਵਿ ਪੁਸਤਕ ‘ਆਟੇ ਨਾਲ ਜੋੜਿਆ ਖ਼ਤ’ ਵੀ ਪਾਠਕਾਂ ਦੀ ਲੋਕ ਕਚਿਹਰੀ ਅਤੇ ਆਲੋਚਕਾਂ ਦੀ ਦ੍ਰਿਸ਼ਟੀ ਵਿਚ ਪ੍ਰਵਾਨ ਚੜੀ ਸੀ।

ਵਿਚਾਰ ਅਧੀਨ ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾ ਬਹੁ ਪਰਤੀ ਹੀ ਨਹੀਂ ਸਗੋਂ ਦਾਰਸ਼ਨਿਕ ਵਿਚਾਰਾਂ ਵਾਲੀਆਂ ਵੀ ਹਨ ਅਤੇ ਇਹਨਾਂ ਦੀ ਖ਼ੂਬੀ ਇਹ ਹੈ ਕਿ ਰਾਜੀਵ ਨੇ ਥੋੜੇ ਸ਼ਬਦਾਂ ਰਾਹੀਂ ਹੀ ਬਹੁਤ ਕੁਝ ਕਹਿ ਦਿੱਤਾ ਹੈ। ‘ਗ਼ੁਲਸਤਾਨ’ ਕਵਿਤਾ ਕੇਵਲ ਪੰਦਰਾਂ ਸਤਰਾਂ ਦੀ ਹੈ। ਇਸ ਵਿਚ ਇਤਿਹਾਸਕ ਪਰਿਪੇਖ ਨੂੰ ਕਲਾਮਈ ਢੰਗ ਨਾਲ ਪੇਸ਼ ਹੀ ਨਹੀਂ ਕੀਤਾ ਬਲਕਿ ਸਾਡੇ ਦੇਸ਼ ਦੇ ਅਜੋਕੇ ਗੰਧਲੇ ਰਾਜਸੀ ਪਸਾਰੇ ਦੀ ਭੇਂਟ ਚੜ ਚੁੱਕੀ ਸਾਡੇ ਆਮ ਲੋਕਾਂ




ਦੀ ਇਕ ਪਾਸੜ ਸੋਚ ਨੂੰ ਵੀ ਚਿਤਰਿਤ ਕੀਤਾ ਹੈ। ਕਵੀ ਨੇ ਪਾਠਕਾਂ ਦੀ ਸੋਚ ਨੂੰ ਵੀ ਟੁੰਬਿਆ ਹੈ ਅਤੇ ਉਹਨਾਂ ਨੂੰ ਕੁਝ ਸੋਚਣ ਲਈ ਮਜਬੂਰ ਵੀ ਕੀਤਾ ਹੈ। ਕਵਿਤਾ ਦੀਆਂ ਪਹਿਲੀਆਂ ਤਿੰਨ ਸਤਰਾਂ--ਕਵੀ ਨਾਮ ਦੀ ਬੁਲਬੁਲ/ ਨਿਕਲੀ ਹੈ ਗ਼ੁਲਸਤਾਨ ਵਿਚ/ਭਾਲਦੇ, ਫੁੱਲਾਂ ਜਿਹੇ ਸ਼ਬਦ। ਇਹ ਪਾਠਕ ਦੀ ਕਲਪਨਾ ਸ਼ਕਤੀ ਤੇ ਨਿਰਭਰ ਕਰਦਾ ਹੈ ਕਿ ਉਹ ਬੁਲਬੁਲ, ਗ਼ੁਲਸਤਾਨ, ਫੁੱਲਾਂ ਜਿਹੇ ਸ਼ਬਦਾਂ ਨੂੰ ਸ਼ਬਦੀ ਅਰਥਾਂ ਵਿਚ ਲੈਂਦਾ ਹੈ ਜਾਂ ਇਹਨਾਂ ਪਿਛੇ ਛੁਪੇ ਗਹਿਰੇ ਅਰਥਾਂ ਨੂੰ ਭਾਲਦਾ ਹੈ। ‘ਉਬਲਦੀ ਦੇਗ, ਚੱਲ ਰਿਹਾ ਆਰਾ, ਤੱਤੀ ਤਵੀ, ਲਹੂ ਨਾਤਾ ਮਿੱਤਰ ਪਿਆਰਾ’ ਵਰਗੇ ਸੰਕੇਤਕ ਸ਼ਬਦਾਂ ਰਾਹੀਂ ਉਸ ਨੇ ਸਿੱਖ ਇਤਿਹਾਸ ਦੇ ਨਾ ਭੁੱਲਣ ਯੋਗ ਪੰਨਿਆਂ ਨੂੰ ਸਾਕਾਰ ਕਰ ਦਿੱਤਾ ਹੈ। ਇਸ ਤੋਂ ਬਾਅਦ ਦੀਆਂ ਸਤਰਾਂ- ਜਿਸਮ ਨੂੰ ਥਾਂ ਥਾਂ / ਵਿੰਨ ਰਹੇ ਕੰਡੇ, ਸਯਾਦ ਦਾ ਗੁੱਝਾ ਇਸ਼ਾਰਾ, ਅੱਕ ਚਬੱਦੀ ਬੁਲਬੁਲ, ਬਾਗ ‘ਜਹਾਨੋਂ ਅੱਛਾ’ ਪ੍ਰਤੀਕ ਆਤਮਕ ਸ਼ਬਦ ਹਨ ਜਿੰਨਾਂ ਦਾ ਸੰਬੰਧ ਸਾਡੇ ਦੇਸ਼ ਦੇ ਮੌਜੂਦਾ ਹਾਲਾਤ ਨਾਲ ਜਾ ਜੁੜਦਾ ਹੈ। ਅਜਿਹੀ ਕਵਿਤਾ ਨਿਸ਼ਚੇ ਹੀ ਕਿਸੇ ਵੀ ਕਵੀ ਦੇ ਸਾਹਿਤਕ ਕੱਦ ਦਾ ਪੈਮਾਨਾ ਹੁੰਦੀ ਹੈ।

ਇਸੇ ਤਰਾਂ ‘ਅਸ਼ਵ-ਮੇਧ’ ਕਵਿਤਾ ਵਿਚ ਉਸ ਅਸ਼ਵ ਮੇਧ ਯੱਗ ਵੱਲ ਇਸ਼ਾਰਾ ਕੀਤਾ ਗਿਆ ਹੈ ਜਿਸ ਵਿਚ ਰਾਜਾ ਰਾਮ ਚੰਦਰ ਨੇ ਆਪਣੇ ਆਪ ਨੂੰ ਮਹਾਨ ਰਾਜਾ ਘੋਸ਼ਿਤ ਕਰਨ ਲਈ ਅਸ਼ਵ-ਮੇਧ ਯੱਗ ਕਰਕੇ ਆਪਣਾ ਘੋੜਾ ਛੱਡਿਆ ਸੀ, ਇਹ ਦਰਸਾਉਣ ਲਈ ਕਿ ਇਸ ਨੂੰ ਕੋਈ ਹੋਰ ਰਾਜਾ ਫੜ ਨਹੀਂ ਸਕਦਾ ਅਤੇ ਜੇ ਫੜਨ ਦੀ ਹਮਾਕਤ ਕਰੇ ਗਾ ਤਾਂ ਉਸ ਨੂੰ ਯੁੱਧ ਲਈ ਤਿਆਰ ਰਹਿਣਾ ਪਵੇ ਗਾ। ਉਸ ਘੋੜੇ ਦੇ ਪੈੜਾਂ ਜੀ ਧਮਕ, ਹਵਾ ਵਿਚ ਹਿਣਕ, ਲਤਾੜੇ ਫੁੱਲ, ਸੜੀ ਬਲੀ ਘਾਹ, ਮੋਹ, ਅੱਧ ਮੋਏ ਜੀਵ ਦੀ ਗੱਲ ਵੀ ਕੀਤੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਸ਼ਾਸਕਾਂ ਦੀ ਹਊਮੈ ਦੇ ਪਿਛੋਕੜ ਵਿਚ ਹੋਇਆ ਘਾਣ ਵੀ ਭੁੱਲਣ ਯੋਗ ਨਹੀਂ ਹੁੰਦਾ। ‘ਘੋੜੇ ਦੀ ਸ਼ਾਨਾਂ ਮੱਤੀ ਅੱਖ’ ਪਿਛੇ ਵੀ ਹਾਕਮਾਂ ਵੱਲੋਂ ਸਵੈ ਦੀ ਜੈ ਜੈ ਕਾਰ ਕਰਵਾਉਣ ਦੀ ਲਾਲਸਾ ਹੀ ਭਰੀ ਹੁੰਦੀ ਹੈ।

ਇਸ ਤੋਂ ਅਗਲੀ ਕਵਿਤਾ ‘ਅੰਨੀ ਗਲੀ’ ਵੀ ਜ਼ਿਕਰ ਯੋਗ ਕਾਵਿ ਰਚਨਾ ਹੈ, ਜਿਸ ਵਿਚ ਵਰਤੇ ਪ੍ਰਤੀਕ ‘ਪਲਾਸਟਿਕ ਦੀ ਔਰਤ, ਸਟੀਲ ਦੇ ਮਰਦ, ਕੱਚ ਰਿਸ਼ਤੇ, ਬਿਜਲਈ ਖਿਡੌਣੇ, ਪੱਥਰਾਏ ਬਾਲ, ਭੂਤਰੇ ਨੌਜਵਾਨ, ਮੈਦਾ-ਪਕਵਾਨ ਚੰਮ-ਇਨਸਾਨ ਆਦਿ ਸ਼ਬਦ ਡੂੰਘੇ ਅਰਥਾਂ ਵਾਲੇ ਹੀ ਨਹੀਂ ਸਗੋਂ ਅਜੋਕੇ ਵਿਗਿਆਨਕ ਦੌਰ ਦੀਆਂ ਅਜਿਹੀਆਂ ਕਾਢਾਂ ਵੱਲ ਇਸ਼ਾਰਾ ਹੈ ਜਿਸ ਨਾਲ ਸਾਡੀ ਜ਼ਿੰਦਗੀ ਖੰਡਿਤ ਹੋ ਰਹੀ ਹੈ, ਅਸੀਂ ਯਥਾਰਥ ਨਾਲੋਂ ਤਿਲਸਮੀ ਜ਼ਿੰਦਗੀ ਜਿਆਦਾ ਜਿਊਂ ਰਹੇ ਹਾਂ।

‘ਵਿਸਿਮਰਤੀ’ ਕਵਿਤਾ ਵਿਚ ਕਵੀ ਨੇ ਪੁਰਾਣੇ ਸਮੇਂ ਵਿਚ ਰੋਂਦੇ ਬੱਚਿਆਂ ਨੂੰ ਚੁੱਪ ਕਰਵਾਉਣ ਲਈ ਵਰਤੇ ਜਾਂਦੇ ਵਾਕ ‘ਕੀੜੀ ਦਾ ਆਟਾ ਡੁੱਲ ਗਿਆ’ ਨੂੰ ਅਧਾਰ ਬਣਾ ਕੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਵਰਤਮਾਨ ਸਮੇਂ ਵਿਚ ਤਾਂ ‘ਅਚਾਨਕ ਪ੍ਰਗਟ ਹੁੰਦੇ ਕਾਵਾਂ, ਕੁੱਤਿਆਂ ਦੇ ਟੋਲੇ ਪਲਾਂ ਛਿਣਾਂ ਵਿਚ ਹੀ ਲੱਖਾਂ ਕਰੋੜਾਂ ਕੀੜੀਆਂ ਲਈ ਖਿਲਾਰਿਆ ਆਟਾ ਹੜੱਪ ਜਾਂਦੇ ਹਨ।’ ਅਸਲ ਵਿਚ ਕਵੀ ਅਜੋਕੇ ਸਮੇਂ ਵਿਚ ਗਰੀਬਾਂ ਦੀ ਤ੍ਰਾਸਦੀ ਪੇਸ਼ ਕਰਨਾ ਚਾਹੁੰਦਾ ਹੈ ਕਿ ਉਨਾਂ ਦੇ ਹੱਕ ਜੋਰਾਵਰ ਖੋਹ ਕੇ ਲੈ ਜਾਂਦੇ ਹਨ ਅਤੇ ਗਰੀਬ ਆਪਣਾ ਅਤੇ ਆਪਣੇ ਬੱਚਿਆਂ ਦਾ ਢਿੱਡ ਭਰਨ ਲਈ ਕੋਹਲੂ ਦੇ ਬੈਲ ਵਾਂਗ ਕੰਮ ਹੀ ਕਰਦੇ ਰਹਿੰਦੇ ਹਨ। ਇਹੋ ਨਹੀਂ, ਅੱਜ ਦਾ ਸ਼ਾਤਰ ਹਾਕਮ ਆਮ ਲੋਕਾਂ ਨਾਲ ਸੰਬੰਧਤ ਪੁਰਾਣੀਆਂ ਰੀਤਾਂ ਦਾ ਨਾਮੋ ਨਿਸ਼ਾਨ ਮਿਟਾਉਣ ਲਈ ਜੋਰ ਲਾ ਰਿਹਾ ਹੈ ਕਿ ਕਿਰਤੀ ਵਰਗ ਨੂੰ ਮਿਹਨਤ ਮੁਸ਼ੱਕਤ ਤੋਂ ਬਾਅਦ ਵੀ ਦੋ ਵਕਤ ਦੀ ਰੋਟੀ ਨਸੀਬ ਨਾ ਹੋਵੇ ਅਤੇ ਸ਼ਾਸਕਾਂ ਦੇ ਪਾਲਤੂਆਂ ਦਾ ਹਲਵਾ ਮਾਂਡਾ ਚਲਦਾ ਰਹੇ। ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਰਾਜੀਵ ਸੁਖਮ ਦ੍ਰਿਸ਼ਟੀ ਵਾਲਾ ਕਵੀ ਹੈ ਅਤੇ ਉਸ ਕੋਲ ਅਸਲੀਅਤ ਪਹਿਚਾਨਣ ਦੀ ਸੋਝੀ ਵੀ ਹੈ ਅਤੇ ਪ੍ਰਗਟਾਉਣ ਦੀ ਦਲੇਰੀ ਵੀ। ਨਵੀਂ ਦੁਨੀਆਂ, ਦਰਸ਼ਨ, ਪਿਆਰ ਕਵਿਤਾ, ਜਾਲ, ਬਜ਼ਾਰ, ਰੋਗ, ਸੰਵਾਦ, ਨੀਲਾ ਤਾਰਾ ਆਦਿ ਕਵਿਤਾਵਾਂ ਇਸੇ ਸ਼੍ਰੇਣੀ ਦੀਆਂ ਕਵਿਤਾਵਾਂ ਹੀ ਹਨ।

ਕਵੀ ਨੇ ਵਿਅੰਗਮਈ ਸ਼ੈਲੀ ਦੀ ਵਰਤੋਂ ਕਰ ਕੇ ਆਪਣੀਆਂ ਕਾਵਿ ਰਚਨਾਵਾਂ ਦਾ ਪ੍ਰਭਾਵ ਤੀਖਣ ਕਰਨ ਦਾ ਸਫਲ ਯਤਨ ਵੀ ਕੀਤਾ ਹੈ ਜਿਸ ਕਾਰਨ ਉਸ ਦੀਆਂ ਕਵਿਤਾਵਾਂ ਵਿਚ ਪਾਠਕਾਂ ਨੂੰ ਪ੍ਰੇਰਿਤ ਕਰਨ ਦੀ ਸਮਰਥਾ ਵਧੀ ਹੈ। ‘ਨਵੀਂ ਕਵਿਤਾ’ ਕਵਿਤਾ ਇਸ ਦੀ ਸੁੰਦਰ ਉਦਾਹਰਨ ਹੈ। ਕਵੀ ਦਾ ਕਥਨ ਹੈ ਕਿ ਸਕੂਲ ਦੀ ਜਮਾਤ ਵਿਚ ਪਿਆ ਅਖਬਾਰ ਨਫਰਤ, ਹਿੰਸਾ, ਫਸਾਦ, ਲੁੱਟ ਖੋਹ, ਬਲਾਤਕਾਰ, ਹੱਤਿਆ ਵਰਗੀਆਂ ਖਬਰਾਂ ਨਾਲ ਭਰਿਆ ਪਿਆ ਹੈ। ਸਕੂਲੀ ਬੱਚੇ ਅਜਿਹੀਆਂ ਖਬਰਾਂ ਦੀਆਂ ਹੀ ਲਿਖਾਈਆਂ ਲਿਖ ਰਹੇ ਹਨ ਭਾਵ ਉਨਾਂ ਦੇ ਅਭੋਲ ਮਨ ਵਿਚ ਉਹੀ ਕੁਝ ਉਕਰਿਆ ਜਾ ਰਿਹਾ ਹੈ। ਕਵਿਤਾ ਵਿਚ ‘ਢਾਈ ਅੱਖਰ’ ਸ਼ਬਦ ਬੜੇ ਹੀ ਪ੍ਰਤੀਕ ਆਤਮਕ ਢੰਗ ਨਾਲ ਵਰਤਿਆ ਗਿਆ ਹੈ। ਹਿੰਦੀ ਦੀ ਪੁਰਾਤਨ ਕਹਾਵਤ ‘ਢਾਈ ਅਖਸ਼ਰ ਪਿਆਰ ਕੇ ਪੜੇ ਸੋ ਮੀਰਾ ਹੋਏ’ ਵੱਲ ਇਸ਼ਾਰਾ ਕਰਕੇ ਇਹ ਵਿਅੰਗ ਕੱਸਿਆ ਹੈ ਕਿ ਅੱਜ ਦੀ ਪੀੜੀ ਕਿਹੋ ਜਿਹੀ ਵਿਦਿਆ ਗ੍ਰਹਿਣ ਕਰ ਰਹੀ ਹੈ? ‘ਈਵੈਂਟ ਮੈਨੇਜਮੈਂਟ’ ਕਵਿਤਾ ਵਿਚ ਵੀ ਜਦੋਂ ਕਵੀ ‘ਲੋਕ ਰਾਇ’ ਦੇ ਸੰਦਰਭ ਵਿਚ ਲਿਖਦਾ ਹੈ -‘ਸਭ ਤੋਂ ਉੱਚੀ ਬੋਲੀ/ਲਾਉਣ ਵਾਲਾ ਖਰੀਦ/ਚੁੱਕਾ ਹੈ, ਸਮਾਂ--- ਤਾਂ ਉਹ ਸਾਡੇ ਲੋਕ ਰਾਜ ਵਿਚ ‘ਲੋਕ ਰਾਇ’ ਦੀ ਉੱਚੀ ਬੋਲੀ ਲਾ ਕੇ ਖਰੀਦਣ ਦੀ ਚੱਲ ਰਹੀ ਦੂਸ਼ਿਤ ਪ੍ਰਕ੍ਰਿਆ ਤੇ ਵਿਅੰਗ ਕਰਦਾ ਹੈ, ਕਿਉਂ ਜੋ ਅੱਜ ਕੱਲ ਲੋਕ ਰਾਇ ਆਪ ਮੁਹਾਰਾ ਵੇਗ ਨਾ ਰਹਿ ਕੇ ਖਰੀਦਣ ਵਾਲੀ ਵਸਤੂ ਦਾ ਰੂਪ ਧਾਰਨ ਕਰ ਚੁੱਕੀ ਹੈ। ਇਸੇ ਤਰਾਂ ਕਵੀ ਨੇ ਇਸ ਵਰਤਾਰੇ ਤੇ ਵੀ ਚੋਟ ਕੀਤੀ ਹੈ ਕਿ ‘ਹੱਕ, ਸੱਚ, ਨਿਆਂ’ ਨਿਰੋਲ ਸ਼ਬਦ ਬਣ ਕੇ ਰਹਿ ਗਏ ਹਨ,

**ਬਾਕੀ ਸਫ਼ਾ 30 ’ਤੇ**

# ਡਿਜੀਟਲ ਤਕਨੀਕ ਦਾ ਸਹਾਰਾ ਲੈ ਕੇ ਦੁਬਾਰਾ ਫ਼ਿਲਮ ਆ ਰਹੀ ਹੈ ‘ਚੰਨ ਪ੍ਰਦੇਸੀ’

**ਇੰਦਰਮੋਹਨ ਪੰਨੂੰ**

ਪੰਜਾਬੀ ਫ਼ਿਲਮ ਸਨਅਤ ਲਈ ਇਕ ਚੰਗੀ ਤੇ ਉਤਸ਼ਾਹਪੂਰਨ ਖ਼ਬਰ ਆਈ ਹੈ। ਇਸ ਖ਼ਬਰ ਦਾ ਸਿਹਰਾ ਜਾਂਦਾ ਹੈ ਯੂ.ਕੇ. ਵਾਸੀ ਡਾ. ਚਾਨਣ ਸਿੰਘ ਸਿੱਧੂ ਨੂੰ। ਉਹ ਹੁਣ ਨਿਰਮਾਤਾ ਬਣ ਕੇ ਮੀਲ ਦਾ ਪੱਥਰ ਨੁਮਾ ਪੰਜਾਬੀ ਫ਼ਿਲਮ ‘ਚੰਨ ਪ੍ਰਦੇਸੀ’ ਨੂੰ ਨਵੀਂ ਸਜਾਵਟ ਨਾਲ ਲੈ ਕੇ ਆਏ ਹਨ। ਡਿਜੀਟਲ ਤਕਨੀਕ ਦਾ ਸਹਾਰਾ ਲੈ ਕੇ ਫ਼ਿਲਮ ਦੇ ਤਕਨੀਕੀ ਭਾਗਾਂ ਵਿਚ ਸੁਧਾਰ ਕਰਕੇ ਫ਼ਿਲਮ ਨੂੰ ਨਵਾਂ ਰੂਪ ਦਿੱਤਾ ਗਿਆ ਹੈ। ਸਾਲ 1981 ਵਿਚ ਜਦੋਂ ਇਹ ਫ਼ਿਲਮ ਪ੍ਰਦਰਸ਼ਿਤ ਹੋਈ ਸੀ ਉਦੋਂ ਬਹੁਤ ਹਰਮਨ ਪਿਆਰਤਾ ਹਾਸਲ ਕੀਤੀ ਸੀ ਅਤੇ ਇਹ ਰਾਸ਼ਟਰੀ ਪੁਰਸਕਾਰ ਜਿੱਤਣ ਵਿਚ ਵੀ ਕਾਮਯਾਬ ਰਹੀ ਸੀ।

ਇਹ ਫ਼ਿਲਮ ਚਿਤਰਾਰਥ ਸਿੰਘ ਵਲੋਂ ਨਿਰਦੇਸ਼ਿਤ ਕੀਤੀ ਗਈ ਸੀ। ਰਿਲੀਜ਼ ਦੇ 41 ਸਾਲਾਂ ਬਾਅਦ ਜਦੋਂ ਇਹ ਨਵਾਂ ਤਕਨੀਕੀ ਜਾਮਾ ਪਾ ਕੇ ਆ ਰਹੀ ਹੈ, ਉਦੋਂ ਚਿਤਰਾਰਥ ਸਿੰਘ ਦੀਆਂ ਅੱਖਾਂ ਸਾਹਮਣੇ ਉਹ ਦ੍ਰਿਸ਼ ਉੱਭਰ ਆਉਂਦੇ ਹਨ ਜਦੋਂ ਉਨਾਂ ਨੇ ਫ਼ਿਲਮ ਦੀ ਸ਼ੂਟਿੰਗ ਕੀਤੀ ਸੀ। ਅਤੀਤ ਦੇ ਸਮੁੰਦਰ ਵਿਚ ਡੁਬਕੀ ਲਗਾਉਂਦੇ ਹੋਏ ਉਹ ਕਹਿੰਦੇ ਹਨ, ‘ਮੈਨੂੰ ਅੱਜ ਵੀ ਇਸ ਫ਼ਿਲਮ ਦੀ ਸ਼ੂਟਿੰਗ ਦਾ ਪਹਿਲਾ ਦਿਨ ਬਰਾਬਰ ਯਾਦ ਹੈ। ਉਹ ਤਰੀਕ ਸੀ 4 ਅਪ੍ਰੈਲ, 1979 ਅਤੇ ਪਹਿਲੇ ਦਿਨ ਦੀ ਸ਼ੂਟਿੰਗ ਅਸੀਂ

**ਫਿਲਮ ਸੰਸਾਰ**

ਜਗਰਾਓਂ ਵਿਚ ਕੀਤੀ ਸੀ। ਸਾਰੇ ਯੂਨਿਟ ਵਾਲੇ ਬਹੁਤ ਖ਼ੁਸ਼ ਸਨ। ਮੈਂ ਵੀ ਖ਼ੁਸ਼ ਸੀ ਕਿ ਪਹਿਲੇ ਦਿਨ ਦੀ ਸ਼ੂਟਿੰਗ ਸੁੱਖੀਂ-ਸਾਂਦੀਂ ਹੋ ਗਈ। ਤਦੇ ਸ਼ਾਮ ਨੂੰ ਅਚਾਨਕ ਖ਼ਬਰ ਮਿਲੀ ਕਿ ਪਾਕਿਸਤਾਨ ਵਿਚ ਜ਼ੁਲਫ਼ਿਕਰ ਅਲੀ ਭੁੱਟੋ ਨੂੰ ਫ਼ਾਂਸੀ ਦੇ ਦਿੱਤੀ ਗਈ ਹੈ। ਸਾਡੇ ਸਾਰਿਆਂ ਦੀ ਖ਼ੁਸ਼ੀ ਕਾਫ਼ੂਰ ਹੋ ਗਈ ਕਿਉਂਕਿ ਉਨਾਂ ਨੇ ਇਸ ਤਰਾਂ ਦੁਨੀਆ ਛੱਡ ਕੇ ਜਾਣਾ ਹੋਵੇਗਾ, ਇਹ ਸੋਚਿਆ ਨਹੀਂ ਸੀ। ਉਥੇ ਉਨਾਂ ਨੂੰ ਬਦਲੇ ਦੀ ਕਾਰਵਾਈ ਹੇਠ ਫ਼ਾਂਸੀ ਦਿੱਤੀ ਗਈ ਅਤੇ ਇਥੇ ਮੈਂ ਇਕ ਇਸ ਤਰਾਂ ਦੀ ਫ਼ਿਲਮ ਬਣਾ ਰਿਹਾ ਸੀ ਜਿਸ ਵਿਚ ਦੁਸ਼ਮਣ ਨੂੰ ਮਾਫ਼ ਕਰ ਦੇਣ ਦਾ ਸੰਦੇਸ਼ ਸੀ। ਇਹ ਫ਼ਿਲਮ ਜਦੋਂ ਪ੍ਰਦਰਸ਼ਿਤ ਹੋਈ ਸੀ, ਉਦੋਂ ਪੰਜਾਬੀ ਫ਼ਿਲਮ ਸਨਅਤ ਵਿਚ ਐਕਸ਼ਨ ਤੇ ਬਦਲੇ ਦੇ ਥੀਮ ਵਾਲੀਆਂ ਫ਼ਿਲਮਾਂ ਦਾ ਬੋਲਬਾਲਾ ਸੀ। ਇਸ ਤੋਂ ਉਲਟ ਮੇਰੀ ਫ਼ਿਲਮ ਵਿਚ ਮਾਫ਼ੀ-ਦਾਨ ਦੀ ਗੱਲ ਕਹੀ ਗਈ ਸੀ। ਕੁਝ ਵੱਖਰਾ ਦੇਖਣ ਦੀ ਇੱਛਾ ਰੱਖਣ ਵਾਲਿਆਂ ਨੂੰ ਫ਼ਿਲਮ ਵਿਚ ਨਵਾਂਪਣ ਨਜ਼ਰ ਆਇਆ ਅਤੇ ਉਨਾਂ ਨੇ ਇਸ ਨੂੰ ਹੱਥੋ-ਹੱਥ ਲੈ ਲਿਆ।’

ਮਹਿਜ਼ ਇਸ ਨਵੇਂਪਨ ਦੀ ਵਜਾ ਕਰਕੇ ਹੀ ਇਹ ਫ਼ਿਲਮ ਹਿੱਟ ਨਹੀਂ ਸੀ ਹੋਈ, ਫ਼ਿਲਮ ਵਿਚ ਹੋਰ ਵੀ ਕਈ ਇਸ ਤਰਾਂ ਦੀਆਂ ਗੱਲਾਂ ਸਨ ਜੋ ਪੰਜਾਬੀ ਫ਼ਿਲਮ ਸਨਅਤ ਵਿਚ ਬਦਲਾਅ ਦਾ ਵਿਚਾਰ ਲੈ ਆਈਆਂ ਸਨ। ਫ਼ਿਲਮ ਦੀ ਮੌਲਿਕਤਾ ’ਤੇ ਰੌਸ਼ਨੀ ਪਾਉਂਦੇ ਹੋਏ ਚਿਤਰਾਰਥ ਸਿੰਘ ਕਹਿੰਦੇ ਹਨ, ‘ਉਸ ਜ਼ਮਾਨੇ ਵਿਚ ਜ਼ਿਆਦਾਤਰ ਫ਼ਿਲਮ ਨਿਰਮਾਤਾ ਉਹ ਸਨ ਜੋ ਪਾਕਿਸਤਾਨ ਤੋਂ ਆਏ ਸਨ। ਉਨਾਂ ਦੀਆਂ ਫ਼ਿਲਮਾਂ ਵਿਚ ਪਾਕਿਸਤਾਨੀ ਸੱਭਿਆਚਾਰ ਦੀ ਝਲਕ ਹੋਇਆ ਕਰਦੀ ਸੀ। ਹੀਰੋ-ਹੀਰੋਇਨ ਦੇ ਕੱਪੜਿਆਂ ਤੋਂ ਲੈ ਕੇ ਕੇਸ ਸੱਜਾ ਤੇ ਸੰਵਾਦਾਂ ਵਿਚ ਵੀ ਉਥੋਂ ਦਾ ਟੱਚ ਹੋਇਆ ਕਰਦਾ ਸੀ। ਹੀਰੋ ਚੀਕਦਾ, ਚਿਲਾਉਂਦਾ ਨਜ਼ਰ ਆਉਂਦਾ ਸੀ। ਮੇਰੀ ਫ਼ਿਲਮ ਇਨਾਂ ਫ਼ਿਲਮਾਂ ਤੋਂ ਵੱਖਰੀ ਸੀ। ਫ਼ਿਲਮ ਦੇ ਲੇਖਕ ਬਲਦੇਵ ਸਿੰਘ ਮਾਲਵਾ ਤੋਂ ਸਨ। ਸੋ, ਇਥੇ ਮਲਵਈ ਬੋਲੀ ਰੱਖੀ ਗਈ ਸੀ। ਇਸ ਵਜਾ ਕਰਕੇ ਦਰਸ਼ਕਾਂ ਨੂੰ ਫ਼ਿਲਮ ਵਿਚ ਸਥਾਨਕ ਅਪੀਲ ਨਜ਼ਰ ਆਈ ਸੀ ਅਤੇ ਇਹ ਅਪੀਲ ਫ਼ਿਲਮ ਦੇ ਪੱਖ ਵਿਚ ਕੰਮ ਕਰ ਗਈ ਸੀ। ਦੂਜੀ ਗੱਲ ਇਹ ਕਿ ਫ਼ਿਲਮ ਵਿਚ ਕਲਾਕਾਰਾਂ ਨੂੰ ਤਾਮ-ਝਾਮ ਨਾਲ ਪੇਸ਼ ਨਹੀਂ ਕੀਤਾ ਗਿਆ ਸੀ। ਸਾਰੇ ਕਲਾਕਾਰਾਂ




ਦੇ ਕੱਪੜੇ ਪਿੰਡ ਦੇ ਦਰਜੀ ਮਾਸਟਰ ਨੇ ਸੀਤੇ ਸਨ ਅਤੇ ਕਿਰਦਾਰਾਂ ਦੀ ਸਾਦਗੀ ਦੀ ਵਜਾ ਕਰਕੇ ਲੋਕਾਂ ਨੂੰ ਇਹ ਕਿਰਦਾਰ ਆਪਣੇ-ਆਪਣੇ ਲੱਗੇ ਸਨ। ਪੂਰੀ ਫ਼ਿਲਮ ਪੰਜਾਬ ਵਿਚ ਸ਼ੂਟ ਕੀਤੀ ਗਈ ਸੀ। ਪੰਜਾਬ ਸੰਤਾਪ ਸਮੇਂ ਆਮ ਪੰਜਾਬੀ ਫ਼ਿਲਮ ਪੰਜ-ਸਾਢੇ ਪੰਜ ਲੱਖ ਵਿਚ ਬਣ ਜਾਇਆ ਕਰਦੀ ਸੀ ਪਰ ਇਸ ਫ਼ਿਲਮ ਦੀ ਲਾਗਤ 12 ਲੱਖ ਰੁਪਏ ਆਈ ਸੀ। ਉਹ ਇਸ ਲਈ ਕਿ ਫ਼ਿਲਮ ਦੇ ਨਿਰਮਾਣ ਵਿਚ ਕਿਤੇ ਕੋਈ ਕੰਜੂਸੀ ਨਹੀਂ ਸੀ ਵਰਤੀ ਗਈ। ਫ਼ਿਲਮ ਦੀ ਸ਼ੂਟਿੰਗ ਛੱਤੀ ਆਊਟਡੋਰ ਲੋਕੇਸ਼ਨਾਂ ’ਤੇ ਕੀਤੀ ਗਈ ਸੀ। ਲੇਖਕ ਬਲਦੇਵ ਸਿੰਘ ਵੀ ਇਸ ਦੇ ਇਕ ਨਿਰਮਾਤਾ ਸਨ ਅਤੇ ਉਹ ਚਾਹੁੰਦੇ ਸਨ ਕਿ ਹਰ ਦ੍ਰਿਸ਼ ਉਸ ਤਰਾਂ ਦਾ ਫ਼ਿਲਮਾਇਆ ਜਾਵੇ ਜਿਸ ਤਰਾਂ ਦਾ ਉਨਾਂ ਨੇ ਲਿਖਿਆ ਹੈ। ਇਸ ਵਜਾ ਕਰਕੇ ਕਿੱਕਰ ਦੇ ਦਰੱਖਤ ਤੋਂ ਲੈ ਕੇ ਨਹਿਰ ਦੇ ਦ੍ਰਿਸ਼ਾਂ ਵਿਚ ਕਿਤੇ ਕੋਈ ਕੋਤਾਹੀ ਨਹੀਂ ਵਰਤੀ ਗਈ ਸੀ। ਆਊਟਡੋਰ ਦ੍ਰਿਸ਼ਾਂ ਦੀ ਵਜਾ ਕਰਕੇ ਪਰਦੇ ’ਤੇ ਪੰਜਾਬ ਨੂੰ ਦੇਖ ਕੇ ਦਰਸ਼ਕ ਖ਼ੁਸ਼ ਹੋ ਉੱਠੇ ਸਨ ਅਤੇ ਉਨਾਂ ਨੂੰ ਫ਼ਿਲਮ ਵਿਸ਼ੇਸ਼ ਤੌਰ ’ਤੇ ਪਸੰਦ ਆਈ ਸੀ।’

ਰਾਜ ਬੱਬਰ ਦੀ ਇਹ ਪਹਿਲੀ ਫ਼ਿਲਮ ਸੀ। ‘ਇਨਸਾਫ਼ ਕਾ ਤਰਾਜੂ’ ਤੇ ‘ਸੌ ਦਿਨ ਸਾਸ ਕੇ’ ਤੋਂ ਪਹਿਲਾਂ ਉਨਾਂ ਨੂੰ ਇਸ ਫ਼ਿਲਮ ਲਈ ਸਾਈਨ ਕੀਤਾ ਗਿਆ ਸੀ। ਫ਼ਿਲਮ ਦੀ ਨਾਇਕਾ ਰਮਾ ਵਿੱਜ ਵੀ ਉਦੋਂ ਨਵੀਂ ਆਈ ਸੀ। ਫ਼ਿਲਮ ਵਿਚ ਹਰਨੇਕ ਦੀ ਭੂਮਿਕਾ ਲਈ ਅਦਾਕਾਰਾ ਰਾਮੇਸ਼ਵਰੀ ਦੇ ਪਤੀ ਦੀਪਕ ਨੂੰ ਸਾਈਨ ਕੀਤਾ ਗਿਆ ਸੀ। ਉਦੋਂ ਉਨਾਂ ਨੂੰ ਓ.ਪੀ. ਰਲਹਨ ਦੀ ਫ਼ਿਲਮ ‘ਅਸ਼ੋਕਾ’ ਮਿਲ ਗਈ ਤੇ ਉਨਾਂ ਨੇ ਇਹ ਫ਼ਿਲਮ ਛੱਡ ਦਿੱਤੀ ਸੀ। ਸੋ, ਉਨਾਂ ਦੀ ਥਾਂ ਕੁਲਭੂਸ਼ਨ ਖਰਬੰਦਾ ਨੂੰ ਲਿਆ ਗਿਆ ਅਤੇ ਇਸ ਫ਼ਿਲਮ ਨਾਲ ਉਨਾਂ ਦੇ ਕਰੀਅਰ ਨੂੰ ਬਹੁਤ ਫਾਇਦਾ ਹੋਇਆ ਸੀ। ਫ਼ਿਲਮ ਵਿਚ ਇਕਮਾਤਰ ਵੱਡੀ ਸਟਾਰ ਰਜਨੀ ਸ਼ਰਮਾ ਸੀ ਜਿਸ ਦੀ ਉਦੋਂ ‘ਬਾਲਿਕਾ ਬਧੂ’ ਹਿਟ ਹੋਈ ਸੀ ਅਤੇ ਇਸ ਵਜਾ ਕਰਕੇ ਉਹ ਕਾਫ਼ੀ ਹਰਮਨ ਪਿਆਰੀ ਸੀ। ਜ਼ਿਆਦਾਤਰ ਨਵੇਂ ਕਲਾਕਾਰ ਹੋਣ ਦੀ ਵਜਾ ਕਰਕੇ ਚਿਤਰਾਰਥ ਸਿੰਘ ਕਿਸੇ ਤਰਾਂ ਦੀ ਦਖਲਅੰਦਾਜ਼ੀ ਤੋਂ ਬਗ਼ੈਰ ਫ਼ਿਲਮ ਬਣਾ ਸਕੇ ਸਨ

**ਬਾਕੀ ਸਫ਼ਾ 30 ’ਤੇ**




## ਪਾਠਕਾਂ ਦਾ ਨਜ਼ਰੀਆ

### ਵਿਰਸੇ ਨੂੰ ਢਾਹ ਲਾ ਕੇ ਕੋਈ ਦੇਸ਼ ਵਿਕਾਸ ਨਹੀਂ ਕਰ ਸਕਦਾ

ਇਤਿਹਾਸਕ ਅਤੇ ਵਿਰਾਸਤੀ ਮਹੱਤਵ ਵਾਲੀਆਂ ਥਾਵਾਂ ਦੇ ਨਾਂਅ ਤੱਕ ਬਦਲਣ ਦੀ ਚੱਲ ਰਹੀ ਕਵਾਇਦ ਆਉਣ ਵਾਲੀਆਂ ਪੀੜੀਆਂ ਨੂੰ ਅਸਲੀ ਇਤਿਹਾਸ ਅਤੇ ਵਿਰਸੇ ਤੋਂ ਦੂਰ ਕਰ ਦੇਵੇਗੀ। ਸਭ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਵਿਰਸੇ ਤੇ ਸੱਭਿਆਚਾਰ ਨੂੰ ਢਾਹ ਲਾ ਕੇ ਕੋਈ ਮੁਲਕ ਤਰੱਕੀ ਨਹੀਂ ਕਰ ਸਕਦਾ ਹੈ। ਭਾਰਤੀ ਪੁਰਾਤੱਤਵ ਵਿਭਾਗ ਸਾਡੀਆਂ ਇਤਿਹਾਸਕ ਤੇ ਵਿਰਾਸਤੀ ਮਹੱਤਵ ਵਾਲੀਆਂ ਥਾਵਾਂ ਦੀ ਦੇਖਭਾਲ ਤੇ ਉਨਾਂ ਦੀ ਪੁਨਰ-ਸਿਰਜਣਾ ਲਈ ਜ਼ਿੰਮੇਵਾਰ ਸੰਸਥਾ ਹੈ ਤੇ ਆਪਣੇ ਕਾਰਜ ਪ੍ਰਤੀ ਯਤਨਸ਼ੀਲ ਵੀ ਹੈ ਪਰ ਫੰਡਾਂ ਦੀ ਘਾਟ ਕਰਕੇ ਇਹ ਸੰਸਥਾ ਆਪਣਾ ਫ਼ਰਜ਼ ਪੂਰੀ ਤਰਾਂ ਨਿਭਾਅ ਨਹੀਂ ਪਾ ਰਹੀ। ਸਾਡਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਆਸ-ਪਾਸ ਦੀਆਂ ਇਤਿਹਾਸਕ ਤੇ ਵਿਰਾਸਤੀ ਇਮਾਰਤਾਂ ਦੀ ਅਸਲ ਦਿੱਖ ਬਰਕਰਾਰ ਰੱਖਣ ਅਤੇ ਉਨਾਂ ਦੀ ਸਾਂਭ-ਸੰਭਾਲ ਤੇ ਸਾਫ਼-ਸਫ਼ਾਈ ਰੱਖਣ ਵਿਚ ਆਪਣਾ ਭਰਪੂਰ ਯੋਗਦਾਨ ਪਾਈਏ। ਸਾਡੇ ਮੁਲਕ ਦੀਆਂ ਧਾਰਮਿਕ ਜਥੇਬੰਦੀਆਂ ਦਾ ਇਹ ਕਰਤੱਵ ਬਣਦਾ ਹੈ ਕਿ ਉਹ ਵੀ ਵਿਰਾਸਤੀ ਮਹੱਤਵ ਵਾਲੇ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੀ ਸੰਭਾਲ ਤੇ ਪੁਨਰ-ਨਿਰਮਾਣ ਸਮੇਂ ਉਨਾਂ ਦਾ ਵਿਰਾਸਤੀ ਰੂਪ ਬਰਕਰਾਰ ਰੱਖਣ ਲਈ ਹਰੇਕ ਹੀਲਾ ਕਰਨ ਤੇ ਅੱਜ ਮੌਜੂਦ ਆਧੁਨਿਕ ਤਕਨੀਕ ਤੇ ਸਾਧਨ ਜ਼ਰੂਰ ਵਰਤਣ। ਦੁਨੀਆ ਭਰ ਵਿਚ ਮਸ਼ਹੂਰ ਕੁਝ ਵਿਰਾਸਤੀ ਇਮਾਰਤਾਂ ਤੇ ਸਥਾਨਾਂ ਦਾ ਜੇ ਜ਼ਿਕਰ ਕੀਤਾ ਜਾਵੇ ਤਾਂ ਉਨਾਂ ਵਿਚ 'ਸ੍ਰੀ ਹਰਿਮੰਦਰ ਸਾਹਿਬ, ਲਾਲ ਕਿਲਾ, ਤਾਜ ਮਹੱਲ, ਹੁਮਾਯੂੰ ਦਾ ਮਕਬਰਾ, ਕੁਤੁਬ ਮੀਨਾਰ, ਕੋਨਾਰਕ ਮੰਦਰ, ਚੀਨ ਦੀ ਦੀਵਾਰ, ਪੀਸਾ ਦੀ ਮੀਨਾਰ, ਅਜੰਤਾ-ਐਲੋਰਾ ਦੀਆਂ ਗੁਫ਼ਾਵਾਂ, ਵੈਟੀਕਨ ਸਿਟੀ, ਮਾਊਂਟ ਆਫ਼ ਸੇਂਟ ਮਾਈਕਲ, ਸਟੇਚੂ ਆਫ਼ ਲਿਬਰਟੀ, ਮਿਸਰ ਦੇ ਪਿਰਾਮਿਡ' ਆਦਿ ਦਾ ਸ਼ੁਮਾਰ ਹੁੰਦਾ ਹੈ ਜੋ ਚੱਤੇ ਪਹਿਰ ਅੱਜ ਵੀ ਹਰੇਕ ਨੂੰ ਆਪਣੇ ਅਮੀਰ ਵਿਰਸੇ ਨੂੰ ਨੇੜਿਉਂ ਤੱਕਣ, ਪਛਾਣਨ, ਸੰਭਾਲਣ ਤੇ ਉਸ ਤੋਂ ਕੁਝ ਸਿੱਖਣ ਦਾ ਸੰਦੇਸ਼ ਦੇ ਰਹੇ ਹਨ। ਉਂਜ ਇਸ ਮੌਕੇ 'ਤੇ ਸਾਨੂੰ ਪ੍ਰਸਿੱਧ ਵਿਦਵਾਨ ਸੈਮੂਅਲ ਹਟਿੰਗਟਨ ਦੇ ਇਹ ਬੋਲ ਪੱਲੇ ਬੰਨ ਲੈਣੇ ਚਾਹੀਦੇ ਹਨ 'ਜਿਨਾਂ ਲੋਕਾਂ ਨੂੰ ਆਪਣੇ ਇਤਿਹਾਸ, ਸੱਭਿਆਚਾਰ ਅਤੇ ਵਿਰਸੇ ਦਾ ਪਤਾ ਨਹੀਂ ਉਹ ਅਜਿਹੇ ਰੁੱਖ ਹਨ ਜਿਨਾਂ ਦੀਆਂ ਜੜਾਂ ਨਹੀਂ ਹਨ।'

**ਪ੍ਰੋਫੈਸਰ ਪਰਮਜੀਤ ਸਿੰਘ**

### ਕੌਮੀ ਅੰਦੋਲਨ ਦੇ ਆਗੂ ਰਾਜਾ ਰਾਮ ਮੋਹਨ ਰਾਏ

**(22 ਮਈ 1772-27 ਸਤੰਬਰ 1833)**

ਰਾਜਾ ਰਾਮ ਮੋਹਨ ਰਾਏ (19ਵੀਂ ਸਦੀ ਦੇ) ਭਾਰਤਵਰਸ਼ ਦੇ ਇੱਕ ਮਹਾਨ ਸੁਧਾਰਕ ਸਨ। ਉਨਾਂ ਨੂੰ 'ਭਾਰਤ ਦੇ ਕੌਮੀ ਅੰਦੋਲਨ ਦਾ ਪੈਗੰਬਰ' ਹੋਣ ਦਾ ਮਾਣ ਵੀ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਉਨਾਂ ਨੂੰ ਭਾਰਤੀ ਪੁਨਰਜਾਗਰਨ ਦਾ ਅਗਵਾਨ ਮੰਨਿਆ ਜਾਂਦਾ ਹੈ। ਰਾਜਾ ਰਾਮ ਮੋਹਨ ਰਾਏ ਦਾ ਜਨਮ 22 ਮਈ 1772 ਈ. ਵਿੱਚ ਹੁਗਲੀ ਜਿਲੇ ਵਿੱਚ ਸਥਿਤ ਰਾਧਾਨਗਰ ਨਾਮੀ ਪਿੰਡ ਵਿੱਚ ਹੋਇਆ। ਉਨਾਂ ਦੇ ਪਿਤਾ ਦਾ ਨਾਮ ਰਮਾਕਾਂਤ ਅਤੇ ਮਾਤਾ ਦਾ ਨਾਮ ਤਰਨੀ ਦੇਵੀ ਸੀ। ਉਨਾਂ ਨੇ ਸੰਸਕ੍ਰਿਤ, ਫ਼ਾਰਸੀ, ਅਰਬੀ ਆਦਿ ਭਾਰਤੀ ਭਾਸ਼ਾਵਾਂ ਵਿੱਚ ਵਿੱਦਿਆ ਪ੍ਰਾਪਤ ਕੀਤੀ। ਜਦੋਂ ਰਾਮ ਮੋਹਨ ਰਾਏ ਨੂੰ ਈਸਟ ਇੰਡੀਆ ਕੰਪਨੀ ਵਿੱਚ ਨੌਕਰੀ ਦਾ ਮੌਕਾ ਮਿਲਿਆ ਤਾਂ ਉਨਾਂ ਨੇ ਅੰਗਰੇਜ਼ੀ ਭਾਸ਼ਾ ਦਾ ਵੀ ਅਧਿਐਨ ਕੀਤਾ ।ਰਾਜਾ ਰਾਮ ਮੋਹਨ ਰਾਏ ਨੇ ਕੇਵਲ ਨੌਂ ਵਰਿਆਂ ਤੱਕ ਕੰਪਨੀ ਦੀ ਨੌਕਰੀ ਕੀਤੀ । ਕਈ ਪੁਸਤਕਾਂ ਵਿੱਚ ਇਹ ਨੌਕਰੀ ਦਾ ਸਮਾਂ ਦਸ ਸਾਲ ਦਿੱਤਾ ਹੋਇਆ ਹੈ। ਸੰਨ 1828 ਵਿੱਚ ਉਨਾਂ ਨੇ 'ਬ੍ਰਹਮੋ ਸਮਾਜ' ਨੀਂਹ ਰੱਖੀ। ਰਾਜਾ ਰਾਮ ਮੋਹਨ ਰਾਏ ਨੇ ਬੰਗਲਾ ਵਿੱਚ 'ਸੰਵਾਦ ਕੌਮੁਦੀ' ਅਤੇ ਫ਼ਾਰਸੀ ਵਿੱਚ 'ਮਿਰਾਤੁਲ ਅਖਬਾਰ' ਸਮਾਚਾਰ ਪੱਤਰ ਚਲਾਏ। 1811 ਈ. ਵਿੱਚ ਉਨਾਂ ਦੇ ਭਰਾ ਜਗਮੋਹਨ ਦੀ ਮੌਤ ਹੋ ਗਈ ਸੀ। ਕਿਹਾ ਜਾਂਦਾ ਹੈ ਕਿ 'ਬ੍ਰਹਮੋ ਸਮਾਜ' ਦੀ ਸਥਾਪਨਾ ਨਾਲ ਭਾਰਤ ਵਿੱਚ ਇੱਕ ਨਵੀਂ ਸੱਭਿਅਤਾ ਦਾ ਆਰੰਭ ਹੋਇਆ, ਜਿਸ ਵਿੱਚ ਪੂਰਬ ਅਤੇ ਪੱਛਮ ਦੀਆਂ ਸੱਭਿਅਤਾਵਾਂ ਦਾ ਮਿਸ਼ਰਣ ਸੀ। ਰਾਜਾ ਰਾਮ ਮੋਹਨ ਰਾਏ ਨੇ 'ਸਤੀ ਦੀ ਰਸਮ' ਦਾ ਵਿਰੋਧ ਕੀਤਾ। ਉਨਾਂ ਨੇ ਵਿਲੀਅਮ ਬੈਟਿੰਗ ਰਾਹੀਂ ਸਤੀ ਦੀ ਰਸਮ ਦੇ ਵਿਰੁੱਧ ਉਠਾਏ ਗਏ ਕਦਮਾਂ ਨੂੰ ਸਫ਼ਲ ਬਣਾਉਣ ਵਿੱਚ ਬਹੁਮੁੱਲੀ ਸਹਾਇਤਾ ਦਿੱਤੀ। 1823 ਈ. ਦੇ 'ਪ੍ਰੈਸ ਆਰਡੀਨੈਂਸ' ਦਾ ਸਖ਼ਤ ਵਿਰੋਧ ਕੀਤਾ। 1830 ਈ. ਵਿੱਚ ਰਾਮ ਮੋਹਨ ਰਾਏ ਇੰਗਲੈਂਡ ਗਏ। 1832 ਈ. ਵਿੱਚ ਰਾਜਾ ਰਾਮ ਮੋਹਨ ਰਾਏ ਨੇ ਫਰਾਂਸ ਦੀ ਯਾਤਰਾ ਕੀਤੀ ।ਉਨਾਂ ਨੇ ਜਿਊਰੀ ਐਕਟ (1872 ਈ.) ਦੀ ਸਖ਼ਤ ਅਲੋਚਨਾ ਕੀਤੀ ਅਤੇ ਉਸਨੂੰ ਸਰਕਾਰ ਦਾ ਇੱਕ ਅਨਿਆਈ ਕਦਮ ਕਿਹਾ। ਡਾਕਟਰ ਆਰ.ਸੀ. ਮਜੂਮਦਾਰ ਲਿਖਦੇ ਹਨ ਕਿ ਰਾਜਾ ਰਾਮ ਮੋਹਨ ਰਾਏ ਪਹਿਲੇ ਭਾਰਤੀ ਸਨ, ਜਿਨਾਂ ਨੇ ਆਪਣੇ ਦੇਸ਼ ਵਾਸੀਆਂ ਦੀਆਂ ਤਕਲੀਫ਼ਾਂ ਤੇ ਸ਼ਿਕਾਇਤਾਂ ਨੂੰ ਬ੍ਰਿਟਿਸ਼ ਸਰਕਾਰ ਦੇ ਸਾਹਮਣੇ ਰੱਖਿਆ। ਰਾਜਾ ਰਾਮ ਮੋਹਨ ਰਾਏ ਅੰਗਰੇਜ਼ੀ ਵਿੱਦਿਆ ਦਾ ਪ੍ਰਚਾਰ ਕਰਨ ਦੇ ਪੱਖ ਵਿੱਚ ਸਨ। ਇਸ ਲਈ ਉਨਾਂ ਨੇ ਕਲਕੱਤੇ ਵਿੱਚ ਇੱਕ ਸਕੂਲ ਕਾਇਮ ਕੀਤਾ ਅਤੇ ਭਾਰਤੀ ਗਵਰਨਰ ਜਨਰਲ ਲਾਰਡ ਐਮਹਰਸਟ ਨੂੰ ਇਸ ਖੇਤਰ ਵਿੱਚ ਉਦਾਰਤਾ-ਪੂਰਨ ਕਦਮ ਚੁੱਕਣ ਦੀ ਪ੍ਰਾਰਥਨਾ ਕੀਤੀ।

ਉਨਾਂ ਦਾ ਵਿਸ਼ਵਾਸ ਸੀ ਕਿ ਗਣਿਤ, ਦਰਸ਼ਨ, ਰਸਾਇਣ ਆਦਿ ਦੇ ਅਧਿਐਨ ਨਾਲ ਭਾਰਤੀਆਂ ਨੂੰ ਬਹੁਤ ਲਾਭ ਹੋਵੇਗਾ। ਉਨਾਂ ਦੀ ਮੌਤ 27 ਸਤੰਬਰ 1833 ਈ. ਵਿੱਚ ਬ੍ਰਿਸਟਲ (ਇੰਗਲੈਂਡ ਵਿੱਚ ) ਦੇ ਅਸਥਾਨ ਉੱਤੇ ਹੋਈ। ਬ੍ਰਿਸਟਲ ਵਿੱਚ ਹੀ ਉਨਾਂ ਦੀ ਸਮਾਧੀ ਬਣਾਈ ਗਈ।

**ਅਸਿਸਟੈਂਟ ਪ੍ਰੋ.ਗਗਨਦੀਪ ਧਾਲੀਵਾਲ ਝਲੂਰ**

### ..ਤੇ ਪਹਿਨੀਏ ਜੱਗ ਭਾਉਂਦਾ

ਕਿਸੇ ਨੇ ਸੋਚ ਸਮਝ ਕੇ ਕਿਹਾ ਹੈ ਕਿ 'ਖਾਈਏ ਮਨ ਭਾਉਂਦਾ ਤੇ ਪਹਿਨੀਏ ਜੱਗ ਪਾਉਂਦਾ'। ਇਸ ਅਖਾਣ ਦਾ ਮਤਲਬ ਇਹ ਹੈ ਕਿ ਜਿਹੜੀ ਚੀਜ਼ ਸਾਨੂੰ ਪਸੰਦ ਹੈ ਉਹ ਖਾਓ ਤੇ ਜਿਹੜਾ ਪਹਿਰਾਵਾ ਸਮਾਜ ਦੇ ਮੁਤਾਬਿਕ ਹੋਵੇ ਉਹ ਹੀ ਪਾਓ। ਅਕਸਰ ਅਸੀਂ ਦੇਖਦੇ ਹਾਂ ਕਿ ਧਾਰਮਿਕ ਸਥਾਨਾਂ ਤੇ ਬੀਬੀਆਂ ਛੋਟੇ ਛੋਟੇ ਕੱਪੜੇ ਪਾ ਕੇ ਜਾਂਦੀਆਂ ਹਨ। ਜੀਨਜ਼, ਟੌਪ, ਚੂੜੀਦਾਰ ਪਜਾਮੀਆਂ, ਬਿਨਾਂ ਬਾਹਾਂ ਤੋਂ ਕਮੀਜ਼। ਠੀਕ ਇਸੇ ਤਰਾਂ ਕਈ ਵਾਰ ਮਰਦ ਵੀ ਛੋਟੀਆਂ-ਛੋਟੀਆਂ ਨਿੱਕਰਾਂ ਪਾ ਕੇ ਗੁਰੂਘਰ ਚਲੇ ਜਾਂਦੇ ਹਨ। ਇਹ ਗੁਰੂਘਰ ਦੀ ਮਰਿਆਦਾ ਨਹੀਂ ਹੈ। ਗੁਰੂਘਰ ਵਿੱਚ ਸਾਦਗੀ ਨਾਲ ਜਾਣਾ ਚਾਹੀਦਾ ਹੈ। ਜਿਸ ਤਰਾਂ ਅਸੀਂ ਭੜਕੀਲੇ ਕੱਪੜੇ ਪਾ ਕੇ ਗੁਰੂਘਰ ਵਿੱਚ ਜਾਂਦੇ ਹਨ ਤਾਂ ਹੋਰਾਂ ਦਾ ਵੀ ਧਿਆਨ ਸਾਡੀ ਤਰਫ਼ ਖਿੱਚ ਦਾ ਕੇਂਦਰ ਬਣ ਜਾਂਦਾ ਹੈ।ਕਈ ਇੰਨਾ ਗੰਦਾ ਪਰਫਿਊਮ, ਇੱਤਰ ਲਗਾ ਕੇ ਜਾਂਦੇ ਹਨ ਕਿ ਉੱਥੇ ਬੈਠੀ ਸੰਗਤ ਪ੍ਰੇਸ਼ਾਨ ਹੋ ਜਾਂਦੀ ਹੈ। ਉਨਾਂ ਦੀ ਗੁਰੂ ਵੱਲ ਲਿਵ ਹੱਟ ਜਾਂਦੀ ਹੈ ਤੇ ਸਾਰੇ ਹੀ ਸਾਨੂੰ ਅੱਖਾਂ ਪਾੜ ਪਾੜ ਕੇ ਦੇਖ ਰਹੇ ਹੁੰਦੇ ਹਨ। ਸਾਡੇ ਤੇ ਪੱਛਮੀ ਸੱਭਿਅਤਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਅਸੀਂ ਦਿਨ-ਪ੍ਰਤਿਦਿਨ ਇਸ ਸਭਿਅਤਾ ਵਿੱਚ ਆਪਣੇ ਆਪ ਨੂੰ ਢਾਲ ਰਹੇ ਹਨ। ਗੁਰੂਘਰ ਵਿੱਚ ਜ਼ਰੂਰ ਜਾਣਾ ਚਾਹੀਦਾ ਹੈ ਪਰ ਇੱਕ ਮਰਿਆਦਾ ਦੇ ਅਨੁਸਾਰ ਜਾਣਾ ਚਾਹੀਦਾ ਹੈ ।ਸਾਫ਼ ਸੁਥਰੇ ਪੂਰੇ ਕੱਪੜੇ ਪਾ ਕੇ ਹੀ ਗੁਰੂਘਰ ਜਾਣਾ ਚਾਹੀਦਾ ਹੈ। ਸਿਰ ਚੰਗੀ ਤਰਾਂ ਢੱਕ ਕੇ ਜਾਣਾ ਚਾਹੀਦਾ ਹੈ।ਆਮ ਦੇਖਣ ਵਿੱਚ ਆਉਂਦਾ ਹੈ ਕਿ ਕੁੜੀਆਂ ਗੁਰੂਘਰ ਵਿੱਚ ਰੁਮਾਲ ਨਾਲ ਸਿਰ ਢੱਕ ਕੇ ਜਾਂਦੀਆਂ ਹਨ ਜੋ ਕਿ ਗੁਰੂ ਘਰ ਦੀ ਮਰਿਆਦਾ ਨਹੀਂ ਹੈ। ਇਹ ਤਾਂ ਮਾਂ ਬਾਪ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਗੁਰੂਘਰ ਜਾਣ ਦੀ ਸਿਖਲਾਈ ਦੇਣ, ਕਿਸ ਤਰਾਂ ਗੁਰੂਘਰ ਗੁਰੂ ਮਰਿਆਦਾ ਦੇ ਮੁਤਾਬਿਕ ਜਾਇਆ ਜਾਂਦਾ ਹੈ। ਸਾਡੇ ਗੁਰੂ ਮਹਾਰਾਜ ਸਾਨੂੰ ਸਿੱਖਿਆ ਦੇ ਕੇ ਗਏ ਹਨ ਕਿ ਸਾਦਗੀ ਵਿੱਚ ਗੁਰੂਘਰ ਜਾਣਾ ਚਾਹੀਦਾ ਹੈ। ਚਾਹੇ ਉਹ ਮਰਦ ਹੈ, ਔਰਤ ਹੈ ਜੋ ਗੁਰੂਘਰ ਦੇ ਨਿਯਮ ਹੁੰਦੇ ਹਨ, ਉਸ ਮੁਤਾਬਕ ਹੀ ਗੁਰੂਘਰ ਜਾਣਾ ਚਾਹੀਦਾ ਹੈ।

ਅਸੀਂ ਸਾਰੇ ਸਮਾਜ ਵਿੱਚ ਵਿਚਰਦੇ ਹਨ। ਅਸੀਂ ਜਦੋਂ ਕੋਈ ਪ੍ਰੋਗਰਾਮ ਜਾਂ ਵਿਆਹ ਤੇ ਜਾਂਦੇ ਹਨ ਤਾਂ ਗੂੜੇ ਕੱਪੜੇ ਪਾ ਕੇ ਭਾਵ ਭੜਕੀਲੇ ਲਿਬਾਸ ਵਿੱਚ ਜਾਂਦੇ ਹਨ। ਉੱਥੇ ਅਸੀਂ ਖਿੱਚ ਦਾ ਕੇਂਦਰ ਬਣਦੇ ਹਨ। ਬਹੁਤ ਜ਼ਿਆਦਾ ਜੈੱਲ ਪਰਫਿਊਮ ਲਗਾ ਕੇ ਜਾਂਦੇ ਹਨ। ਠੀਕ ਹੈ ਉੱਥੇ ਜਾਣਾ ਵੀ ਚਾਹੀਦਾ ਹੈ। ਗੁਰੂਘਰ ਵਿੱਚ ਸਾਫ਼ ਸੁਥਰੇ ਸਾਦਗੀ ਵਾਲੇ ਕੱਪੜੇ ਪਾ ਕੇ ਹੀ ਜਾਓ। ਵਿਆਹ ਸ਼ਾਦੀਆਂ ਵਿੱਚ ਤਾਂ ਅਸੀਂ ਟੌਹਰ ਕੱਢ ਕੇ ਜਾਂਦੇ ਹਨ। ਅਸੀਂ ਆਪਣੇ ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਸਮਝਦੇ। ਉਥੇ ਤਾਂ ਸਾਨੂੰ ਬਣ ਠੱਣ ਕੇ ਜਾਣਾ ਚਾਹੀਦਾ ਹੈ।

ਠੀਕ ਇਸੇ ਤਰਾਂ ਜੋ ਵੀ ਅਸੀਂ ਖਾਣਾ ਚਾਹੁੰਦੇ ਹਨ ਉਹੀ ਖਾਣਾ ਚਾਹੀਦਾ ਹੈ। ਜਿਹੜੀ ਚੀਜ਼ ਸਾਡੇ ਸਰੀਰ ਨੂੰ ਨੁਕਸਾਨ ਕਰਦੀ ਹੈ ਉਹ ਨਹੀਂ ਖਾਣੀ ਚਾਹੀਦੀ। ਅਸੀਂ ਆਮ ਦੇਖਦੇ ਹਨ ਕਿ ਜਿਹੜੀ ਚੀਜ਼ ਜਿਸ ਨੂੰ ਪਸੰਦ ਹੁੰਦੀ ਹੈ ਬੰਦਾ ਉਹੀ ਖਾਂਦਾ ਹੈ ਕਿਉਂਕਿ ਉਸ ਨੇ ਆਪਣੇ ਸਰੀਰ ਦੇ ਮੁਤਾਬਕ ਖਾਣੀ ਹੁੰਦੀ ਹੈ। ਹੁਣ ਅਸੀਂ ਵਿਆਹ ਪ੍ਰੋਗਰਾਮਾਂ ਵਿੱਚ ਦੇਖਦੇ ਹਨ ਕਿ ਲੋਕ ਕਿਸ ਤਰਾਂ ਦਾਰੂ ਪੀਂਦੇ ਹਨ। ਜਿਸ ਤਰਾਂ ਕਦੇ ਦੇਖੀ ਨਾ ਹੋਵੇ। ਫਿਰ ਬਾਅਦ ਵਿੱਚ ਉਲਟੀਆਂ ਕਰਦੇ ਹਨ। ਜੇ ਖਾਣੇ ਦੀ ਗੱਲ ਕਰੀਏ ਤਾਂ ਉਥੇ ਵੀ ਕਈ ਲੋਕ ਪਲੇਟਾਂ ਭਰ ਭਰ ਖਾਂਦੇ ਹਨ, ਚਾਹੇ ਉਹ ਸਾਡੇ ਸਰੀਰ ਨੂੰ ਨੁਕਸਾਨ ਹੀ ਕਰੇ। ਕਿਉਂਕਿ ਇਨਾਂ ਪ੍ਰੋਗਰਾਮਾਂ ਵਿੱਚ ਜ਼ਿਆਦਾ ਮਸਾਲਿਆਂ ਦੀ ਵਰਤੋਂ ਹੁੰਦੀ ਹੈ। ਅਕਸਰ ਵਿਆਹ ਵਿਚ ਫਾਸਟਫੂਡ ਦਾ ਬਹੁਤ ਬੋਲਬਾਲਾ ਹੁੰਦਾ ਹੈ। ਤਰਾਂ ਤਰਾਂ ਦੇ ਚਾਈਨੀਜ਼ ਖਾਣੇ ਆਮ ਦੇਖਣ ਨੂੰ ਮਿਲਦੇ ਹਨ। ਬੱਚੇ ਅੱਜ ਕੱਲ ਦੇ ਚਾਈਨੀਜ਼ ਫੂਡ ਨੂੰ ਬਹੁਤ ਪਸੰਦ ਕਰਦੇ ਹਨ। ਜੰਕ ਫੂਡ ਨੂੰ ਬਹੁਤ ਖੁਸ਼ੀ ਨਾਲ ਖਾਂਦੇ ਹਨ। ਪਰ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਇਹ ਖਾਣੇ ਖਾਣ ਨਾਲ ਸਾਡਾ ਪਾਚਨ ਕਿਰਿਆ ਖ਼ਰਾਬ ਹੋ ਜਾਂਦੀ ਹੈ। ਅਕਸਰ ਜੋ ਨੂਡਲਸ ਹੁੰਦੇ ਹਨ, ਉਹ ਮੈਦੇ ਦੇ ਬਣੇ ਹੁੰਦੇ ਹਨ। ਮੈਦਾ ਜਲਦੀ ਹਜ਼ਮ ਨਹੀਂ ਹੁੰਦਾ। ਸਾਡਾ ਪੇਟ ਜਲਦੀ ਖਰਾਬ ਹੋ ਜਾਂਦਾ ਹੈ। ਅਕਸਰ ਕਈ ਵਾਰ ਸਾਡੇ ਦੋਸਤ ਮਿੱਤਰ ਕਹਿ ਦਿੰਦੇ ਹਨ ਕਿ ਯਾਰ ਤੂੰ ਵੀ ਖਾ ਲੈ। ਅਸੀਂ ਉਨਾਂ ਦੀਆਂ ਗੱਲਾਂ ਵਿੱਚ ਆ ਕੇ ਖਾ ਲੈਂਦੇ ਹਨ। ਫਿਰ ਬਾਅਦ ਵਿੱਚ ਉਹ ਚੀਜ਼ ਸਾਨੂੰ ਨੁਕਸਾਨ ਕਰਦੀ ਹੈ। ਠੀਕ ਹੈ ਵਿਆਹ ਪ੍ਰੋਗਰਾਮਾਂ ਵਿੱਚ ਤਰਾਂ ਤਰਾਂ ਦੇ ਭੋਜਨ ਤਿਆਰ ਕੀਤੇ ਜਾਂਦੇ ਹਨ, ਪਰ ਉਹੀ ਖਾਣਾ ਚਾਹੀਦਾ ਹੈ ਜੋ ਸਾਡੇ ਸਰੀਰ ਨੂੰ ਮਾਫ਼ਕ ਹੋਵੇ। ਕਈ ਵਾਰ ਅਸੀਂ ਦੂਜੇ ਦੀ ਗੱਲਾਂ ਵਿਚ ਆ ਕੇ ਬਹੁਤ ਕੁਝ ਖਾ ਜਾਂਦੇ ਹਨ। ਸੋ ਸਰੀਰ ਤਾਂ ਸਾਡਾ ਹੀ ਹੈ ।ਸੋ ਕਿਸੇ ਨੇ ਸਹੀ ਹੀ ਕਿਹਾ ਹੈ ਕਿ ਇਲਾਜ ਨਾਲੋਂ ਪ੍ਰਹੇਜ਼ ਚੰਗਾ ਹੁੰਦਾ ਹੈ। ਸੋ ਸਾਨੂੰ ਪਹਿਰਾਵਾ ਤੇ ਖਾਣਾ ਸਮਾਜ ਦੇ ਮੁਤਾਬਕ ਹੀ ਖਾਣਾ ਚਾਹੀਦਾ ਹੈ।

**ਸੰਜੀਵ ਸਿੰਘ ਸੈਣੀ, ਮੋਹਾਲੀ**
**ਮੋ. 7888966168**

## ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ...

ਕਿ ਕਿਸ ਪ੍ਰਕਾਰ ਉਹ ਗੈਰ-ਮੁਸਲਮਾਨਾਂ ਉਤੇ ਅਤਿਆਚਾਰ ਕਰਦਾ ਸੀ ਅਤੇ ਵਿਸ਼ਾਲ ਮੁਸਲਮ ਰਾਜ ਦੇ ਸਥਾਪਣ ਕਰਨ ਦੇ ਲਗਾਤਾਰ ਸੁਪਨੇ ਲੈਂਦਾ ਰਹਿੰਦਾ ਸੀ। ਜੇ ਉਹ ਇਸ ਉਦੇਸ਼ ਵਿਚ ਸਫਲ ਹੋ ਜਾਂਦਾ ਤਾਂ ਇਹ ਮੁਸਲਮਾਨਾਂ ਦੀ ਸਭ ਤੋਂ ਵਡੀ ਇਤਿਹਾਸਕ ਪ੍ਰਾਪਤੀ ਹੁੰਦੀ ਅਤੇ ਔਰੰਗਜ਼ੇਬ ਦਾ ਨਾਂ ਸਭ ਤੋਂ ਮਹਾਨ ਮੁਸਲਮਾਨਾਂ ਵਿਚ ਗਿਣਿਆ ਜਾਂਦਾ। ਪਰ ਉਹ ਗੈਰ ਮੁਸਲਮਾਨਾਂ ਦਾ ਉਸ ਵੱਡੀ ਗਿਣਤੀ ਵਿਚ ਕਤਲਾਮ ਕਰਨ ਵਿਚ ਅਸਫਲ ਰਿਹਾ ਜਿਸ ਨਾਲ ਕਿ ਉਸਦੇ ਸੁਪਨਿਆਂ ਦੀ ਪੂਰਤੀ ਹੋਣੀ ਸੀ।

ਹਿੰਦੂਆਂ ਦੇ ਬਨਾਰਸ ਤੇ ਬਿੰਦਰਾ ਬਨ ਵਰਗੇ ਸ਼ਹਿਰਾਂ ਵਿਚ ਚਿੱਟੇ ਦਿਨ ਮੰਦਰਾਂ ਨੂੰ ਢਾਹ ਦਿਤਾ ਗਿਆ ਤੇ ਉਨਾਂ ਦੀ ਥਾਂ ਮਸੀਤਾਂ ਉਸਾਰ ਦਿਤੀਆਂ ਗਈਆਂ। ਜਿਹੜਾ ਕੋਈ ਔਰੰਗਜ਼ੇਬ ਦੇ ਰਾਜਸੀ ਧਰਮ ਨੂੰ ਅਪਨਾਉਣ ਤੋਂ ਇਨਕਾਰੀ ਹੁੰਦਾ ਉਸੇ ਸਮੇਂ ਤਲਵਾਰ ਉਸ ਦਾ ਸਿਰ ਲਾਹ ਦੇਂਦੀ। ਦੁੱਖਾਂ ਦੀ ਮਸਿਆ ਸਾਰੇ ਦੇਸ਼ ਉੱਤੇ ਛਾਂ ਚੁੱਕੀ ਸੀ ਅਤੇ ਗੈਰ ਮੁਸਲਮਾਨਾਂ ਦੇ ਘਰਾਂ ਵਿਚ ਨਿਮ੍ਰਭੁਣਤਾ ਦਾ ਪਹਿਰਾ ਸੀ। ਹਿੰਦੂਆਂ ਦੀ ਕੋਈ ਚੀਜ਼ ਵੀ ਪਵਿਤਰ ਨਹੀਂ ਸੀ ਖਿਆਲ ਕੀਤੀ ਜਾਂਦੀ। ਇਥੋਂ ਤੱਕ ਕਿ ਮੁਸਲਮਾਨ ਹਿੰਦੂਆਂ ਦੀਆਂ ਮਾਵਾਂ, ਭੈਣਾਂ ਪਤਨੀਆਂ ਲੜਕੀਆਂ, ਗਊਆਂ ਨੂੰ ਆਪਣੀ ਜਾਇਜ਼ ਮਲਕੀਅਤ ਸਮਝਦੇ ਸਨ। ਹਿੰਦੂ 'ਕਾਫ਼ਰ' ਨੂੰ ਮਾਰਨਾ ਧਾਰਮਿਕ ਫਰਜ਼ (ਸੁਆਬ) ਖਿਆਲ ਕੀਤਾ ਜਾਂਦਾ ਸੀ। ਮੁਹੰਮਦੀ ਸ਼ਰਾਂ ਦੇ ਕਾਨੂੰਨ ਉਨਾਂ ਨੂੰ ਮਾਰ ਮੁਕਾਉਣ ਦੀ ਪ੍ਰਵਾਨਗੀ ਦੇਂਦੇ ਸਨ ਜਿਹੜੇ ਇਸਲਾਮ ਨੂੰ ਮੰਨਣ ਲਈ ਤਿਆਰ ਨਹੀਂ ਸਨ। ਇਹ ਉਨਾਂ ਦੀ ਆਮ ਵਿਆਖਿਆ ਕੀਤੀ ਜਾਂਦੀ ਸੀ। ਇਸ ਅੰਨੇ ਅਤਿਆਚਾਰਾਂ ਤੇ ਤਸ਼ੱਦਦ ਵਿਰੁਧ ਸਾਰਾ ਦੇਸ਼ ਇਕ ਅਵਾਜ਼ ਹੋ ਕੇ ਪੁਕਾਰ ਉਠਿਆ ਤੇ ਇਸ ਉਤੇ ਲਾਤਾ ਪਾਉਣ ਲਗਾ। ਸ਼੍ਰੀਨਗਰ ਤੇ ਕਸ਼ਮੀਰ ਦੇ ਬਾਹਮਣ ਜੋ ਗੁਰੂ ਦੀ ਕਸ਼ਮੀਰ ਦੇ ਵਾਸੀ ਸਨ ਇਕੱਠੇ ਹੋ ਕੇ ਅਨੰਦਪੁਰ ਪੁੱਜੇ। ਉਨਾਂ ਨੇ ਹਿਮਾਲਾ ਦੀ ਸ਼ਾਂਤ ਗੋਦੀ ਵਿਚ ਮੁਸਲਮਾਨ ਗਵਰਨਰ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਦੀ ਦਾਸਤਾਨ ਰੋ ਕੇ ਸੁਣਾਈ। ਉਨਾਂ ਲਈ ਮੌਤ ਤਸੀਹੇ ਤੇ ਸ਼ਰਮ ਤੋਂ ਬਿਨਾਂ ਹੋਰ ਕੁਝ ਵੀ ਉਥੇ ਬਾਕੀ ਨਹੀਂ ਸੀ ਰਹਿ ਗਿਆ। ਨਾ ਉਸਦੇ ਗੁਸੇ ਦੀ ਕੋਈ ਹੱਦ ਸੀ ਨਾ ਉਸਦੇ ਜ਼ੁਲਮ ਦਾ ਕੋਈ ਅੰਤ। ਗੁਰੂ ਜੀ ਨੇ ਉਨਾਂ ਦੀ ਦੁੱਖੀ ਪੁਕਾਰ ਤਾਂ ਉਨਾਂ ਦੇ ਇਥੇ ਆਉਣ ਤੋਂ ਪਹਿਲਾਂ ਹੀ ਸੁਣ ਲਈ ਸੀ ਪਰ ਹੁਣ ਉਹ ਸਮਾਂ ਆ ਗਿਆ ਸੀ ਜਦੋਂ ਉਨਾਂ ਨੇ ਆਪਣੀ ਕੁਰਬਾਨੀ ਦੇ ਕੇ ਲੋਕਾਂ ਲਈ ਬੰਦ-ਖਲਾਸ ਕਰਨੇ ਸਨ।

ਜਿਸ ਦਿਨ ਉਨਾਂ ਨੇ ਇਹ ਫੈਸਲਾ ਕਰਨਾ ਸੀ ਉਸ ਦਿਨ ਉਨਾਂ ਦਾ ਬਾਲ ਸਪੁਤਰ ਗੋਬਿੰਦ ਰਾਇ ਆ ਕੇ ਪੁਛਣ ਲੱਗਾ, 'ਪਿਤਾ ਜੀ, ਅੱਜ ਏਨੇ ਚੁਪਚਾਪ ਕਉਂ ਹੋ ?' ਗੁਰੂ ਜੀ ਨੇ ਉਤਰ ਦਿੱਤਾ, 'ਪੁੱਤਰ! ਤੁਹਾਨੂੰ ਦੁਖੀ ਲੋਕਾਂ ਦੀ ਹਾਲਤ ਦਾ ਅਜੇ ਪਤਾ ਨਹੀਂ। ਉਨਾਂ ਦੇ ਹਾਕਮ ਬਘਿਆੜ ਬਣ ਗਏ ਹਨ ਅਤੇ ਉਨਾਂ ਦੇ ਦੁੱਖਾਂ ਤੇ ਤਕਲੀਫ਼ਾਂ ਦਾ ਕੋਈ ਅੰਤ ਦਿਖਾਈ ਨਹੀਂ ਦਿੰਦਾ।' ਬਾਲ ਪੁਤਰ ਨੇ ਮੁੜ ਪੁਛਿਆ 'ਪਰ ਪਿਤਾ ਜੀ ਇਹਦਾ ਇਲਾਜ ਕੀ ਹੈ ?' ਮੇਰੇ ਬੱਚੇ ਇਸਦਾ ਇਕੋ ਇਕ ਇਲਾਜ ਇਹ ਹੈ ਕਿ ਪ੍ਰਭੂ ਦਾ ਪਿਆਰਾ ਵਿਅਕਤੀ ਇਸ ਬਲਦੀ ਅੱਗ ਵਿਚ ਆਪਣੀ ਆਹੂਤੀ ਦੇ ਦੇਵੇ। ਫਿਰ ਲੋਕਾਂ ਨੂੰ ਇਨਾਂ ਦੁੱਖਾਂ ਤੋਂ ਛੁਟਕਾਰਾ ਮਿਲ ਜਾਵੇਗਾ ।

'ਪਿਤਾ ਜੀ, ਆਪਣਾ ਬਲੀਦਾਨ ਦੇ ਦਿਓ ਤੇ ਲੋਕਾਂ ਨੂੰ ਦੁੱਖਾਂ ਤੋਂ ਬਚਾ ਲਵੋ, ਪੁੱਤਰ ਨੇ ਕਿਹਾ, ਬਾਲ ਦਾ ਵਿਚਾਰ ਠੀਕ ਸੀ। ਇਸ ਬਿਨਾਂ ਕੋਈ ਹੋਰ ਚਾਰਾ ਨਹੀਂ ਸੀ। ਗੁਰੂ ਜੀ ਨੂੰ ਲੋਕਾਂ ਦੀ ਖਾਤਰ ਆਪਣੇ ਆਪ ਨੂੰ ਕੁਰਬਾਨ ਕਰਨ ਪੈਣਾ ਸੀ। ਪ੍ਰਭੂ ਦੇ ਸਪੁਤਰ ਨੂੰ ਲੋਕਾਂ ਵਿਚ ਜ਼ਿੰਦਗੀ ਭਰਨ ਲਈ ਆਪਣਾ ਖੂਨ ਡੋਲਣਾ ਪੈਣਾ ਸੀ । ਇਹੀ ਜੀਵਨ ਦਾ ਪੁਰਾਤਨ ਰਹੱਸਵਾਦੀ ਨਿਯਮ ਹੈ।

ਗੁਰੂ ਜੀ ਨੂੰ ਮੁੜ ਇਕ ਵਾਰ ਆਪਣੇ ਪਿਆਰੇ ਸਪੁਤਰ, ਮਾਤਾ ਜੀ ਤੇ ਸਿੱਖਾਂ ਕੋਲੋਂ ਵਿਦਾਇਗੀ ਲੈਣੀ ਪਈ ਅਤੇ ਇਸ ਵਾਰ ਉਨਾਂ ਦੀ ਯਾਤਰਾ ਉਸ ਮੰਜ਼ਲ ਵਲ ਸੀ ਜਿੱਥੋਂ ਉਨਾਂ ਨੇ ਮੁੜ ਇਸ ਜਾਣੇ ਪਛਾਣੇ ਸਰੀਰਕ ਜਾਮੇ ਵਿਚ ਵਾਪਸ ਨਹੀਂ ਸੀ ਪਰਤਨਾ। ਇਸ ਸਮੇਂ ਤੱਕ ਅਨੰਦਪੁਰ ਦੀ ਨਗਰੀ ਸੁਚੱਜੇ ਪ੍ਰਬੰਧ ਵਿਚ ਸੀ। ਇਥੇ ਸਤਿਗੁਰੂ ਦਾ ਸਿਰਜਿਆ ਹੋਇਆ ਉਹ ਜੀਵਨ ਬਾਗ ਸੀ ਜਿਥੋਂ ਜੀਵਨ ਦੀ ਧਾਰਾ ਸਦਾ ਵਹਿੰਦੀ ਸੀ। ਸਿੱਖਾਂ ਦਾ ਉਹ ਸਿਖਿਆਧਾਰੀ ਤੇ ਪ੍ਰਭੂ ਦੀ ਸਿਫ਼ਤ ਸਲਾਹ ਦਾ ਉਹ ਮੰਦਰ ਜਿਥੇ ਆ ਕੇ ਦੂਰ ਨੇੜੇ ਦੇ ਸ਼ਰਧਾਵਾਨ ਅਜਿਹੇ ਅਕਹਿ ਅਨੰਦ ਵਿਚ ਜੁੜਦੇ ਸਨ ਜੋ ਗੁਰੂ ਚਰਨਾਂ ਤੋਂ ਬਿਨਾਂ ਉਨਾਂ ਨੂੰ ਹੋਰ ਕਿਸੇ ਥਾਂ ਤੋਂ ਵੀ ਪ੍ਰਾਪਤ ਨਹੀਂ ਸੀ ਹੋ ਸਕਦਾ। ਗੋਬਿੰਦ ਰਾਇ ਜੀ ਨੇ ਦਸਵੇਂ ਗੁਰੂ ਦੇ ਰੂਪ ਵਿਚ ਪ੍ਰਗਟ ਹੋਣਾ ਸੀ ਜਿਹਾ ਕਿ ਸਾਰੇ ਸੰਸਾਰ ਨੂੰ ਪ੍ਰਤੱਖ ਸੀ। ਬੀਤ ਚੁਕੇ ਤੇ ਤਨ ਵਾਲੇ ਯੁਗਾਂ ਦਾ ਵਿਸਪਾਤ ਬਾਲ ਗੋਬਿੰਦ ਜੀ ਦੇ ਮਸਤਕ ਤੇ ਪ੍ਰਭਾਮੰਡਲ ਦੀ ਨੀਲੀ ਝਲਕ ਵਿਚੋਂ ਦਿਖਾਈ ਦੇ ਰਿਹਾ ਸੀ। ਧਿਆਨੀ ਅੱਖਾਂ ਨੇ ਬਚਪਨ ਵਿਚ ਹੀ ਤਾੜ ਲਿਆ ਸੀ ਕਿ ਉਸਦੇ ਦੁਮਾਲੇ ਉਤੇ ਸਜੀ ਕਲਗੀ ਅਕਾਸ਼ਾਂ ਨੂੰ ਛੋਂਹਦੀ ਹੈ। ਉਹ ਇਕ ਸਦੀਵੀ ਤਲਿਸਮਾ (ਕਰਾਮਾਤ) ਸੀ ਜਿਹੜਾ ਸੂਰਜ ਤੇ ਚੰਦਰਮਾਂ ਨੂੰ ਪਿਘਲਾ ਕੇ ਮਨੁੱਖੀ ਹਿਰਦਿਆਂ ਅੰਦਰ ਪ੍ਰਕਾਸ਼ ਭਰ ਸਕਦਾ ਸੀ।

'ਗੁਰੂ ਤੇਗ਼ ਬਹਾਦਰ ਜੀ ਦੇ ਹੁੰਦਿਆਂ ਹੀ ਅਨੰਦਪੁਰ ਵਿਚ ਗੋਬਿੰਦ ਜੀ ਦੀ ਸ਼ੋਭਾ ਚਮਕ ਉਠੀ ਸੀ ਅਤੇ ਉਨਾਂ ਨੇ ਤੀਰ ਅੰਦਾਜ਼ੀ, ਕਿਰਪਾਨ ਦੇ ਕਸਬ ਤੇ ਘੋੜ ਸਵਾਰੀ ਵਿਚ ਪ੍ਰਵੀਨਤਾ ਪ੍ਰਾਪਤ ਕਰ ਲਈ ਸੀ। ਆਪਣੇ ਪਿਤਾ ਜੀ ਦੇ ਚਰਨਾਂ ਵਿਚ ਬੈਠਕੇ ਉਨਾਂ ਨੇ ਕਾਵਿ ਰਚਨਾ ਕੀਤੀ। ਉਸ ਸਮੇਂ ਅਨੰਦਪੁਰ ਵਿਖੇ ਉਨਾਂ ਨੂੰ ਜੀਵਨ ਦੀ ਕਲਾ ਵਿਚ ਨਿਪੁੰਨ ਕਰਨ ਲਈ ਹਰ ਪ੍ਰਕਾਰ ਦੇ ਗੁਣਵਾਨ ਵਿਅਕਤੀ ਸਿਖਿਆ ਦੇਂਦੇ ਰਹੇ ਸਨ। ਇਸ ਵਾਰ ਸੇਵਕ ਗੋਬਿੰਦ ਜਿਵੇਂ ਕਿ ਲਹਿਣਾ ਜੀ, ਅਮਰਦਾਸ ਜੀ ਤੇ ਰਾਮਦਾਸ ਜੀ ਦੀ ਹਾਲਤ ਵਿਚ ਹੋਇਆ ਸੀ ਆਪਣੇ ਗੁਰੂ ਕੋਲੋਂ ਨਹੀਂ ਸੀ ਵਿਛੜ ਰਿਹਾ, ਕੇਵਲ ਗੁਰੂ ਜੀ ਨੇ ਆਪਣੇ ਸਿੱਖ ਤੋਂ ਵਿਛੜਨਾ ਸੀ । ਗੁਰੂ ਜੀ ਨੇ ਸੇਵਕ ਗੋਬਿੰਦ ਨੂੰ ਪਹਿਲਾਂ ਹੀ ਗੁਰੂ ਨਾਨਕ ਦੇ ਸੰਪੂਰਨ ਰੂਪ ਵਿਚ ਪ੍ਰਗਟ ਕਰ ਦਿਤਾ ਸੀ, ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਵਿਚ ਹੀ ਨਿਵਾਸ ਰਖਣਾ ਸੀ ਅਤੇ ਗੁਰੂ ਜੀ ਤੇਗ਼ ਬਹਾਦਰ ਨੇ ਆਪਣੇ ਪ੍ਰੀਤਮ (ਗੁਰੂ ਗੋਬਿੰਦ ਸਿੰਘ) ਕੋਲੋਂ ਆਪਣੇ ਆਪ ਨੂੰ ਵਿਛੋੜ ਕੇ ਲਿਜਾਣਾ ਸੀ।

ਬਾਕੀ ਸਫ਼ਾ 31 'ਤੇ

# KGF ਦੀ ਅਸਲ ਕਹਾਣੀ

## ਭਾਰਤ ਨੂੰ ਸੋਨੇ ਦੀ ਚਿੜੀ ਕਿਉਂ ਕਿਹਾ ਜਾਂਦਾ ਸੀ ?

**ਮੱਖਣ ਬੇਗਾ**

ਮੂਲ ਸ੍ਰੋਤ ਇੰਟਰਨੈੱਟ ਅਤੇ FF Penni ਦੀ ਕਿਤਾਬ **'Living Dangerously'**

ਪਹਿਲਾਂ 2018 ਅਤੇ ਹੁਣੇ ਜਿਹੇ 2022 ਵਿਚ ਰਿਲੀਜ਼ ਹੋਈ ਕੰਨੜ ਫਿਲਮ KGF (ਕੋਲਾਰ ਗੋਲਡ ਫ਼ੀਲਡ) ਨੂੰ ਦੇਖਣ ਤੋਂ ਬਾਅਦ ਸ਼ਾਇਦ ਕਈ ਲੋਕਾਂ ਨੂੰ KGF ਦਾ ਮਤਲਬ ਪਤਾ ਲੱਗਿਆ। ਹੋ ਸਕਦਾ ਸ਼ਾਇਦ ਕਈਆਂ ਨੂੰ ਹਾਲੇ ਵੀ ਫ਼ਿਲਮ ਦੀ ਪਿੱਠ ਭੂਮੀ ਨਾ ਪਤਾ ਹੋਵੇ।

ਭਾਵੇ ਫ਼ਿਲਮ ਕੋਈ ਇਤਿਹਾਸਿਕ ਦਸਤਾਵੇਜ ਨਾ ਹੋ ਕਿ ਜਿਆਦਾਤਰ ਕਲਪਨਾ ਦੀ ਸਿਰਜਨਾਤਮਿਕ ਉਪਜ ਹੈ, ਇਹ ਬਹੁਤ ਦਿਲਚਸਪ ਹੈ, ਪਰ ਕੋਲਾਰ ਵਿਚ ਫੈਲੇ ਸੋਨੇ ਦੀਆਂ ਪਰਤਾਂ ਦੀ ਕਹਾਣੀ ਇਸਤੋਂ ਵੀ ਜਿਆਦਾ ਦਿਲਚਸਪ ਹੈ।

ਕੋਲਾਰ ਗੋਲਡ ਫ਼ੀਲਡ (KGF) ਦੁਨੀਆ ਦੀ ਦੂਜੀ ਸਭ ਤੋਂ ਡੂੰਘੀ ਸੋਨੇ ਦੀ ਖਾਣ ਹੈ, ਇਸਦੀ ਡੂੰਘਾਈ 3 ਕਿਲੋਮੀਟਰ ਹੈ। ਕਿਹਾ ਜਾਂਦਾ ਹੈ ਕਿ ਚੋਲ ਰਾਜਿਆਂ ਦੇ ਸਮੇਂ ਇੱਥੇ ਰਹਿਣ ਵਾਲੇ ਲੋਕ ਇਥੋਂ ਹੱਥਾਂ ਨਾਲ ਸੋਨਾ ਕੱਢ ਕੇ ਲੈ ਜਾਂਦੇ ਸਨ।

ਸੰਨ 1871 ਵਿਚ ਈਸਟ ਇੰਡੀਆ ਕੰਪਨੀ ਦਾ ਇੱਕ ਫੌਜੀ, ਆਇਰਲੈਂਡ ਦਾ ਰਹਿਣ ਵਾਲਾ ਇੱਕ ਅੰਗਰੇਜ਼ ਅਫ਼ਸਰ ਮਾਇਕਲ ਫਿਟਜਰਲਡ ਲਾਵੇਲ ਭਾਰਤ, ਬੰਗਲੌਰ ਕੈਂਟ ਆਇਆ, ਇਹ ਫੌਜੀ ਰਿਟਾਇਰਮੈਂਟ ਦੇ ਨੇੜੇ ਲੱਗਿਆ ਹੋਇਆ ਸੀ, ਇਸਤੋਂ ਪਹਿਲਾਂ ਇਹ ਨਿਊਜ਼ੀਲੈਂਡ ਵਿਚ Anglo- Maori ਜੰਗ ਲੜਕੇ ਆਇਆ ਸੀ। ਇਸਨੂੰ ਸੋਨੇ ਦੀਆਂ ਖਾਨਾਂ ਬਾਰੇ ਬਹੁਤ ਵੱਡਾ ਜਨੂੰਨ ਸੀ, ਭਾਵੇਂ ਉਹ ਕੋਈ ਬਹੁਤਾ ਅਮੀਰ ਬੰਦਾ ਨਹੀਂ ਸੀ।

ਰਿਟਾਇਰਮੈਂਟ ਤੋਂ ਬਾਅਦ ਇਹ ਕੁੱਝ ਵੱਡਾ ਕੰਮ ਕਰਨਾ ਚਾਹੁੰਦਾ ਸੀ। ਇਹ ਅਕਸਰ ਕਿਤਾਬਾਂ ਪੜਦਾ ਰਹਿੰਦਾ, ਇੱਕ ਦਿਨ ਇਸਦੇ ਹੱਥ Asiatic Journal ਨਾਮ ਦੇ ਇੱਕ ਰਸਾਲੇ ਦਾ ਇੱਕ ਲੇਖ ਹੱਥ ਲੱਗਿਆ ਜਿਸਤੋਂ ਬਾਅਦ ਇਸਨੂੰ KGF ਬਾਰੇ ਪਤਾ ਲੱਗਿਆ।

ਇਸ ਗੱਲ ਤੋਂ ਬਾਅਦ ਲਵੇਲ ਦੀ ਦਿਮਾਗ ਘੁੰਮ ਗਿਆ ਅਤੇ ਉਸਨੇ ਸੋਨੇ ਦੇ ਕਾਰੋਬਾਰ ਵਿਚ ਆਪਣਾ ਹੱਥ ਅਜਮਾਉਣ ਦੀ ਸੋਚੀ।

ਲੈਫਟੀਨੈਂਟ ਵਾਰਨ ਨੇ ਸ਼੍ਰੀਰੰਗਾਪਟਮਨਮ ਦੇ ਸਥਾਨ ਤੇ ਹੋਈ ਲੜਾਈ ਜਿਸ ਵਿੱਚ ਟੀਪੂ ਸੁਲਤਾਨ ਦੀ ਮੌਤ ਹੋ ਗਈ ਸੀ, ਵਿਚ ਹਿੱਸਾ ਲਿਆ ਸੀ। ਇਸ ਅਫ਼ਸਰ ਨੇ ਸੋਨੇ ਦੀਆਂ ਖਾਨੋਂ ਆਪਣੇ ਅੱਖੀਂ ਦੇਖੀਆਂ ਸਨ, ਦੂਜਾ ਟੀਪੂ ਦੀ ਮੌਤ ਤੋਂ ਬਾਅਦ ਭਾਵੇਂ ਸਾਰਾ ਰਾਜ ਮੈਸੂਰ ਦੀ ਸਲਤਨਤ ਵਿਚ ਮਿਲਾ ਦਿੱਤਾ ਗਿਆ ਸੀ, ਪਰ KGF ਇਲਾਕੇ ਦੇ ਅਲੱਗ ਸਰਵੇ ਕਰਨ ਦੇ ਹੁਕਮ ਸਨ, ਇਸ ਕੰਮ ਲਈ 33ਵੀਂ ਇਨਫੈਂਟਰੀ ਕਮਾਂਡ ਦੇ ਅਫ਼ਸਰ Lt ਵਾਰਨ ਨੂੰ ਚੁਣਿਆ ਗਿਆ।

ਸਰਵੇ ਕਰਨ ਵੇਲੇ ਇਸ ਅਫ਼ਸਰ ਨੇ ਸਥਾਨਿਕ ਲੋਕਾਂ ਤੋਂ ਬਹੁਤ ਗੱਲਾਂ, ਅਫ਼ਵਾਹਾਂ ਸੁਣੀਆਂ, ਇਸਨੇ ਚੋਲ ਵੰਸ਼ ਦੇ ਸਮੇਂ ਤੋਂ ਲੋਕਾਂ ਦੁਆਰਾ ਹੱਥਾਂ ਨਾਲ ਸੋਨਾ ਕੱਢਣ ਦੀਆਂ



ਗੱਲਾਂ ਵੀ ਸੁਣੀਆਂ।

ਇੱਕ ਦਿਨ ਇਸਨੇ ਨੇੜੇ ਦੇ ਇੱਕ ਪਿੰਡ ਵਿਚ ਜਾ ਕੇ ਮੁਨਾਦੀ ਕਰਵਾ ਦਿੱਤੀ ਕਿ ਜੋ ਵੀ ਇਸਨੂੰ ਪੀਲ਼ੀ ਧਾਤ ਦੇ ਦਰਸ਼ਨ ਕਰਾਵੇਗਾ ਉਸਨੂੰ ਨਗਦ ਇਨਾਮ ਦਿੱਤਾ ਜਾਵੇਗਾ। ਕਿਹਾ ਜਾਂਦਾ ਕਿ ਅਗਲੇ ਦਿਨ ਹੀ ਲੋਕ ਉਸ ਕੋਲ ਮਿੱਟੀ ਗਾਰੇ ਦੇ ਭਰੇ ਗੱਡੇ ਲੈ ਕੇ ਪਹੁੰਚ ਗਏ। ਲੋਕਾਂ ਨੇ ਅਫ਼ਸਰ ਦੇ ਸਾਹਮਣੇ ਜਦੋਂ ਉਸ ਮਿੱਟੀ ਨੂੰ ਧੋਤਾ ਤਾਂ ਉਸ ਵਿੱਚੋਂ ਸੋਨੇ ਦੇ ਕਣ ਨਿਕਲਣੇ ਸ਼ੁਰੂ ਹੋ ਗਏ, 56 ਕਿਲੋਗ੍ਰਾਮ ਮਿੱਟੀ ਦੇ ਵਿੱਚੋਂ ਜੇਕਰ ਕਣਕ ਦੇ ਦਾਣੇ ਜਿੰਨਾ ਸੋਨਾ ਨਿੱਕਲ ਸਕਦਾ ਸੀ, ਤਾਂ ਵੱਡੇ ਪੱਧਰ 'ਤੇ ਹੁੰਦੇ ਉਤਪਾਦਨ ਨਾਲ ਭਲਾ ਕੀ ਹੋਵੇਗਾ ਅੰਗਰੇਜ਼ ਇਹ ਸੋਚਕੇ ਹੈਰਾਨ ਰਹਿ ਗਏ।

ਵਾਰਨ ਨੇ ਫਿਰ ਸੋਚਿਆ ਕਿ ਕਿਉਂ ਨਾ ਸੋਨੇ ਦੀ ਭਾਲ ਕੋਲਾਰ ਤੋਂ ਅੱਗੇ ਵੀ ਕੀਤੀ ਜਾਵੇ। ਇਸ ਲਈ ਉਸਨੇ ਮੌਰਿਕੱਪਮ ਤੱਕ ਮਿੱਟੀ ਨੂੰ ਸੈਂਕੜੇ ਫੁੱਟ ਹੇਠਾਂ ਤੱਕ ਪੱਟ ਦਿੱਤਾ ਗਿਆ।

1804-06 ਤੱਕ ਅਜਿਹੀਆਂ ਬਹੁਤ ਸਾਰੀਆਂ ਖੋਜਾਂ ਹੁੰਦੀਆਂ ਰਹੀਆਂ, ਕਈ ਇਲਾਕਿਆਂ ਵਿਚੋਂ ਲੋਕਲ ਬਾਸ਼ਿੰਦਿਆਂ ਨੂੰ ਬੇਘਰ ਕਰਕੇ ਸੋਨੇ ਦੀ ਭਾਲ ਹੁੰਦੀ ਰਹੀ, ਪਰ ਹੱਥ ਕੁੱਝ ਨਾ ਲੱਗਿਆ। ਉਲਟਾ ਲਈ ਜਗਾ ਤੇ ਗੈਰ-ਕਾਨੂੰਨੀ ਮਾਈਨਿੰਗ ਕਾਰਨ ਐਕਸੀਡੈਂਟ ਹੋਣ ਕਾਰਨ, 1859 ਵਿਚ ਗੈਰ ਕਾਨੂੰਨੀ ਖਣਨ ਦਾ ਕੰਮ ਬੈਨ ਕਰ ਦਿੱਤਾ ਗਿਆ।

ਲੈਫਟੀਨੈਂਟ ਵਾਰਨ ਦੀਆਂ 60-65 ਸਾਲ ਪੁਰਾਣੀਆਂ ਰਿਪੋਰਟਾਂ ਪੜਕੇ ਲਾਵੇਲ ਦੇ ਮਨ ਵਿਚ ਫਿਰ ਲਾਲਚ ਜਾਗ ਪਿਆ, ਉਹ 1871 ਵਿਚ ਇੱਕ ਬੈਲ ਗੱਡੀ ਕਿਰਾਏ 'ਤੇ ਲੈ ਕੇ 60 ਕਿੱਲੋਮੀਟਰ ਦੀ ਆਪਣੀ ਕੋਲਾਰ ਯਾਤਰਾ 'ਤੇ ਨਿੱਕਲ ਪਿਆ।

ਦੋ ਸਾਲਾਂ ਵਿਚ ਉਸਨੇ ਸਥਾਨਕ ਲੋਕਾਂ ਵਿਚ ਜਾ ਕੇ ਵੱਖ ਵੱਖ ਥਾਵਾਂ 'ਤੇ ਖ਼ੋਜਬੀਨ ਸ਼ੁਰੂ ਕੀਤੀ, ਉਸਨੇ 1873 ਵਿਚ ਸੋਨੇ ਦੀ ਮਾਈਨਿੰਗ ਕਰਨ ਦਾ ਲਾਇਸੈਂਸ ਮੰਗਿਆ, ਪਰ ਇਹ ਨਾ ਮਿਲਿਆ, ਕਿਉਂਕਿ ਸਰਕਾਰ ਨੂੰ ਸੋਨੇ ਨਾਲੋਂ ਕੋਲੇ ਵਿਚ ਜਿਆਦਾ ਦਿਲਚਸਪੀ ਸੀ। ਵਾਰਨ ਨਿਰਾਸ਼ ਨਾ ਹੋਇਆ, ਬਲਕਿ ਉਸਨੇ ਕੂਰਗ (Coorg) ਅਤੇ ਮੈਸੂਰ (Mysoor) ਦੇ ਕਮਿਸ਼ਨਰ ਨੂੰ ਇਕ ਹੋਰ ਚਿੱਠੀ ਲਿਖੀ, ਉਸਨੇ ਕਿਹਾ, 'ਜੇ ਮੈਨੂੰ ਸੋਨਾ ਖਣਨ ਦਾ ਅਧਿਕਾਰ ਮਿਲੇ ਤਾਂ ਇਹ ਸਰਕਾਰ ਵਾਸਤੇ ਬਹੁਤ ਫਾਇਦੇਮੰਦ ਹੋਵੇਗਾ, ਜੇ ਮੈਂ ਆਪਣੇ ਮਕਸਦ ਵਿੱਚ ਫੇਲ ਵੀ ਹੀ ਗਿਆ ਤਾਂ ਤੁਹਾਨੂੰ ਕੋਈ ਨੁਕਸਾਨ ਨਹੀਂ।'

2 ਫਰਵਰੀ 1875 ਨੂੰ ਲਾਵੇਲ ਨੂੰ ਦੋਹਾਂ ਚੀਜ਼ਾਂ ਕੋਲਾ ਅਤੇ ਸੋਨੇ ਨੂੰ ਕੱਢਣ ਦਾ ਵੀਹ ਸਾਲ ਦਾ ਠੇਕਾ ਮਿਲ ਗਿਆ। ਅਸਲੀ ਲੁੱਟ ਦਾ ਕੰਮ ਸ਼ੁਰੂ ਹੋਇਆ।

ਇੱਥੇ ਭਾਰਤ ਦਾ 95% ਸੋਨਾ ਪੈਦਾ ਹੋਣ ਲੱਗਾ। ਅਗਲੇ ਦਸ ਸਾਲਾਂ ਵਿਚ ਇਥੋਂ 1,70,000 ਕਿਲੋਗ੍ਰਾਮ ਸੋਨਾ ਕੱਢਕੇ ਬਰਤਾਨੀਆ ਐਕਸਪੋਰਟ ਕੀਤਾ ਗਿਆ। 1920 ਤੱਕ ਕੰਮ ਕਰਨ ਦੇ ਮਕਸਦ ਨਾਲ ਇਸ 30,000 ਵਰਗ ਕਿਲੋਮੀਟਰ ਦੇ ਦਾਇਰੇ ਵਿਚ ਲੱਗਭੱਗ ਨੱਬੇ ਹਜ਼ਾਰ ਲੋਕ ਰਹਿੰਦੇ ਸਨ।

ਜਿੱਥੇ ਇੱਕ ਪਾਸੇ ਲਵੇਲ ਦੇ ਬਹੁਤ ਸਾਰੇ ਪ੍ਰਸ਼ੰਸ਼ਕ ਬਣੇ ਉਥੇ ਹੀ ਈਸਟ ਇੰਡੀਆ ਕੰਪਨੀ ਦੇ ਦੂਜੇ ਅਫ਼ਸਰ ਅਤੇ ਵਾਪਰੀ ਉਸਤੋਂ ਖ਼ਾਰ ਖਾਣ ਲੱਗੇ ਅਤੇ ਉਸਦੇ ਵਿਰੁੱਧ ਵੱਡੇ ਅਫ਼ਸਰਾਂ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਜਦੋਂ ਲਵੇਲ ਨੂੰ ਇਸਦਾ ਪਰ ਲੱਗਿਆ ਤਾਂ ਉਸਨੇ ਫ਼ੌਜ ਦੀ ਮਦਰਾਸ ਕੋਰ ਦੇ ਮੇਜਰ ਜਨਰਲ ਨੂੰ ਕੋਈ ਲਾਲਚ ਦੇ ਕੇ, ਕਈ ਹੋਰ ਕਰਨਲਾਂ ਨਾਲ ਮਿਲਕੇ ਇੱਕ ਕੰਪਨੀ ਬਣਾਈ ਜਿਸਦਾ ਨਾਂ ਕੋਲਾਰ ਕਨਸੈਸਨਰੀਜ਼ ਕੰਪਨੀ ਰੱਖਿਆ। ਹੁਣ ਕੋਲ਼ ਖਾਨਾਂ ਨੂੰ ਪੁੱਟਣ ਦਾ ਠੇਕਾ ਇਸ ਕੰਪਨੀ ਕੋਲ ਆ ਗਿਆ। ਖਾਨਾਂ ਵਿਚ ਵਰਤੀ ਜਾਂਦੀ ਸਾਰੀ ਮਸ਼ੀਨਰੀ ਦਾ ਕੰਮ, Norwich, England ਦੀ ਫ਼ਰਮ ਜੋਹਨ ਟੇਲਰ ਐਂਡ ਸੰਨਜ਼' ਦਾ ਸੀ। ਹੁਣ ਪੂਰੀ ਦੁਨੀਆਂ ਵਿਚੋਂ ਸਭ ਤੋਂ ਉੱਚ ਕੋਟੀ ਦੇ ਇੰਜੀਨੀਅਰ ਇੱਥੇ ਕੰਮ ਕਰਨ ਲਈ ਬੁਲਾਏ ਗਏ।

ਕੰਮ ਦੀ ਰਫ਼ਤਾਰ ਤੇਜ਼ ਹੋਣ ਨਾਲ ਇਸ ਖੇਤਰ ਵਿਚ ਬਿਜਲੀ ਦੀ ਲੋੜ ਮਹਿਸੂਸ ਹੋਈ, ਆਰਮੀ ਦੀ Royal Engineering ਕੋਰ ਦੇ ਇੰਜੀਨੀਅਰਾਂ ਨੇ ਮੈਸੂਰ ਦੇ ਮਹਾਰਾਜੇ ਨੂੰ ਕਾਵੇਰੀ ਨਦੀ ਤੇ ਭਾਰਤ ਦਾ ਪਹਿਲਾ ਅਤੇ ਏਸ਼ੀਆ ਦਾ ਦੂਜਾ ਪਾਵਰ ਪਲਾਂਟ ਲਗਾਉਣ ਦੀ ਪੇਸ਼ਕਸ਼ ਕੀਤੀ ਗਈ।

ਸਾਲ 1900 ਵਿਚ ਨਿਊਯਾਰਕ ਦੀ ਸੈਂਟਰਲ ਇਲੈਕਟ੍ਰਿਕ ਕੰਪਨੀ, ਅਤੇ ਸਵਿਟਜ਼ਰਲੈਂਡ ਦੀ ਆਈਸ਼ਰ ਵੀਸ **(Eicher Wyss)** ਨੂੰ ਪਲਾਂਟ ਲਾਉਣ ਦਾ ਠੇਕਾ ਮਿਲਿਆ। ਇਸ ਪ੍ਰਾਜੈਕਟ ਲਈ ਵਰਤੀ ਜਾਂਦੀ ਬਹੁਤੀ ਮਸ਼ੀਨਰੀ ਜਰਮਨੀ ਤੋਂ ਮੰਗਵਾਈ ਗਈ, ਜਿਸਨੂੰ ਹਾਥੀਆਂ, ਘੋੜਿਆਂ ਦੀ ਮੱਦਦ ਨਾਲ ਇੱਥੇ ਪਹੁੰਚਾਇਆ ਗਿਆ।

ਜਲਦੀ ਹੀ ਕੋਲਾਰ ਖ਼ੇਤਰ ਵਿਚੋਂ ਦੀਵੇ ਮੋਮਬੱਤੀਆਂ ਗਾਇਬ ਹੋ ਗਈਆਂ ਅਤੇ ਇਹ ਏਸ਼ੀਆ ਮਹਾਂਦੀਪ ਵਿੱਚ ਜਾਪਾਨ ਤੋਂ ਬਾਅਦ ਬਿਜਲੀ ਪ੍ਰਾਪਤ ਕਰਨ ਵਾਲੀ ਦੂਜੀ ਜਗਾ ਸੀ।

ਹੌਲੀ ਹੌਲੀ ਇਸ ਜਗਾ ਦਾ ਨਾਮ ਲਿਟਲ ਇੰਗਲੈਂਡ ਪੈ ਗਿਆ। ਠੰਢਾ ਮੌਸਮ, ਸ਼ਾਂਤ ਮਾਹੌਲ ਚੰਗੇ ਪੱਖ ਸਨ, ਜਿੱਥੇ ਇੱਕ ਪਾਸੇ ਅੰਗਰੇਜ਼ ਅਫ਼ਸਰ ਠੰਡੇ ਮੌਸਮ ਵਿਚ ਆਪਣੀ ਜਿੰਦਗੀ ਦੇ ਮਜ਼ੇ ਲੁੱਟਦੇ

ਉੱਥੇ ਹੀ ਭਾਰਤੀ ਮਜ਼ਦੂਰਾਂ ਦੀ ਹਾਲਤ ਤਰਸਯੋਗ ਸੀ। ਇੱਕ ਨਿੱਕੀ ਜਿਹੀ ਝੌਂਪੜੀ ਵਿਚ ਪੂਰੇ ਪਰਿਵਾਰ ਨੂੰ ਰਹਿਣਾ ਪੈਂਦਾ, ਇੱਥੇ ਚੂਹਿਆਂ ਦੀ ਬਹੁਤ ਦਿੱਕਤ ਸੀ, ਇਕ ਅੰਗਰੇਜ਼ੀ ਰਿਕਾਰਡ ਮੁਤਾਬਕ ਇੱਕ ਸਾਲ ਵਿਚ ਮਜ਼ਦੂਰਾਂ ਨੇ 50,000 ਚੂਹੇ ਮਾਰ ਮੁਕਾਏ ਸਨ। ਕੰਮ ਵਾਲੀ ਜਗਾ ਵੀ ਨਰਕ ਵਰਗੀ ਸੀ, ਖਾਨ ਦੇ ਅੰਦਰ 55 ਡਿਗਰੀ ਦੇ ਤਾਪਮਾਨ 'ਤੇ ਕੰਮ ਕਰਕੇ ਉਹ ਗੰਦੀ ਹਵਾ ਨਾਲ਼ ਦਿਨ ਬ ਦਿਨ ਮਰਦੇ ਸਨ, ਹਰ ਦੂਜੇ ਤੀਜੇ ਦਿਨ ਕੋਈ ਨਾ ਕੋਈ ਗ਼ੈਰ ਸੁਖਾਵੀਂ ਘਟਨਾ ਹੀ ਜਾਂਦੀ।

ਹੌਲੀ ਹੌਲੀ ਸੋਨੇ ਦਾ ਉਤਪਾਦਨ ਘਟਣ ਦੇ ਨਾਲ ਨਾਲ ਲਾਲਚੀ ਵਪਾਰੀਆਂ ਦਾ KGF ਨਾਲ਼ ਮੋਹ ਟੁੱਟਣ ਲੱਗ ਪਿਆ। ਹੁਣ ਕੋਲਾਰ ਉਨ੍ਹਾਂ ਦਾ ਕਮਾਊ ਪੁੱਤ ਨਾ ਰਿਹਾ, ਨਾ ਸਿਰਫ ਇੰਗਲੈਂਡ ਬਲਕਿ ਹੋਰਨਾਂ ਦੇਸ਼ਾਂ ਤੋਂ ਆਏ ਵਪਾਰੀਆਂ ਦਾ ਮੂੰਹ ਹੁਣ ਪੱਛਮੀ ਅਫ਼ਰੀਕਾ ਅਤੇ ਘਾਨਾ ਵਰਗੇ ਕੁਦਰਤੀ ਸਰੋਤਾਂ ਨਾਲ ਭਰੇ ਮੁਲਕਾਂ ਵੱਲ ਹੋ ਗਿਆ। ਪਰ ਅਜ਼ਾਦੀ ਤੋਂ ਬਾਅਦ ਵੀ ਅਗਲੇ ਨੌਂ-ਦਸ ਸਾਲਾਂ ਤੱਕ ਇਹ ਖਾਨਾਂ ਬ੍ਰਿਟਿਸ਼ ਹਕੂਮਤ ਦੇ ਕੋਲ ਰਹੀਆਂ। ਆਖ਼ਿਰ 1956 ਵਿਚ ਇਨ੍ਹਾਂ ਦਾ ਰਾਸ਼ਟਰੀਕਰਨ ਕਰ ਦਿੱਤਾ ਗਿਆ। ਪ੍ਰਸਿੱਧ ਭਾਰਤੀ **ਬਾਕੀ ਸਫ਼ਾ 30 'ਤੇ**

# ਹੱਸਦੇ ਜ਼ਖਮ



**ਢਾਡੀ ਕੁਲਜੀਤ ਸਿੰਘ ਦਿਲਬਰ**

**+1-425-524-1828**

ਘੜੀ ਦੀ ਸੂਈ ਰਾਤ ਦਾ ਇਕ ਵਜਾ ਰਹੀ ਸੀ ਕਿ ਅਚਾਨਕ ਮੇਰੀ ਮਾਂ ਦੀ ਤਬੀਅਤ ਖਰਾਬ ਹੋ ਗਈ। ਮੈਂ ਆਪਣੇ ਗੁਆਂਢੀ ਨੂੰ ਫੋਨ ਕਰ ਕੇ ਜਗਾਇਆ ਉਹ ਫਟਾ ਫਟ ਪਹੁੰਚਿਆ, ਅਸੀਂ ਮਾਂ ਨੂੰ ਕਾਰ ਵਿਚ ਬਿਠਾ ਕੇ ਪ੍ਰਾਈਵੇਟ ਹਸਪਤਾਲ ਵਲ ਤੁਰ ਪਏ। ਹਸਪਤਾਲ ਅੱਗੇ ਕਾਰ ਖੜੀ ਕੀਤੀ, ਇਕ ਨਰਸ ਸਾਡੇ ਵੱਲ ਆਈ, ਕਹਿਣ ਲੱਗੀ ਅਗਰ ਮਰੀਜ ਦੀ ਤਬੀਅਤ ਜਿਆਦਾ ਖਰਾਬ ਹੈ, ਮੈ ਡਾਕਟਰ ਨੂੰ ਫੋਨ ਕਰਾਂ, ਮੈਂ ਕਿਹਾ ਜਲਦੀ ਡਾਕਟਰ ਨੂੰ ਬੁਲਾਓ। ਨਰਸ ਨੇ ਡਾਕਟਰ ਨੂੰ ਫੋਨ ਕੀਤਾ, ਅਸੀਂ ਸਾਰੀ ਕਾਰਵਾਈ ਕਰਕੇ ਮਾਂ ਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ, ਡਾਕਟਰ ਨੇ ਆਣ ਕੇ ਨਿਰੀਖਣ ਕੀਤਾ, ਕਹਿੰਦਾ ਘਬਰਾਉਣ ਵਾਲੀ ਗੱਲ ਨਹੀਂ, ਸ਼ੂਗਰ ਦਾ ਅਟੈਕ ਆਇਆ ਸੀ। ਉਹ ਨਰਸ ਨੂੰ ਸਮਝਾ ਕੇ ਕਿਹੜੇ ਟੈਸਟ ਕਰਨੇ, ਕਿਹੜੀ ਦਵਾਈ ਦੇਣੀ, ਸਾਨੂੰ ਹੌਸਲਾ ਦੇ ਕੇ ਚਲਾ ਗਿਆ

ਨਰਸ ਆਪਣੇ ਕੰਮ ਵਿਚ ਜੁਟ ਗਈ, ਮੈਂ ਆਪਣੇ ਗੁਆਂਢੀ ਨੂੰ ਕਿਹਾ ਤੁਸੀਂ ਘਰ ਜਾ ਕੇ ਦੱਸ ਦਿਓ ਕਿ ਸਭ ਠੀਕ ਹੈ ਤੇ ਨਾਲੇ ਘਰ ਜਾ ਕੇ ਆਰਾਮ ਕਰ ਲਵੋ। ਸਵੇਰੇ ਆ ਜਾਣਾ, ਮੈਂ ਧੰਨਵਾਦ ਕੀਤਾ, ਉਹ ਉਥੋਂ ਘਰ ਆ ਗਿਆ

ਨਰਸ ਬੜੀ ਮਿਲਾਪੜੀ ਤੇ ਹਸਮੁਖ ਸੀ, ਚਿਹਰੇ 'ਤੇ ਮੁਸਕਰਾਹਟ ਓਹਦੇ ਬੋਲਣ ਦਾ ਲਹਿਜ਼ਾ, ਬੋਲਾਂ ਦੀ ਮਿਠਾਸ ਸਭ ਨੂੰ ਆਪਣੇ ਵੱਲ ਖਿੱਚਦੀ ਸੀ। ਮੈਂ ਦੋ ਦਿਨ ਹਸਪਤਾਲ ਰਿਹਾ, ਓਹਦੇ ਕੰਮ ਕਰਨ ਦੇ ਲਹਿਜ਼ੇ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ।

ਪਰ ਮੇਰੇ ਮਨ ਨੂੰ ਪਤਾ ਨਹੀਂ ਕਿਉਂ ਲੱਗ ਰਿਹਾ ਸੀ ਕਿ ਇਹ ਨਰਸ ਲੜਕੀ ਜਿੰਨੀ ਉੱਪਰੋਂ ਖੁਸ਼ ਲਗਦੀ, ਅੰਦਰੋਂ ਜ਼ਰੂਰ ਉਨੀ ਦੁਖੀ ਹੋਵੇਗੀ। ਕਈ ਵਾਰ ਮੈਂ ਜਾਨਣ ਦੀ ਕੋਸ਼ਿਸ਼ ਕੀਤੀ, ਪਰ ਹਰ ਵਾਰ ਉਹ ਆਪਣੇ ਦਿਲ ਦੇ ਜ਼ਖਮ ਛੁਪਾ ਜਾਂਦੀ। ਰਾਤ ਕਾਫੀ ਹੋ ਚੁੱਕੀ ਸੀ, ਮਾਂ ਦਵਾਈ ਦੀ ਘੂਕੀ ਨਾਲ ਸੁਤੀ ਪਈ ਸੀ। ਮੈਂ ਬਾਹਰ ਆ ਕੇ ਰਾਤ ਦੇ ਆਗੋਸ਼ ਵਿਚ ਟਿਮ ਟਿਮਾ ਰਹੇ ਤਾਰਿਆਂ ਦੀ ਚਾਨਣੀ ਵਿਚ ਖਲੋ ਕੇ ਕੁਝ ਸੋਚ ਰਿਹਾ ਸੀ ਕਿ ਨਰਸ ਦਲਜੀਤ ਨੇ ਆਣ ਕੇ ਮੇਰੀਆਂ ਸੋਚਾਂ ਦੀ ਗੁੰਝਲ ਦੀ ਉਧੇੜ ਬੁਣ ਨੂੰ ਉਧੇੜਦੀ ਬੋਲੀ, ਅੰਕਲ ਕਿਹੜੀਆਂ ਸੋਚਾਂ 'ਚ ਡੁਬੇ ਹੋਏ ਹੋ ? ਮੈਂ ਕਿਹਾ ਨਿੱਕੀ ਨਿੱਕੀ ਲੋ ਵਿਚ ਕਿਰ ਗਈ ਗਾਨੀ ਵਾਂਗ ਟੋਹ ਟੋਹ ਕੇ ਆਪਣਾ ਆਪ ਲੱਭਣ ਦੀ ਕੋਸ਼ਿਸ਼ ਕਰ ਰਿਹਾਂ। ਮੈਂ ਪਿਆਰ ਨਾਲ ਸਿਰ ਪਲੋਸਿਆ ਕੁਝ ਕਹਿਣ ਲੱਗਾ। ਨਰਸ ਕਹਿਣ ਲੱਗੀ :-

ਤਬੀਬੋ ਕੋ ਕਿਆ ਪੁਛੂ ਇਲਾਜੇ ਦਰਦ ਦਿਲ ਆਪਨਾ
ਮਰਜ਼ ਜਬ ਜ਼ਿੰਦਗੀ ਖੁਦ ਹੈ ਤੋ ਫਿਰ ਉਸਕੀ ਦਵਾ ਕਿਆ ਹੈ

ਉਹ ਰੋਣ ਲੱਗੀ। ਮੈਂ ਓਹਦੇ ਦਿਲ ਦਾ ਜ਼ਖ਼ਮ ਪੜ ਲਿਆ। ਓਹਨੇ ਆਪਣੀ ਦਰਦ ਕਹਾਣੀ ਦੇ ਜ਼ਖਮ ਮੇਰੇ ਸਾਹਮਣੇ ਖੋਲ ਕੇ ਆਪਣੇ ਦਿਲ ਦਾ ਭਾਰ ਹੌਲਾ ਕਰ ਲਿਆ।

ਮੈਂ ਅਜੇ ਵੀਹ ਸਾਲ ਦੀ ਹੋਈ ਸੀ ਕਿ ਘਰਦਿਆਂ ਮੇਰਾ ਵਿਆਹ ਕਰ ਦਿੱਤਾ। ਮੇਰਾ ਜੀਵਨ ਸਾਥੀ ਆਰ ਐਮ ਪੀ ਡਾਕਟਰ ਸੀ। ਸਿਆਣਿਆਂ ਸਲਾਹ ਦਿੱਤੀ ਕਿ ਕਿਤੇ ਹੋਰ ਜਾ ਕੇ ਪ੍ਰੈਕਟਿਸ ਕਰੋ। ਪਿੰਡ ਵਿਚ ਪਿੰਡ ਵਾਲਿਆਂ ਕੁਝ ਨਹੀਂ ਪੱਲੇ ਪਾਉਣਾ। ਅਸੀਂ ਪਿੰਡ ਛੱਡ ਕੇ ਕਿਸੇ ਹੋਰ ਪਿੰਡ ਜਾ ਕੇ ਦੁਕਾਨ ਖੋਲ ਲਈ। ਕੰਮ ਵਧੀਆ ਚਲ ਪਿਆ। ਚਾਰ ਸਾਲ ਵਿਚ ਦੋ ਬੇਟੀਆਂ ਹੋ ਗਈਆਂ। ਲੜਕਾ ਚਾਹੁੰਦੇ ਚਾਹੁੰਦੇ ਚਾਰ ਬੇਟੀਆਂ ਹੋ



ਗਈਆਂ, ਫਿਰ ਲੜਕਾ ਹੋਇਆ। ਇਕ ਦਿਨ ਮੈਂ ਸਵੇਰੇ ਉਠੀ ਇਹ ਅਜੇ ਸੁੱਤੇ ਪਏ ਸਨ, ਮੈਂ ਉਠਾਇਆ ਨਾ, ਮੈਂ ਸੋਚਿਆ ਚੱਲ ਆਰਾਮ ਕਰ ਲੈਣ। ਮੈਂ ਨਹਾ ਕੇ ਪਾਠ ਪੂਜਾ ਕਰ ਕੇ ਜਦੋਂ ਚਾਹ ਬਣਾ ਕੇ ਕਮਰੇ ਵਿਚ ਆਈ, ਘਰਾੜੇ ਵੱਜ ਰਹੇ ਸਨ। ਮੈਂ ਹੱਥ ਨਾਲ ਹਿਲਾਇਆ ਤਾਂ ਪਤਾ ਲਗਾ ਇਹ ਘਰਾੜੇ ਨਹੀਂ ਇਹ ਘੰਢ ਵੱਜ ਰਿਹਾ ਸੀ। ਮੈਂ ਗੁਆਂਢ ਗਈ, ਕਿਸੇ ਨੂੰ ਨਾਲ ਲੈ ਕੇ ਇਨ੍ਹਾਂ ਨੂੰ ਹਸਪਤਾਲ ਲੈ ਕੇ ਗਈ। ਡਾਕਟਰ ਨੇ ਕਿਹਾ ਸਾਈਲੈਂਟ ਅਟੈਕ ਆਇਆ ਇਹ ਇਸ ਦੁਨੀਆ 'ਚ ਨਹੀਂ, 'ਹੀ ਇਜ਼ ਨੋ ਮੋਰ'। ਮੇਰੀ ਦੁਨੀਆ ਉਝੜ ਗਈ। ਮੈਂ ਰੋਂਦੀ ਕੁਰਲਾਉਂਦੀ ਵਿਲਕਦੀ, ਬੱਚਿਆਂ ਨੂੰ ਲੈ ਕੇ ਪਿੰਡ ਆ ਗਈ। ਸ਼ਰੀਕੇ ਤੇ ਰਿਸ਼ਤੇਦਾਰਾਂ ਨੇ ਮੂੱਖ ਮੋੜ ਲਏ, ਮੇਰੇ ਜੇਠ ਨੇ ਕਹਿ ਦਿੱਤਾ, ਵੱਡਾ ਪਰਿਵਾਰ ਮੈਂ ਨਹੀਂ ਸੰਭਾਲ ਸਕਦਾ, ਸਹੁਰੇ ਘਰ ਨੇ ਬਾਂਹ ਫੜਨ ਤੋਂ ਇਨਕਾਰ ਕਰ ਦਿੱਤਾ। ਪਾਪੀ ਪੇਟ ਲਈ ਬੱਚਿਆਂ ਦੀ ਪਰਵਰਿਸ਼ ਲਈ ਲੋਕਾਂ ਦੇ ਘਰਾਂ ਵਿਚ ਜਾ ਕੇ ਸਫਾਈ, ਕੱਪੜੇ ਅਤੇ ਜੂਠੇ ਭਾਂਡੇ ਮਾਂਝ ਕੇ ਗੁਜ਼ਾਰਾ ਸ਼ੁਰੂ ਕੀਤਾ। ਸਮਾਜ ਦੇ ਹਵਸ ਦੇ ਪੁਜਾਰੀ ਇਰਦ ਗਿਰਦ ਮੰਡਰਾਉਣ ਲੱਗੇ, ਪਰ ਸਮਾਜ ਦੀ ਪ੍ਰਵਾਹ ਕੀਤੇ ਬਿਨਾਂ ਮੈਂ ਆਪਣੀ ਸੱਚੀ ਕਿਰਤ ਦੇ ਭਰੋਸੇ, ਮੈਂ ਬੱਚੇ ਪੜਾ ਰਹੀ ਸਾਂ, ਪਾਲ ਰਹੀ ਸਾਂ, ਸੋਚਦੀ ਸਾਂ ਕਿ ਬੱਚੇ ਪੜ ਲਿਖ ਕੇ ਕਮਾਉਣ ਜੋਗੇ ਹੋ ਜਾਣਗੇ,

ਪਰ ਕੁਦਰਤ ਨੂੰ ਹੋਰ ਮਨਜ਼ੂਰ ਸੀ।

ਇਕ ਦਿਨ ਪੁੱਤਰ ਨੂੰ ਬੁਖ਼ਾਰ ਚੜਿਆ, ਇਲਾਜ ਕਰਾਇਆ, ਪਰ ਮੌਤ ਦਾ ਫਰਿਸ਼ਤਾ ਪੋਲੇ ਪੋਲੇ ਪੈਰੀਂ ਆ ਕੇ ਉਂਗਲ ਲਾ ਕੇ ਮੇਰੇ ਪੁੱਤਰ ਨੂੰ ਨਾਲ ਲੈ ਕੇ ਤੁਰ ਗਿਆ। ਪੁੱਤਰ ਦਾ ਵਿਛੋੜਾ ਮੇਰੇ ਲਈ ਅਸਹਿ ਤੇ ਅਕਹਿ ਸੀ।

ਮੈਂ ਇਕ ਘਰ ਕੰਮ ਕਰਦੀ ਸੀ, ਦੋਵੇਂ ਜੀਅ ਬੜੇ ਚੰਗੇ ਸੀ, ਭੈਣ ਮਨਜੀਤ ਦਾ ਸੁਭਾ ਬੜਾ ਚੰਗਾ ਸੀ, ਉਹ ਮੇਰੀ ਸਹੇਲੀ ਬਣ ਗਈ, ਉਹ ਆਪ ਨਰਸ ਸੀ, ਓਹਨੇ ਕਿਹਾ ਮੈਂ ਤੈਨੂੰ ਹਸਪਤਾਲ ਕੰਮ ਤੇ ਲਵਾ ਦੇਂਦੀ, ਤੈਨੂੰ ਨਰਸ ਦਾ ਕੰਮ ਸਿਖਾ ਦਿਆਂਗੇ। ਤੂੰ ਸੁਖ ਨਾਲ ਬੱਚਿਆਂ ਦਾ ਪਾਲਣਪੋਸ਼ਣ ਕਰੀਂ ਜਾਵੀਂ। ਓਹਨੇ ਮੈਨੂੰ ਹਸਪਤਾਲ ਵਿਚ ਕੰਮ ਤੇ ਲਵਾ ਦਿੱਤਾ, ਨਾਲ-ਨਾਲ ਮੈਨੂੰ ਨਰਸਿੰਗ ਵੀ ਸਿਖਾ ਦਿੱਤੀ। ਇਕ ਦਿਨ ਮੇਰੀ ਵੱਡੀ ਬੇਟੀ ਨੀਨਾ ਮੇਰੇ ਨਾਲ ਹਸਪਤਾਲ ਆਈ, ਹਸਪਤਾਲ ਵਾਲਿਆਂ ਜ਼ੋਰ ਪਾਇਆ ਕਿ ਇਹਨੂੰ ਵੀ ਇਥੇ ਕੰਮ ਤੇ ਰੱਖ ਲੈਂਦੇ ਹਾਂ। ਇਹਨੂੰ ਨਰਸਿੰਗ ਦਾ ਕੋਰਸ ਵੀ ਕਰਾ ਦਿਆਂਗੇ, ਮੈਂ ਮੰਨ ਗਈ। ਪੰਜ ਸੱਤ ਮਹੀਨੇ ਵਿਚ ਬੇਟੀ ਨਰਸਿੰਗ ਦਾ ਸਾਰਾ ਕੰਮ ਸਿੱਖ ਗਈ। ਉਸਨੂੰ ਨਰਸਿੰਗ ਦਾ ਕੋਰਸ ਵੀ ਕਰਾ ਦਿੱਤਾ, ਬੇਟੀ ਵੀ ਕਮਾਉਣ ਲੱਗ ਪਈ।

**ਬਾਕੀ ਸਫ਼ਾ 30 'ਤੇ**

## ਹੱਸਦੇ ਜ਼ਖਮ

ਅਸੀਂ ਮਾਂ ਧੀ ਇਕੱਠੀਆਂ ਜਾਂਦੀਆਂ, ਇਕੱਠੀਆਂ ਘਰ ਆ ਜਾਂਦੀਆਂ। ਦੂਜੇ ਬੱਚੇ ਦਾਦਾ ਦਾਦੀ ਕੋਲ ਰਹਿੰਦੇ, ਇਕ ਬੱਚੀ ਨੇ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਲਿਆ। ਬੇਟੀ ਨੀਨਾ ਦੀ ਰਾਤ ਦੀ ਡਿਊਟੀ ਵੀ ਹਸਪਤਾਲ ਵਿਚ ਲੱਗਣ ਲੱਗ ਗਈ। ਕੁਝ ਮਹੀਨੇ ਠੀਕ ਰਿਹਾ ਪਤਾ ਨਹੀਂ ਕਿਸ ਚੰਦਰੇ ਦੀ ਨਜ਼ਰ ਲੱਗੀ, ਮੇਰੀ ਬੇਟੀ ਨੀਨਾ ਚਾਲ-ਚਲਣ ਤੋਂ ਥਿੜਕ ਗਈ। ਮੈਨੂੰ ਜਿਉਂ ਭਿਣਕ ਪਈ ਮੈਂ ਬੈਠ ਕੇ ਧੀ ਨੂੰ ਸਮਝਾਇਆ ਪਰ ਧੀ ਮੇਰੇ ਵਾਲਾਂ ਨੂੰ ਪਈ ਉਹ ਮੇਰੇ 'ਤੇ ਦੋਸ਼ ਲਾਉਣ ਲੱਗ ਪਈ। ਮੈਂ ਆਪਣੇ ਸਹੁਰੇ ਨੂੰ ਕਿਹਾ ਓਹਨੇ ਮੈਨੂੰ ਦੋਸ਼ ਦੇਣੇ ਸ਼ੁਰੂ ਕਰ ਦਿੱਤੇ, ਜਿਵੇਂ ਤੂੰ ਕਰਦੀ ਤੇਰੀਆਂ ਧੀਆਂ ਨੇ ਵੀ ਉਵੇਂ ਕਰਨਾ, ਨੀਨਾ ਨਾ ਸਮਝੀ। ਇਕ ਵਾਰ ਬਾਰਾਂ ਦਿਨ ਘਰੋਂ ਬਾਹਰ ਰਹੀ। ਮੇਰੇ ਸਹੁਰੇ ਨੇ ਫੋਨ ਕੀਤਾ, ਓਹਨੇ ਸਾਫ ਕਹਿ ਦਿੱਤਾ ਜਾਂ ਇਸ ਘਰ ਵਿਚ ਮੈਂ ਰਹਾਂਗੀ ਜਾਂ ਮਾਂ ਰਹੇਗੀ। ਮੈਂ ਇੱਜ਼ਤ ਬਚਾਉਣ ਲਈ ਘਰ ਤੋਂ ਵੱਖਰੀ ਹੋ ਗਈ, ਮੈਂ ਕਮਰਾ ਕਿਰਾਏ 'ਤੇ ਲੈ ਲਿਆ। ਮੈਂ ਆਪਣੀ ਸਹੇਲੀ ਮਨਜੀਤ ਨੂੰ ਦੱਸਿਆ ਓਹਨੇ ਕਿਹਾ ਕੋਈ ਨਹੀਂ ਅਸੀਂ ਸਮਝਾਵਾਂਗੇ। ਮੇਰੀ ਸਹੇਲੀ ਨੇ ਬਹੁਤ ਸਮਝਾਇਆ, ਤੇਰੀ ਮਾਂ ਨੇ ਕਿਵੇਂ ਲੋਕਾਂ ਦੇ ਘਰ ਸਫਾਈਆਂ ਕਰ ਕੇ, ਲੋਕਾਂ ਦੇ ਜੂਠੇ ਭਾਂਡੇ ਮਾਂਜ ਕੇ ਤੁਹਾਨੂੰ ਪਾਲਿਆ ਪੋਸਿਆ, ਪੜਾਇਆ ਲਿਖਾਇਆ, ਤੂੰ ਅੱਜ ਇਹ ਸਿਲਾ ਦੇ ਰਹੀ ਏ, ਪਰ ਮੇਰੀ ਧੀ ਨਾ ਸਮਝੀ, ਉਹ ਜਵਾਨੀ ਦੇ ਨਸ਼ੇ ਵਿਚ ਅੰਨੀ ਹੋ ਚੁੱਕੀ ਸੀ।

ਪੈਸੇ ਕਮਾ ਕੇ ਰਾਤੋ ਰਾਤ ਅਮੀਰ ਬਣਨਾ ਚਾਹੁੰਦੀ ਸੀ।

ਮੇਰੀ ਛੋਟੀ ਧੀ ਦਾ ਰਿਸ਼ਤਾ ਆਇਆ, ਮੈਂ ਰਿਸ਼ਤਾ ਕਰ ਦਿੱਤਾ, ਮੇਰੇ ਸਹੁਰੇ ਤੇ ਧੀ ਨੇ ਪੁਲਿਸ ਤੱਕ ਸ਼ਿਕਾਇਤ ਕੀਤੀ, ਭਲਾ ਹੋਵੇ ਮਨਜੀਤ ਤੇ ਓਹਦੇ ਘਰਵਾਲੇ ਦਾ ਜਿਨਾਂ ਤਤੀ ਵਾ ਨਾ ਲੱਗਣ ਦਿੱਤੀ, ਓਹਨੇ ਪੁਲਿਸ ਤੇ ਪ੍ਰੈਸ ਰਿਪੋਟਰ ਸੱਦ ਕੇ ਸੱਚਾਈ ਤੇ ਪਹਿਰਾ ਦਿੱਤਾ। ਮਨਜੀਤ ਦੇ ਹੌਂਸਲੇ ਸਦਕਾ ਓਹਦੀ ਬਦੌਲਤ ਮੈਂ ਅੱਜ ਇਸ ਹਸਪਤਾਲ ਵਿਚ ਆਪਣੀ ਸੇਵਾ ਦੇ ਰਹੀ ਹਾਂ, ਬੱਚੇ ਪਾਲ ਰਹੀ ਹਾਂ। ਹਰ ਮਰੀਜ਼ ਦੇ ਦੁੱਖ ਵਿਚੋਂ ਮੈਂ ਆਪਣੇ ਆਪ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਹਾਂ, ਮੇਰੇ ਚਿਹਰੇ ਦਾ ਬਣਾਵਟੀ ਹਾਸਾ ਅੰਦਰ ਨਾਸੂਰ ਬਣ ਕੇ ਫਟ ਰਿਹਾ।

ਵੋ ਹੀ ਸਮਝੇਗਾ ਮੇਰੇ ਦਿਲ ਕੇ ਜ਼ਜ਼ਬਾਤ,

ਜਿਸ ਕੇ ਦਿਲ ਮੈਂ ਏਕ ਨਾਸੂਰ ਹੋਗਾ ਇਹ ਕਹਿੰਦਿਆਂ ਓਹਦੀਆਂ ਅੱਖਾਂ ਭਰ ਆਈਆਂ, ਭਾਵੇਂ ਮੇਰੀ ਧੀ ਮੈਨੂੰ ਦੁਸ਼ਮਣ ਸਮਝ ਰਹੀ, ਮੈਂ ਆਪਣੀ ਧੀ ਨੂੰ ਕਲਾਵੇ ਵਿਚ ਲੈ ਕੇ ਰੱਜ ਕੇ ਪਿਆਰ ਕਰਨਾ ਚਾਹੁੰਦੀ ਹਾਂ, ਨੌਂ ਮਹੀਨੇ ਪੇਟ ਵਿਚ ਰੱਖ ਕੇ ਪਾਲਿਆ, ਆਖਿਰ ਮਾਂ ਹਾਂ ਸੋਚਦੀ ਹਾਂ ਪਤਾ ਨਹੀਂ ਕਿਥੇ ਮਾਂ ਦੀ ਮਮਤਾ ਵਿਚ ਮੇਥੋਂ ਕਮੀ ਰਹਿ ਗਈ। ਮੈਂ ਇਨਾਂ ਮਰੀਜਾਂ ਦੇ ਦੁੱਖ ਵਿਚ ਸਾਰੀ ਕਾਇਨਾਤ ਨੂੰ ਭੁੱਲ ਜਾਂਦੀ ਹਾਂ।

ਮੁਝ ਸੇ ਨਫਰਤ ਕਰਨੇ ਵਾਲੇ ਕਮਾਲ ਕਾ ਹੁਨਰ ਰਖਤੇ ਹੈ।

ਮੁਝੇ ਦੇਖਣਾ ਭੀ ਨਹੀਂ ਚਾਹਤੇ ਪਰ ਨਜ਼ਰ ਮੁਝ ਪਰ ਹੀ ਰਖਤੇ ਹੈ।

ਇਹ ਕਹਿ ਕੇ ਉਹ ਹਸਪਤਾਲ ਅੰਦਰ ਚਲੇ ਗਈ, ਮੈਂ ਅਕਾਸ਼ ਵੱਲ ਦੋਵੇਂ ਹੱਥ ਉਠਾ ਕੇ ਪ੍ਰਵਿਦਗਾਰ ਅੱਗੇ ਅਰਜ਼ੋਈ ਕੀਤੀ, ਜੇ ਧੀਆਂ ਦੇਂਦਾ ਤਾਂ ਧੀਆਂ ਵਾਲਿਆਂ ਨੂੰ ਦੁੱਖ ਨਾ ਦੇ, ਮੈਂ ਅੱਖਾਂ ਦੇ ਹੰਝੂ ਪੂੰਜਦਾ ਮਾਂ ਕੋਲ ਆ ਗਿਆ, ਮੇਰੀ ਮਾਂ ਗਹਿਰੀ ਨੀਂਦ ਸੌਂ ਰਹੀ ਸੀ।

## KGF ਦੀ ਅਸਲ ਕਹਾਣੀ ..

ਵਗਿਆਨੀ ਹੋਮੀ ਜਹਾਂਗੀਰ ਭਾਵਾ ਦੇ ਇੱਕ ਪ੍ਰੋਟੋਨ ਸਬੰਧੀ ਇੱਕ ਲੇਖ ਛਪਣ ਤੋਂ ਬਾਅਦ 1960 ਵਿੱਚ ਇੱਥੇ ਇੱਕ 8000 ਫੁੱਟ ਲੈਬ ਸਥਾਪਿਤ ਕੀਤੀ ਗਈ,

1965 ਵਿਚ ਭਾਰਤ ਦਾ ਪਹਿਲਾਂ **cosmic ray neutrino** ਤਜ਼ਰਬਾ ਇਸੇ ਜਗਾ ਕੀਤਾ ਗਿਆ ਸੀ।

ਆਖਰਕਾਰ 28 ਫ਼ਰਵਰੀ 2001 ਵਿੱਚ ਲੋਕਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਇਹ ਖਾਨਾਂ ਹਮੇਸ਼ਾ ਲਈ ਬੰਦ ਕਰ ਦਿੱਤੀਆਂ ਗਈਆਂ। ਸੋਨਾ ਕੱਢਣ ਵਾਲਿਆਂ ਦੀ ਮਚਾਈ ਲੁੱਟ ਦਾ ਸਬੂਤ ਇੱਥੇ ਹੁਣ ਤੱਕ ਭਰੇ ਨਹੀਂ ਜਾਂ ਸਕਣ ਵਾਲੇ ਕਈ ਕਈ ਕਿਲੋਮੀਟਰ ਤੱਕ ਪਏ ਗੱਡੇ ਹਨ। ਇਨਾਂ ਵਿਚ ਹੜਾਂ ਦੇ ਦਿਨਾਂ ਵਿਚ ਪਾਣੀ ਭਰ ਜਾਂਦਾ, ਥੋੜੀ ਬਹੁਤੀ ਜਗਾ ਤੇ ਹੁੰਦੀ ਖ਼ੇਤੀ ਵੀ ਹੁਣ ਖ਼ਤਮ ਹੋ ਚੁੱਕੀ ਹੈ। ਬਹੁਤ ਸਾਰੀਆਂ ਸਰਕਾਰੀ ਸਕੀਮਾਂ ਵੀ ਧਰਤੀ ਦੀ ਹਿੱਕ 'ਤੇ ਟਾਕੀ ਲਾਉਣ ਤੋਂ ਪਹਿਲਾਂ ਖੁਦ ਦੀ ਖ਼ਤਮ ਹੀ ਗਈਆਂ ਹਨ।

ਭਾਵੇ 121 ਸਾਲਾਂ ਦੀ ਇਸ ਬ੍ਰਿਟਿਸ਼ ਲੁੱਟ ਦੇ ਦੌਰਾਨ ਵਪਾਰੀ ਲੋਕ ਇੱਥੋਂ ਅੱਠ ਹਜਾਰ ਟਨ (ਲਗਭਗ 7,25,747 ਕਿੱਲੋ) ਸੋਨਾ ਕੱਢ ਕੇ ਲੰਡਨ ਦੇ ਆਲੀਸ਼ਾਨ ਸ਼ੋਅਰੂਮਾਂ ਦਾ ਸ਼ਿੰਗਾਰ ਬਣਿਆ, ਪਰ ਅਸਲ ਵਿਚ ਕੋਲਾਰ ਨੂੰ ਇਸਦੀ ਬਹੁਤ ਵੱਡੀ ਕੀਮਤ ਚੁਕਾਉਣੀ ਪਈ ਹੈ। ਕੁੱਝ ਲੋਕਾਂ ਦਾ ਮੰਨਣਾ ਕਿ ਕੋਲਾਰ ਵਿਚ ਅੱਜ ਵੀ ਬਹੁਤ ਸੋਨਾ ਪਿਆ, ਪਰ ਸ਼ਾਇਦ ਉਸਨੂੰ ਕੱਢਣ ਦੀ ਕੀਮਤ ਹੁਣ ਸੋਨੇ ਦੀ ਕੀਮਤ ਤੋਂ ਵੀ ਜਿਆਦਾ ਮਹਿੰਗੀ ਹੋਵੇਗੀ।

## ਰਾਜੀਵ ਸੇਠ ਦੀਆਂ..

ਜੋ ਆਪਣੇ ਅਸਲੀ ਅਰਥ ਤਾਂ ਗੁਆ ਹੀ ਚੁੱਕੇ ਹਨ। ਜਦੋਂ ਕਵੀ ਲਿਖਦਾ ਹੈ, 'ਪਹੁੰਚੇਗਾ ਨਹੀਂ ਹੁਣ ਕੋਈ/ਅਸਲੀ ਖ਼ਬਰ ਤੀਕਣ------' ਅਤੇ ਕਵਿਤਾ ਦੀ ਆਖਰੀ ਸਤਰ 'ਪਿੰਜਰੇ ਅੰਦਰ ਪੂਰਾ ਅਜ਼ਾਦ ਹੈ ਹਰ ਪੰਛੀ---।' ਤਾਂ ਇਹ ਵਿਅੰਗਮਈ ਸ਼ੈਲੀ ਦਾ ਸਿਖਰ ਹੈ। 'ਰੋਗ' ਕਵਿਤਾ ਵੀ ਇਸ ਦੀ ਵਧੀਆ ਉਦਾਹਰਨ ਹੈ।

'ਗੱਡੀ ਨਿਕਲ ਜਾਏਗੀ' ਕਾਵਿ ਸੰਗ੍ਰਿਹ ਦੀਆਂ ਕਈ ਕਵਿਤਾਵਾਂ ਦੀ ਕਾਵਿਕਤਾ ਪਾਠਕਾਂ ਨੂੰ ਆਪਣੇ ਵਹਾ ਵਿਚ ਹੀ ਵਹਾ ਕੇ ਲੈ ਜਾਂਦੀ ਹੈ। ਕੁਝ ਉਦਾਹਰਣਾ ਹਨ: ਕਿਤੇ ਰੱਖ ਭੁੱਲ ਬੈਠੀ---/ਚੇਤਿਆਂ ਦੀ ਚੰਗੇਰ ਵਿਚੋਂ/ਭਾਲਦੀ ਸਲਾਈਆਂ---।( ਪੰਨਾ 29), ਮੰਨਿਆ ਤੂੰ ਮੰਦਾ ਨਹੀਂ ਕਹਿੰਦਾ/ਪਾਣੀ ਭਰਨ ਤਾਂ ਜਾਂਦਾ ਨਹੀਂ/ ਏਸੇ ਹੀ ਔਖਿਆਈ, ਰਾਜੇ/ਭੰਨਣੀ ਤੇਰੀ ਅੜਬ ਹੀ ਏ (ਪੰਨਾ 76), ਅਗਨ ਗੀਤ ਨਾਅਰੇ ਬਣ ਜਾਵਣ/ ਸਾਗਰ ਨੂੰ ਜਾ ਦੇਣ ਉਛਾਲੇ/ਗਜਬ, ਹੰਸ ਖ਼ਬਰੇ ਬਣ ਜਾਵਣ।(ਪੰਨਾ 77), ਕਦੇ ਹੀ/ਫੜ ਹੁੰਦੀ ਰਮਜ਼/ਉਤਰ ਹੁੰਦਾ ਡੂੰਘੇ ਪਾਣੀ/ਛੋਟੀ ਜਾਂਦੀ ਦੌਮੇਲ/ਹੁੰਦੀ ਆਮਦ,/ਉਤਰਦੇ ਛਿਣ/ਇਲਹਾਮ ਦੇ (ਪੰਨਾ 29), ਵੰਝਲੀ/ਅੰਦਰ ਪੌਣ,/ਹੂਕ ਸੁਣੇ/ਜੰਗਲ ਦੀ (ਪੰਨਾ 51), ਸੈਆਂ ਵਰੇ ਪਹਿਲਾਂ/ ਇੱਲਾਂ ਬਾਜਾਂ ਸੰਗ ਜਾ ਭਿੜੀ ਸੀ/ਆਪਣੇ ਹਿੱਸੇ ਦੇ ਅਸਮਾਨ ਲਈ। (ਪੰਨਾ 67), ਮਨ, ਸਰੀਰ ਫ਼ਰੋਲਿਆਂ/ਕੀ ਮਿਲਣਾ ਹੈ/ਪੁਤਰ,/ਮਰਜ਼ ਕਿਤੇ ਹੋਰ ਹੈ----। (ਪੰਨਾ 71) ਆਦਿ।

ਕੁਝ ਹੋਰ ਕਵਿਤਾਵਾਂ ਦੀਆਂ ਸਤਰਾਂ ਵਿਅੰਗ, ਠੋਸ ਸਚਾਈ, ਦਾਰਸ਼ਨਿਕ ਵਿਚਾਰਾਂ ਜਾਂ ਕੁਝ ਹੋਰ ਕਾਰਨਾਂ ਕਰਕੇ ਵੀ ਲੰਬੇ ਸਮੇਂ ਤੱਕ ਯਾਦ ਰਹਿਣ ਵਾਲੀਆਂ ਹਨ, ਜਿਵੇਂ:- ਦੋ ਬੂੰਦਾ---/ਸ਼ਾਂਤੀ, ਸਕੂਨ/ਸਬਰ, ਸੰਤੋਖ ਦੀਆਂ---- ਅਤੇ ਮੰਗ ਰਿਹਾਂ/ 'ਚਹੁੰ ਗਿਰਦ ਰਾਮ ਕਾਰ(ਦੋ ਬੂੰਦਾਂ), ਮੈਂ/ਇਸ ਵੱਛੇ ਤੋਂ/ ਜੀਵਨ ਦਾ ਸਲੀਕਾ/ਸਿੱਖਣਾ ਹੈ--- (ਦਰਸ਼ਨ), ਇਹ/ਦਵਾ ਦਾ/ ਦੁਆਰਾ/ ਆਪਣਾ/ਧਰਮ ਨਿਭਾਏਗੀ(ਕਵਿਤਾ), ਕਦੇ ਹੀ /ਫੜ ਹੁੰਦੀ ਰਮਜ਼----, ਕਦੇ ਕਦੇ ਹੀ ਹੀਰ/'ਮਿਹਰਬਾਨ'/ਹੁੰਦੀ-- ,ਉਂਝ/ਸਾਰੇ/ਲਿਖਦੇ ਹੀ /ਰਹਿੰਦੇ ਹਾਂ/ ਕਵਿਤਾ ਜਿਹਾ/ਬਹੁਤ ਕੁਝ(ਆਮਦ), ਮਿਲਦੀ ਨਹੀਂ ਮਿੱਟੀ/ਅੱਜ ਵੀ ਉਸ ਘਰ ਦੀ/ਜਿਥੇ ਕੋਈ ਕਦੇ/ਮੋਇਆ ਨਹੀਂ(ਰਹਾਓ), ਚੰਗੇ ਹੋਣਾ/'ਚੰਗਾ' ਹੁੰਦਾ ਹੈ---/ਬਹੁਤ ਚੰਗੇ ਹੋਣਾ/ਚੰਗਾ ਨਹੀਂ ਹੁੰਦਾ, ਪਰ/ਬੁਰਾ ਹੋਣਾ/ਚੰਗਾ ਨਹੀਂ ਹੁੰਦਾ, ਯਕੀਨਨ/ਪਰ ਬਹੁਤ ਬੁਰੇ ਹੋਣਾ/ਬਹੁਤ ਚੰਗੇ ਹੋਣਾ/ ਹੋ ਜਾਂਦਾ ਹੈ ਅੱਜ ਕਲ(ਅੱਜ-ਕੱਲ), ਪਰ ਪਸ਼ਮੀਨਿਆਂ 'ਤੇ ਵੀ/ ਜਲ ਗਏ/ਘੁੱਗੀਆਂ ਕਬੂਤਰ/ ਕੋਇਲਾਂ ਮੋਰ(ਹਨੇਰ) ਆਦਿ।

ਡਾ. ਦਵਿੰਦਰ ਕੌਰ (ਯੂ ਕੇ) ਨੇ ਇਸ ਕਾਵਿ ਸੰਗ੍ਰਿਹ ਦੇ ਮੁੱਖ ਬੰਦ ਵਿਚ ਰਾਜੀਵ ਸੇਠ ਦੀ ਕਵਿਤਾ ਨੂੰ 'ਠਹਿਰਾਉ' ਦੀ ਕਵਿਤਾ ਕਿਹਾ ਹੈ ਕਿਉਂ ਕਿ ਕਵੀ ਗੱਲ ਕਹਿਣ ਲਈ ਸ਼ਬਦਾਂ ਦੇ ਠਹਿਰਾਉ ਨੂੰ ਕਾਵਿ-ਵਿਧੀ ਵਜੋਂ ਅਪਣਾਉਂਦਾ ਹੈ।' ਉਨਾਂ ਅਨੁਸਾਰ ਕਵੀ ਮਨੁੱਖ ਨੂੰ ਕੁਦਰਤ ਨਾਲ ਜੋੜਨਾ ਚਾਹੁੰਦਾ ਹੈ। ਪੁਸਤਕ ਦੀ ਅਖੀਰ ਵਿਚ ਪੰਜਾਬੀ ਸਾਹਿਤ ਦੀ ਨਾਮਵਰ ਸ਼ਖਸੀਅਤ ਰਵਿੰਦਰ ਰਵੀ ਨੇ ਪ੍ਰਸਤੁਤ ਕਾਵਿ ਸੰਗ੍ਰਹਿ ਸੰਬੰਧੀ ਇਕ ਬਹੁਤ ਹੀ ਭਾਵਪੂਰਤ ਟਿਪਣੀ ਕੀਤੀ ਹੈ, 'ਇਹ ਕਵਿਤਾ ਆਪਣੀਆਂ ਹੀ ਟੁਕੜੀਆਂ ਵਿਚ ਆਪਣਾ ਸੁਤੰਤਰ ਸੰਸਾਰ ਸਿਰਜਦੀ ਹੋਈ, ਅੱਜ ਦੇ ਮਾਨਵ ਦਾ ਮਹਾਂ ਕਾਵਿ ਹੈ।'

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਰਾਜੀਵ ਸੇਠ ਕੋਲ ਕਾਵਿ ਕੁਸ਼ਲਤਾ ਹੈ, ਉਸ ਨੂੰ ਪਤਾ ਹੈ ਕਿ ਥੋੜੇ ਸ਼ਬਦਾਂ ਨੂੰ ਅਰਥਾਂ ਦੀ ਵਿਸ਼ਾਲਤਾ ਕਿਵੇਂ ਪ੍ਰਦਾਨ ਕਰਨੀ ਹੈ, ਕਾਵਿਕ ਮੁਹਾਵਰਾ ਕਿਵੇਂ ਸਿਰਜਨਾ ਹੈ, ਲੋੜ ਪੈਣ ਤੇ ਵਿਅੰਗ ਬਾਣ ਕਿਵੇਂ ਚਲਾਉਣੇ ਹਨ, ਆਪਣੇ ਚੌਗਿਰਦੇ ਫੈਲੀਆਂ ਆਮ ਜਿਹੀਆਂ ਚੀਜ਼ਾਂ ਨੂੰ ਵੀ ਕਿਵੇਂ ਕਵਿਤਾ ਵਿਚ ਪੇਸ਼ ਕਰਨਾ ਹੈ ਅਤੇ ਸਭ ਤੋਂ ਵੱਡੀ ਗੱਲ ਕਿ ਆਪਣੀ ਕਾਵਿ ਸਿਰਜਨਾ ਵਿਚ ਕਾਵਿਕਤਾ ਕਿਵੇਂ ਪੇਸ਼ ਕਰਨੀ ਹੈ। ਉਸ ਤੋਂ ਇਹ ਆਸ ਸੁਭਾਵਿਕ ਹੀ ਹੈ ਕਿ ਉਸ ਦੀ ਕਵਿਤਾ ਆਲੋਚਕਾਂ ਦੇ ਨਾਲ-ਨਾਲ ਆਮ ਪਾਠਕਾਂ ਦੀ ਲੋਕ ਕਚਹਿਰੀ ਵਿਚ ਵੀ ਪ੍ਰਵਾਨ ਚੜੇਗੀ।

## ਡਿਜੀਟਲ ਤਕਨੀਕ ਦਾ...

ਅਤੇ ਇਸੇ ਵਜਾ ਕਰਕੇ ਫ਼ਿਲਮ ਵਿਚ ਨਿਰਦੇਸ਼ਕ ਦਾ ਠੱਪਾ ਨਜ਼ਰ ਆਉਂਦਾ ਹੈ।

ਜਿਸ ਤਰਾਂ ਪਲਾਸਟਿਕ ਸਰਜਰੀ ਦੀ ਮਦਦ ਨਾਲ ਚਿਹਰੇ ਨੂੰ ਜ਼ਿਆਦਾ ਖ਼ੂਬਸੂਰਤ ਬਣਾਇਆ ਜਾ ਸਕਦਾ ਹੈ, ਉਸੇ ਤਰਾਂ ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਹੁਣ ਫ਼ਿਲਮ ਵਿਚ ਹੋਰ ਨਿਖਾਰ ਲਿਆਂਦਾ ਗਿਆ ਹੈ। ਫ਼ਿਲਮ ਵਿਚ ਹੁਣ ਵੀ ਉਹੀ ਆਤਮਾ ਹੈ ਜੋ ਉਦੋਂ ਸੀ।

## ਮਾਮਲਾ ਵਿਧਾਇਕ ਦੇ...

ਅਤੇ ਉੱਚ ਅਦਾਲਤ ਵਿਚ ਜਾਣ ਲਈ ਸਮਾਂ ਦਿੱਤਾ ਗਿਆ ਹੈ। ਅਸੀਂ ਇਨਸਾਫ਼ ਲਈ ਉੱਚ ਅਦਾਲਤ ਵਿਚ ਇਸ ਫ਼ੈਸਲੇ ਖ਼ਿਲਾਫ਼ ਅਪੀਲ ਦਾਇਰ ਕਰਾਂਗੇ।

## ਕਾਨੂੰਨਾਂ ਤੇ ਅਦਾਲਤਾਂ...

ਪਰ ਅੱਜ ਸਾਡੇ ਕੋਲ ਘਟਨਾਵਾਂ ਦਾ ਵਿਸ਼ਲੇਸ਼ਣ ਹੈ ਅਤੇ ਅਸੀਂ ਦੇਖ ਸਕਦੇ ਹਾਂ ਕਿ ਇਹ ਪ੍ਰਕਿਰਿਆਵਾਂ ਜਿਸ ਤਰਾਂ ਨਾਲ ਚੱਲੀਆਂ ਉਨਾਂ ਦਾ ਸਿੱਟਾ ਹਿੰਦੂ ਬਹੁਗਿਣਤੀ ਵਾਦ ਨੂੰ ਮਜ਼ਬੂਤ ਕਰਨ 'ਚ ਹੀ ਨਿਕਲ ਸਕਦਾ ਸੀ। ਇਸ ਇਤਿਹਾਸ 'ਤੇ ਨਵੀਂ ਨਜ਼ਰ ਪਾਉਣ 'ਤੇ ਸਾਨੂੰ ਭੀਖੂ ਪਾਰਿਖ ਵਰਗੇ ਰਾਜਨੀਤਕ ਸਿਧਾਂਤਕਾਰ ਦੀ ਉਹ ਗੱਲ ਯਾਦ ਆਉਂਦੀ ਹੈ, ਜਿਸ 'ਚ ਉਨਾਂ ਨੇ ਨਹਿਰੂ ਅਤੇ ਕਾਂਗਰਸ ਦੀ ਅਗਵਾਈ 'ਚ ਬਣੀ ਭਾਰਤ ਦੀ ਪਹਿਲੀ ਅਤੇ ਜ਼ਬਰਦਸਤ ਬਹੁਮਤ ਨਾਲ ਚੁਣੀ ਗਈ ਸਰਕਾਰ ਦੀ ਆਤਮਛਵੀ ਨੂੰ 'ਹਿੰਦੂ' ਕਰਾਰ ਦਿੱਤਾ ਸੀ। ਪਾਰਿਖ ਦਾ ਇਹ ਨਿਰੀਖਣ ਸਾਫ਼ ਤੌਰ 'ਤੇ ਇਸ਼ਾਰਾ ਕਰਦਾ ਹੈ ਕਿ ਭਾਰਤ ਦੇ ਸੰਦਰਭ 'ਚ ਲੋਕਤੰਤਰਿਕ ਬਹੁਮਤ ਪਹਿਲੇ ਦਿਨ ਤੋਂ ਹੀ ਬਹੁਗਿਣਤੀ ਵਾਦ ਦੀ ਤਰਾਂ ਪਰਿਭਾਸ਼ਤ ਹੋਣ ਦੇ ਖ਼ਦਸ਼ੇ ਤੋਂ ਗ੍ਰਸਤ ਸੀ। ਪਾਰਿਖ ਦੇ ਨਾਲ-ਨਾਲ ਤ੍ਰਿਲੋਕੀ ਨਾਥ ਮਦਨ ਵੀ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਨਹਿਰੂ ਸਰਕਾਰ ਆਪਣੇ ਧਰਮ-ਨਿਰਪੱਖ ਅਤੇ ਆਧੁਨਿਕਤਾਵਾਦੀ ਇਰਾਦਿਆਂ ਦੇ ਪਾਲਣ 'ਚ ਕਈ ਵਾਰ ਖ਼ੁਦ ਨੂੰ ਰਾਜਨੀਤਕ ਬਹੁਮਤ ਦੇ ਆਧਾਰ 'ਤੇ ਚੁਣੀ ਗਈ ਸਰਕਾਰ ਨਾ ਸਮਝ ਕੇ ਹਿੰਦੂ ਬਹੁਗਿਣਤੀ ਦੀ ਨੁਮਾਇੰਦਗੀ ਕਰਨ ਵਾਲੀ ਸਰਕਾਰ ਦੀ ਤਰਾਂ ਪੇਸ਼ ਕਰਦੀ ਨਜ਼ਰ ਆਉਂਦੀ ਸੀ: 'ਨਹਿਰੂ ਦਾ ਰਾਜ ਹਿੰਦੂਆਂ ਦੇ ਸੰਦਰਭ 'ਚ ਹਿੰਦੂ ਦੀ ਤਰਾਂ ਹੀ ਵਿਵਹਾਰ ਕਰਦਾ ਸੀ ਅਤੇ ਹਿੰਦੂਆਂ 'ਤੇ ਆਪਣੇ ਹੱਕ ਦਾ ਦਾਅਵਾ ਕਰਨ 'ਚ ਵੀ ਉਹ ਹਿੰਦੂ ਰਾਜ ਦੀ ਤਰਾਂ ਹੀ ਸੀ। ਕਿਉਂਕਿ ਨਾ ਸਿਰਫ਼ ਨਹਿਰੂ ਅਤੇ ਉਨਾਂ ਦੇ ਸਾਥੀ ਹਿੰਦੂ ਸਨ, ਸਗੋਂ ਖ਼ੁਦ ਨੂੰ ਹਿੰਦੂ ਮੰਨਦੇ ਵੀ ਸਨ। ਇਸ ਲਈ ਉਨਾਂ ਨੇ ਹਿੰਦੂਆਂ ਦੇ ਸੱਭਿਆਚਾਰਕ ਜੀਵਨ ਵਿਚ ਦਖ਼ਲਅੰਦਾਜ਼ੀ ਕੀਤੀ, ਪਰ ਮੁਸਲਮਾਨਾਂ ਅਤੇ ਇੱਥੋਂ ਤੱਕ ਕਿ ਸਿੱਖਾਂ ਦੇ ਸੰਦਰਭ ਵਿਚ ਉਹੋ ਜਿਹੀ ਦਖ਼ਲਅੰਦਾਜ਼ੀ ਕਰਨ ਦੀ ਹਿੰਮਤ ਉਹ ਨਹੀਂ ਸਨ ਜੁਟਾ ਸਕੇ।'

## ਜਸਟਿਸ ਅਜੀਤ ਸਿੰਘ ਬੈਂਸ..

ਹੋਰਨਾਂ ਤੋਂ ਇਲਾਵਾ ਲੋਕ ਲਿਖਾਰੀ ਸਹਿਤ ਸਭਾ ਉੱਤਰੀ ਅਮਰੀਕਾ, ਕੈਨੇਡੀਅਨ ਸਿੱਖ ਸਟੱਡੀ ਟੀਚਿੰਗ ਸੁਸਾਇਟੀ, ਵੈਨਕੂਵਰ ਵਿਚਾਰ ਮੰਚ, ਵਿਸ਼ਵ ਸਿੱਖ ਸੰਸਥਾ ਕੈਨੇਡਾ, ਵਿਰਾਸਤ ਫਾਉਂਡੇਸ਼ਨ, ਗੁਰੂ ਨਾਨਕ ਗੁਰਦੁਆਰਾ ਸਭ ਸਰੀ ਡੈਲਟਾ ਅਤੇ ਪੰਜਾਬੀ ਸਹਿਤ ਸਭਾ ਮੁੱਢਲੀ ਐਬਟਸਫੋਰਡ ਆਦਿ ਵੱਲੋਂ ਨੁਮਾਇੰਦਿਆਂ ਨੇ ਸਮਾਗਮ ਵਿਚ ਭਰਪੂਰ ਉਤਸ਼ਾਹ ਨਾਲ ਹਾਜ਼ਰੀ ਭਰੀ ਅਤੇ ਸਥਾਨਕ ਪੰਜਾਬੀ ਮੀਡੀਆ ਅਦਾਰਿਆਂ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ। ਵਿਲੱਖਣ ਗੱਲ ਇਹ ਰਹੀ ਕਿ ਸੈਮੀਨਾਰ ਵਿੱਚ ਸਾਂਝੇ ਕੀਤੇ ਵਿਚਾਰਾਂ ਨੂੰ ਕਿਤਾਬਚੇ ਦੇ ਰੂਪ ਵਿੱਚ ਪ੍ਰਕਾਸ਼ਤ ਕਰਕੇ ਵੰਡਿਆ ਗਿਆ ਅਤੇ ਨੇੜਲੇ ਭਵਿੱਖ ਵਿਚ, ਜਸਟਿਸ ਅਜੀਤ ਸਿੰਘ ਬੈਂਸ ਦੇ ਸੌ ਸਾਲਾ ਸਫ਼ਰ ਦੇ ਲੰਮੇ ਸੰਘਰਸ਼ ਸਬੰਧੀ ਕਿਤਾਬ ਪ੍ਰਕਾਸ਼ਤ ਕਰਨ ਦਾ ਅਹਿਦ ਲਿਆ ਗਿਆ।

## ਜਥੇਦਾਰ ਅਕਾਲ ਤਖਤ ਨੇ..

ਪ੍ਰਮੋਟ ਕਰਨ ਵਾਲੇ ਗੀਤਾਂ ਵਿਚ ਭਾਰੀ ਵਾਧਾ ਹੋਇਆ ਹੈ। ਸੋਸ਼ਲ ਮੀਡੀਆ 'ਤੇ ਅਜਿਹੇ ਗੀਤਾਂ ਦੀ ਭਰਮਾਰ ਇੰਨੀ ਵੱਧ ਗਈ ਹੈ ਕਿ ਹਰ ਵਿਅਕਤੀ ਨੂੰ ਲਗਾਤਾਰ ਅਜਿਹੇ ਗੀਤ ਨਾ ਚਾਹੁੰਦਿਆਂ ਵੀ ਸੁਣਨ ਦੇ ਦੇਖਣ ਨੂੰ ਮਿਲ ਹੀ ਜਾਂਦੇ ਹਨ। ਲਗਾਤਾਰ ਵਿਰੋਧ ਝੱਲ ਰਹੀ ਪੰਜਾਬੀ ਮਿਊਜ਼ਿਕ ਇੰਡਸਟਰੀ ਲਈ ਕੋਈ ਸੈਂਸਰ ਬੋਰਡ ਵੀ ਨਹੀਂ ਹੈ, ਜਿਸ ਦੀ ਮੰਗ ਹਰ ਵਾਰ ਹੁੰਦੀ ਹੈ ਪਰ ਐਕਸ਼ਨ ਕੋਈ ਨਹੀਂ ਲਿਆ ਜਾਂਦਾ। 700 ਕਰੋੜ ਰੁਪਏ ਦੀ ਪੰਜਾਬੀ ਮਿਊਜ਼ਿਕ ਇੰਡਸਟਰੀ ਦਾ ਕੌੜਾ ਸੱਚ ਇਹ ਹੈ ਕਿ ਇਥੇ ਇਨਾਂ ਦੇ ਪੈਸੇ ਤਾਂ ਵੱਧ ਰਹੇ ਹਨ ਪਰ ਵਿਰਸਾ ਘੱਟਦਾ ਜਾ ਰਿਹਾ ਹੈ। 10 ਸਾਲਾਂ ਤੋਂ ਹਰ ਛੇਵੀਂ ਐਲਬਮ ਵਿਚ ਅਸ਼ਲੀਲਤਾ, ਨਸ਼ੇ ਤੇ ਗੰਨ ਕਲਚਰ ਨੂੰ ਭਰ-ਭਰ ਕੇ ਪਰੋਸਿਆ ਜਾ ਰਿਹਾ ਹੈ। ਦੱਸ ਦੇਈਏ ਕਿ ਕੈਪਟਨ ਅਮਰਿੰਦਰ ਸਿੰਘ ਨੇ 2017 ਵਿਚ ਇਸ ਮੁੱਦੇ ਨੂੰ ਚੁੱਕਿਆ ਸੀ ਤੇ 2019 ਵਿਚ ਪੰਜਾਬ-ਹਰਿਆਣਾ ਹਾਈਕੋਰਟ ਨੇ ਡਰੱਗਜ਼, ਹਿੰਸਾ ਨੂੰ ਹੁੰਗਾਰਾ ਦੇਣ ਵਾਲੇ ਗੀਤਾਂ 'ਤੇ ਰੋਕ ਦੇ ਹੁਕਮ ਦਿੱਤੇ ਸਨ। ਸਾਲ 2020 ਵਿਚ ਪੰਜਾਬ ਵਿਚ ਹਿੰਸਾ, ਨਸ਼ਾ, ਹਥਿਆਰ ਤੇ ਅਸ਼ਲੀਲਤਾ ਦਾ ਪ੍ਰਸਾਰ ਕਰਨ ਵਾਲੇ ਗੀਤਾਂ 'ਤੇ ਸਰਕਾਰੀ-ਪ੍ਰਾਈਵੇਟ ਬੱਸਾਂ ਤੇ ਵਿਆਹ ਤੇ ਹੋਰ ਜਨਤਕ ਸਮਾਗਮਾਂ ਵਿਚ ਵਜਾਉਣ 'ਤੇ ਬੈਨ ਲਗਾ ਦਿੱਤਾ ਗਿਆ ਸੀ। ਸਿੱਧੂ ਮੂਸੇ ਵਾਲਾ ਤੇ ਮਨਕੀਰਤ ਔਲਖ ਵਰਗੇ ਗਾਇਕਾਂ ਖ਼ਿਲਾਫ਼ ਕੇਸ ਵੀ ਦਰਜ ਕੀਤੇ ਗਏ ਸਨ ਪਰ ਫਰਕ ਕੋਈ ਨਹੀਂ ਪਿਆ।

ਕੁਝ ਦਿਨ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕਿਹਾ ਸੀ ਕਿ ਪੰਜਾਬ ਦੀ ਖ਼ੁਸ਼ਹਾਲ ਵਿਰਾਸਤ ਤੇ ਸੰਸਕ੍ਰਿਤੀ ਹੈ। ਨੌਜਵਾਨ ਗਾਇਕ ਪੰਜਾਬੀ ਗੀਤਾਂ ਵਿਚ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦਾ ਗੁਣਗਾਣ ਕਰਨ ਤੋਂ ਬਚਣ। ਇਸ ਦੇ ਨਾਲ ਹੀ ਉਨਾਂ ਚਿਤਾਵਨੀ ਦਿੱਤੀ ਸੀ ਕਿ ਜੇਕਰ ਕਿਸੇ ਨੇ ਅਜਿਹਾ ਕੀਤਾ ਤਾਂ ਉਸ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹੁਣ ਅਜਿਹੇ ਗੀਤ ਗਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਕਦੋਂ ਕੀਤੀ ਜਾਵੇਗੀ, ਇਹ ਤਾਂ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗੇਗਾ।

## ਗੁੱਡੂ ਅਤੇ ਦੀਪਕ...

ਅਦਾਲਤ ਨੇ ਉਦੋਂ ਦੇ ਐੱਸਐੱਚਓ ਸ਼ਿਵ ਚੰਦ ਦੇ ਨਾਂ 'ਤੇ ਗ੍ਰਿਫ਼ਤਾਰੀ ਵਰੰਟ ਜਾਰੀ ਕੀਤੇ ਹਨ। ਮੌਜੂਦਾ ਡੀਐੱਸਪੀ ਸ਼ਿਵ ਚੰਦ ਇਸੇ ਸਮੇਂ ਮਾਮਲੇ ਦੀ ਜਾਂਚ ਕਰ ਰਹੇ ਸਨ। ਉਹ ਕਾਫ਼ੀ ਸਮੇਂ ਤੋਂ ਗਵਾਹੀ ਵਾਲੇ ਦਿਨ ਅਦਾਲਤ ਵਿਚ ਹਾਜ਼ਰ ਨਹੀਂ ਹੋ ਰਹੇ ਸਨ। ਇਸ ਕਾਰਨ ਅਦਾਲਤ ਨੂੰ ਹੁਣ ਉਸ ਦੇ ਗ੍ਰਿਫਤਾਰੀ ਵਰੰਟ ਜਾਰੀ ਕਰਨੇ ਪਏ। ਤਲਵੰਡੀ ਸਾਬੋ ਅਦਾਲਤ ਨੇ ਉਦੋਂ ਦੇ ਐੱਸਐੱਚਓ ਸ਼ਿਵ ਚੰਦ ਨੂੰ ਚਾਰ ਵਾਰ 21 ਦਸੰਬਰ, 14 ਫਰਵਰੀ, 26 ਅਪ੍ਰੈਲ ਤੇ ਫਿਰ 13 ਮਈ ਨੂੰ ਸੰਮਨ ਜਾਰੀ ਕੀਤੇ ਸਨ। ਉਹ ਕਿਸੇ ਵੀ ਤਰੀਕ 'ਤੇ ਅਦਾਲਤ ਵਿਚ ਪੇਸ਼ ਨਹੀਂ ਹੋਏ। ਅਗਲੀ ਕੇਸ ਦੀ ਸੁਣਵਾਈ 16 ਜੁਲਾਈ ਨੂੰ ਹੋਵੇਗੀ।

ਕਾਬਿਲੇ ਜ਼ਿਕਰ ਹੈ ਕਿ ਮੌੜ ਪੁਲਿਸ ਵੱਲੋਂ 2017 ਵਿਚ ਦਰਜ ਕੀਤੀ ਗਈ 14 ਨੰਬਰ ਐੱਫਆਰਆਈ ਵਿਚ ਲਿਖਿਆ ਹੈ ਕਿ ਮੀਟਿੰਗ ਵਿਚ ਜ਼ੋਰਦਾਰ ਧਮਾਕਾ ਹੋਇਆ ਸੀ ਤੇ ਪੁਲਿਸ ਨੇ ਟਰੱਕ ਯੂਨੀਅਨ ਵੱਲ ਅੱਗ ਫੈਲਦੀ ਵੇਖੀ। ਇਸ ਤੋਂ ਬਾਅਦ ਐੱਸਐੱਚਓ ਆਪਣੇ ਸਾਥੀਆਂ ਸਮੇਤ ਮੌਕੇ 'ਤੇ ਪਹੁੰਚ ਗਿਆ, ਜਿੱਥੋਂ ਪਤਾ ਲੱਗਾ ਹੈ ਕਿ ਧਮਾਕੇ ਵਿਚ 3 ਜਣਿਆਂ ਦੀ ਮੌਤ ਹੋ ਗਈ ਸੀ ਤੇ 10 ਤੋਂ 12 ਜਣੇ ਜ਼ਖ਼ਮੀ ਹੋ ਗਏ ਸਨ। ਇਸ ਤੋਂ ਬਾਅਦ ਧਮਾਕੇ ਵਾਲੀ ਥਾਂ 'ਤੇ ਅੱਗ 'ਤੇ ਕਾਬੂ ਪਾ ਲਿਆ ਗਿਆ ਸੀ। ਧਮਾਕੇ ਵਾਲੀ ਥਾਂ 'ਤੇ ਕਾਰ ਬੁਰੀ ਤਰਾਂ ਨੁਕਸਾਨੀ ਗਈ ਸੀ।

## ਸੰਤ ਗਿਆਨੀ ਹਰਨਾਮ...

ਆਪ ਜੀ ਰੋਜ਼ਾਨਾ ਸਵੇਰੇ ਅਤੇ ਸ਼ਾਮ ਮਹਾਰਾਜ ਸਾਹਿਬ ਜੀ ਦੀ ਸਾਰੀ ਸੇਵਾ ਅਤੇ ਲੰਗਰ ਦੀ ਸਾਰੀ ਸੇਵਾ ਆਪਣੇ ਹੱਥੀਂ ਕਰਦੇ ਸਨ। ਆਪ ਜੀ ਗਿਆਨੀ ਇੰਦਰਜੀਤ ਸਿੰਘ ਜੀ ਪਾਸ ਰਾਇਮਰ ਮਾਜਰੀ 1987 ਤੱਕ ਰਹੇ ।

ਵਾਪਸ ਮਹਿਤੇ ਆਉਣਾ : 1987 ਵਿਚ ਸਾਕਾ ਨੀਲਾ ਤਾਰਾ ਤੋਂ ਬਾਅਦ ਬਾਬਾ ਠਾਕੁਰ ਸਿੰਘ ਜੀ ਆਪ ਜੀ ਨੂੰ ਵਾਪਸ ਮਹਿਤੇ ਲੈ ਆਏ ਅਤੇ ਆਪ ਜੀ ਦੀ ਡਿਊਟੀ ਪਟਿਆਲਾ, ਰੋਪੜ, ਲੁਧਿਆਣਾ, ਸੰਗਰੂਰ ਵਿਖੇ ਉਗਰਾਹੀ ਕਰਨ ਦੀ ਲਾਈ। ਜਿੱਥੋਂ ਆਪ ਜੀ ਤਨ-ਮਨ ਨਾਲ ਉਗਰਾਹੀ ਕਰਕੇ ਹਰ ਛਮਾਹੀ ਨੂੰ ਪੰਜ-ਹਜ਼ਾਰ ਬੋਰੀ ਮਹਿਤਾ ਵਿਖੇ ਬਾਬਾ ਠਾਕੁਰ ਸਿੰਘ ਜੀ ਪਾਸ ਲਿਆਇਆ ਕਰਦੇ ਸਨ।

ਸਿੱਖ ਸੰਘਰਸ਼ ਦੌਰਾਨ ਗ੍ਰਿਫ਼ਤਾਰੀ : 15 ਫਰਵਰੀ 1990 ਨੂੰ ਪੰਜਾਬ ਪੁਲਿਸ ਨੇ ਆਪ ਜੀ ਨੂੰ ਲੁਧਿਆਣਾ ਤੋਂ ਗ੍ਰਿਫ਼ਤਾਰ ਕਰ ਲਿਆ। 21 ਦਿਨ ਅੱਨਾਂ ਤਸ਼ੱਦਦ ਕਰਨ ਤੋਂ ਬਾਅਦ ਨਾਭਾ ਜੇਲ ਵਿਚ ਬੰਦ ਕਰ ਦਿੱਤਾ, ਜਿੱਥੇ ਆਪ ਜੀ ਚਾਰ ਮਹੀਨੇ ਨਜ਼ਰਬੰਦ ਰਹੇ। ਆਪ ਜੀ ਦੇ ਕੇਸਾਂ ਦੀ ਪੈਰਵਾਈ ਬਾਬਾ ਠਾਕੁਰ ਸਿੰਘ ਜੀ ਕਰਵਾਉਂਦੇ ਰਹੇ ਤੇ ਜਦੋਂ ਰਿਹਾਈ ਉਪਰੰਤ ਬਾਹਰ ਆਏ ਤਾਂ ਬਾਬਾ ਠਾਕੁਰ ਸਿੰਘ ਜੀ ਨੇ ਆਪਣੇ ਨਾਲ ਹੀ ਰੱਖਿਆ।

ਵਿਦੇਸ਼ਾਂ ਵਿਚ ਸਿੱਖੀ ਦਾ ਪ੍ਰਚਾਰ: 1993 ਵਿਚ ਬਾਬਾ ਠਾਕੁਰ ਸਿੰਘ ਜੀ ਨੇ ਆਪ ਨੂੰ ਬਾਬਾ ਧਰਮ ਸਿੰਘ ਨਾਲ ਅਮਰੀਕਾ ਭੇਜ ਦਿੱਤਾ।ਜਿੱਥੇ ਆਪ ਜੀ ਨੇ 1994 ਤੋਂ ਲੈ ਕੇ 2004 ਤੱਕ ਸਿੱਖੀ ਦਾ ਪ੍ਰਚਾਰ ਅਤੇ ਚਾਰ ਗੁਰ ਅਸਥਾਨ ਬਣਾਏ। ਗੁ: ਗੁਰ ਨਾਨਕ ਪ੍ਰਕਾਸ਼ ਫਰਿਜਨੋ, ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਟਰੇਸੀ। ਕੈਨੇਡਾ ਵਿਖੇ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼, ਐਲਡਰ ਗਰੋਵ, ਲੈਂਗਲੀ, ਵੈਨਕੋਵਰ, ਗੁਰਦੁਆਰਾ ਅੰਮ੍ਰਿਤ ਪ੍ਰਕਾਸ਼ ਸਰੀ ਦੀ ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਯਾਦ ਵਿਚ ਸੇਵਾ ਕਰਵਾਈ। ਵਿਦੇਸ਼ਾਂ ਵਿਚ ਵਿਚਰਦਿਆਂ ਹੋਇਆਂ ਆਪ ਜੀ ਨੇ ਸੈਂਕੜੇ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ ਅਨੇਕਾਂ ਦੇ ਹੀ ਕੇਸ-ਦਾੜ੍ਹੀ ਰਖਵਾ ਕੇ ਸਾਬਤ ਸੂਰਤ ਬਣਾਇਆ ਅਤੇ ਗੁਰੂਘਰ ਨਾਲ ਜੋੜਿਆ।

ਵਿਦੇਸ਼ ਤੋਂ ਵਾਪਸੀ-ਬਾਬਾ ਠਾਕੁਰ ਸਿੰਘ ਜੀ ਦੇ ਸਰੀਰ ਛੱਡਣ ਦੀ ਖ਼ਬਰ ਮਿਲਣਾ : 24-12-2004 ਨੂੰ ਜਦੋਂ ਸੰਤ ਬਾਬਾ ਠਾਕੁਰ ਸਿੰਘ ਜੀ ਆਪਣਾ ਪੰਜ ਭੂਤਕ ਸਰੀਰ ਤਿਆਗ ਗਏ। ਆਪ ਜੀ ਨੂੰ ਜਦੋਂ ਅਮਰੀਕਾ ਵਿਚ ਖ਼ਬਰ ਮਿਲੀ ਤਾਂ ਉਸੇ ਵਕਤ ਹੀ ਆਪ ਜੀ ਪੰਜਾਬ ਨੂੰ ਚੱਲ ਪਏ। ਸੰਸਕਾਰ ਤੋਂ ਅਗਲੇ ਦਿਨ ਬਾਬਾ ਹਰਨਾਮ ਸਿੰਘ ਜੀ ਮਹਿਤਾ ਵਿਖੇ ਪਹੁੰਚੇ, ਜਿੱਥੇ ਸਾਰੇ ਜਥੇ ਦੇ ਸਿੰਘਾਂ ਨੇ ਸਰਬ ਸੰਮਤੀ ਨਾਲ ਆਪ ਜੀ ਨੂੰ ਦਮਦਮੀ ਟਕਸਾਲ ਦੀ ਸੇਵਾ ਲੈਣ ਲਈ ਕਿਹਾ ਗਿਆ ਤਾਂ ਆਪ ਜੀ ਨੇ ਸਿੰਘਾਂ ਦੇ ਹੁਕਮ ਅੱਗੇ ਝੁਕਾਉਂਦਿਆਂ ਪੰਥ ਦੀ ਸੇਵਾ ਨੂੰ ਖਿੜੇ ਮਥੇ ਪ੍ਰਵਾਨ ਕੀਤਾ। 27-12-2004 ਨੂੰ ਅੰਮ੍ਰਿਤ ਵੇਲੇ 4 ਵਜੇ ਸਮੂਹ ਜਥੇ ਦੇ ਸਿੰਘਾਂ ਵੱਲੋਂ ਆਪ ਜੀ ਨੂੰ ਸੰਤ ਬਾਬਾ ਠਾਕੁਰ ਸਿੰਘ ਜੀ ਦੀ ਦਸਤਾਰਬੰਦੀ ਕੀਤੀ ਗਈ ਅਤੇ ਸਵੇਰੇ ਸੰਤ ਬਾਬਾ ਠਾਕੁਰ ਸਿੰਘ ਜੀ ਦਾ ਅੰਗੀਠਾ ਕੀਰਤਪੁਰ ਸਾਹਿਬ ਨੂੰ ਆਪ ਜੀ ਦੀ ਅਗਵਾਈ ਵਿਚ ਰਵਾਨਾ ਹੋਇਆ।

ਸੰਤ ਬਾਬਾ ਠਾਕੁਰ ਸਿੰਘ ਜੀ ਦੇ ਦਸਿਹਰੇ ਉੱਪਰ ਦਸਤਾਰਬੰਦੀ : 02-01-2005 ਸੰਤ ਬਾਬਾ ਠਾਕੁਰ ਸਿੰਘ ਜੀ ਦਾ ਦੁਸਿਹਰਾ ਗੁ: ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮਨਾਇਆ ਗਿਆ। ਜਿੱਥੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਬਾਬਾ ਠਾਕੁਰ ਸਿੰਘ ਜੀ ਨੂੰ ਸ਼ਰਧਾ ਦੇ ਫੁਲ ਭੇਟ ਕਰਨ ਪਹੁੰਚੀਆਂ। ਦਸਿਹਰੇ ਉੱਪਰ ਹੀ ਸਮੂਹ ਪੰਥਕ ਜਥੇਬੰਦੀਆਂ ਵੱਲੋਂ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਨੂੰ ਦਮਦਮੀ ਟਕਸਾਲ ਦੇ ਮੁਖੀ ਵਜੋਂ ਦਸਤਾਰਬੰਦੀ ਕੀਤੀ ਗਈ।

ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਜੀ ਜੀ ਦੀ ਪੰਥ ਪ੍ਰਤੀ ਦ੍ਰਿੜਤਾ ਅਤੇ ਸਖ਼ਤ ਮਿਹਨਤ ਸਦਕਾ ਸ੍ਰੀ ਦਰਬਾਰ ਸਾਹਿਬ ਵਿਖੇ '84 ਦੇ ਘੱਲੂਘਾਰੇ ਦੌਰਾਨ ਗੁਰਧਾਮਾਂ ਦੀ ਅਜ਼ਮਤ ਦੀ ਖ਼ਾਤਰ ਸ਼ਹੀਦ ਹੋਏ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸਮੇਤ ਸਮੂਹ ਸ਼ਹੀਦ ਸਿੰਘਾਂ ਸਿੰਘਣੀਆਂ ਦੀ ਯਾਦਗਾਰ ਸਥਾਪਿਤ ਹੋਈ। ਜਿਸ ਦੀ ਕਾਰਸੇਵਾ ਆਪ ਜੀ ਨੇ ਆਪਣੇ ਹੱਥੀਂ ਕਰੀ ਕਰਵਾਈ। ਪਿੰਡ ਰੋਡੇ ਵਿਖੇ ਸੰਤ ਭਿੰਡਰਾਂਵਾਲਿਆਂ ਦੇ ਜਨਮ ਅਸਥਾਨ 'ਤੇ ਸੁੰਦਰ ਗੁਰਦਵਾਰਾ ਸਾਹਿਬ ਤਾਮੀਲ ਕਰਾਇਆ ਗਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦਗਾਰ ਗੁਰਦਵਾਰਾ ਥੜਾ ਸਾਹਿਬ ਦਾ ਸੁੰਦਰ ਨਿਰਮਾਣ ਕਰਾਇਆ ਗਿਆ। ਅਨੇਕਾਂ ਹੋਰ ਪੰਥਕ ਕਾਰਜ ਅੱਜ ਵੀ ਨਿਰੰਤਰ ਜਾਰੀ ਹਨ। ਖਾਸਕਰ ਉਨਾਂ ਦੀ ਜਿੰਦਗੀ ਦੇ ਦੋ ਕਾਰਜ ਸਭ ਤੋਂ ਕਠਿਨ ਸਨ। ਇਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਰਿਕਰਮਾ ਵਿਖੇ ਸੰਨ 1984 ਦੇ ਸ਼ਹੀਦ ਸਿੰਘਾਂ ਦੀ ਯਾਦਗਾਰ। ਪੰਥ ਅੰਦਰ ਆਪਸੀ ਖਿਚੋਤਾਣ ਨੂੰ ਰੋਕਣਾ ਡੇਢ ਦਹਾਕਾ ਪਹਿਲਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਬਜ਼ ਧੜੇ ਵਲੋਂ ਲਗਾਤਾਰ ਸ੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਰਾਜਸੀ ਲੀਡਰਸ਼ਿਪ ਦੇ ਸਿਆਸੀ ਵਿਰੋਧ ਦੀ ਆੜ ਵਿਚ ਪੰਥ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਪ੍ਰਭੂਸੱਤਾ ਤੇ ਹਮਲੇ, ਜਥੇਦਾਰ ਸਾਹਿਬ ਦੀ ਸਤਿਕਾਰਤ ਪਦਵੀ ਨੂੰ ਪੁਜਾਰੀ ਕਹਿ ਕੋਝਾ ਮਜਾਕ ਉਡਾਉਣਾ, ਸ੍ਰੀ ਦਸਮ ਬਾਣੀ ਦੀ ਨਿੰਦਾ, ਪੁਰਾਤਨ ਇਤਿਹਾਸਕ ਸਿੱਖ ਸ੍ਰੋਤਾਂ ਸਿੱਖ ਪ੍ਰੰਪਰਾਵਾਂ ਦਾ ਘਾਣ ਰੋਕ ਕੇ ਸਤਿਕਾਰ ਬਹਾਲੀ ਸੀ। ਜਿਸ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਤਕਾਲੀ ਲੀਡਰਸ਼ਿਪ ਮਾਨਸਿਕ ਅਪਾਹਜਾਂ ਵਾਂਗ ਬਰਦਾਸ਼ਤ ਕਰ ਰਹੀ ਸੀ । ਜਿਸ ਵਿਰੁੱਧ ਬਾਬਾ ਹਰਨਾਮ ਸਿੰਘ ਜੀ ਨੇ ਸੰਤ ਸਮਾਜ ਨੂੰ ਨਾਲ ਲੈ ਕੇ ਸੰਘਰਸ਼ ਦਾ ਬਿਗਲ ਵਜਾਇਆ ਤੇ ਨਿੰਦਕ ਲੌਬੀ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਂ ਬਾਹਰ ਕਰਕੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀਂ ਗੁਰ ਇਤਿਹਾਸ ਸਬੰਧੀ ਨਿੰਦਕਾਂ ਵਲੋਂ ਪਾਏ ਭ੍ਰਮ/ਭੁਲੇਖੇ ਦੂਰ ਕਰਨ ਲਈ ਕਥਾ ਆਰੰਭ ਕਰਵਾਈਆਂ ।

ਮੌਡਰਨ ਪੰਜਾਬ ਦੇ ਪਿੰਡਾਂ ਬਾਹਰ ਲੱਗੇ ਬੋਰਡਾਂ ਤੇ ਪੜਨ ਨੂੰ ਮਿਲਦਾ ਹੈ ਕਿ ਬਾਹਰ ਦੀ ਉਗਰਾਹੀ ਬੰਦ ਹੈ, ਪਰ ਪਵਨ/ਪਾਣੀ ਪੱਖੋਂ ਖੁਸ਼ਹਾਲ ਪੰਜਾਬ ਦਾ ਇਹ ਵੀ ਸਮਾਂ ਸੀ ਜਦੋਂ ਮਾਵਾਂ ਸਾਧੂਆਂ ਨੂੰ ਪੁੱਤ ਦਾਨ ਕਰ ਦੇਂਦੀਆਂ ਸਨ, ਮਹਾਂਪੁਰਸ਼ਾਂ ਦੇ ਜਨਮ ਦਿਵਸ ਦੀਆਂ ਸਾਰੀ ਸੰਗਤ ਨੂੰ ਬਹੁਤ ਬਹੁਤ ਵਧਾਈਆਂ।

## ਪੰਜਾਬ 'ਵਰਸਿਟੀ ਨੂੰ...

ਇੱਥੋਂ ਤੱਕ ਕਿ ਕਾਲਜਾਂ ਦੀ ਯੂਨੀਵਰਸਿਟੀ ਨਾਲ ਮਾਨਤਾ ਦਾ ਮੁੱਦਾ ਵੀ ਪੰਜਾਬ ਯੂਨੀਵਰਸਿਟੀ ਐਕਟ ਦੀ ਧਾਰਾ 27 ਅਨੁਸਾਰ ਕੇਂਦਰ ਸਰਕਾਰ ਨੇ ਤੈਅ ਕਰਨਾ ਹੈ । ਇਸ ਲਈ, ਸੰਖੇਪ ਰੂਪ ਵਿਚ, ਪੰਜਾਬ ਯੂਨੀਵਰਸਿਟੀ ਪਹਿਲਾਂ ਹੀ ਕੇਂਦਰੀ ਯੂਨੀਵਰਸਿਟੀ ਦੇ ਸਾਰੇ ਗੁਣ ਗ੍ਰਹਿਣ ਕਰ ਚੁੱਕੀ ਹੈ ।ਹਾਲਾਂਕਿ, ਇਸ ਵਿਚ ਇਕ ਅਜਿਹਾ ਮੁੱਢਲਾ ਕਾਰਜਕਾਰੀ ਅਤੇ ਪ੍ਰਬੰਧਕੀ ਢਾਂਚਾ ਹੈ, ਜੋ ਸ਼ਾਇਦ ਕਿਸੇ ਹੋਰ ਯੂਨੀਵਰਸਿਟੀ ਕੋਲ ਨਹੀਂ ਹੈ ਤੇ ਜੋ ਅਕਾਦਮਿਕ ਰਾਜਨੀਤੀ ਤੇ ਚੋਣ ਵਿਵਾਦਾਂ ਤੋਂ ਇਲਾਵਾ ਬਾਹਰੀ ਲੋਕਾਂ ਨੂੰ ਵੀ ਫੈਕਲਟੀ ਦੇ ਡੀਨ ਬਣਨ ਦੀ ਇਜਾਜ਼ਤ ਦਿੰਦਾ ਹੈ । ਜਸਟਿਸ ਸਹਿਰਾਵਤ ਨੇ ਅੱਗੇ ਕਿਹਾ ਕਿ ਇਕ ਅਨੁਕੂਲ ਅਕਾਦਮਿਕ ਮਾਹੌਲ ਨੂੰ ਯਕੀਨੀ ਬਣਾਉਣ ਲਈ ਇਸ ਨੂੰ ਸੁਧਾਰਨ ਦਾ ਹੱਕ ਹੈ, ਜੋ ਅਕਾਦਮਿਕ ਅਤੇ ਖੋਜ 'ਚ ਉੱਤਮਤਾ ਨੂੰ ਯਕੀਨੀ ਬਣਾਉਣ ਲਈ ਇਕ ਪੂਰਵ ਸ਼ਰਤ ਸੀ । ਇਸ ਤੋਂ ਇਲਾਵਾ, ਯੂਨੀਵਰਸਿਟੀ ਤੇ ਇਸ ਨਾਲ ਸੰਬੰਧਤ ਕਾਲਜਾਂ ਵਿਚ ਕੰਮ ਕਰਦੇ ਅਧਿਆਪਕਾਂ ਦੀਆਂ ਸ਼ਿਕਾਇਤਾਂ ਨੂੰ ਵੀ ਹੱਲ ਕੀਤਾ ਜਾਣਾ ਚਾਹੀਦਾ ਹੈ । ਇਸ ਲਈ, ਸਾਰੀਆਂ ਗੁੰਝਲਾਂ ਨੂੰ ਦੂਰ ਕਰਨ ਤੇ ਯੂਨੀਵਰਸਿਟੀ ਦੇ ਮਾਮਲਿਆਂ ਨਾਲ ਸੰਬੰਧਤ ਸਾਰੇ ਖੇਤਰਾਂ ਵਿਚ ਪ੍ਰਚਲਿਤ ਭੰਬਲਭੂਸੇ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਇਕ ਕੇਂਦਰੀ ਯੂਨੀਵਰਸਿਟੀ ਵਿਚ ਰਸਮੀ ਤੌਰ 'ਤੇ ਤਬਦੀਲ ਕਰਨ ਬਾਰੇ ਵਿਚਾਰ ਕਰਨ ਲਈ ਨਿਰਦੇਸ਼ ਦਿੱਤਾ ਗਿਆ ਹੈ । ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਪਹਿਲਾਂ 40 ਫ਼ੀਸਦੀ ਗ੍ਰਾਂਟ ਪੰਜਾਬ, 40 ਫ਼ੀਸਦੀ ਗ੍ਰਾਂਟ ਹਰਿਆਣਾ ਤੇ 20 ਫ਼ੀਸਦੀ ਕੇਂਦਰ ਸਰਕਾਰ ਦਿੰਦੀ ਸੀ, ਬਾਅਦ ਵਿਚ ਹਰਿਆਣਾ ਨੇ ਆਪਣੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਨਾਲੋਂ ਤੋੜ ਕੇ ਕੁਰੂਕਸ਼ੇਤਰ ਯੂਨੀਵਰਸਿਟੀ ਨਾਲ ਜੋੜ ਲਿਆ ਤੇ ਹਰਿਆਣਾ ਨੇ ਗ੍ਰਾਂਟ ਦੇਣੀ ਬੰਦ ਕਰ ਦਿੱਤੀ ਤੇ ਫਿਰ ਕੇਂਦਰ ਸਰਕਾਰ 60 ਫ਼ੀਸਦੀ ਤੇ ਪੰਜਾਬ 40 ਫ਼ੀਸਦੀ ਗ੍ਰਾਂਟ ਦਿੰਦੇ ਰਹੇ, ਪ੍ਰੰਤੂ ਪਿਛਲੇ ਕੁਝ ਸਾਲਾਂ ਤੋਂ ਹੌਲੀ-ਹੌਲੀ ਪੰਜਾਬ ਸਰਕਾਰ ਨੇ ਆਪਣੇ ਹਿੱਸੇ ਦੀ ਗ੍ਰਾਂਟ ਘਟਾ ਕੇ ਹੁਣ ਸਿਰਫ਼ 8 ਫ਼ੀਸਦੀ 'ਤੇ ਕਰ ਦਿੱਤੀ ਹੈ ਤੇ 92 ਫ਼ੀਸਦੀ ਕੇਂਦਰ ਸਰਕਾਰ ਦੇ ਰਹੀ ਹੈ, ਜਿਸ ਲਈ ਪੰਜਾਬ ਸਰਕਾਰ ਵੀ ਜ਼ਿੰਮੇਵਾਰ ਹੈ ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਯੂਨੀਵਰਸਿਟੀ ਤੋਂ ਪੰਜਾਬ ਦਾ ਕੰਟਰੋਲ ਖ਼ਤਮ ਕਰਨ ਵਾਸਤੇ ਅਨੇਕਾਂ ਸਾਜ਼ਿਸ਼ਾਂ ਰਚੀਆਂ ਗਈਆਂ ਤੇ ਹੁਣ ਆਮ ਆਦਮੀ ਪਾਰਟੀ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਸਹੀ ਤਰੀਕੇ ਸੂਬੇ ਦੇ ਸਟੈਂਡ ਦੀ ਪੈਰਵੀ ਨਹੀਂ ਕੀਤੀ ।ਉਨਾਂ ਕਿਹਾ ਕਿ ਇਸ ਕਾਰਨ ਪੰਜਾਬ ਦੇ ਕੇਸ ਦਾ ਨੁਕਸਾਨ ਹੋਇਆ ਹੈ । ਉਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਮਾਮਲੇ ਦਾ ਤੁਰੰਤ ਨੋਟਿਸ ਲੈਣਾ ਚਾਹੀਦਾ ਹੈ ।

## ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ...

ਔਰੰਗਜ਼ੇਬ ਦੇ ਦੂਤ ਗੁਰੂ ਜੀ ਨੂੰ ਦਿੱਲੀ ਤੋਂ ਬੁਲਾਉਣ ਆਏ ਪਰ ਗੁਰੂ ਜੀ ਉਨਾਂ ਦੇ ਨਾਲ ਨਹੀਂ ਗਏ। ਉਨਾਂ ਨੇ ਪਿਛੋਂ ਆਉਣ ਦਾ ਵਚਨ ਦਿੱਤਾ। ਉਨਾਂ ਨੇ ਹਾਲੀਂ ਉਨਾਂ ਸਿੱਖਾਂ ਨੂੰ ਦਰਸ਼ਨ ਦੇਕੇ ਨਿਵਾਜਣਾ ਸੀ ਜੋ ਉਨਾਂ ਦੀ ਦਰਸ਼ਨ ਸਿਕ ਵਿਚ ਵਿਆਕੁਲ ਸਨ। ਜੋ ਦਿੱਲੀ ਦੇ ਰਸਤੇ ਵਿਚ ਹੀ ਰਹਿੰਦੇ ਸਨ । ਉਨਾਂ ਨੇ ਮਰਜ਼ੀ ਦਾ ਸਮਾਂ ਤੇ ਰਸਤਾ ਚੁਣਿਆ। ਉਹ ਉਨਾਂ ਰਾਹਾਂ ਵਿਚੋਂ ਦੀ ਲੰਘੇ ਜਿਥੇ ਉਨਾਂ ਦੇ ਸਿੱਖਾਂ ਨੇ ਉਨਾਂ ਨੂੰ ਪ੍ਰੇਮ ਪੁਸ਼ਪ ਭੇਟ ਕਰਨੇ ਸਨ। ਆਗਰਾ ਵਿਖੇ ਉਨਾਂ ਨੂੰ ਉਡੀਕ ਰਹੇ ਸ਼ਾਹੀ ਅਧਿਕਾਰੀਆਂ ਦੇ ਸਾਹਮਣੇ ਉਨਾਂ ਨੇ ਆਪਣੇ ਆਪ ਨੂੰ ਆਪਣੇ ਪੰਜ ਚੁਣੇ ਹੋਏ ਸਿੱਖਾਂ ਸਹਿਤ ਪੇਸ਼ ਕਰ ਦਿੱਤਾ। ਉਨਾਂ ਨੂੰ ਇਥੇ ਪੁੱਜਣ ਤਕ ਕਾਫੀ ਸਮਾਂ ਲੱਗ ਗਿਆ ਸੀ। ਅਧਿਕਾਰੀਆਂ ਨੂੰ ਉਨਾਂ ਦੇ ਪੁੱਜਣ ਬਾਰੇ ਸ਼ੰਕਾ ਹੋ ਰਿਹਾ ਸੀ। ਫਿਰ ਉਨਾਂ ਨੂੰ ਦਿੱਲੀ ਲਿਜਾਇਆ ਗਿਆ।

ਗੁਰੂ ਜੀ ਨੂੰ ਦਿੱਲੀ ਵਿਖੇ ਕੈਦ ਕਰ ਦਿੱਤਾ ਗਿਆ ਅਤੇ ਔਰੰਗਜ਼ੇਬ ਦੇ ਹੁਕਮ ਨਾਲ ਤਸੀਹੇ ਦਿਤੇ ਗਏ, ਪਰ ਇਹ ਸਾਰੇ ਤਸੀਹੇ ਪਹਾੜ ਜਿਡੀ ਤਕੜੀ ਕੰਧ ਉਤੇ ਚਿਕੜ ਦੇ ਛਿੱਟੇ ਸੁਟਣ ਸਮਾਨ ਸਨ । ਗੁਰੂ ਅਰਜਨ ਦੇਵ ਜੀ ਵਾਂਗ ਗੁਰੂ ਤੇਗ ਬਹਾਦਰ ਜੀ ਨੇ ਵੀ ਇੱਕ ਛਿਨ ਲਈ ਆਪਣੇ ਆਪ ਨੂੰ ਪਰਮ ਸਤਿ ਦੇ ਧਿਆਨ ਤੋਂ ਲਾਂਭੇ ਨਾ ਹਟਾਇਆ। ਸਰਾਪ ਤੇ ਬਦਲੇ ਦੀ ਕਿਸੇ ਵੀ ਭਾਵਨਾ ਨੇ ਉਨਾਂ ਦੇ ਮੰਨ ਦੀ ਸ਼ਾਂਤੀ ਨੂੰ ਭੰਗ ਨਾ ਕੀਤਾ। ਉਨਾਂ ਨੇ ਚਮਕਦੇ ਮਸਤਕ ਉਤੇ ਇਕ ਵੀ ਤਿਊੜੀ ਨਾ ਪਾਈ। ਉਹ ਅਨੰਦਪੁਰ ਜਿਹੇ ਹੀ ਸ਼ਾਂਤ-ਚਿਤ ਸਨ। ਉਨਾਂ ਅੰਦਰ ਉਹ ਮਾਨਸਿਕ ਸ਼ਾਂਤੀ ਸੀ ਕਿ ਤਰਲੋਕੀ ਦੀ ਪਰਲੋਂ ਵੀ ਉਸਨੂੰ ਹਿਲਾ ਨਹੀਂ ਸੀ ਸਕਦੀ। ਭਾਈ ਮਤੀ ਦਾਸ ਜੀ ਉਨਾਂ ਨੂੰ ਕਾਲ ਕੋਠੜੀ ਵਿਚ ਬੰਦੀ ਵੇਖਕੇ ਬੜੇ ਰੋਹ ਵਿਚ ਆਏ ਅਤੇ ਕਹਿਣ ਲਗੇ 'ਸੱਚੇ ਪਾਤਸ਼ਾਹ, ਮੈਨੂੰ ਆਗਿਆ ਬਖਸ਼ੋ ਤਾਂ ਮੈਂ ਦਿੱਲੀ ਤੇ ਲਾਹੌਰ ਦੇ ਕਿਲਿਆਂ ਦੀਆਂ ਬਾਹੀਆਂ ਹੁਣੇ ਇਕ ਦੂਜੇ ਨਾਲ ਟਕਰਾ ਕੇ ਚਕਨਾ ਚੂਰ ਕਰ ਦਿਆਂਗਾ ਅਤੇ ਬਿਜਲੀ ਦੀ ਕੜਕ ਵਾਂਗ ਇਸ ਸਾਰੀ ਸਲਤਨਤ ਨੂੰ ਮਲੀਆਮੇਟ ਕਰਕੇ ਧੂੜ ਵਿਚ ਮਿਲਾ ਦਿਆਂਗਾ। ਜੇ ਆਪ ਮੈਨੂੰ ਹੁਕਮ ਕਰੋ ਤਾਂ ਮੈਂ ਇਨਾਂ ਜਾਬਰਾਂ ਨੂੰ ਆਪਣੇ ਹੱਥਾਂ ਵਿਚ ਇਉਂ ਫੇਹ ਕੇ ਰਖਦਿਆਂ ਜਿਵੇਂ ਇਨਾਂ ਮਿੱਟੀ ਦੇ ਢੇਲਿਆਂ ਨੂੰ 'ਗੁਰੂ ਜੀ ਨੇ ਉਤਰ ਦਿਤਾ, ਭਾਈ ਸਾਹਿਬ ਜੀ, ਤੁਸੀਂ ਸੱਚ ਫਰਮਾਉਂਦੇ ਹੋ ਪਰ ਅਸਾਂ ਤਾਂ ਅਕਾਲ ਪੁਰਖ ਦਾ ਧਿਆਨ ਧਰਨਾ ਹੈ। ਅਸੀਂ ਤਾਂ ਉਸਦੇ ਹੁਕਮ ਵਿਚ ਰਹਿਣਾ ਹੈ ਅਤੇ ਉਸਦੀ ਰਜ਼ਾ ਦੀ ਪੂਰਤੀ ਵਿਚੋਂ ਖੁਸ਼ੀ ਪ੍ਰਾਪਤ ਕਰਨੀ ਹੈ। ਅਸੀਂ ਆਪਣੇ ਬਚਾਉ ਬਾਰੇ ਨਹੀਂ ਸੋਚਣਾ ਕਿਉਂ ਜੋ ਸਾਨੂੰ ਪ੍ਰਤੱਖ ਰੂਪ ਵਿਚ ਇਹ ਗੱਲ ਦਿਖਾਈ ਦੇਂਦੀ ਹੈ ਕਿ ਸਾਨੂੰ ਲੱਗੀ ਹਰ ਸੱਟ ਨੂੰ ਪ੍ਰਭੂ ਪ੍ਰੀਤਮ ਆਪਣੇ ਹਿਰਦੇ ਉਤੇ ਝਲਦਾ ਹੈ। ਗੁਰੂ ਜੀ ਦੇ ਇਸ ਫੁਰਮਾਨ ਉਤੇ ਭਾਈ ਮਤੀ ਦਾਸ ਜੀ ਅਵਾਕ ਹੋ ਗਏ। ਸੱਚ ਹੀ ਸੱਚੀ ਸ਼ਕਤੀ ਦਾ ਸਾਰ ਭੂਤ ਪਰਮ-ਸ਼ਾਂਤੀ ਵਿਚ ਟਿਕੇ ਰਹਿਣ ਵਿਚ ਹੈ ਭਾਵੇਂ ਮੌਤ ਆਵੇ ਭਾਵੇਂ ਤਸੀਹੇ, ਮਹਾਨ ਵਿਅਕਤੀ ਕਦੀ ਗੱਲਾਂ ਨਹੀਂ ਕਰਦੇ।

ਗੁਰੂ ਜੀ ਨੂੰ ਔਰੰਗਜ਼ੇਬ ਦੇ ਰਾਜਸੀ ਧਰਮ ਤੇ ਮੌਤ ਦੋਹਾਂ ਵਿਚੋਂ ਇਕ ਨੂੰ ਚੁਣਨ ਲਈ ਕਿਹਾ ਗਿਆ। ਉਨਾਂ ਨੇ ਮੌਤ ਨੂੰ ਚੁਣਿਆ। ਭਾਈ ਮਤੀ ਦਾਸ ਜੀ ਨੂੰ ਲੱਕੜੀ ਦੀ ਗੇਲੀ ਸਮਾਨ ਆਰੇ ਨਾਲ ਚੀਰਿਆ ਗਿਆ। ਜਦੋਂ ਉਹ ਸਿਧੇ ਖੜੇ ਸਨ ਤਾਂ ਆਰਾ ਉਨਾਂ ਦਾ ਤਨ ਚੀਰ ਰਿਹਾ ਸੀ । ਜਿਉਂ ਜਿਉਂ ਭਾਈ ਮਤੀ ਦਾਸ ਜੀ ਦੇ ਸਰੀਰ ਵਿਚ ਆਰਾ ਡੂੰਘਾ ਚੀਰਦਾ ਤਿਉਂ ਤਿਉਂ ਉਨਾਂ ਦੇ ਅੰਦਰੋਂ ਨਾਮ ਦੀ ਧੁੰਨੀ ਉਚੀ ਹੋ ਕੇ ਗੂੰਜਦੀ ਕਿਉਂ ਜੋ ਰੋਹ-ਭਾਵ ਦੇ ਸ਼ਾਂਤ ਹੋਣ ਤੇ ਗੁਰੂ ਜੀ ਨੇ ਉਨਾਂ ਨੂੰ ਆਪਣੀ ਗਲਵਕੜੀ ਵਿਚ ਲੈ ਲਿਆ ਸੀ ਅਤੇ ਉਸ ਕੇਂਦਰ ਉਤੇ ਟਿਕਾ ਦਿੱਤਾ ਸੀ ਜਿਥੇ ਕੋਈ ਪੀੜ ਨਹੀਂ ਪੁੱਹਦੀ । ਦੂਜੇ ਸਿੱਖ ਗੁਰੂ ਜੀ ਦਾ ਸੰਦੇਸ਼, ਬਾਣੀ ਨਰੇਲ ਤੇ ਪੰਜਾਂ ਪੈਸਿਆਂ ਦੀ ਭੇਟਾ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਵੱਲ ਭੇਜ ਦਿੱਤੇ ਗਏ ਸਨ।

ਗੁਰੂ ਤੇਗ ਬਹਾਦਰ ਜੀ ਦਾ ਸੀਸ ਤਲਵਾਰ ਨਾਲ ਵੱਖ ਕਰ ਦਿੱਤਾ ਗਿਆ। ਤਦ ਉਹ ਬੋਹੜ ਦੇ ਬ੍ਰਿਛ ਹੇਠ ਬੈਠੇ ਜਪੁਜੀ ਦਾ ਪਾਠ ਕਰ ਰਹੇ ਸਨ। ਇਹ ਬੋਹੜ ਦਾ ਬ੍ਰਿਛ ਹਾਲੀ ਵੀ ਖੜਾ ਹੈ। ਸ਼ਹਿਨਸ਼ਾਹ ਔਰੰਗਜ਼ੇਬ ਗੁਰੂ ਜੀ ਨੂੰ ਕੋਈ ਕਰਾਮਾਤ ਵਿਖਾਉਣ ਲਈ ਜ਼ਿੱਦ ਕਰ ਰਿਹਾ ਸੀ। ਗੁਰੂ ਜੀ ਨੇ ਫਰਮਾਇਆ, ਮੇਰਾ ਸਿਰ ਆਪਣੀ ਤਲਵਾਰ ਨਾਲ ਕੱਟ ਦਿਓ ਤਾਂ ਇਹ ਕਟਿਆ ਨਹੀਂ ਜਾਵੇਗਾ । ਉਸ ਦਿਨ ਦਿੱਲੀ ਉਤੇ ਕਹਿਰ ਦੀ ਹਨੇਰੀ ਝੁਲੀ ਅਤੇ ਅਕਾਸ਼ ਖੁਨ ਵਾਂਗ ਲਾਲ ਹੋ ਗਿਆ। ਇਸ ਝੱਖੜ ਨੇ ਔਰੰਗਜ਼ੇਬ ਦੀ ਸਲਤਨਤ ਨੂੰ ਸੜਕ 'ਤੇ ਪਏ ਮੁਰਦੇ ਵਾਂਗ ਉਡਾ ਦਿਤਾ ਪਰ ਗੁਰੂ (ਜੋਤ ਰੂਪ ਵਿਚ) ਹਾਲੀਂ ਵੀ ਜੀਵਤ ਸੀ।

## ਪੰਜਾਬ ਦੇ ਕਿਸਾਨ...

ਤਿਲੰਗਾਨਾ ਦੇ ਮੁੱਖ ਸਕੱਤਰ ਸੋਮੇਸ਼ ਕੁਮਾਰ, ਪੰਜਾਬ ਦੇ ਮੁੱਖ ਸਕੱਤਰ ਅਨਿਰੁੱਧ ਤਿਵਾੜੀ ਆਦਿ ਮੌਜੂਦ ਸਨ।

ਸਮਾਰੋਹਾਂ ਦੀ ਸਟੇਜ ਤੋਂ ਤਿੰਨ ਮੁੱਖ ਮੰਤਰੀਆਂ ਦੀ ਮੌਜੂਦਗੀ ਅਤੇ ਉਨਾਂ ਦੇ ਭਾਸ਼ਾ ਦਾ ਕੇਂਦਰ ਬਿੰਦੂ ਇੱਕ ਅਲੱਗ ਸਿਆਸੀ ਸੁਨੇਹਾ ਦੇ ਗਿਆ। ਬੇਸ਼ੱਕ ਤਿਲੰਗਾਨਾ ਸਰਕਾਰ ਨੇ ਕਿਸਾਨਾਂ ਤੇ ਜਵਾਨਾਂ ਦਾ ਦਰਦ ਵੰਡਾਇਆ ਪ੍ਰੰਤੂ ਸਟੇਜ ਤੋਂ ਭਾਸ਼ਣਾਂ ਦੇ ਸੁਰ ਕੇਂਦਰ ਦੀ ਭਾਜਪਾ ਸਰਕਾਰ ਨੂੰ ਚੌਕੰਨਾ ਕਰਨ ਵਾਲੇ ਸਨ। ਸਮਾਗਮ ਵਿਚ ਭਾਜਪਾ ਵਿਰੁੱਧ ਨਾਅਰੇਬਾਜ਼ੀ ਅਤੇ ਸਟੇਜ 'ਤੇ ਉਚੇਚੇ ਤੌਰ 'ਤੇ ਰਾਕੇਸ਼ ਟਿਕੈਤ ਦੀ ਹਾਜ਼ਰੀ ਵੀ ਕਿਸੇ ਸਿਆਸੀ ਇਸ਼ਾਰੇ ਤੋਂ ਘੱਟ ਨਹੀਂ ਸੀ। ਸਮਾਗਮਾਂ ਲਈ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਕੋਈ ਸੱਦਾ ਨਹੀਂ ਦਿੱਤਾ ਗਿਆ ਜਦਕਿ ਹਰਿਆਣਾ ਦੇ ਪਰਿਵਾਰ ਮੌਜੂਦ ਸਨ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD — CREDIBILITY

sling — RELIABILITY

Minute to Minute Coverage of Punjab Elections

Punjabi Super Pack

20 channels for only $25/month on sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com